
Ray Dhaliwal
Real Estate Broker

# Moving to Indiana?
Contact Ray Dhaliwal @ 317-993-4987
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

for Free Consultation!!!
Helpful in Easy and Accessible Home Loans at low Interest Rates.
CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 28, July 11, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਢੀਂਡਸਿਆਂ ਨੇ ਸੁਖਬੀਰ ਤੋਂ ਕੁਰਸੀ ਖੋਹੀ

### ਸ਼੍ਰੋਮਣੀ ਕਮੇਟੀ ਚੋਣਾਂ ਲੜਨ ਅਤੇ ਘਪਲੇ ਨੰਗੇ ਕਰਨ ਦਾ ਐਲਾਨ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਆਗੂਆਂ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਸਰਬਸੰਮਤੀ ਨਾਲ ਪਾਰਟੀ ਦਾ ਨਵਾਂ ਪ੍ਰਧਾਨ ਥਾਪ ਕੇ ਸੁਖਬੀਰ ਸਿੰਘ ਬਾਦਲ ਨੂੰ ਵੱਡੀ ਵੰਗਾਰ ਦੇ ਦਿੱਤੀ ਹੈ। ਪ੍ਰਧਾਨਗੀ ਮਿਲਦਿਆਂ ਹੀ ਬਾਗੀ ਧੜੇ ਨੇ ਐਲਾਨ ਕੀਤਾ ਕਿ ਅਕਾਲੀ ਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਕੇ ਸਭ ਤੋਂ ਪਹਿਲਾਂ ਸਿੱਖ ਭਾਈਚਾਰੇ ਦੀ ਇਸ ਮਹਾਨ ਸੰਸਥਾ ਵਿਚ ਬਾਦਲ ਪਰਿਵਾਰ ਵਲੋਂ ਕੀਤੇ ਘਪਲਿਆਂ ਦੀ ਜਾਂਚ ਕਰ ਕੇ ਕਸੂਰਵਾਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਸ. ਢੀਂਡਸਾ ਨੇ ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ; ਹਾਲਾਂਕਿ ਸਿਆਸੀ ਮਾਹਿਰਾਂ ਦਾ ਦਾਅਵਾ ਹੈ ਕਿ ਬਾਗੀਆਂ ਦਾ ਇਹ ਐਲਾਨ ਸੁਖਬੀਰ ਸਿੰਘ ਬਾਦਲ ਦੀ ਕੁਰਸੀ ਹਿਲਾਉਣ ਵਿਚ ਕਿੰਨਾ ਸਫਲ ਹੋਵੇਗਾ, ਇਹ ਕਹਿਣਾ ਭਾਵੇਂ ਮੁਸ਼ਕਿਲ ਹੈ ਪਰ ਇਹ ਤੈਅ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਵੱਡੀ ਢਾਹ ਲਾਏਗਾ। ਬਾਦਲਾਂ ਵਾਲਾ ਧੜਾ ਵੀ ਇਸ ਨੂੰ ਗੱਲ ਨੂੰ ਮੰਨਦਾ ਹੋਇਆ ਇਸ ਨੂੰ ਕਾਂਗਰਸੀਆਂ ਦੀ ਸ਼ਹਿ ਦੱਸ ਰਿਹਾ ਹੈ।

ਬਾਦਲ ਧੜੇ ਨੇ ਪਾਰਟੀ 'ਚੋਂ ਬਰਖਾਸਤ ਕੀਤੇ ਸੁਖਦੇਵ ਸਿੰਘ ਢੀਂਡਸਾ ਵਲੋਂ ਪਾਰਟੀ ਦਾ ਨਾਮ ਵਰਤੇ ਜਾਣ ਨੂੰ ਵੀ 'ਗੈਰਕਾਨੂੰਨੀ ਤੇ ਧੋਖਾਧੜੀ' ਕਰਾਰ ਦਿੱਤਾ ਹੈ। ਸੁਖਬੀਰ ਧੜੇ ਦਾ ਦਾਅਵਾ ਕਰ ਦਿੱਤਾ ਹੈ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ ਪਾਰਟੀ ਦਾ ਢਾਂਚਾ ਤੇ ਡੈਲੀਗੇਟ ਹੀ ਪਾਰਟੀ ਦੇ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਕਰਦੇ ਹਨ। ਉਧਰ, ਅਕਾਲੀ ਦਲ ਦੀ ਬਾਦਲਾਂ ਕੋਲੋਂ ਆਜ਼ਾਦੀ ਲਈ ਝੰਡਾ ਚੁੱਕਣ ਵਾਲੀ ਇਨ੍ਹਾਂ ਟਕਸਾਲੀ ਆਗੂਆਂ ਦੀਆਂ ਪਲਟੀਆਂ ਨੇ ਸਿਆਸੀ ਮਾਹਿਰ ਨੂੰ ਹੈਰਾਨ ਕਰ ਦਿੱਤਾ ਹੈ। ਸਵਾਲ ਇਹ ਵੀ ਉਠ ਰਹੇ ਹਨ ਕਿ ਮਸਲਾ ਅਕਾਲੀ ਦਲ ਨੂੰ ਬਚਾਉਣ ਦਾ ਸੀ ਜਾਂ ਕੁਰਸੀ ਦਾ? ਜੇਕਰ ਰਣਜੀਤ ਸਿੰਘ ਬ੍ਰਹਮਪੁਰਾ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾ ਕੇ ਪਹਿਲਾਂ ਹੀ ਬਾਦਲਾਂ ਖਿਲਾਫ ਬਗਾਵਤ ਦਾ ਝੰਡਾ ਚੁੱਕ ਲਿਆ ਸੀ ਤਾਂ ਢੀਂਡਸਾ ਨੂੰ 'ਧੱਕੇ' ਨਾਲ ਪ੍ਰਧਾਨ ਬਣਾਉਣਾ ਕਿੰਨੀ ਕੁ ਸਿਆਣਪ ਵਾਲਾ ਕਦਮ ਹੈ? ਮਹਿਰਾਂ ਦਾ ਇਕ ਧੜਾ ਇਹ ਵੀ ਦਾਅਵਾ ਕਰ ਰਿਹਾ ਹੈ ਕਿ ਢੀਂਡਸਿਆਂ ਦਾ ਇਹ ਕਦਮ ਕੜਿੱਕੀ ਵਿਚ ਫਸੇ ਸੁਖਬੀਰ ਬਾਦਲ ਦੀ ਕੁਰਸੀ ਬਚਾਉਣ ਵਾਲਾ ਵੀ ਹੋ ਸਕਦਾ ਹੈ ਕਿਉਂਕਿ ਢੀਂਡਸਾ ਨਾਲ ਕਈ ਟਕਸਾਲੀ ਆਗੂਆਂ ਦੇ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੂੰ ਵੱਡੀ ਢਾਹ ਲੱਗੀ ਹੈ। ਇਸ ਨਾਲ ਇਹ ਜਥੇਬੰਦੀ ਫਿਲਹਾਲ ਖਿੰਡ ਗਈ ਹੈ। ਨਵੇਂ ਅਕਾਲੀ ਦਲ ਵਿਚ ਟਕਸਾਲੀ ਦਲ ਤੋਂ ਸੇਵਾ ਸਿੰਘ ਸੇਖਵਾਂ ਤੇ ਹੋਰ ਕਈ ਆਗੂ ਸ਼ਾਮਲ ਹੋ ਗਏ ਹਨ। ਅਕਾਲੀ ਦਲ (ਟਕਸਾਲੀ) ਦੇ ਗਠਨ ਵੇਲੇ ਤਿੰਨ ਬਾਨੀਆਂ ਵਿਚ ਸੇਵਾ ਸਿੰਘ ਸੇਖਵਾਂ ਤੋਂ ਇਲਾਵਾ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਡਾ. ਰਤਨ ਸਿੰਘ ਅਜਨਾਲਾ ਪ੍ਰਮੁੱਖ ਤੌਰ 'ਤੇ ਸ਼ਾਮਲ ਸਨ। ਨਵੇਂ ਅਕਾਲੀ ਦਲ ਦੇ ਗਠਨ ਮਗਰੋਂ ਸੇਵਾ ਸਿੰਘ ਸੇਖਵਾਂ ਉਸ ਵਿਚ ਸ਼ਾਮਲ ਹੋ ਗਏ ਹਨ। ਡਾ. ਰਤਨ ਸਿੰਘ ਅਜਨਾਲਾ ਪਹਿਲਾਂ ਹੀ ਘਰ ਬੈਠ ਚੁੱਕੇ ਹਨ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਇਸ ਵੇਲੇ ਜੇਰੇ ਇਲਾਜ ਹਨ।

ਸ. ਬ੍ਰਹਮਪੁਰਾ ਦਾ ਕਹਿਣਾ ਹੈ ਕਿ ਜਿਹੜੇ ਆਗੂ ਅਕਾਲ ਤਖਤ 'ਤੇ 16 ਦਸੰਬਰ, 2018 ਨੂੰ ਅਰਦਾਸ ਕਰ ਕੇ ਇਕੱਠੇ ਹੋਏ ਸਨ ਅਤੇ ਅੱਜ ਪਾਰਟੀ ਛੱਡ ਗਏ ਹਨ, ਉਨ੍ਹਾਂ ਨੇ ਅਰਦਾਸ ਦੀ ਉਲੰਘਣਾ ਕੀਤੀ ਹੈ। ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਨੇ ਖੁਦ ਉਨ੍ਹਾਂ ਨੂੰ ਅਕਾਲੀ ਦਲ (ਟਕਸਾਲੀ) ਦਾ ਗਠਨ ਕਰਨ ਸਮੇਂ ਪ੍ਰਧਾਨ ਬਣਾਇਆ ਸੀ। ਹੁਣ ਡਾ. ਰਤਨ ਸਿੰਘ ਅਜਨਾਲਾ ਖਰਾਬ ਸਿਹਤ ਕਰਕੇ ਘਰ ਬੈਠੇ

**(ਬਾਕੀ ਸਫਾ 6 ਉਤੇ)**

## ਕੈਪਟਨ ਸਰਕਾਰ ਨੂੰ ਹੁਣ ਬੇਅਦਬੀ ਮਾਮਲਿਆਂ ਦੀ ਯਾਦ ਆਈ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਡੇਰਾ ਸਿਰਸਾ ਦਾ ਮੁਖੀ ਵੀ ਲਪੇਟੇ ਵਿਚ ਆ ਗਿਆ ਹੈ। ਸਾਲ 2015 ਵਿਚ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਜ਼ਿਲ੍ਹਾ ਫਰੀਦਕੋਟ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

### ਡੇਰਾ ਮੁਖੀ ਵਲ ਨਿਸ਼ਾਨਾ ਸਾਧਿਆ; ਇਸ ਫੁਰਤੀ ਤੋਂ ਸਭ ਹੈਰਾਨ

ਸਰੂਪ ਚੋਰੀ ਹੋਣ ਤੇ ਬੇਅਦਬੀ ਮਾਮਲੇ 'ਚ ਪੰਜਾਬ ਸਰਕਾਰ ਵਲੋਂ ਬਣਾਈ ਐਸ.ਆਈ.ਟੀ. ਨੇ ਗੁਰਮੀਤ ਰਾਮ ਰਹੀਮ ਨੂੰ ਨਾਮਜ਼ਦ ਕਰ ਲਿਆ ਹੈ।


ਸਿੱਟ ਦੇ ਮੁਖੀ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਮੁਤਾਬਕ ਇਸ ਮਾਮਲੇ ਅਧੀਨ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਗਿਆ ਹੈ, ਜਿਸ ਵਿਚ ਕੁੱਲ 11 ਵਿਅਕਤੀ ਨਾਮਜ਼ਦ ਕੀਤੇ ਗਏ ਹਨ, ਜਿਨ੍ਹਾਂ 'ਚ ਡੇਰਾ ਮੁਖੀ, ਤਿੰਨ ਡੇਰੇ ਦੀ ਕੌਮੀ ਕਮੇਟੀ ਦੇ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸਨਦੀਪ ਬਰੇਟਾ ਤੇ 7 ਪਹਿਲਾਂ ਤੋਂ ਫੜੇ ਡੇਰਾ ਪ੍ਰੇਮੀ ਸ਼ਾਮਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਦੀ ਘਟਨਾ ਪਹਿਲੀ ਜੂਨ 2015 ਨੂੰ ਵਾਪਰੀ ਸੀ, ਜਿਸ ਤੋਂ ਬਾਅਦ ਚੋਰੀ ਕੀਤੇ ਗਏ ਸਰੂਪ ਨੂੰ ਇਕ ਗੱਡੀ 'ਚ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸਿੱਖਾਂਵਾਲਾ ਵਿਖੇ ਇਕ ਘਰ 'ਚ ਲਿਜਾਇਆ ਗਿਆ ਸੀ। ਪਵਿੱਤਰ ਸਰੂਪ ਨੂੰ ਸਾਢੇ ਤਿੰਨ ਤੋਂ ਚਾਰ ਮਹੀਨੇ ਇਸ ਘਰ 'ਚ ਹੀ ਰੱਖਿਆ ਗਿਆ ਸੀ। ਇਸ ਤੋਂ ਬਾਅਦ ਸਰੂਪ ਦੇ ਅੰਗਾਂ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਸੀ। ਸਿੱਟ ਦਾ ਕਹਿਣਾ ਹੈ ਕਿ ਮਾਮਲੇ ਦੀ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਕਿ ਘਟਨਾ ਨੂੰ ਅੰਜਾਮ ਦੇਣ ਲਈ ਸਾਜਿਸ਼ ਡੇਰਾ ਮੁਖੀ ਤੇ ਡੇਰੇ ਦੇ ਕੌਮੀ ਕਮੇਟੀ ਮੈਂਬਰਾਂ ਦੀ ਸਹਿਮਤੀ ਤੇ ਮਿਲੀਭੁਗਤ ਨਾਲ ਰਚੀ ਗਈ ਸੀ।



ਭਾਵੇਂ ਜਾਂਚ ਟੀਮ ਇਸ ਨੂੰ ਵੱਡੀ ਪ੍ਰਾਪਤੀ ਦੱਸ ਰਹੀ ਹੈ ਪਰ ਸਿੱਖ ਜਥੇਬੰਦੀਆਂ ਇਸ ਕਾਰਵਾਈ ਨੂੰ ਸਿਆਸੀ ਦਾਅ-ਪੇਚਾਂ ਵਜੋਂ ਹੀ ਵੇਖ ਰਹੀਆਂ ਹਨ। ਸਰਕਾਰ ਵਲੋਂ ਪਿਛਲੇ ਇਕ ਹਫਤੇ ਤੋਂ ਬੇਅਦਬੀ ਮਾਮਲਿਆਂ ਉਤੇ ਦਿਖਾਈ ਜਾ ਰਹੀ ਫੁਰਤੀ ਉਤੇ ਵੀ ਸਵਾਲ ਉਠ ਰਹੇ ਹਨ।

ਪਿਛਲੇ ਇਕ ਹਫਤੇ ਤੋਂ ਵਿਸ਼ੇਸ਼ ਜਾਂਚ ਟੀਮ ਡੇਰਾ ਪ੍ਰੇਮੀਆਂ ਦੁਆਲੇ ਹੋਈ ਹੈ ਤੇ 11 ਤੋਂ ਵੱਧ ਪ੍ਰੇਮੀਆਂ ਨੂੰ ਇਸ ਕੇਸ ਵਿਚ ਨਾਮਜ਼ਦ ਕੀਤਾ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਾਫ ਕਹਿ ਦਿੱਤਾ ਹੈ ਕਿ ਬੇਅਦਬੀ ਮਾਮਲਿਆਂ ਉਤੇ ਹੁਣ ਤੱਕ ਸਿਰਫ ਸਿਆਸਤ ਹੀ ਹੋਈ ਹੈ। ਜੇਕਰ ਹੁਣ ਵੀ

**(ਬਾਕੀ ਸਫਾ 6 ਉਤੇ)**



**Tanya`s Beauty Salon**

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


**LEAF XPRESS**
INIANAPOLIS, IN
**Now Hiring!**
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill,
New York 11419

# ਹਵਾ ਰਾਹੀਂ ਵੀ ਫੈਲਦਾ ਹੈ ਕਰੋਨਾ ਵਾਇਰਸ?

**ਨਿਊ ਯਾਰਕ:** 32 ਮੁਲਕਾਂ ਦੇ 200 ਤੋਂ ਵੱਧ ਵਿਗਿਆਨੀਆਂ ਨੇ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਗੱਲ ਦੇ ਸਬੂਤ ਹਨ ਕਿ ਕਰੋਨਾ ਵਾਇਰਸ ਹਵਾ ਰਾਹੀਂ ਫੈਲਦਾ ਹੈ, ਛੋਟੇ ਤੋਂ ਛੋਟੇ ਕਣ ਵੀ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।



ਵਿਗਿਆਨੀਆਂ ਦਾ ਇਹ ਦਾਅਵਾ ਸੰਯੁਕਤ ਰਾਸ਼ਟਰ ਏਜੰਸੀ ਦੇ ਪਹਿਲਾਂ ਕੀਤੇ ਦਾਅਵਿਆਂ ਦਾ ਪੂਰੀ ਤਰ੍ਹਾਂ ਖੰਡਨ ਕਰਦਾ ਹੈ। ਡਬਲਿਊ.ਐਚ.ਓ. ਨੇ ਕਿਹਾ ਸੀ ਕਿ ਕੋਵਿਡ-19 ਮੁੱਖ ਤੌਰ ਉਤੇ ਵਾਇਰਸ ਨਾਲ ਪੀੜਤ ਵਿਅਕਤੀ ਵੱਲੋਂ ਖੰਘਣ ਤੇ ਛਿੱਕਣ ਨਾਲ ਫੈਲਦਾ ਹੈ। 'ਦਿ ਨਿਊ ਯਾਰਕ ਟਾਈਮਜ਼' ਦੀ ਇਕ ਰਿਪੋਰਟ ਮੁਤਾਬਕ ਜਿਵੇਂ-ਜਿਵੇਂ ਲੋਕਾਂ ਨੇ ਬਾਰ, ਰੈਸਤਰਾਂ, ਦਫਤਰਾਂ, ਬਾਜ਼ਾਰਾਂ ਤੇ ਕੈਸੀਨੋ ਮੁੜ ਜਾਣਾ ਆਰੰਭਿਆ ਹੈ, ਇਨਫੈਕਸ਼ਨ ਦੇ ਕਲੱਸਟਰ ਆਲਮੀ ਪੱਧਰ ਉਤੇ ਵਧ ਰਹੇ ਹਨ। ਇਹ ਰੁਝਾਨ ਦੱਸਦਾ ਹੈ ਕਿ ਵਾਇਰਸ ਬੰਦ ਥਾਵਾਂ 'ਚ ਟਿਕਿਆ ਰਹਿੰਦਾ ਹੈ ਤੇ ਨੇੜੇ ਆਉਣ ਵਾਲੇ ਨੂੰ ਜਕੜ ਲੈਂਦਾ ਹੈ। 239 ਵਿਗਿਆਨੀਆਂ ਨੇ ਸਿਹਤ ਸੰਗਠਨ ਨੂੰ ਆਪਣੀਆਂ ਪਹਿਲੀਆਂ ਸਿਫਾਰਸ਼ਾਂ ਵਿਚ ਸੋਧ ਕਰਨ ਦੀ ਬੇਨਤੀ ਕੀਤੀ ਹੈ।

ਇਸ ਖੋਜ ਕਾਰਜ ਨਾਲ ਜੁੜੇ ਵਿਗਿਆਨੀ ਅਗਲੇ ਹਫਤੇ ਇਕ ਸਾਇੰਸ ਜਰਨਲ ਵਿਚ ਆਪਣੀਆਂ ਲੱਭਤਾਂ ਨੂੰ ਪ੍ਰਕਾਸ਼ਿਤ ਕਰਨ ਜਾ ਰਹੇ ਹਨ। 29 ਜੂਨ ਨੂੰ ਡਬਲਿਊ.ਐਚ.ਓ. ਨੇ ਸੋਧੇ ਦਿਸ਼ਾ-ਨਿਰਦੇਸ਼ਾਂ ਵਿਚ ਕਿਹਾ ਸੀ ਕਿ ਹਵਾ ਰਾਹੀਂ ਵਾਇਰਸ ਉਦੋਂ ਹੀ ਫੈਲਦਾ ਹੈ ਜਦ ਕਿਸੇ ਮੈਡੀਕਲ ਪ੍ਰੋਸੀਜ਼ਰ ਮਗਰੋਂ 'ਏਅਰੋਸੋਲਜ਼ ਜਾਂ 5 ਮਾਈਕ੍ਰੋਨ ਤੋਂ ਛੋਟੇ ਡਰੌਪਲੈੱਟ (ਤਰਲ ਬੂੰਦਾਂ) ਬਣਦੇ ਹਨ।' ਜ਼ਿਕਰਯੋਗ ਹੈ ਕਿ ਮਾਸਕ ਪਹਿਨਣ, ਵਿੱਥ ਬਰਕਰਾਰ ਰੱਖਣ ਤੇ ਹੱਥ ਧੋਣ ਜਿਹੇ ਸਾਰੇ ਦਿਸ਼ਾ-ਨਿਰਦੇਸ਼ ਖੰਘਣ-ਛਿੱਕਣ ਨਾਲ ਵੱਡੀਆਂ ਤਰਲ ਬੂੰਦਾਂ ਦੇ ਕਿਸੇ ਹੋਰ ਦੇ ਸਰੀਰ 'ਚ ਦਾਖਲ ਹੋਣ ਨਾਲ ਜੁੜੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬੰਦ ਥਾਵਾਂ 'ਚ ਵੀ ਮਾਸਕ ਦੀ ਲੋੜ ਪੈ ਸਕਦੀ ਹੈ, ਚਾਹੇ ਵਿਅਕਤੀ ਵਿੱਥ ਰੱਖ ਕੇ ਬੈਠੇ ਹੋਣ। ਹਾਲਾਂਕਿ ਡਬਲਿਊ.ਐਚ.ਓ. ਦੇ ਮਾਹਿਰਾਂ ਨੂੰ ਵਿਗਿਆਨੀਆਂ ਦੇ ਦਾਅਵੇ ਬਹੁਤ ਠੋਸ ਨਹੀਂ ਜਾਪਦੇ।

## ਸਿਹਤਯਾਬ ਹੋਇਆ 106 ਸਾਲਾ ਬਜ਼ੁਰਗ

**ਨਵੀਂ ਦਿੱਲੀ:** ਉਮਰ ਦਾ ਸੈਂਕੜਾ ਲਗਾ ਚੁੱਕਾ ਦਿੱਲੀ ਦਾ ਇਕ ਬਜ਼ੁਰਗ, ਜੋ 1918 ਵਿਚ ਫੈਲੇ ਸਪੈਨਿਸ਼ ਫਲੂ ਸਮੇਂ 4 ਸਾਲ ਦਾ ਸੀ, ਨੇ ਕਰੋਨਾ ਵਾਇਰਸ ਨੂੰ ਮਾਤ ਦਿੱਤੀ ਹੈ। ਉਮਰ ਦਾ 70ਵਾਂ ਸਾਲ ਹੰਡਾਅ ਰਹੇ ਆਪਣੇ ਪੁੱਤਰ ਤੋਂ ਤੇਜ਼ੀ ਨਾਲ ਠੀਕ ਹੋਇਆ ਹੈ। ਜਾਣਕਾਰੀ ਅਨੁਸਾਰ ਪੁਰਾਣੀ ਦਿੱਲੀ ਦੇ ਵਾਸੀ 106 ਸਾਲਾਂ ਬਜ਼ੁਰਗ ਨੂੰ ਸਿਹਤਯਾਬ ਹੋਣ ਉਪਰੰਤ ਰਾਜੀਵ ਗਾਂਧੀ ਸੁਪਰ ਸਪੈਸ਼ਲਿਟੀ ਹਸਪਤਾਲ ਤੋਂ ਛੁੱਟੀ ਦਿੱਤੀ ਗਈ। ਡਾਕਟਰਾਂ ਅਨੁਸਾਰ ਬਜ਼ੁਰਗ ਦੀ ਪਤਨੀ, ਪੁੱਤਰ ਤੇ ਪਰਿਵਾਰ ਦੇ ਹੋਰ ਮੈਂਬਰ, ਜੋ ਕਰੋਨਾ ਵਾਇਰਸ ਤੋਂ ਪੀੜਤ ਸਨ, ਵੀ ਸਿਹਤਯਾਬ ਹੋ ਚੁੱਕੇ ਹਨ। ਉਕਤ ਬਜ਼ੁਰਗ ਨੂੰ ਅਪਰੈਲ ਦੇ ਮੱਧ 'ਚ ਹਸਪਤਾਲ ਲਿਆਂਦਾ ਗਿਆ ਸੀ ਤੇ ਉਸ ਨੂੰ ਮਈ ਦੀ ਸ਼ੁਰੂਆਤ 'ਚ ਛੁੱਟੀ ਦੇ ਦਿੱਤੀ ਗਈ ਸੀ। ਬਜ਼ੁਰਗ ਨੇ ਆਪਣੇ ਪੁੱਤਰ, ਜੋ ਉਮਰ ਦੇ 70ਵਿਆਂ 'ਚ ਹੈ ਤੋਂ ਜਲਦੀ ਕਰੋਨਾ ਨੂੰ ਮਾਤ ਦਿੱਤੀ।

# ਗਲਵਾਨ ਵਾਦੀ 'ਚ ਭਾਰਤੀ ਤੇ ਚੀਨੀ ਫੌਜਾਂ ਪਿੱਛੇ ਹਟੀਆਂ

**ਨਵੀਂ ਦਿੱਲੀ:** ਐਲ.ਏ.ਸੀ. ਨਾਲ ਗਲਵਾਨ ਵਾਦੀ ਵਿਚ ਭਾਰਤੀ ਅਤੇ ਚੀਨੀ ਫੌਜਾਂ ਵਿਚਾਲੇ ਹੋਈ ਝੜਪ ਤੋਂ ਵੀਹ ਦਿਨਾਂ ਬਾਅਦ ਮਾਮੂਲੀ ਸਫਲਤਾ ਮਿਲੀ ਹੈ, ਕਿਉਂਕਿ ਦੋਵਾਂ ਧਿਰਾਂ ਨੇ ਫਲੈਸ਼ ਪੁਆਇੰਟ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਦੋਵੇਂ ਮੁਲਕਾਂ ਦੀਆਂ ਫੌਜਾਂ ਵਿਚਾਲੇ ਘੱਟੋ ਘੱਟ 3 ਕਿਲੋਮੀਟਰ ਦਾ ਬਫਰ ਜ਼ੋਨ ਸੁਝਾਇਆ ਗਿਆ ਸੀ ਅਤੇ 2, 22 ਅਤੇ 30 ਜੂਨ ਨੂੰ ਲੈਫਟੀਨੈਂਟ ਜਨਰਲ-ਪੱਧਰ ਦੀ ਮੀਟਿੰਗ ਦੌਰਾਨ ਇਸ ਉਤੇ ਸਹਿਮਤੀ ਬਣੀ ਸੀ।

17 ਜੂਨ ਨੂੰ ਵੀ ਚੀਨੀ ਫੌਜ ਪਹਿਲਾਂ ਪਿਛਾਂਹ ਹਟੀ ਸੀ ਤੇ ਮਗਰੋਂ ਉਸ ਨੇ ਮੁੜ ਮੋਰਚਾ ਸੰਭਾਲ ਲਿਆ ਸੀ। ਪੀਪੀ -14 ਵਿਖੇ ਦੋਵਾਂ ਪਾਸਿਆਂ ਤੋਂ ਕੁਝ ਹਿਲਜੁਲ ਹੋਈ ਹੈ। 15-16 ਜੂਨ ਦੀ ਰਾਤ ਨੂੰ ਇਥੇ ਝੜਪ ਹੋਈ ਸੀ। ਦੋਵਾਂ ਪਾਸਿਆਂ ਦੇ ਮੋਰਚੇ ਪਹਿਲਾਂ ਵਾਂਗ ਹੀ ਹਨ। ਗੋਗਰਾ ਹੌਟ ਸਪ੍ਰਿੰਗਜ਼ ਅਤੇ ਪੈਨਗੋਂਗ ਦੇ ਉੱਤਰੀ ਕੰਢੇ ਉਤੇ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਦੇ ਕੁਝ ਵਾਹਨ ਵਾਪਸ ਚਲੇ ਗਏ ਹਨ। ਫੌਜਾਂ ਦੇ ਪਿੱਛੇ ਹਟਣ ਦੀ ਇਸ ਕਾਰਵਾਈ ਨੂੰ 'ਬੇਰੀ ਸਟੈਪ' ਵਜੋਂ ਦੇਖਿਆ ਜਾ ਰਿਹਾ ਹੈ। ਇਸ ਵਿਚ ਫੌਜ ਦੀ ਨਫਰੀ, ਜੰਗੀ ਸਾਜ਼ੋ ਸਾਮਾਨ ਅਤੇ ਭਾਰੀ ਹਥਿਆਰਾਂ ਨੂੰ ਅਪਰੈਲ 2020 ਵਾਲੇ ਪੱਧਰ ਤੱਕ ਘਟਾਉਣਾ ਸ਼ਾਮਲ ਹੋਵੇਗਾ। ਨਾਲ ਹੀ ਇਸ ਦਾ ਅਰਥ ਇਹ ਹੋਵੇਗਾ ਕਿ ਭਾਰਤ ਪੂਰਬੀ ਵਿਵਾਦਿਤ ਖੇਤਰ 'ਫਿੰਗਰ-4' ਤੱਕ ਗਸ਼ਤ ਕਰ ਸਕੇਗਾ, ਜਿਸ ਉਤੇ ਪੀ.ਐਲ.ਏ. ਭਾਰਤ ਨੂੰ ਗਸ਼ਤ ਕਰਨ ਤੋਂ ਰੋਕਦਾ ਸੀ।

ਭਾਰਤੀ ਫੌਜ ਇੰਤਜ਼ਾਰ ਕਰ ਰਹੀ ਹੈ ਤੇ ਸਥਿਤੀ ਉਤੇ ਨਜ਼ਰ ਰੱਖ ਰਹੀ ਹੈ ਕਿਉਂਕਿ ਪੀ.ਐਲ.ਏ. ਕਦੇ ਵੀ ਆਪਣਾ ਕਦਮ ਵਾਪਸ ਲੈ ਸਕਦਾ ਹੈ। ਸੂਤਰਾਂ ਨੇ ਦੱਸਿਆ ਕਿ ਤੰਗ ਵਾਦੀ ਵਿਚ ਪਾਣੀ ਦੇ ਭਾਰੀ ਵਹਾਅ ਕਾਰਨ ਗਲਵਾਨ ਵਾਦੀ ਵਿਚੋਂ ਪਿੱਛੇ ਹਟਣਾ ਜ਼ਰੂਰੀ ਸੀ। ਉਚਾਈ ਵਾਲੇ ਸੁੱਕੇ ਪਠਾਰ ਵਿਚ ਇਹ ਬਰਫ ਪਿਘਲਣ ਦਾ ਸਮਾਂ ਹੈ ਅਤੇ ਪਹਾੜੀ ਖੇਤਰ ਵਿਚ ਦਰਖਤ ਘੱਟ ਹੋਣ ਕਾਰਨ ਬਰਫ ਪਿਘਲਣ ਦਾ ਪ੍ਰਵਾਹ ਨਿਰਵਿਘਨ ਹੈ। ਉਧਰ, ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਸਰਹੱਦੀ ਵਿਵਾਦ ਮਾਮਲੇ ਵਿਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ। ਡੋਵਾਲ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਨੇ ਸਰਹੱਦੀ ਖੇਤਰਾਂ ਵਿਚ ਹਾਲ ਹੀ ਵਿਚ ਹੋਈਆਂ ਗਤੀਵਿਧੀਆਂ 'ਤੇ ਖੁੱਲ੍ਹ ਕੇ ਚਰਚਾ ਕੀਤੀ।


# ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ (Youngstown, Ohio) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

26-


ਪੰਜਾਬ ਟਾਈਮਜ਼

# Matrimonials

## ਲੜਕੀ ਦੀ ਲੋੜ ਹੈ

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

Wanted Suitable girl for US Citizen, Khatri Gursikh boy, 35 yrs, 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 27-30

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28

## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


# ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040

# ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

## ਯੋਗਤਾਵਾਂ

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

## ਡਿਊਟੀ ਵਿਚ ਸ਼ਾਮਿਲ ਹਨ

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ
ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਚੀਨ ਬਨਾਮ ਕਰੋਨਾ: ਵਿਸ਼ਵ ਸਿਹਤ ਸੰਗਠਨ ਦਾਅਵਿਆਂ ਤੋਂ ਪਿੱਛੇ ਹਟਿਆ

**ਜਨੇਵਾ:** ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਚੀਨ ਤੇ ਕਰੋਨਾ ਦੇ ਮਾਮਲੇ 'ਚ ਆਪਣੇ ਦਾਅਵੇ ਤੋਂ ਪਿੱਛੇ ਹਟ ਗਿਆ ਹੈ। ਕੋਵਿਡ-19 ਸਾਹਮਣੇ ਆਉਣ ਤੋਂ ਬਾਅਦ ਡਬਲਿਊ.ਐਚ.ਓ. ਨੇ ਦੱਸਿਆ ਸੀ ਕਿ ਚੀਨ ਸਰਕਾਰ ਨੇ ਮਹਾਮਾਰੀ ਫੈਲਣ ਦੀ ਜਾਣਕਾਰੀ ਸੰਯੁਕਤ ਰਾਸ਼ਟਰ ਨੂੰ ਦਿੱਤੀ ਸੀ, ਪਰ ਹੁਣ ਸਿਹਤ ਸੰਗਠਨ ਨੇ ਆਪਣੇ ਹੀ ਦਾਅਵੇ ਤੋਂ ਪਾਸਾ ਵੱਟ ਲਿਆ ਹੈ। ਅਮਰੀਕੀ ਹਫਤਾਵਰੀ ਮੈਗਜ਼ੀਨ 'ਵਾਸ਼ਿੰਗਟਨ ਐਗਜ਼ਾਮੀਨਰ' ਮੁਤਾਬਕ ਵਿਸ਼ਵ ਸਿਹਤ ਸੰਗਠਨ ਨੇ ਆਪਣੀ ਵੈਬਸਾਈਟ ਤੋਂ ਇਹ ਸੂਚਨਾ ਹਟਾ ਲਈ ਹੈ, ਜਿਸ 'ਚ ਚੀਨ ਵਲੋਂ ਵੂਹਾਨ 'ਚ ਮਹਾਮਾਰੀ ਦੇ ਕੇਸਾਂ ਦਾ ਜ਼ਿਕਰ ਕੀਤਾ ਗਿਆ ਸੀ। ਇਸ ਦੀ ਜਗ੍ਹਾ ਕੋਵਿਡ-19 ਦੇ ਕੌਮਾਂਤਰੀ ਕੇਸਾਂ ਦੀ ਕਮੇਟੀ ਦੀ ਅੰਦਰੂਨੀ ਰਿਪੋਰਟ ਦਿੱਤੀ ਗਈ ਹੈ, ਜਿਸ 'ਚ ਲਿਖਿਆ ਗਿਆ ਹੈ ਕਿ ਲੋਕਾਂ ਨੂੰ ਜਾਣਕਾਰੀ ਹੋਣ ਦੇ ਬਾਵਜੂਦ ਚੀਨ ਨੇ ਕਦੇ ਵੀ ਵੂਹਾਨ 'ਚ ਮਹਾਮਾਰੀ ਫੈਲਣ ਦੀ ਜਾਣਕਾਰੀ ਸਿਹਤ ਸੰਗਠਨ ਨੂੰ ਨਹੀਂ ਦਿੱਤੀ।

**ਪੇਈਚਿੰਗ:** ਚੀਨ ਵਿਚ ਸੂਰਾਂ 'ਚ ਪਾਏ ਜਾ ਰਹੇ ਫਲੂ ਵਾਇਰਸ ਦੀ ਨਵੀਂ ਨਸਲ ਸੂਰ ਸਨਅਤ ਨਾਲ ਜੁੜੇ ਕਰਮਚਾਰੀਆਂ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਰਹੀ ਹੈ ਅਤੇ ਇਸ 'ਚ ਆਲਮੀ ਮਹਾਮਾਰੀ ਫੈਲਾਉਣ ਵਾਲੇ ਵਿਸ਼ਾਣੂ ਵਰਗੀਆਂ ਸਾਰੀਆਂ ਵਿਸ਼ੇਸ਼ਤਾਵਾਂ ਹਨ ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਅਜੇ ਇਸ ਵਾਇਰਸ ਦੇ ਕੌਮਾਂਤਰੀ ਖਤਰਾ ਬਣਨ ਦੀ ਸੰਭਾਵਨਾ ਨਹੀਂ ਹੈ। ਇਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਇਹ ਅਧਿਐਨ 2011 ਤੋਂ 2018 ਵਿਚਾਲੇ ਚੀਨ 'ਚ ਸੂਰਾਂ ਦੀ ਨਿਗਰਾਨੀ ਉਤੇ ਆਧਾਰਿਤ ਹੈ ਅਤੇ ਇਸ 'ਚ ਪਾਇਆ ਗਿਆ ਹੈ ਕਿ ਇਨਫਲੂਐਂਜ਼ਾਂ ਵਾਇਰਸ ਦੀ ਇਹ ਇਕ ਕਿਸਮ ਜਿਨ੍ਹਾਂ 'ਚ ਜੀ4 ਜੀਨੋਟਾਈਪ ਜੈਨੇਟਿਕ ਸਮੱਗਰੀ ਹੈ, 2016 ਤੋਂ ਸੂਰਾਂ 'ਚ ਦਿਖਾਈ ਦੇ ਰਹੀ ਹੈ।

ਚੀਨ ਬਿਮਾਰੀ ਕੰਟਰੋਲ ਦੇ ਬਚਾਅ ਕੇਂਦਰ ਦੇ ਵਿਗਿਆਨੀਆਂ ਸਮੇਤ ਹੋਰਨਾਂ ਮੁਤਾਬਕ ਇਹ ਜੀ4 ਵਿਸ਼ਾਣੂ ਮਨੁੱਖੀ ਸੈੱਲਾਂ 'ਚ ਰਿਸੈਪਟਰ ਅਣੂਆਂ ਨਾਲ ਬੰਨ੍ਹੇ ਜਾਂਦੇ ਹਨ ਤੇ ਸਾਹਤੰਤਰ ਦੀ ਬਾਹਰੀ ਪਰਤ ਵਿਚ ਆਪਣੀ ਗਿਣਤੀ ਵਧਾਉਂਦੇ ਹਨ। ਖੋਜੀਆਂ ਅਨੁਸਾਰ ਮਨੁੱਖ ਨੂੰ ਹੋਰਨਾਂ 'ਮਨੁੱਖੀ ਇਨਫਲੂਐਂਜ਼ਾ' ਟੀਕਿਆਂ ਤੋਂ ਮਿਲਣ ਵਾਲੀ ਬਿਮਾਰੀ ਰੋਕੂ ਸਮਰਥਾ ਜੀ4 ਵਾਇਰਸ ਤੋਂ ਨਹੀਂ ਬਚਾ ਸਕਦੀ। ਇਹ ਗੱਲ ਇਸ ਦਾ ਸੰਕੇਤ ਹੈ ਕਿ ਵਾਇਰਸ ਨਾਲ ਲੜਨ ਲਈ ਮਨੁੱਖੀ ਸਰੀਰ 'ਚ ਪਹਿਲਾਂ ਤੋਂ ਕੋਈ ਤਾਕਤ ਮੌਜੂਦ ਨਹੀਂ ਹੈ।

ਦੂਜੇ ਪਾਸੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ 'ਚ ਮਹਾਮਾਰੀਆਂ ਦਾ ਅਧਿਐਨ ਕਰ ਰਹੇ ਐਰਿਕ ਫੀਗਲ ਡਿੰਗ ਨੇ ਕਿਹਾ ਕਿ ਇਹ ਵਾਇਰਸ ਅਜੇ ਸਿਰਫ ਸੂਰਾਂ 'ਚ ਹੈ। ਇਸ ਦੇ ਮਨੁੱਖ ਤੋਂ ਮਨੁੱਖ 'ਚ ਫੈਲਣ ਬਾਰੇ ਕੋਈ ਕੇਸ ਨਹੀਂ ਹੈ। ਇਹ 2016 ਦਾ ਵਾਇਰਸ ਹੈ ਅਤੇ ਸੂਰ ਪਾਲਣ ਵਾਲੇ ਕਿਸਾਨਾਂ ਦੇ ਸਰੀਰ ਇਸ ਵਾਇਰਸ ਨਾਲ ਲੜਨ ਦੀ ਸਮਰੱਥਾ ਹੈ।

### ਚੀਨ ਨੂੰ ਕਰੋਨਾ ਫੈਲਾਉਣ ਦੀ ਜ਼ਿੰਮੇਵਾਰੀ ਲੈਣੀ ਹੀ ਪਵੇਗੀ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਵਾਰ ਫਿਰ ਕਿਹਾ ਹੈ ਕਿ ਕਰੋਨਾ ਵਾਇਰਸ ਨੂੰ ਦੁਨੀਆਂ ਭਰ 'ਚ ਫੈਲਾਉਣ ਲਈ ਚੀਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਇਹ ਹਫਤੇ 'ਚ ਦੂਜੀ ਵਾਰ ਹੈ ਕਿ ਟਰੰਪ ਨੇ ਚੀਨ ਉਤੇ ਕਰੋਨਾ ਵਾਇਰਸ ਫੈਲਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਚੀਨ ਨੂੰ ਇਸ ਸਭ ਲਈ ਜ਼ਿੰਮੇਵਾਰੀ ਲੈਣੀ ਹੀ ਪਵੇਗੀ।

## ਭਾਰਤ ਸਰਕਾਰ ਤਾਜ ਮਹਿਲ ਤੇ ਲਾਲ ਕਿਲੇ ਵਾਂਗ ਕਰਤਾਰਪੁਰ ਕੋਰੀਡੋਰ ਵੀ ਖੋਲ੍ਹੇ: ਸਿੱਖਸ ਆਫ ਅਮਰੀਕਾ

**ਵਾਸ਼ਿੰਗਟਨ, ਡੀ. ਸੀ. (ਬਿਊਰੋ):** ਪਿਛਲੇ ਦਿਨੀਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਕੋਰੀਡੋਰ ਖੋਲ੍ਹਣ ਦਾ ਐਲਾਨ ਕੀਤਾ ਸੀ, ਜਿਸ ਸਬੰਧੀ ਭਾਰਤ ਨੂੰ ਵੀ ਸਹਿਮਤੀ ਪ੍ਰਗਟਾਉਣ ਦੀ ਬੇਨਤੀ ਕੀਤੀ ਸੀ, ਪਰ ਭਾਰਤ ਨੇ ਕਰੋਨਾ ਵਾਇਰਸ ਦਾ ਬਹਾਨਾ ਬਣਾ ਕੇ ਕਰਤਾਰਪੁਰ ਕੋਰੀਡੋਰ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ। ਉਕਤ ਪ੍ਰਤੀਕਰਮ ਜਾਹਰ ਕਰਦਿਆਂ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਕਰਤਾਰਪੁਰ ਕੋਰੀਡੋਰ ਤਾਜ ਮਹਿਲ ਤੇ ਲਾਲ ਕਿਲੇ ਨਾਲੋਂ ਵੱਧ ਮਹੱਤਤਾ ਰੱਖਦਾ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਤਾਜ ਮਹਿਲ ਤੇ ਲਾਲ ਕਿਲਾ ਲੋਕਾਂ ਲਈ ਖੋਲ੍ਹ ਦਿੱਤਾ ਹੈ।

ਸ. ਜੱਸੀ ਨੇ ਸਵਾਲ ਕੀਤਾ ਹੈ ਕਿ ਕੀ ਸਿੱਖਾਂ ਦਾ ਮੱਕਾ ਕਰਤਾਰਪੁਰ ਕੋਰੀਡੋਰ ਖੋਲ੍ਹਣਾ ਸਰਕਾਰ ਦਾ ਫਰਜ਼ ਨਹੀਂ ਹੈ? ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਕਰਤਾਰਪੁਰ ਸਾਹਿਬ ਨਾਲ ਜੁੜੀਆਂ ਹੋਈਆਂ ਹਨ। ਇਸ ਨੂੰ ਪਹਿਲਾਂ ਹੀ ਖੋਲ੍ਹਣਾ ਚਾਹੀਦਾ ਸੀ। ਸਿੱਖ ਅਰਦਾਸਾਂ ਕਰਨੀਆਂ ਚਾਹੁੰਦੇ ਹਨ। ਇਸ ਮਹਾਮਾਰੀ ਤੋਂ ਨਿਜਾਤ ਪ੍ਰਾਪਤ ਕਰਨ ਲਈ ਗੁਰੂ ਅੱਗੇ ਨਤਮਸਤਕ ਹੋ ਕੇ ਜੋਦੜੀ ਕਰਨਾ ਚਾਹੁੰਦੇ ਹਨ, ਪਰ ਸਰਕਾਰ ਨੇ ਪਤਾ ਨਹੀਂ ਕਿਉਂ ਦੇਰੀ ਕੀਤੀ ਹੈ?

ਉਨ੍ਹਾਂ ਕਿਹਾ ਕਿ ਇਸ ਬਾਰੇ ਅਕਾਲੀ-ਭਾਜਪਾ ਦਾ ਕੀ ਸਟੈਂਡ ਹੈ, ਕੁਝ ਸਪਸ਼ਟ ਨਹੀਂ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਕਿਉਂ ਚੁੱਪ ਧਾਰੀ ਬੈਠੀਆਂ ਹਨ? ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਕਰਤਾਰਪੁਰ ਕੋਰੀਡੋਰ ਤੁਰੰਤ ਖੋਲ੍ਹ ਕੇ ਸਿੱਖਾਂ ਦੇ ਮਨ ਜਿੱਤਣੇ ਚਾਹੀਦੇ ਹਨ।

ਸ. ਜੱਸੀ ਨੇ ਕਿਹਾ ਕਿ ਅਸੀਂ ਵਿਦੇਸ਼ੀ ਸਿੱਖ ਡਾਇਸਪੋਰਾ ਅਪੀਲ ਕਰਦੇ ਹਾਂ ਕਿ ਕਰਤਾਰਪੁਰ ਕੋਰੀਡੋਰ ਨੂੰ ਮੁੜ ਨਾਨਕ ਨਾਮ ਲੇਵਾ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇ, ਪਰ ਨਾਲ ਨਾਲ ਇਹ ਵੀ ਜਰੂਰੀ ਬਣਾਇਆ ਜਾਵੇ ਕਿ ਕਰਤਾਰਪੁਰ ਆਉਣ-ਜਾਣ ਸਮੇਂ ਸ਼ਰਧਾਲੂ ਦਾ ਮੈਡੀਕਲ ਚੈਕਅਪ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿੱਖਸ ਆਫ ਅਮਰੀਕਾ ਜਥੇਬੰਦੀ ਇਸ ਸਬੰਧੀ ਭਾਰਤੀ ਅੰਬੈਸਡਰ ਰਾਹੀ ਕੇਂਦਰ ਸਰਕਾਰ ਨੂੰ ਵੀ ਬੇਨਤੀ ਕਰੇਗੀ।

ਕਰਤਾਰਪੁਰ ਕੋਰੀਡੋਰ ਸਬੰਧੀ ਭਾਰਤ ਸਰਕਾਰ ਨੂੰ ਬੇਨਤੀ ਕਰਨ ਵਾਲਿਆਂ ਵਿਚ ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰਾਂ-ਬਲਜਿੰਦਰ ਸਿੰਘ ਸ਼ੰਮੀ, ਡਾ. ਸੁਖਪਾਲ ਸਿੰਘ ਧਨੋਆ, ਗੁਰਚਰਨ ਸਿੰਘ ਵਰਲਡ ਬੈਂਕ, ਡਾ. ਸੁਰਿੰਦਰ ਸਿੰਘ ਗਿੱਲ, ਚਤਰ ਸਿੰਘ, ਬਖਸ਼ੀਸ਼ ਸਿੰਘ, ਸਰਬਜੀਤ ਸਿੰਘ ਬਖਸ਼ੀ, ਗੁਰਿੰਦਰ ਸਿੰਘ ਸੇਠੀ, ਮਨਿੰਦਰ ਸਿੰਘ ਸੇਠੀ, ਦਲਵੀਰ ਸਿੰਘ, ਪ੍ਰਿਤਪਾਲ ਸਿੰਘ ਲੱਕੀ, ਇੰਦਰਜੀਤ ਸਿੰਘ ਗੁਜਰਾਲ, ਸੁਰਿੰਦਰ ਸਿੰਘ ਰਹੇਜਾ ਅਤੇ ਸੁਰਮੁਖ ਸਿੰਘ ਮਾਣਕੂ ਸ਼ਾਮਲ ਹਨ। ਸਿੱਖਸ ਆਫ ਅਮਰੀਕਾ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ ਨੇ ਕਿਹਾ ਕਿ ਉਹ ਜਲਦੀ ਹੀ ਮੋਦੀ ਸਰਕਾਰ ਨੂੰ ਮਿਲਣਗੇ ਅਤੇ ਕਰਤਾਰਪੁਰ ਕੋਰੀਡੋਰ ਮੁੜ ਖੁਲ੍ਹਵਾਉਣ ਲਈ ਬੇਨਤੀ ਕਰਨਗੇ।


ਵੇਟਰ, ਹੈਲਪਰ ਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

26-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



**Michigan Truck Driving School**

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



**Midway Business Broker**







**For All Your Commercial Real Estate Needs**

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM

Ajeet Singh: 847-529-9778
Nick Verma: 630-664-1435

# ਖਾਲਿਸਤਾਨ ਨਾਲ ਜੁੜੇ ਨੌਂ ਜਣਿਆਂ ਨੂੰ ਅਤਿਵਾਦੀ ਐਲਾਨਣ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਭਾਰਤ ਸਰਕਾਰ ਨੇ ਖਾਲਿਸਤਾਨ ਲਹਿਰ ਨਾਲ ਜੁੜੇ ਨੌਂ ਜਣਿਆਂ ਨੂੰ ਰਾਸ਼ਟਰ ਵਿਰੋਧੀ ਕਾਰਵਾਈਆਂ ਰਾਹੀਂ ਪੰਜਾਬ ਵਿਚ ਮੁੜ ਅਤਿਵਾਦ ਲਿਆਉਣ ਦੀਆਂ ਕੋਸ਼ਿਸ਼ਾਂ ਦੇ ਦੋਸ਼ ਹੇਠ ਅਤਿਵਾਦੀ ਐਲਾਨ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਖਿਲਾਫ ਸਿੱਖ ਜਥੇਬੰਦੀਆਂ ਵਿਚ ਰੋਸ ਹੈ।

ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 9 ਸਿੱਖਾਂ ਨੂੰ 'ਅਤਿਵਾਦੀ' ਕਰਾਰ ਦੇਣ ਦਾ ਵਿਰੋਧ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਨੇ ਇਹ ਕਾਰਵਾਈ ਸਿੱਖਾਂ ਦਾ ਕੌਮਾਂਤਰੀ ਪੱਧਰ ਉਤੇ ਅਕਸ ਖਰਾਬ ਕਰਨ ਦੀ ਸਾਜ਼ਿਸ਼ ਤਹਿਤ ਕੀਤੀ ਹੈ। ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਪ੍ਰਸਿਧੀ ਤੋਂ ਘਬਰਾਈ ਭਾਰਤ ਸਰਕਾਰ ਨੇ ਗੈਰਕਾਨੂੰਨੀ ਗਤੀਵਿਧੀਆਂ ਐਕਟ 1967 ਦੀ ਵਰਤੋਂ ਕਰਦਿਆਂ 9 ਸਿੱਖਾਂ ਨੂੰ 'ਅਤਿਵਾਦੀ' ਐਲਾਨ ਦਿੱਤਾ। ਦੋਵਾਂ ਆਗੂਆਂ ਨੇ ਕਿਹਾ ਕਿ ਖਾਲਿਸਤਾਨ ਦੀ ਮੰਗ ਉਨ੍ਹਾਂ ਦਾ ਲੋਕਤੰਤਰੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਭਾਰਤ ਸਰਕਾਰ ਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਖਾਲਿਸਤਾਨੀਆਂ ਦੀ ਆਵਾਜ਼ ਦਬਾਉਣ ਵਾਸਤੇ ਵੱਖ-ਵੱਖ ਕੇਸ ਦਰਜ ਕੀਤੇ ਜਾਂਦੇ ਰਹੇ ਹਨ, ਜੋ ਸਾਰੇ ਹੀ ਅਦਾਲਤਾਂ ਵਿਚ ਗਲਤ ਸਾਬਤ ਹੋਏ ਹਨ। ਸਿਮਰਨਜੀਤ ਸਿੰਘ ਮਾਨ 'ਤੇ ਵੀ ਦਰਜਨਾਂ ਅਜਿਹੇ ਕੇਸ ਥੋਪੇ ਗਏ ਸਨ, ਜਿਹੜੇ ਇਕ-ਇਕ ਕਰਕੇ ਗਲਤ ਸਾਬਤ ਹੋਏ ਹਨ। ਦੱਸ ਦਈਏ ਕਿ ਗ੍ਰਹਿ ਮੰਤਰਾਲੇ ਨੇ ਵਿਦੇਸ਼ਾਂ ਵਿਚ ਵਸਦੇ ਇਨ੍ਹਾਂ ਵਿਅਕਤੀਆਂ ਖਿਲਾਫ ਸਰਹੱਦ ਪਾਰੋਂ ਹੁੰਦੇ ਦਹਿਸ਼ਤੀ ਕਾਰਿਆਂ ਵਿਚ ਸ਼ਮੂਲੀਅਤ ਕਾਰਨ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਲਾਈਆਂ ਹਨ। ਅਤਿਵਾਦੀ ਐਲਾਨੇ ਵਿਅਕਤੀਆਂ ਵਿਚ ਅਮਰੀਕਾ ਦੀ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਮੁੱਖ ਮੈਂਬਰ ਗੁਰਪਤਵੰਤ ਸਿੰਘ ਪੰਨੂ, ਯੂਕੇ ਦੀ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਪਰਮਜੀਤ ਸਿੰਘ ਅਤੇ ਕੈਨੇਡਾ ਦੀ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਜਰਮਨੀ ਦੀ ਜਥੇਬੰਦੀ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁੱਖ ਮੈਂਬਰ ਭੁਪਿੰਦਰ ਸਿੰਘ ਭਿੰਦਾ ਅਤੇ ਗੁਰਮੀਤ ਸਿੰਘ ਬੱਗਾ, ਪਾਕਿਸਤਾਨ ਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਵਧਾਵਾ ਸਿੰਘ ਬੱਬਰ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਲਖਬੀਰ ਸਿੰਘ, ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਅਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਨੂੰ ਅਤਿਵਾਦੀ ਐਲਾਨਿਆ ਗਿਆ ਹੈ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਤਾਜ਼ਾ ਕਾਰਵਾਈ ਸਿੱਖਾਂ ਦੇ ਆਜ਼ਾਦੀ ਦੇ ਸੰਘਰਸ਼ ਨੂੰ ਦੁਨੀਆਂ ਦੀ ਨਜ਼ਰ ਵਿਚ 'ਅਤਿਵਾਦ' ਦੀ ਸਿਆਹੀ ਨਾਲ ਲਿਬੇੜਨ ਦੀ ਚਾਲ ਹੈ। ਉਨ੍ਹਾਂ ਕਿਹਾ ਕਿ ਪਹਿਲੀ ਯੂ.ਪੀ.ਏ. ਸਰਕਾਰ ਵੇਲੇ ਵੀ ਜਿਹੜੇ ਸੰਗਠਨ ਅਤਿਵਾਦੀ ਕਰਾਰ ਦਿੱਤੇ ਗਏ, ਉਹ ਸਾਰੇ ਹੀ ਘੱਟ ਗਿਣਤੀਆਂ ਨਾਲ ਸਬੰਧਤ ਸਨ। ਪਿਛਲੇ ਸਾਲ ਪਹਿਲਾਂ ਕਸ਼ਮੀਰੀਆਂ ਕੋਲੋਂ ਜਬਰੀ ਉਨ੍ਹਾਂ ਦੇ ਹੱਕ ਖੋਹੇ ਗਏ, ਫਿਰ ਮੁਸਲਿਮ ਭਾਈਚਾਰੇ 'ਤੇ ਨਾਗਰਿਕਤਾ ਕਾਨੂੰਨ ਵਿਚ ਸੋਧ ਕਰ ਕੇ ਕੁਹਾੜਾ ਚਲਾਇਆ ਗਿਆ ਤੇ ਹੁਣ ਸਿੱਖ ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਆ ਗਏ ਹਨ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਭਾਰਤ ਵਿਚ ਘੱਟ ਗਿਣਤੀਆਂ ਦੀ ਹੋਂਦ ਖਤਰੇ ਵਿਚ ਹੈ ਤੇ ਆਉਣ ਵਾਲੇ ਦਿਨਾਂ ਵਿਚ ਹਾਲਾਤ ਬਦ ਤੋਂ ਬਦਤਰ ਹੋਣਗੇ। ਉਨ੍ਹਾਂ ਪੰਜਾਬ ਪੁਲਿਸ ਵੱਲੋਂ ਰੈਫਰੈਂਡਮ-2020 ਦੀ ਆੜ ਹੇਠ ਸਿੱਖ ਨੌਜਵਾਨਾਂ ਦੀ ਥਾਣਿਆਂ ਵਿਚ ਸੱਦ ਕੇ ਕੀਤੀ ਜਾ ਰਹੀ ਖੱਜਲ-ਖੁਆਰੀ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਖਾਲਿਸਤਾਨ ਬਾਰੇ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਰੈਫਰੰਡਮ ਕਰਵਾਇਆ ਜਾਣਾ ਚਾਹੀਦਾ ਹੈ। ਜੇਕਰ ਭਾਰਤ ਵਿਚ ਰੈਫਰੈਂਡਮ 2020 ਦੀਆਂ ਵੋਟਾਂ ਪੁਆਈਆਂ ਗਈਆਂ ਤਾਂ ਉਹ ਖਾਲਿਸਤਾਨ ਦੇ ਹੱਕ ਵਿਚ ਵੋਟਾਂ ਪਾਉਣਗੇ।



## ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ

**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਖਾਲਿਸਤਾਨ ਦੇ ਨਾਂ 'ਤੇ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਬੇਕਸੂਰ ਨੌਜਵਾਨਾਂ ਦੀ ਗ੍ਰਿਫਤਾਰੀ ਨਾਲ ਸੂਬੇ ਦੀ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ। ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਇਥੇ ਕੌਮੀ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਜਥੇਬੰਦੀ ਦੇ ਕਾਰਜਸ਼ੈਲੀ ਬਾਰੇ ਚਰਚਾ ਕੀਤੀ ਗਈ। ਭਾਈ ਡੋਡ ਨੇ ਕਿਹਾ ਕਿ ਫੈਡਰੇਸ਼ਨ ਸਿੱਖ ਕੌਮ ਦੀ ਆਜ਼ਾਦੀ, ਖਾਲਸਾਈ ਬੋਲਬਾਲੇ ਦੇ ਸੰਕਲਪ ਨੂੰ ਪੂਰਾ ਕਰਨ ਤੇ ਪੰਥ ਦੀ ਚੜ੍ਹਦੀ ਕਲਾ ਲਈ ਸੰਘਰਸ਼ ਨੂੰ ਤੇਜ਼ ਕਰੇਗੀ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਰਾਜਸੀ ਲੀਡਰਸ਼ਿਪ ਨੇ ਪੰਥ ਦੇ ਮਾਣ-ਸਨਮਾਨ ਨੂੰ ਹਿੰਦੂਤਵੀ ਤਾਕਤਾਂ ਦੇ ਪ੍ਰਭਾਵ ਹੇਠ ਢਾਹ ਲਾਈ ਹੈ।

# ਪੰਨੂ ਤੇ ਸਾਥੀਆਂ ਖਿਲਾਫ ਦੇਸ਼-ਧ੍ਰੋਹ ਦਾ ਕੇਸ ਦਰਜ



## ਸਿੱਖ ਫਾਰ ਜਸਟਿਸ ਦੀਆਂ ਸਰਗਰਮੀਆਂ 'ਤੇ ਹੈ ਨਜ਼ਰ

**ਚੰਡੀਗੜ੍ਹ:** ਅਮਰੀਕਾ ਤੋਂ ਚਲਾਈ ਜਾ ਰਹੀ ਸੰਸਥਾ ਸਿੱਖਸ ਫਾਰ ਜਸਟਿਸ ਦੇ ਸੰਚਾਲਕ ਗੁਰਪਤਵੰਤ ਸਿੰਘ ਪੰਨੂ ਦਾ ਨਾਂ ਕੇਂਦਰ ਸਰਕਾਰ ਨੇ ਅਤਿਵਾਦੀਆਂ ਦੀ ਸੂਚੀ 'ਚ ਪਾ ਦਿੱਤਾ ਹੈ। ਇਹ ਗੱਲ ਇਸ ਸੰਸਥਾ ਦੀਆਂ ਸਰਗਰਮੀਆਂ ਉਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਦਾਖਲ ਪਟੀਸ਼ਨ ਦੇ ਜਵਾਬ ਵਿਚ ਪੰਜਾਬ ਸਰਕਾਰ ਵਲੋਂ ਪੇਸ਼ ਹੋਏ ਵਧੀਕ ਐਡਵੋਕੇਟ ਜਨਰਲ ਨੇ ਹਾਈਕੋਰਟ ਦੀ ਡਵੀਜ਼ਨ ਬੈਂਚ ਮੂਹਰੇ ਕਹੀ। ਸਰਕਾਰ ਨੇ ਬੈਂਚ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਦੇਸ਼ ਵਿਰੋਧੀ ਸਰਗਰਮੀਆਂ ਅਤੇ ਸੰਸਥਾ ਦੇ ਰੈਫਰੈਂਡਮ ਉਤੇ ਨਜ਼ਰ ਰੱਖੀ ਜਾ ਰਹੀ ਹੈ।

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਗੁਰਪਤਵੰਤ ਸਿੰਘ ਪੰਨੂ ਨੂੰ ਅਤਿਵਾਦੀ ਐਲਾਨੇ ਜਾਣ ਤੋਂ ਬਾਅਦ, ਪੰਜਾਬ ਪੁਲਿਸ ਨੇ ਪੰਨੂ ਤੇ ਉਸ ਦੇ ਸਹਿਯੋਗੀ ਐਸ.ਐਫ.ਜੇ. ਮੈਂਬਰ ਜੋਗਿੰਦਰ ਸਿੰਘ ਗੁੱਜਰ ਖਿਲਾਫ ਅੰਮ੍ਰਿਤਸਰ ਅਤੇ ਕਪੂਰਥਲਾ ਵਿਚ ਦੇਸ਼-ਧ੍ਰੋਹ ਤੇ ਵੱਖਵਦ ਦੇ ਦੋਸ਼ਾਂ ਤਹਿਤ ਦੋ ਐਫ.ਆਈ.ਆਰ. ਦਰਜ ਕੀਤੀਆਂ ਹਨ।

ਪੰਜਾਬ ਪੁਲਿਸ ਨੇ ਇਥੇ ਦਾਅਵਾ ਕੀਤਾ ਹੈ ਕਿ ਦਲਿਤ ਸੁਰੱਖਿਆ ਸੈਨਾ (ਡੀ.ਐਸ.ਐਸ.) ਨੇ ਗੁਰਪਤਵੰਤ ਪੰਨੂ ਅਤੇ ਉਸ ਦੇ ਸਾਥੀਆਂ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤ ਦੇ ਆਧਾਰ 'ਤੇ ਪੰਨੂ ਖਿਲਾਫ ਥਾਣਾ ਬੀ-ਡਵੀਜ਼ਨ, ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ ਵਿਚ ਭਾਰਤੀ ਸੰਵਿਧਾਨ ਅਤੇ ਭਾਰਤੀ ਰਾਸ਼ਟਰੀ ਝੰਡਾ ਸਾੜਨ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਵਾਸਤੇ ਉਕਸਾਉਣ ਲਈ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਵਿਚ ਦਾਅਵਾ ਕੀਤਾ ਗਿਆ ਸੀ ਕਿ ਪੰਨੂ ਤੇ ਹੋਰਨਾਂ ਦੀ ਇਸ ਕਾਰਵਾਈ ਨਾਲ ਦੇਸ਼ ਦੇ ਸਮੁੱਚੇ ਐਸ.ਸੀ. ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਪੁਲਿਸ ਮੁਤਾਬਕ ਦਲਿਤ ਸੁਰੱਖਿਆ ਸੈਨਾ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ ਅਮਰੀਕਾ ਅਧਾਰਿਤ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਅਤੇ ਉਸ ਦਾ ਸਾਥੀ ਵੀਡੀਓ ਵਿਚ ਭਾਰਤੀ ਸੰਵਿਧਾਨ ਅਤੇ ਭਾਰਤੀ ਰਾਸ਼ਟਰੀ ਝੰਡੇ ਦੀ ਬੇਇੱਜ਼ਤੀ ਕਰਦੇ ਵੇਖੇ ਗਏ। ਉਹ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਭਾਰਤੀ ਸੰਵਿਧਾਨ ਅਤੇ ਝੰਡੇ ਨੂੰ ਅੱਗ ਲਾਉਂਦੇ ਵੇਖੇ ਗਏ। ਪੰਨੂ ਨੂੰ ਸਾਰੀ ਸਿੱਖ ਕੌਮ ਨੂੰ ਭਾਰਤੀ ਸੰਵਿਧਾਨ ਵਿਰੁੱਧ ਅਤੇ ਰੈਫਰੈਂਡਮ 2020 ਦੇ ਹੱਕ ਵਿਚ ਭੜਕਾਉਂਦੇ ਵੇਖਿਆ ਗਿਆ ਸੀ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਅਤਿਵਾਦੀਆਂ ਦੀਆਂ ਘਿਨਾਉਣੀਆਂ ਹਰਕਤਾਂ ਨੇ ਉਨ੍ਹਾਂ ਆਦਰਸ਼ਾਂ ਦੀ ਦੁਰਗਤ ਕੀਤੀ ਜਿਸ ਉਤੇ ਭਾਰਤੀ ਰਾਜ ਸਥਾਪਤ ਹੋਇਆ ਹੈ ਅਤੇ ਇਸ ਨਾਲ ਸਮੁੱਚੇ ਐਸ.ਸੀ. ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

## ਪਾਰਟੀਸ਼ਨ ਮਿਊਜ਼ੀਅਮ ਨੂੰ ਐਵਾਰਡ

**ਅੰਮ੍ਰਿਤਸਰ:** ਯੂਕੇ ਵਿਚ ਦਿੱਤੇ ਜਾਣ ਵਾਲੇ ਮਿਊਜ਼ੀਅਮ ਹੈਰੀਟੇਜ ਐਵਾਰਡ ਲਈ ਇਥੋਂ ਦੇ ਪਾਰਟੀਸ਼ਨ ਮਿਊਜ਼ੀਅਮ ਦਾ ਨਾਂ ਵੀ ਤਿਆਰ ਕੀਤੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਦਾ ਖੁਲਾਸਾ ਅਜਾਇਬ ਘਰ ਦੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ। ਇਸ ਅਜਾਇਬ ਘਰ ਦੀ ਸੀ.ਈ.ਓ. ਮਲਿਕਾ ਆਹਲੂਵਾਲੀਆ ਨੇ ਦੱਸਿਆ ਕਿ ਮਿਊਜ਼ੀਅਮ ਹੈਰੀਟੇਜ ਐਵਾਰਡ ਇਸ ਸਾਲ 22 ਸਤੰਬਰ ਨੂੰ ਦਿੱਤਾ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਪਾਰਟੀ ਦਾ ਯੂਥ ਵਿੰਗ ਭੰਗ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਇਕਾਈ ਦਾ ਯੂਥ ਵਿੰਗ ਭੰਗ ਕਰ ਦਿੱਤਾ ਗਿਆ ਹੈ। ਇਹ ਫੈਸਲਾ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਨੇ ਲਿਆ ਹੈ। ਇਸ ਸਬੰਧੀ ਬਿਆਨ ਜਾਰੀ ਕਰਦਿਆਂ ਦਲ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਤੇ ਕਨਵੀਨਰ ਬੂਟਾ ਸਿੰਘ ਖੜੌਦ ਨੇ ਕਿਹਾ ਕਿ ਲੰਬੇ ਸਮੇਂ ਤੋਂ ਦੇਖਿਆ ਜਾ ਰਿਹਾ ਹੈ, ਪਾਰਟੀ ਦੇ ਅਮਰੀਕਾ ਵਿਚਲੇ ਯੂਥ ਵਿੰਗ ਦੇ ਅਹੁਦੇਦਾਰਾਂ ਵਲੋਂ ਕੋਈ ਕਾਰਗੁਜਾਰੀ ਨਹੀਂ ਕੀਤੀ ਜਾ ਰਹੀ।

ਉਕਤ ਆਗੂਆਂ ਅਨੁਸਾਰ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਤਿੰਨ ਮਹੀਨਿਆਂ ਬਾਅਦ ਪਾਰਟੀ ਵਲੋਂ ਯੂਥ ਵਿੰਗ ਦਾ ਪੁਨਰਗਠਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਜੋ ਵੀ ਸਿੱਖ ਨੌਜਵਾਨ ਪਾਰਟੀ ਨਾਲ ਜੁੜਨਾ ਚਾਹੁੰਦੇ ਹਨ, ਉਹ ਪਾਰਟੀ ਦੀ ਵੈੱਬਸਾਈਟ www.sadausa.org ਉਤੇ ਜਾ ਕੇ ਮੈਂਬਰ ਬਣ ਸਕਦੇ ਹਨ। ਪਾਰਟੀ ਦੀ ਸੋਚ 'ਤੇ ਚੱਲਣ ਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲਿਆਂ ਵਿਚੋਂ ਹੀ ਯੂਥ ਵਿੰਗ ਦੀ ਵਾਗਡੋਰ ਸੌਂਪੀ ਜਾਏਗੀ।

ਇਸ ਤੋਂ ਇਲਾਵਾ ਪੰਜ ਮੈਂਬਰੀ ਕਮੇਟੀ ਨੇ ਇਕ ਹੋਰ ਫੈਸਲੇ ਰਾਹੀਂ ਸਰਬਜੀਤ ਸਿੰਘ ਨਿਊ ਯਾਰਕ ਤੇ ਅਮਰਜੀਤ ਸਿੰਘ ਨਿਊ ਯਾਰਕ ਨੂੰ ਸੇਵਾ ਮੁਕਤ ਕਰ ਦਿੱਤਾ ਹੈ। ਸਰਬਜੀਤ ਸਿੰਘ ਪਾਰਟੀ ਦੇ ਬੁਲਾਰੇ ਅਤੇ ਅਮਰਜੀਤ ਸਿੰਘ ਮੀਤ ਪ੍ਰਧਾਨ ਸਨ। ਹੋਰ ਜਾਣਕਾਰੀ ਲਈ ਸੁਰਜੀਤ ਸਿੰਘ ਕੁਲਾਰ ਨਾਲ ਫੋਨ: 1-917-434-2483 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਨਾਭਾ ਜੇਲ੍ਹ 'ਚ ਬੰਦੀ ਸਿੰਘਾਂ ਦੀ ਭੁੱਖ ਹੜਤਾਲ

**ਨਾਭਾ:** ਕੁਝ ਸਿੱਖ ਕੈਦੀਆਂ ਦੀ ਵੱਖ-ਵੱਖ ਜੇਲ੍ਹਾਂ 'ਚ ਕੀਤੀ ਬਦਲੀ ਦੇ ਰੋਸ ਵਜੋਂ ਨਾਭਾ ਜੇਲ੍ਹ ਵਿਚ ਬੰਦੀ ਸਿੰਘਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਜੇਲ੍ਹ ਸੁਪਰਡੈਂਟ ਰੰਜਿਸ਼ ਤਹਿਤ ਉਨ੍ਹਾਂ ਨਾਲ ਮਾੜਾ ਸਲੂਕ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਬੰਦੀ ਸਿੰਘਾਂ ਨਾਲ ਕੁਝ ਮਹੀਨੇ ਪੁਰਾਣੇ ਮਾਮਲੇ ਦਾ ਗੁੱਸਾ ਕੱਢ ਰਿਹਾ ਹੈ। ਬੰਦੀ ਸਿੰਘਾਂ ਦੀ ਮੰਗ ਹੈ ਕਿ ਹੋਰ ਜੇਲ੍ਹਾਂ ਵਿਚ ਭੇਜੇ ਗਏ ਕੈਦੀਆਂ ਨੂੰ ਮੁੜ ਇਸੇ ਜੇਲ੍ਹ ਵਿਚ ਲਿਆਂਦਾ ਜਾਵੇ। ਬੰਦੀ ਸਿੰਘਾਂ ਦੇ ਵਕੀਲ ਕੁਲਵਿੰਦਰ ਕੌਰ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਸੈਂਚੀਆਂ ਨੂੰ ਲੈ ਕੇ ਬੰਦੀ ਸਿੰਘਾਂ ਦਾ ਜੇਲ੍ਹ ਪ੍ਰਸ਼ਾਸਨ ਨਾਲ ਕੁਝ ਵਿਵਾਦ ਹੋ ਗਿਆ ਸੀ, ਜਿਸ ਦਾ ਬਦਲਾ ਲੈਣ ਲਈ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ। ਇਸੇ ਤਹਿਤ ਪ੍ਰਸ਼ਾਸਨ ਨੇ 4 ਹਵਾਲਾਤੀ ਅਤੇ 1 ਕੈਦੀ ਨੂੰ ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ। ਇਸ ਦੇ ਰੋਸ ਵਜੋਂ ਬੈਰਕ ਨੰਬਰ-6 ਦੇ ਸਾਰੇ ਬੰਦੀ ਸਿੰਘਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।


ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784


bsingh1350@me.com

28-


# ਭਾਰਤ-ਚੀਨ ਸਰਹੱਦ ਉਤੇ ਮੋਦੀ ਨੇ 'ਬੜ੍ਹਕ' ਮਾਰੀ

**ਲੇਹ:** ਚੀਨ ਨੂੰ ਸਖਤ ਸੁਨੇਹਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਸਾਰਵਾਦ ਦਾ ਯੁੱਗ ਖਤਮ ਹੋ ਚੁੱਕਾ ਹੈ ਅਤੇ ਦੁਸ਼ਮਣਾਂ ਨੇ ਭਾਰਤੀ ਹਥਿਆਰਬੰਦ ਬਲਾਂ ਦੀ ਬਹਾਦਰੀ ਨੂੰ ਦੇਖ ਲਿਆ ਹੈ। ਉਨ੍ਹਾਂ ਕਿਸੇ ਮੁਲਕ ਦਾ ਨਾਮ ਲਏ ਬਿਨਾਂ ਕਿਹਾ ਕਿ ਹੁਣ ਵਿਕਾਸ ਦਾ ਯੁੱਗ ਹੈ। ਚੀਨ ਨਾਲ ਸਰਹੱਦੀ ਵਿਵਾਦ ਦਰਮਿਆਨ ਸ੍ਰੀ ਮੋਦੀ ਅਚਾਨਕ ਹੀ ਲੱਦਾਖ ਪਹੁੰਚ ਗਏ ਜਿਥੇ ਉਨ੍ਹਾਂ ਭਾਰਤੀ ਫੌਜ ਵੱਲੋਂ ਕੀਤੀ ਗਈਆਂ ਤਿਆਰੀਆਂ ਦਾ ਜਾਇਜ਼ਾ ਲਿਆ।

ਥਲ ਸੈਨਾ, ਹਵਾਈ ਸੈਨਾ ਅਤੇ ਆਈ.ਟੀ.ਬੀ.ਪੀ. ਦੇ ਜਵਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਗਲਵਾਨ ਘਾਟੀ 'ਚ ਝੜਪ ਦੌਰਾਨ ਸ਼ਹੀਦ ਹੋਏ 20 ਫੌਜੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕਿਹਾ ਕਿ ਹਥਿਆਰਬੰਦ ਬਲਾਂ ਵੱਲੋਂ ਦਿਖਾਈ ਬਹਾਦਰੀ ਦੇ ਕਿੱਸੇ ਮੁਲਕ ਦੇ ਹਰੇਕ ਕੋਨੇ 'ਚ ਗੂੰਜ ਰਹੇ ਹਨ। ਉਨ੍ਹਾਂ ਕਿਹਾ ਕਿ ਕਮਜ਼ੋਰ ਕਦੇ ਵੀ ਸ਼ਾਂਤੀ ਦੀ ਪਹਿਲ ਨਹੀਂ ਕਰ ਸਕਦਾ ਹੈ ਅਤੇ ਬਹਾਦਰੀ ਹੀ ਸ਼ਾਂਤੀ ਦੀ ਪਹਿਲੀ ਸ਼ਰਤ ਹੁੰਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਨੀਆਂ ਨੇ ਪਿਛਲੇ ਕੁਝ ਹਫਤਿਆਂ ਦੌਰਾਨ ਜਵਾਨਾਂ ਦੀ ਬਹਾਦਰੀ ਦੀ ਮਿਸਾਲ ਦਾ ਨੋਟਿਸ ਲਿਆ ਹੈ ਅਤੇ ਇਤਿਹਾਸ ਗਵਾਹ ਹੈ ਕਿ ਪਸਾਰਵਾਦੀਆਂ ਦਾ ਜਾਂ ਤਾਂ ਨਾਮੋ-ਨਿਸ਼ਾਨ ਮਿਟ ਗਿਆ ਜਾਂ ਉਨ੍ਹਾਂ ਨੂੰ ਮੁੜਨਾ ਪਿਆ। ਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਤੁਹਾਡਾ ਹੌਸਲਾ ਇਥੋਂ ਦੀਆਂ ਚੋਟੀਆਂ ਨਾਲੋਂ ਵੀ ਬਹੁਤ ਉਚਾ ਹੈ। ਜਦੋਂ ਮੁਲਕ ਦੀ ਸੁਰੱਖਿਆ ਤੁਹਾਡੇ ਹੱਥਾਂ 'ਚ ਹੈ ਤਾਂ ਮੈਨੂੰ ਹੀ ਨਹੀਂ ਪੂਰੇ ਮੁਲਕ ਨੂੰ ਤੁਹਾਡੇ 'ਤੇ ਨਾਜ਼ ਹੈ।" ਉਨ੍ਹਾਂ ਕਿਹਾ ਕਿ ਮੁਲਕ 'ਚ 'ਬੰਸਰੀ ਵਾਲੇ ਭਗਵਾਨ ਕ੍ਰਿਸ਼ਨ' ਦੀ ਪੂਜਾ ਕੀਤੀ ਜਾਂਦੀ ਹੈ ਪਰ ਜਦੋਂ ਸੁਰੱਖਿਆ ਦੀ ਗੱਲ ਆਵੇ ਤਾਂ ਲੋਕ 'ਸੁਦਰਸ਼ਨ ਚੱਕਰ ਧਾਰੀ ਕ੍ਰਿਸ਼ਨ' ਨੂੰ ਆਪਣਾ ਆਦਰਸ਼ ਮੰਨਦੇ ਹਨ। ਉਨ੍ਹਾਂ ਨਾਲ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਅਤੇ ਥਲ ਸੈਨਾ ਦੇ ਮੁਖੀ ਜਨਰਲ ਐਮ ਐਮ ਨਰਵਾਣੇ ਵੀ ਹਾਜ਼ਰ ਸਨ।



## ਮੋਦੀ ਚੀਨੀ ਘੁਸਪੈਠ ਦੀ ਸੱਚਾਈ ਦੱਸਣ: ਸਿੱਬਲ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੇਹ ਦੌਰੇ ਦੌਰਾਨ ਲੱਦਾਖ 'ਚ ਫੌਜੀ ਜਵਾਨਾਂ ਨੂੰ ਸੰਬੋਧਨ 'ਤੇ ਵਿਅੰਗ ਕਰਦਿਆਂ ਕਾਂਗਰਸ ਨੇ ਕਿਹਾ ਕਿ ਇਹ ਉਨ੍ਹਾਂ ਲਈ 'ਰਾਜ ਧਰਮ' ਦੀ ਪਾਲਣਾ ਕਰਨ ਤੇ ਦੇਸ਼ ਦੇ ਲੋਕਾਂ ਨੂੰ ਚੀਨ ਦੀ ਘੁਸਪੈਠ ਬਾਰੇ ਸਚਾਈ ਦੱਸਣ ਦਾ ਸਮਾਂ ਹੈ। ਕਾਂਗਰਸੀ ਆਗੂ ਕਪਿਲ ਸਿੱਬਲ ਨੇ ਵਰਚੁਅਲ ਪ੍ਰੈੱਸ ਮਿਲਣੀ 'ਚ ਲੱਦਾਖ ਦੇ ਪੈਂਗੌਂਗ ਸੋ ਖੇਤਰ 'ਚ ਚੀਨ ਵੱਲੋਂ ਉਸਾਰੇ ਢਾਂਚੇ ਦੀਆਂ ਮਈ ਤੇ ਜੂਨ ਵਿਚਾਲੇ ਸੈਟੇਲਾਈਟ ਰਾਹੀਂ ਲਈਆਂ ਤਸਵੀਰਾਂ ਦਿਖਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਸਚਾਈ ਬਿਆਨ ਕਰਨੀ ਚਾਹੀਦੀ ਹੈ।

# ਬਿਜਲੀ ਸੋਧ ਬਿੱਲ: ਕੇਂਦਰ ਸਰਕਾਰ ਖਿਲਾਫ ਸੂਬਿਆਂ ਦੀ ਤਿੱਖੀ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰੀ ਬਿਜਲੀ ਸੋਧ ਬਿੱਲ ਖਿਲਾਫ ਉਤਰਨ ਦਾ ਫੈਸਲਾ ਕਰ ਲਿਆ ਹੈ। ਇਹੀ ਨਹੀਂ, ਦੇਸ਼ ਦੇ ਅੱਠ ਸੂਬਿਆਂ ਨੇ ਸਿੱਧੇ ਤੌਰ ਉਤੇ ਇਸ ਬਿੱਲ ਖਿਲਾਫ ਨਿੱਤਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਸੂਬਾ ਸਰਕਾਰਾਂ ਨੇ ਕੇਂਦਰੀ ਬਿੱਲ ਨੂੰ ਫੈਡਰਲ ਢਾਂਚੇ ਲਈ ਮਾਰੂ ਦੱਸਿਆ ਹੈ। ਪੰਜਾਬ ਸਰਕਾਰ ਇਸ ਮਾਮਲੇ ਉਤੇ ਦੇਰੀ ਨਾਲ ਜਾਗੀ ਹੈ ਜਦੋਂਕਿ ਬਾਕੀ ਸੂਬਿਆਂ ਨੇ ਪਹਿਲਾਂ ਹੀ ਕੇਂਦਰ ਕੋਲ ਆਪਣੇ ਇਤਰਾਜ਼ ਰੱਖ ਦਿੱਤੇ ਹਨ। ਸੂਬਾ ਸਰਕਾਰਾਂ ਦਾ ਤਰਕ ਹੈ ਕਿ ਕੋਵਿਡ ਕਰਕੇ ਸੂਬਿਆਂ ਦੀ ਆਰਥਿਕਤਾ ਡਾਵਾਂਡੋਲ ਹੋਈ ਪਈ ਹੈ ਅਤੇ ਬਿਜਲੀ ਸੋਧ ਬਿੱਲ ਸੂਬਿਆਂ ਖਿਲਾਫ ਭੁਗਤਦਾ ਹੈ।

ਸੂਬਾ ਸਰਕਾਰ ਨੇ ਤੈਅ ਕੀਤਾ ਹੈ ਕਿ ਖੇਤੀ ਮੋਟਰਾਂ ਦੀ ਸਬਸਿਡੀ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਇਸ ਤੋਂ ਕੇਂਦਰੀ ਊਰਜਾ ਮੰਤਰੀ ਨੂੰ ਜਾਣੂ ਕਰਾਇਆ ਜਾਵੇਗਾ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਬਿੱਲ ਪਾਸ ਹੋਣ ਦੀ ਸੂਰਤ 'ਚ ਸੂਬਿਆਂ ਕੋਲੋਂ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਚੋਣ ਦਾ ਅਧਿਕਾਰ ਖੁੱਸ ਜਾਣਾ ਹੈ ਅਤੇ ਕਰਾਸ ਸਬਸਿਡੀ ਵੀ ਖਤਮ ਹੋਵੇਗੀ। ਸੂਤਰ ਆਖਦੇ ਹਨ ਕਿ ਸਿਆਸੀ ਤੌਰ 'ਤੇ ਖੇਤੀ ਮੋਟਰਾਂ ਉਪਰ ਬਿੱਲ



ਲਾਉਣੇ ਹਾਕਮ ਧਿਰ ਨੂੰ ਵਾਰਾ ਨਹੀਂ ਖਾਂਦਾ ਹੈ। ਕੇਂਦਰ ਸਰਕਾਰ ਵੱਲੋਂ ਅਗਲੇ ਸੰਸਦੀ ਇਜਲਾਸ ਵਿਚ ਇਹ ਬਿਜਲੀ ਸੋਧ ਬਿੱਲ ਪੇਸ਼ ਕੀਤਾ ਜਾਣਾ ਹੈ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਬਿਜਲੀ ਸੋਧ ਬਿੱਲ ਦਾ ਪੂਰਾ ਖਾਕਾ ਤਿਆਰ ਕਰ ਲਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਆਖ ਚੁੱਕੇ ਹਨ ਕਿ ਕੇਂਦਰ ਸੂਬਿਆਂ ਦੇ ਅਧਿਕਾਰਾਂ ਨੂੰ ਸੰਨ੍ਹ ਲਾ ਰਿਹਾ ਹੈ ਅਤੇ ਉਹ ਦੂਸਰੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਇਸ ਬਾਰੇ ਤਾਲਮੇਲ ਕਰਨਗੇ। ਵੇਰਵਿਆਂ ਅਨੁਸਾਰ ਕੇਰਲਾ ਦੇ ਮੁੱਖ ਮੰਤਰੀ ਨੇ ਕੇਂਦਰੀ ਊਰਜਾ ਮੰਤਰੀ ਨੂੰ 18 ਮਈ ਨੂੰ ਪੱਤਰ ਲਿਖ ਕੇ ਸਾਫ ਆਖ ਦਿੱਤਾ ਹੈ ਕਿ ਇਹ ਕੇਂਦਰੀ ਬਿੱਲ ਖਪਤਕਾਰਾਂ ਉਤੇ ਭਾਰੀ ਪਵੇਗਾ ਅਤੇ ਇਸ ਨਾਲ ਟੈਰਿਫ ਵਧੇਗਾ। ਸਬਸਿਡੀ ਅਤੇ ਕਰਾਸ ਸਬਸਿਡੀ ਨੂੰ ਢਾਹ ਲੱਗੇਗੀ, ਜਿਸ ਕਰਕੇ ਪਹਿਲਾਂ ਇਸ ਬਾਰੇ ਸੂਬਾ ਸਰਕਾਰਾਂ ਨਾਲ ਚਰਚਾ ਕੀਤੀ ਜਾਵੇ। ਤੇਲੰਗਾਨਾ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ 2 ਜੂਨ ਨੂੰ ਪੱਤਰ ਭੇਜ ਕੇ ਕੇਂਦਰੀ ਬਿੱਲ ਨੂੰ ਸੂਬਿਆਂ ਦੇ ਅਧਿਕਾਰਾਂ ਵਿਚ ਦਖਲ ਦੱਸਿਆ ਹੈ ਅਤੇ ਟੈਰਿਫ ਵਿਚ ਵਾਧਾ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਹੈ। ਛੱਤੀਸਗੜ੍ਹ ਸਰਕਾਰ ਨੇ ਕੇਂਦਰੀ ਊਰਜਾ ਮੰਤਰੀ ਨੂੰ 5 ਜੂਨ ਨੂੰ ਪੱਤਰ ਲਿਖ ਕੇ ਸਿੱਧੀ ਸਬਸਿਡੀ ਅਤੇ ਕੇਂਦਰੀ ਕੰਟਰੈਕਟ ਐਨਫੋਰਸਮੈਂਟ ਅਥਾਰਿਟੀ ਦੇ ਗਠਨ ਉਤੇ ਉਂਗਲ ਚੁੱਕੀ ਹੈ ਅਤੇ ਇਸ ਨੂੰ ਸੰਘੀ ਢਾਂਚੇ ਦੀ ਭਾਵਨਾ ਦੇ ਉਲਟ ਦੱਸਿਆ ਹੈ। ਇਸੇ ਤਰ੍ਹਾਂ ਹੀ ਪੁਡੂਚੇਰੀ ਨੇ ਪ੍ਰਧਾਨ ਮੰਤਰੀ ਨੂੰ 10 ਮਈ ਨੂੰ ਪੱਤਰ ਭੇਜ ਕੇ ਨਵੀਂ ਕੇਂਦਰੀ ਅਥਾਰਿਟੀ ਦੇ ਗਠਨ ਨੂੰ ਸੰਘੀ ਢਾਂਚੇ ਨੂੰ ਸੱਟ ਮਾਰਨ ਦਾ ਯਤਨ ਕਿਹਾ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ 9 ਮਈ ਨੂੰ ਪੱਤਰ ਲਿਖਿਆ, ਜਿਸ 'ਚ ਬਿਜਲੀ ਸੋਧ ਬਿੱਲ ਨੂੰ ਰਾਜਾਂ ਦੇ ਅਧਿਕਾਰ ਵਿਚ ਦਾਖਲ ਦੱਸਿਆ ਹੈ।

ਮਹਾਰਾਸ਼ਟਰ ਦੇ ਊਰਜਾ ਮੰਤਰੀ ਨੇ ਕੇਂਦਰੀ ਊਰਜਾ ਮੰਤਰੀ ਨੂੰ ਪੱਤਰ ਲਿਖਿਆ ਅਤੇ ਟੈਰਿਫ ਵਿਚ ਵਾਧਾ ਹੋਣ ਦਾ ਖਦਸ਼ਾ ਜ਼ਾਹਿਰ ਕਰਦਿਆਂ ਬਿੱਲ ਨੂੰ ਫੈਡਰਲ ਢਾਂਚੇ ਲਈ ਨੁਕਸਾਨਦੇਹ ਦੱਸਿਆ। ਬਿਹਾਰ ਦੇ ਊਰਜਾ ਮੰਤਰੀ ਨੇ 13 ਜੂਨ ਨੂੰ ਕੇਂਦਰੀ ਮੰਤਰੀ ਨੂੰ ਪੱਤਰ ਭੇਜ ਕੇ ਸਿੱਧੀ ਸਬਸਿਡੀ ਅਤੇ ਬਿਜਲੀ ਰੈਗੂਲੇਟਰੀ ਕਮਿਸ਼ਨ ਲਾਏ ਜਾਣ ਦੇ ਅਧਿਕਾਰ ਖੋਹਣ 'ਤੇ ਇਤਰਾਜ਼ ਪ੍ਰਗਟ ਕੀਤਾ ਹੈ।

## ਭਾਜਪਾ ਨੇ ਖੇਤੀ ਆਰਡੀਨੈਂਸਾਂ ਦੇ ਹੱਕ ਵਿਚ ਮੁਹਿੰਮ ਵਿੱਢੀ

**ਅੰਮ੍ਰਿਤਸਰ:** ਕੇਂਦਰ ਦੇ ਤਿੰਨ ਆਰਡੀਨੈਂਸਾਂ ਦੇ ਵਿਰੋਧ ਦੌਰਾਨ ਭਾਜਪਾ ਨੇ ਇਨ੍ਹਾਂ ਆਰਡੀਨੈਂਸਾਂ ਦੇ ਹੱਕ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਵਿੱਢੀ ਹੈ ਜਿਸ ਤਹਿਤ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਆਖਿਆ ਕਿ ਇਨ੍ਹਾਂ ਆਰਡੀਨੈਂਸਾਂ ਖਿਲਾਫ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਜਦਕਿ ਮੋਦੀ ਸਰਕਾਰ ਕਿਸਾਨ ਹਿਤੈਸ਼ੀ ਹੈ। ਸ੍ਰੀ ਕਾਲੀਆ ਨੇ ਦਾਅਵਾ ਕੀਤਾ ਕਿ ਇਨ੍ਹਾਂ ਆਰਡੀਨੈਂਸਾਂ ਨਾਲ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਸਗੋਂ ਉਨ੍ਹਾਂ ਨੂੰ ਉਪਜ ਦਾ ਸਹੀ ਮੁੱਲ ਮਿਲੇਗਾ ਜਿਸ ਨਾਲ ਉਨ੍ਹਾਂ ਦੀ ਆਮਦਨੀ ਵਧੇਗੀ।

# ਖੇਤੀ ਆਰਡੀਨੈਂਸ: ਕੈਪਟਨ ਵਲੋਂ ਮੋਦੀ ਸਰਕਾਰ ਖਿਲਾਫ ਡਟਣ ਦਾ ਅਹਿਦ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਅਕਾਲੀਆਂ ਨੇ ਸੂਬੇ ਦੀ ਕਿਸਾਨੀ ਨੂੰ ਤਬਾਹ ਕਰ ਦੇਣ ਵਾਲੇ ਕਿਸਾਨ ਵਿਰੋਧੀ ਆਰਡੀਨੈਂਸਾਂ ਪ੍ਰਤੀ ਹਾਮੀ ਭਰ ਕੇ ਪੰਜਾਬ ਦੇ ਹਿੱਤ ਵੇਚ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਵਿਰੋਧੀ ਆਰਡੀਨੈਂਸਾਂ ਵਿਰੁੱਧ ਉਹ ਕੇਂਦਰ ਸਰਕਾਰ ਨਾਲ ਲੜਾਈ ਲੜਨਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਸਰਬ ਪਾਰਟੀ ਵਫਦ ਦੇ ਮਿਲਣ ਲਈ ਸਮਾਂ ਵੀ ਮੰਗਿਆ ਜਾਵੇਗਾ।

ਆਪਣੇ ਹਫਤਾਵਾਰੀ 'ਕੈਪਟਨ ਨੂੰ ਸਵਾਲ' ਫੇਸਬੁੱਕ ਲਾਈਵ ਸੈਸ਼ਨ ਦੌਰਾਨ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਸ਼ਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਖਬਰਦਾਰ ਕੀਤਾ ਕਿ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਜਾਂ ਭਾਰਤੀ ਜਨਤਾ ਪਾਰਟੀ ਵਾਲੇ ਭਾਵੇਂ ਕੁਝ ਵੀ ਕਹੀ ਜਾਣ, ਜੇ ਇਕ ਵਾਰ ਆਰਡੀਨੈਂਸ ਪਾਸ ਹੋ ਗਏ ਤਾਂ ਕੇਂਦਰ ਸਰਕਾਰ ਵਲੋਂ ਆਪਣੇ ਅਗਲੇ ਕਦਮ ਤਹਿਤ ਘੱਟੋ-ਘੱਟ ਸਮਰਥਨ ਮੁੱਲ ਨੂੰ ਖਤਮ ਕਰਨ ਦੇ ਨਾਲ-ਨਾਲ ਐਫ.ਸੀ.ਆਈ. ਨੂੰ ਵੀ ਤੋੜ ਦਿੱਤਾ ਜਾਵੇਗਾ।

ਉਨ੍ਹਾਂ ਦਾਅਵਾ ਕੀਤਾ ਕਿ ਜੇ ਇਹ ਆਰਡੀਨੈਂਸ ਕਾਨੂੰਨੀ ਰੂਪ ਵਿਚ ਲਾਗੂ ਹੋ ਗਏ ਤਾਂ ਖਰੀਦ ਪ੍ਰਕਿਰਿਆ ਖਤਮ ਹੋ ਜਾਵੇਗੀ ਅਤੇ ਸਰਕਾਰੀ ਮੰਡੀਆਂ ਦਾ ਵੀ ਅੰਤ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੂੰ ਸਿਰਫ



ਆਪਣੇ ਸਿਆਸੀ ਮੁਫਾਦ ਪਾਲਣ ਵਿਚ ਦਿਲਚਸਪੀ ਹੈ। ਉਨ੍ਹਾਂ ਕਿਹਾ ਕਿ ਆਰਡੀਨੈਂਸਾਂ ਦੇ ਪੰਜਾਬ ਤੇ ਕਿਸਾਨ ਵਿਰੋਧੀ ਹੋਣ ਉਤੇ ਭਾਜਪਾ ਅਤੇ ਅਕਾਲੀਆਂ ਨੂੰ ਛੱਡ ਸਾਰੀਆਂ ਸਿਆਸੀ ਪਾਰਟੀਆਂ ਸਹਿਮਤੀ ਪ੍ਰਗਟਾ ਚੁੱਕੀਆਂ ਹਨ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਹਾਲ ਹੀ ਵਿਚ ਮਿਲੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਵੀ ਇਨ੍ਹਾਂ ਆਰਡੀਨੈਂਸਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਸੀ। ਕੈਪਟਨ ਨੇ ਦੋਸ਼ ਲਾਇਆ ਕਿ ਅਕਾਲੀਆਂ ਨੇ ਪਹਿਲਾਂ ਵੀ ਪੰਜਾਬੀ ਸੂਬਾ ਲਹਿਰ ਰਾਹੀਂ ਸੂਬੇ ਨੂੰ ਬਰਬਾਦ ਕਰ ਦਿੱਤਾ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਆਰਡੀਨੈਂਸ ਵਿਰੁੱਧ ਲੜਾਈ ਵਿਚ ਸਾਥ ਦੇਣ ਅਤੇ ਅਕਾਲੀ-ਭਾਜਪਾ ਦੇ ਹੱਥੋਂ ਗੁਮਰਾਹ ਨਾ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਆਰਡੀਨੈਂਸਾਂ ਦਾ ਸਿੱਧਾ ਅਸਰ ਪੰਜਾਬ ਅਤੇ ਪੰਜਾਬ ਦੀ ਕਿਸਾਨੀ ਉਤੇ ਪੈਣਾ ਹੈ। ਪੰਜਾਬ ਵਿਚ ਕਿਸਾਨੀ ਕਿਉਂਕਿ ਸੂਬੇ ਦੀ ਆਰਥਕਤਾ ਦਾ ਧੁਰਾ ਹੈ, ਇਸ ਲਈ ਸਮੁੱਚੇ ਪੰਜਾਬੀਆਂ ਦਾ ਜੀਵਨ ਇਨ੍ਹਾਂ ਆਰਡੀਨੈਂਸਾਂ ਨਾਲ ਪ੍ਰਭਾਵਿਤ ਹੋਵੇਗਾ। ਇਸੇ ਕਰ ਕੇ ਇਨ੍ਹਾਂ ਆਰਡੀਨੈਂਸਾਂ ਦਾ ਵੱਡੇ ਪੱਧਰ ਉਤੇ ਵਿਰੋਧ ਬਹੁਤ ਜ਼ਰੂਰੀ ਹੈ ਤਾਂ ਕਿ ਮੋਦੀ ਸਰਕਾਰ ਨੂੰ ਇਸ ਪਾਸਿਓਂ ਡੱਕਿਆ ਜਾ ਸਕੇ।

## ਘੱਟੋ-ਘੱਟ ਸਮਰਥਨ ਮੁੱਲ ਜਾਰੀ ਰਹੇਗਾ: ਸੁਖਬੀਰ

**ਜਲਾਲਾਬਾਦ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ (ਆਪ) ਉਤੇ ਪੰਜਾਬ ਦੀ ਕਾਂਗਰਸ ਸਰਕਾਰ ਨਾਲ ਮਿਲੇ ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਕਿਸੇ ਲੁਕਵੇਂ ਮੰਤਵ ਨੂੰ ਲੈ ਕੇ ਮੁੱਖ ਮੰਤਰੀ ਨਾਲ ਰਲ ਗਈਆਂ ਜਾਪਦੀਆਂ ਹਨ। ਅਕਾਲੀ ਦਲ ਪ੍ਰਧਾਨ ਨੇ ਸਪਸ਼ਟ ਕੀਤਾ ਕਿ ਜਿੰਨਾ ਚਿਰ ਤੱਕ ਉਨ੍ਹਾਂ ਦੀ ਪਾਰਟੀ ਹੈ, ਘੱਟੋ-ਘੱਟ ਸਮਰਥਨ ਮੁੱਲ ਅਤੇ ਯਕੀਨੀ ਮੰਡੀਕਰਨ ਜਾਰੀ ਰਹੇਗਾ। ਸ. ਬਾਦਲ ਨੇ ਕਿਹਾ ਇਸ ਮਸਲੇ 'ਤੇ ਕਿ ਕਾਂਗਰਸ, 'ਆਪ' ਅਤੇ ਕਿਸਾਨ ਜਥੇਬੰਦੀਆਂ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ। ਇਸ ਲਈ ਇਨ੍ਹਾਂ ਪਾਰਟੀਆਂ ਦੀ ਸਿਆਸਤ ਤੋਂ ਹੁਣ ਬਚਣਾ ਪਵੇਗਾ।

# ਕਰੋਨਾ: ਪੰਜਾਬ ਆਉਣ ਵਾਲਿਆਂ ਲਈ ਸੇਧਾਂ ਜਾਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੋਵਿਡ-19 ਦੇ ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਸੂਬੇ ਵਿਚ ਦਾਖਲ ਹੋਣ ਵਾਲੇ ਸਾਰੇ ਵਿਅਕਤੀਆਂ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਐਡਵਾਈਜ਼ਰੀ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਚਾਹੇ ਉਹ ਵੱਡਾ ਜਾਂ ਨਾਬਾਲਗ ਹੋਵੇ ਤੇ ਆਵਾਜਾਈ ਦੇ ਕਿਸੇ ਵੀ ਢੰਗ ਭਾਵ-ਸੜਕ, ਰੇਲ ਜਾਂ ਹਵਾਈ ਯਾਤਰਾ ਜ਼ਰੀਏ ਪੰਜਾਬ ਆ ਰਿਹਾ ਹੈ, ਦੀ ਪੰਜਾਬ ਵਿਚ ਦਾਖਲ ਹੋਣ ਸਮੇਂ ਡਾਕਟਰੀ ਜਾਂਚ ਕੀਤੀ ਜਾਏਗੀ। ਅਜਿਹੇ ਵਿਅਕਤੀ ਨੂੰ ਪੰਜਾਬ ਲਈ ਆਪਣੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਖੁਦ ਨੂੰ ਈ-ਰਜਿਸਟਰ ਕਰਨਾ ਹੋਵੇਗਾ।


ਜੇਕਰ ਵਿਅਕਤੀ ਸੜਕੀ ਯਾਤਰਾ ਰਾਹੀਂ ਆਪਣੇ ਨਿੱਜੀ ਵਾਹਨ 'ਤੇ ਆ ਰਿਹਾ ਹੈ ਤਾਂ ਉਸ ਨੂੰ ਆਪਣੇ ਮੋਬਾਈਲ ਫੋਨ ਉਤੇ 'ਕੋਵਾ' ਐਪ ਡਾਊਨਲੋਡ ਕਰਨੀ ਹੋਵੇਗੀ ਅਤੇ ਆਪਣੇ ਸਮੇਤ ਯਾਤਰਾ ਦੌਰਾਨ ਉਸ ਨਾਲ ਮੌਜੂਦ ਪਰਿਵਾਰ ਦੇ ਹਰੇਕ ਮੈਂਬਰ ਨੂੰ ਰਜਿਸਟਰ ਕਰਨਾ ਹੋਵੇਗਾ ਅਤੇ ਈ-ਰਜਿਸਟ੍ਰੇਸ਼ਨ ਸਲਿਪ ਡਾਊਨਲੋਡ ਕਰਕੇ ਆਪਣੇ ਵਾਹਨ ਦੇ ਅੱਗੇ ਵਾਲੇ ਸ਼ੀਸ਼ੇ ਉਤੇ ਲਗਾਉਣੀ ਹੋਵੇਗੀ। ਜੇ ਵਿਅਕਤੀ ਜਨਤਕ ਆਵਾਜਾਈ ਜਾਂ ਰੇਲ/ਹਵਾਈ ਯਾਤਰਾ ਰਾਹੀਂ ਆ ਰਿਹਾ ਹੈ ਤਾਂ ਉਸ ਨੂੰ ਮੋਬਾਈਲ 'ਤੇ ਇਹ ਸਲਿੱਪ ਆਪਣੇ ਕੋਲ ਰੱਖਣੀ ਹੋਵੇਗੀ। ਪੰਜਾਬ ਆਉਣ ਵਾਲੇ ਸਾਰੇ ਵਿਅਕਤੀਆਂ ਨੂੰ ਸੂਬੇ ਵਿਚ ਦਾਖਲ ਹੋਣ ਤੋਂ ਬਾਅਦ 14 ਦਿਨਾਂ ਦੇ ਸਵੈ-ਇਕਾਂਤਵਾਸ ਵਿਚ ਰਹਿਣਾ ਹੋਵੇਗਾ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਆਪਣੀ ਸਿਹਤ ਦੀ ਸਥਿਤੀ ਬਾਰੇ ਕੋਵਾ ਐਪ ਉਤੇ ਰੋਜ਼ਾਨਾ ਅਪਡੇਟ ਕਰਨਾ ਹੋਵੇਗਾ ਜਾਂ 112 'ਤੇ ਰੋਜ਼ਾਨਾ ਕਾਲ ਕਰਨੀ ਹੋਵੇਗੀ। ਜੇ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਵਿਚ ਕੋਵਿਡ -19 ਲੱਛਣ ਪੈਦਾ ਹੋ ਰਹੇ ਹਨ ਤਾਂ ਉਨ੍ਹਾਂ ਨੂੰ ਤੁਰਤ 104 ਉਤੇ ਕਾਲ ਕਰਨੀ ਹੋਵੇਗੀ। ਅੰਤਰਰਾਸ਼ਟਰੀ ਯਾਤਰੀਆਂ ਨੂੰ ਪਹਿਲੇ 7 ਦਿਨ ਸੰਸਥਾਗਤ ਇਕਾਂਤਵਾਸ ਅਤੇ ਅਗਲੇ 7 ਦਿਨ ਘਰੇਲੂ ਇਕਾਂਤਵਾਸ ਵਿਚ ਰਹਿਣਾ ਹੋਵੇਗਾ। ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਾ ਕੋਈ ਵੀ ਵਿਅਕਤੀ ਕਾਨੂੰਨੀ ਕਾਰਵਾਈ ਦੇ ਘੇਰੇ ਵਿਚ ਆ ਜਾਵੇਗਾ।

# ਅੰਮ੍ਰਿਤਸਰ ਰੇਲ ਹਾਦਸਾ: ਨਿਗਮ ਵਾਲਿਆਂ ਨੂੰ ਬਲੀ ਦਾ ਬੱਕਰਾ ਬਣਾਉਣ 'ਤੇ ਸਵਾਲ

**ਅੰਮ੍ਰਿਤਸਰ:** ਅੰਮ੍ਰਿਤਸਰ ਰੇਲ ਹਾਦਸੇ ਲਈ ਸਿਰਫ ਨਿਗਮ ਦੇ ਪੰਜ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਬਣਾਉਣ ਉਤੇ ਸਵਾਲ ਉਠਣ ਲੱਗੇ ਹਨ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਗਰ ਨਿਗਮ ਦੇ ਚਾਰ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਵਾਲੀ ਜਾਂਚ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਰੱਦ ਕਰ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਸਿੱਧੂ ਜੋੜੇ ਅਤੇ ਦਸਹਿਰਾ ਸਮਾਗਮ ਦੇ ਪ੍ਰਬੰਧਕ ਮਿੱਠੂ ਮਦਾਨ ਖਿਲਾਫ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ। ਅਕਾਲੀ ਆਗੂ ਅਤੇ ਸਾਬਕਾ ਪਾਰਲੀਮਾਨੀ ਸਕੱਤਰ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਪ੍ਰਿਅੰਕਾ ਗਾਂਧੀ ਦੀ ਦਖਲਅੰਦਾਜ਼ੀ ਨਾਲ ਸਿੱਧੂ ਜੋੜੇ ਨੂੰ ਕਲੀਨ ਚਿੱਟ ਦਿੱਤੀ ਗਈ ਹੈ।

ਆਮ ਆਦਮੀ ਪਾਰਟੀ (ਆਪ) ਨੇ ਦਸਹਿਰਾ ਰੇਲ ਹਾਦਸੇ 'ਚ ਨਗਰ ਨਿਗਮ ਦੇ 4 ਅਧਿਕਾਰੀਆਂ ਨੂੰ ਦੋਸ਼ੀ ਠਹਿਰਾਉਣ ਦੀ ਕਾਰਵਾਈ ਨੂੰ ਮਹਿਜ਼ ਖਾਨਾਪੂਰਤੀ ਕਰਾਰ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਸੂਬਾ ਕੋਰ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਤਕਰੀਬਨ 2 ਸਾਲ ਬਾਅਦ ਆਈ ਜਾਂਚ ਰਿਪੋਰਟ ਪੀੜਤਾਂ ਨਾਲ ਬੇਇਨਸਾਫੀ ਤੇ ਜਨਤਾ ਦੀਆਂ ਅੱਖਾਂ 'ਚ ਘੱਟਾ ਪਾਉਣ ਤੋਂ ਵੱਧ ਕੁਝ ਵੀ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਅਸੰਵੇਦਨਸ਼ੀਲਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਚਾਰਜਸ਼ੀਟ ਕਰਕੇ ਇਸ ਘਟਨਾ ਲਈ ਜ਼ਿੰਮੇਵਾਰ ਸਿਆਸੀ ਲੋਕਾਂ ਨੂੰ ਬਚਾਅ ਲਿਆ।

ਦੱਸ ਦਈਏ ਕਿ 19 ਅਕਤੂਬਰ, 2018 ਦੁਸਹਿਰੇ ਦੇ ਮੌਕੇ ਅੰਮ੍ਰਿਤਸਰ 'ਚ ਵਾਪਰੇ ਰੇਲ ਹਾਦਸੇ ਦੇ ਮਾਮਲੇ ਦੀ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਸਰਕਾਰ ਵੱਲੋਂ ਸੇਵਾ ਮੁਕਤ ਸੈਸ਼ਨ ਜੱਜ ਅਮਰਜੀਤ ਸਿੰਘ ਕਟਾਰੀਆ ਕੋਲੋਂ ਕਰਵਾਈ ਵਿਭਾਗੀ ਪੜਤਾਲ ਵਿਚ ਨਗਰ ਨਿਗਮ ਦੇ ਪੰਜ ਅਧਿਕਾਰੀਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਪਾਏ ਜਾਣ ਅਤੇ ਇਨ੍ਹਾਂ ਨੂੰ ਵੱਡੀ ਸਜ਼ਾ ਦੇਣ ਦੀ ਕੀਤੀ



ਗਈ ਸਿਫਾਰਸ਼ ਤੋਂ ਬਾਅਦ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਇਨ੍ਹਾਂ ਪੰਜ ਨਿਗਮ ਅਧਿਕਾਰੀਆਂ ਨੂੰ ਆਪਣਾ ਲਿਖਤੀ ਪੱਖ 15 ਦਿਨਾਂ ਅੰਦਰ ਭੇਜਣ ਅਤੇ 26 ਅਗਸਤ 2020 ਨੂੰ ਨਿੱਜੀ ਤੌਰ 'ਤੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ 19 ਅਕਤੂਬਰ 2018 ਨੂੰ ਸਥਾਨਕ ਜੌੜਾ ਫਾਟਕ ਰੇਲਵੇ ਲਾਈਨਾਂ ਦੇ ਨੇੜੇ ਦੁਸਹਿਰੇ ਦੇ ਮੌਕੇ ਉਤੇ ਰਾਵਣ ਦਾ ਪੁਤਲਾ ਸਾੜਨ ਲਈ ਜਿਉਂ ਹੀ ਪੁਤਲਿਆਂ ਨੂੰ ਅੱਗ ਲਗਾਈ ਗਈ ਉਸੇ ਦੌਰਾਨ ਜਲੰਧਰ ਤੋਂ ਅੰਮ੍ਰਿਤਸਰ ਨੂੰ ਆ ਰਿਹਾ ਡੀ.ਐਮ.ਯੂ. ਰੇਲਵੇ ਲਾਈਨ ਤੇ ਖੜ੍ਹੇ ਹੋ ਕੇ ਦੁਸਹਿਰਾ ਸਮਾਗਮ ਦੇਖ ਰਹੇ ਲੋਕਾਂ ਦੇ ਉੱਪਰ ਚੜ੍ਹ ਗਿਆ। ਜਿਸ ਵਿਚ 60 ਦੇ ਕਰੀਬ ਲੋਕ ਮੌਤ ਦੇ ਮੂੰਹ ਵਿਚ ਚਲੇ ਗਏ। ਇਸ ਘਟਨਾ ਤੋਂ ਬਾਅਦ ਉਸੇ ਦਿਨ ਹੀ ਜੀ.ਆਰ. ਪੀ. ਥਾਣੇ ਵਿਚ ਪਰਚਾ ਦਰਜ ਹੋ ਗਿਆ ਅਤੇ ਅਗਲੇ ਦਿਨ ਪੰਜਾਬ ਸਰਕਾਰ ਵਲੋਂ ਇਸ ਮਾਮਲੇ ਦੀ ਪੜਤਾਲ ਦੀ ਜ਼ਿੰਮੇਵਾਰੀ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਸ੍ਰੀ ਬੀ. ਪੁਰਸ਼ਾਰਥਾ ਨੂੰ ਸੌਂਪ ਦਿੱਤੀ। ਸ੍ਰੀ ਪੁਰਸ਼ਾਰਥਾ ਵਲੋਂ ਇਕ ਮਹੀਨੇ ਬਾਅਦ 21 ਨਵੰਬਰ 2018 ਨੂੰ ਪੇਸ਼ ਕੀਤੀ ਰਿਪੋਰਟ ਵਿਚ ਨਗਰ ਨਿਗਮ ਦੇ ਕੁਝ ਅਧਿਕਾਰੀਆਂ, ਮੁਲਾਜ਼ਮਾਂ ਤੋਂ ਇਲਾਵਾ ਪੁਲਿਸ, ਰੇਲਵੇ ਦੇ ਅਧਿਕਾਰੀਆਂ ਅਤੇ ਦੁਸਹਿਰਾ ਸਮਾਗਮ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਉਪਰੰਤ ਇਹ ਮਾਮਲਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਸੇਵਾ ਮੁਕਤ ਜੱਜ ਅਜੀਤ ਸਿੰਘ ਬੈਂਸ ਵਲੋਂ ਵਲੋਂ ਮੁੜ ਚੁੱਕਿਆ ਗਿਆ, ਜਿਸ ਤੋਂ ਬਾਅਦ ਇਸ ਮਾਮਲੇ 'ਚ ਜਿਨ੍ਹਾਂ ਪੁਲਿਸ ਮੁਲਾਜ਼ਮਾਂ ਦੇ ਨਾਂ ਸਾਹਮਣੇ ਆਏ, ਪੁਲਿਸ ਵਿਭਾਗ ਵੱਲੋਂ ਉਨ੍ਹਾਂ ਦੀ ਤਰੱਕੀ 'ਤੇ ਰੋਕ ਲਗਾ ਦਿੱਤੀ ਗਈ। ਜਦ ਨਗਰ ਨਿਗਮ ਦੇ ਪੰਜ ਅਧਿਕਾਰੀਆਂ ਜਿਨ੍ਹਾਂ ਵਿਚ ਨਗਰ ਨਿਗਮ ਦੇ ਅਸਟੇਟ ਅਫਸਰ ਸੁਸ਼ਾਂਤ ਭਾਟੀਆ, ਇਸ਼ਤਿਹਾਰ ਵਿਭਾਗ ਦੇ ਸੁਪਰਡੈਂਟ ਪੁਸ਼ਪਿੰਦਰ ਸਿੰਘ, ਡੀ ਐਫ.ਓ ਕਸ਼ਮੀਰ ਸਿੰਘ, ਕੇਵਲ ਕੁਮਾਰ ਅਤੇ ਗਿਰੀਸ਼ ਕੁਮਾਰ ਨੂੰ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਚਾਰਜਸ਼ੀਟ ਕਰ ਕਰ ਦਿੱਤਾ ਅਤੇ ਇਸ ਮਾਮਲੇ ਦੀ ਵਿਭਾਗੀ ਪੜਤਾਲ ਸੇਵਾ ਮੁਕਤ ਸੈਸ਼ਨ ਜੱਜ ਅਮਰਜੀਤ ਸਿੰਘ ਕਟਾਰੀਆਂ ਨੂੰ ਦਿੱਤੀ ਗਈ। ਸ: ਕਟਾਰੀਆਂ ਵਲੋਂ ਆਪਣੀ ਪੜਤਾਲ ਵਿਚ ਨਿਗਮ ਦੇ ਉਪਰੋਕਤ ਪੰਜ ਅਧਿਕਾਰੀਆਂ ਨੂੰ ਦੋਸ਼ੀ ਸਿੱਧ ਕਰਦੇ ਹੋਏ ਵਿਭਾਗ ਨੂੰ ਦੋਸ਼ੀਆਂ ਖਿਲਾਫ ਵੱਡੀ ਸਜ਼ਾ ਦੇਣ ਦੀ ਸਿਫਾਰਸ਼ ਕੀਤੀ ਹੈ।

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 'ਰੈਫਰੈਂਡਮ-2020' ਖਿਲਾਫ ਸਰਕਾਰੀ ਸਖਤੀ ਵਧੀ

**ਚੰਡੀਗੜ੍ਹ:** ਭਾਰਤ ਸਰਕਾਰ ਨੇ 'ਰੈਫਰੈਂਡਮ-2020' ਨੂੰ ਨਾਕਾਮ ਕਰਨ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ। ਖਾਲਿਸਤਾਨ ਪੱਖੀ ਸੰਸਥਾ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) 'ਰੈਫਰੈਂਡਮ-2020' ਨੂੰ ਸਿਰੇ ਚਾੜ੍ਹਨ ਲਈ ਕੀਤੀ ਜਾ ਰਹੀ ਹਰ ਕੋਸ਼ਿਸ਼ ਨੂੰ ਪੂਰੋਂ ਕੱਢਣ ਲਈ ਭਾਰਤ ਸਰਕਾਰ ਹਰ ਹੀਲਾ ਵਰਤ ਰਹੀ ਹੈ।

ਉਧਰ ਹਰ ਕੋਸ਼ਿਸ਼ ਨਾਕਾਮ ਰਹਿਣ ਤੋਂ ਬਾਅਦ ਐਸ.ਐਫ.ਜੇ. ਨੇ ਰੂਸੀ ਪੋਰਟਲ ਜ਼ਰੀਏ ਰਾਏਸ਼ੁਮਾਰੀ ਦੀ ਮੁਹਿੰਮ ਵਿੱਢ ਦਿੱਤੀ ਹੈ ਪਰ ਭਾਰਤ ਸਰਕਾਰ ਨੇ ਇਸ ਪੋਰਟਲ ਨੂੰ ਵੀ ਬਲੌਕ ਕਰ ਦਿੱਤਾ ਹੈ। ਸਰਕਾਰ ਦੀ ਸਖਤੀ ਕਰਕੇ ਭਾਰਤ ਵਿਚੋਂ ਕੋਈ ਵੀ ਇਸ ਮੁਹਿੰਮ ਵਿਚ ਹਿੱਸਾ ਨਹੀਂ ਲੈ ਸਕੇਗਾ। ਕੇਂਦਰ ਸਰਕਾਰ ਦੀਆਂ ਏਜੰਸੀਆਂ ਪਿਛਲੇ ਕਈ ਦਿਨਾਂ ਤੋਂ ਪੂਰੀਆਂ ਤਰ੍ਹਾਂ ਚੌਕਸ ਸਨ। ਪਹਿਲਾਂ 'ਰੈਫਰੈਂਡਮ-2020' ਦੇ ਪ੍ਰਬੰਧਕਾਂ ਤੇ ਹਮਾਇਤੀਆਂ ਨੂੰ ਅਤਿਵਾਦੀਆਂ ਦੀ ਸੂਚੀ ਵਿਚ ਪਾ ਕੇ ਮੁਕੱਦਮੇ ਦਰਜ ਕੀਤੇ ਗਏ। ਇਸ ਮਗਰੋਂ ਭਾਰਤ ਸਰਕਾਰ ਨੇ ਲਗਭਗ 40 ਵੈੱਬਸਾਈਟਾਂ ਨੂੰ ਬਲੌਕ ਕਰ ਦਿੱਤਾ। ਇਹ ਵੈੱਬਸਾਈਟਾਂ ਖਾਲਿਸਤਾਨ ਪੱਖੀ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਚਲਾਈਆਂ ਜਾ ਰਹੀਆਂ ਸਨ।

ਉਧਰ, ਪੰਜਾਬ ਵਿਚ ਵੀ ਪਿਛਲੇ ਕਈ ਦਿਨਾਂ ਤੋਂ ਸੁਰੱਖਿਆ ਏਜੰਸੀਆਂ ਚੌਕਸ ਹਨ। ਪੰਜਾਬ ਦੇ ਕਈ ਹਿੱਸਿਆਂ ਵਿਚੋਂ ਖਾਲਿਸਤਾਨੀ ਪੱਖੀ ਪੋਸਟਰ ਲੱਗਣ ਦੀਆਂ ਖਬਰਾਂ ਆਈਆਂ ਹਨ ਪਰ ਪੁਲਿਸ ਦੀ ਸਖਤੀ ਨੇ ਗਰਮ ਖਿਆਲੀਆਂ ਨੂੰ ਠੰਢਾ ਕਰ ਦਿੱਤਾ। ਅੰਮ੍ਰਿਤਸਰ ਵਿਖੇ ਵੀ ਪੁਲਿਸ ਨੇ ਵਿਸ਼ੇਸ਼ ਸਖਤੀ ਕੀਤੀ ਹੋਈ ਹੈ ਤਾਂ ਜੋ ਇੱਥੇ 'ਰੈਫਰੈਂਡਮ-2020' ਲਈ ਰਜਿਸਟ੍ਰੇਸ਼ਨ ਸ਼ੁਰੂ ਨਾ ਹੋ ਸਕੇ।

ਦੱਸ ਦਈਏ ਕਿ ਸਿੱਖਸ ਫਾਰ ਜਸਟਿਸ ਜਥੇਬੰਦੀ ਵਲੋਂ ਵਿਸ਼ਵ ਪੱਧਰੀ 'ਰੈਫਰੈਂਡਮ 2020' ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪੰਜਾਬ ਅਤੇ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਨੂੰ ਆਨਲਾਈਨ ਵੋਟਿੰਗ ਕਰਨ ਲਈ ਕਿਹਾ ਗਿਆ ਹੈ। ਇਸ ਸੰਗਠਨ ਦੇ ਐਲਾਨ ਮੁਤਾਬਕ 4 ਜੁਲਾਈ ਤੋਂ ਇਹ ਰੈਫਰੈਂਡਮ ਸ਼ੁਰੂ ਹੋ ਚੁੱਕਿਆ ਹੈ, ਪਰ ਇਸ ਰੈਫਰੈਂਡਮ ਦੀ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਰਤ ਸਰਕਾਰ ਨੇ 40 ਵੈੱਬਸਾਈਟਾਂ ਨੂੰ ਸਿੱਖਸ ਫਾਰ ਜਸਟਿਸ ਅਤੇ ਖਾਲਿਸਤਾਨ ਪੱਖੀ ਦੱਸ ਕੇ ਬੈਨ ਕਰ ਦਿੱਤਾ ਸੀ। ਜਿਸ ਦਾ ਰਾਹ ਲੱਭਦਿਆਂ ਸਿੱਖਜ਼ ਫਾਰ ਜਸਟਿਸ ਨੇ ਪੰਜਾਬ ਅਤੇ ਭਾਰਤ ਦੇ ਲੋਕਾਂ ਲਈ ਰੂਸ ਸਥਿਤ ਇਕ ਪੋਰਟਲ ਉਤੇ ਆਨਲਾਈਨ ਵੋਟਿੰਗ ਸ਼ੁਰੂ ਕਰਵਾ ਦਿੱਤੀ। ਹਾਲਾਂਕਿ ਭਾਰਤ ਵਿਚ ਕਲਿੱਕ ਕਰਨ ਉਤੇ ਇਹ ਵੈੱਬਸਾਈਟ ਨਹੀਂ ਖੁੱਲ੍ਹਦੀ ਅਤੇ ਸੰਦੇਸ਼ ਆਉਂਦਾ ਹੈ ਕਿ ਇਹ ਯੂ.ਆਰ.ਐਲ. ਭਾਰਤ ਸਰਕਾਰ ਦੇ ਟੈਲੀਕਮਿਊਨਿਕੇਸ਼ਨ ਵਿਭਾਗ ਵਲੋਂ ਬਲਾਕ ਕਰ ਦਿੱਤਾ ਗਿਆ ਹੈ। ਕਈ ਥਾਈਂ ਇਹ ਯੂ.ਆਰ.ਐਲ. ਖੁੱਲ੍ਹ ਵੀ ਰਿਹਾ ਹੈ।

# 9 ਸਿੱਖਾਂ ਨੂੰ ਅਤਿਵਾਦੀ ਕਰਾਰ ਦੇਣ 'ਤੇ ਭਾਰਤ ਸਰਕਾਰ ਦੀ ਨਿਖੇਧੀ

**ਨਿਊ ਯਾਰਕ/ਟੋਰਾਂਟੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੀ ਹੰਗਾਮੀ ਟੈਲੀ-ਕਾਨਫਰੰਸ ਵਿਚ ਭਾਰਤ ਸਰਕਾਰ ਵਲੋਂ 9 ਸਿੱਖਾਂ ਨੂੰ ਯੂ. ਏ. ਪੀ. ਏ. ਅਧੀਨ ਅਤਿਵਾਦੀ ਕਰਾਰ ਦੇਣ ਦੇ ਸੰਗੀਨ ਮੁੱਦੇ 'ਤੇ ਰੋਸ ਜਤਾਉਂਦਿਆਂ ਭਖਵੀਂ ਬਹਿਸ ਕੀਤੀ ਅਤੇ ਭਾਰਤ ਸਰਕਾਰ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਵਿਦੇਸ਼ੀ ਸਰਕਾਰਾਂ ਸਾਹਮਣੇ ਭਾਰਤ ਦੇ ਮੂੰਹ ਤੋਂ ਅਖੌਤੀ ਡੈਮੋਕਰੇਸੀ ਦਾ ਮੁਖੌਟਾ ਲਾਹ ਕੇ ਹਕੀਕਤ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਗਿਆ।

ਇੰਗਲੈਂਡ, ਫਰਾਂਸ, ਇਟਲੀ, ਕੈਨੇਡਾ ਅਤੇ ਅਮਰੀਕਾ ਦੇ ਵੱਖ ਵੱਖ ਮੈਂਬਰਾਂ ਨੇ ਇਸ ਮੁੱਦੇ 'ਤੇ ਵਿਚਾਰ ਦਿੰਦਿਆਂ ਕਈ ਫੈਸਲੇ ਲਏ ਅਤੇ ਭਾਰਤ ਨੂੰ ਅਤਿਵਾਦੀ ਸਟੇਟ ਕਰਾਰ ਦਿੱਤਾ ਹੈ। ਕਾਨਫਰੰਸ ਵਿਚ ਦੋਸ਼ ਲਾਇਆ ਗਿਆ ਹੈ ਕਿ ਮੌਜੂਦਾ ਸਰਕਾਰ ਨੇ ਮੁਸਲਮਾਨਾਂ, ਦਲਿਤਾਂ ਅਤੇ ਇਸਾਈਆਂ ਖਿਲਾਫ ਬੇਤਾਸ਼ਾ ਜ਼ੁਲਮ ਕੀਤੇ ਹਨ। ਇਸ ਸਰਕਾਰ 'ਤੇ ਸਿੱਖਾਂ ਦੀ ਨਸਲਕੁਸ਼ੀ ਦੇ ਵੀ ਸੰਗੀਨ ਦੋਸ਼ ਲਾਏ ਗਏ ਹਨ। ਨਾਲ ਹੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਐਮ. ਪੀ. ਸੁਖਬੀਰ ਸਿੰਘ ਬਾਦਲ, ਪੰਜਾਬ ਪੁਲਿਸ ਮੁਖੀ ਦਿਨਕਰ ਗੁਪਤਾ ਅਤੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਅਤਿਵਾਦੀ ਕਰਾਰ ਦਿੱਤਾ ਗਿਆ ਹੈ।

ਕਾਨਫਰੰਸ ਵਿਚ ਵਿਦੇਸ਼ ਵੱਸਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਸਰਕਾਰੀ ਅਤਿਵਾਦ ਦਾ ਪਰਦਾਫਾਸ਼ ਕਰਨ ਲਈ ਹਰ ਉਪਰਾਲੇ ਕੀਤੇ ਜਾਣ। ਟੈਲੀ-ਕਾਨਫਰੰਸ ਵਿਚ ਫੈਸਲਾ ਕੀਤਾ ਗਿਆ ਕਿ ਉਤਰੀ ਅਮਰੀਕਾ ਤੇ ਯੂਰਪ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਦਸਤਾਵੇਜ਼ ਤਿਆਰ ਕਰਕੇ ਭਾਰਤ ਸਰਕਾਰ ਦੇ ਸਰਕਾਰੀ ਅਤਿਵਾਦ ਅਤੇ ਇਸ ਦੇ ਆਗੂਆਂ ਦੇ ਜ਼ਾਲਮਾਨਾਂ ਕਾਰਨਾਮੇ ਅੰਕਿਤ ਕਰਕੇ ਭੇਜੇ ਜਾਣਗੇ।

ਟੈਲੀ-ਕਾਨਫਰੰਸ ਵਿਚ ਹਿੱਸਾ ਵਾਲੇ ਪ੍ਰਮੁੱਖ ਮੈਂਬਰਾਂ ਵਿਚ ਅਮਰੀਕਾ ਤੋਂ ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਜੀਤ ਸਿੰਘ ਆਲੋਅਰਖ ਤੇ ਮੱਖਣ ਸਿੰਘ ਕਲੇਰ ਸ਼ਿਕਾਗੋ; ਕੈਨੇਡਾ ਤੋਂ ਸੁਖਮਿੰਦਰ ਸਿੰਘ ਹੰਸਰਾ, ਕਰਨੈਲ ਸਿੰਘ ਟੋਰਾਂਟੋ, ਐਡਮੰਟਨ ਤੋਂ ਗੁਰਜੋਤ ਸਿੰਘ, ਮਲਕੀਤ ਸਿੰਘ ਢੇਸੀ, ਸੋਹਣ ਸਿੰਘ, ਮਨਦੀਪ ਸਿੰਘ ਤੇ ਮਨਵੀਰ ਸਿੰਘ ਮਾਂਟਰੀਅਲ; ਫਰਾਂਸ ਤੋਂ ਚੈਨ ਸਿੰਘ ਤੇ ਪਰਮਜੀਤ ਸਿੰਘ ਸੋਹਲ ਅਤੇ ਜਰਮਨੀ ਤੋਂ ਸੋਹਣ ਸਿੰਘ ਕੰਗ ਸ਼ਾਮਲ ਸਨ।

# ਚੀਨ ਨਾਲ ਟਕਰਾਓ ਦੌਰਾਨ ਭਾਰਤ ਨਾਲ ਖੜ੍ਹੇਗੀ ਅਮਰੀਕੀ ਫੌਜ

**ਵਾਸ਼ਿੰਗਟਨ:** ਅਮਰੀਕੀ ਜਲ ਸੈਨਾ ਵਲੋਂ ਦੱਖਣੀ ਚੀਨ ਸਾਗਰ ਵਿਚ ਆਪਣੀ ਮੌਜੂਦਗੀ ਨੂੰ ਸ਼ਕਤੀ ਦਿੰਦੇ ਹੋਏ ਦੋ ਜਹਾਜ਼ ਤਾਇਨਾਤ ਕਰਨ ਤੋਂ ਬਾਅਦ ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਮਰੀਕੀ ਫੌਜ ਭਾਰਤ ਅਤੇ ਚੀਨ ਵਿਚਾਲੇ ਟਕਰਾਅ ਦੀ ਸਥਿਤੀ ਵਿਚ ਮਜਬੂਤੀ ਨਾਲ ਬਣੀ ਰਹੇਗੀ। ਵਾਈਟ ਹਾਊਸ ਦੇ ਚੀਫ ਸਟਾਫ ਮਾਰਕ ਮੈਡੋਸ ਨੇ ਦੱਸਿਆ ਕਿ ਅਸੀਂ ਚੀਨ ਜਾਂ ਕਿਸੇ ਹੋਰ ਨੂੰ ਸਭ ਤੋਂ ਵੱਧ ਸ਼ਕਤੀਸ਼ਾਲੀ ਬਣਨ ਦੇ ਮਾਮਲੇ 'ਚ ਲਾਗੂ ਕਰਨ ਦੀ ਆਗਿਆ ਨਹੀਂ ਦੇਵਾਂਗੇ। ਉਨ੍ਹਾਂ ਕਿਹਾ ਕਿ ਸਾਡੀ ਫੌਜ ਮਜਬੂਤੀ ਨਾਲ ਖੜ੍ਹੀ ਹੈ ਅਤੇ ਮਜਬੂਤੀ ਨਾਲ ਖੜ੍ਹੀ ਰਹੇਗੀ, ਭਾਵੇਂ ਇਹ ਭਾਰਤ ਅਤੇ ਚੀਨ ਵਿਚਾਲੇ ਟਕਰਾਅ ਨਾਲ ਸਬੰਧਤ ਹੋਵੇ।

# ਢੀਂਡਸਿਆਂ ਨੇ ਸੁਖਬੀਰ ਤੋਂ ਕੁਰਸੀ ਖੋਹੀ

*(ਸਫਾ ਇਕ ਦੀ ਬਾਕੀ)*

ਹਨ ਤੇ ਸ. ਸੇਖਵਾਂ ਅਤੇ ਬੀਰ ਦਵਿੰਦਰ ਸਿੰਘ ਨੇ ਸ. ਢੀਂਡਸਾ ਦੇ ਗਲ ਵਿਚ ਸਿਰੋਪਾਉ ਪਾ ਦਿੱਤੇ ਹਨ। ਦੱਸਣਯੋਗ ਹੈ ਕਿ ਡਾ. ਅਜਨਾਲਾ ਦਾ ਬੇਟਾ ਬੋਨੀ ਅਮਰਪਾਲ ਸਿੰਘ ਅਜਨਾਲਾ ਪਹਿਲਾਂ ਹੀ ਅਕਾਲੀ ਦਲ (ਟਕਸਾਲੀ) ਛੱਡ ਕੇ ਵਾਪਸ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕਾ ਹੈ। ਉਸ ਦੀ ਘਰ ਵਾਪਸੀ ਤੋਂ ਬਾਅਦ ਡਾ. ਅਜਨਾਲਾ ਵੀ ਸਰਗਰਮ ਸਿਆਸਤ ਛੱਡ ਕੇ ਘਰ ਬੈਠ ਚੁੱਕੇ ਹਨ। ਅਸਲ ਵਿਚ, ਬਾਗੀਆਂ ਅੰਦਰ ਸ਼ੁਰੂ ਹੋਈ ਇਹ ਬਗਾਵਤ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਬਦਲਣ ਵਾਲੀ ਹੈ। ਤੀਜੇ ਮੋਰਚੇ ਦੀਆਂ ਗੱਲਾਂ ਕਰਨ ਵਾਲੀਆਂ ਧਿਰਾਂ ਇਸ ਸਮੇਂ ਖਿੰਡੀਆਂ ਪਈਆਂ ਹਨ। ਆਮ ਆਦਮੀ ਪਾਰਟੀ ਆਪਣਾ ਵਜੂਦ ਬਚਾਉਣ ਲਈ ਹੱਥ ਪੈਰ ਮਾਰ ਰਹੀ ਹੈ। ਅਜਿਹੇ ਹਾਲਾਤ ਲੋਕ ਰੋਹ ਦਾ ਸਾਹਮਣਾ ਕਰ ਰਹੀ ਕਾਂਗਰਸ ਸਰਕਾਰ ਦੇ ਪੱਖ ਵਿਚ ਭੁਗਤ ਸਕਦੇ ਹਨ।

# ਕੈਪਟਨ ਸਰਕਾਰ ਨੂੰ ਹੁਣ ਬੇਅਦਬੀ ਮਾਮਲਿਆਂ ਦੀ ਯਾਦ ਆਈ

*(ਸਫਾ ਇਕ ਦੀ ਬਾਕੀ)*

ਸਰਕਾਰ ਕੋਈ ਚੰਗੀ ਨੀਅਤ ਕਾਰਵਾਈ ਕਰਨ ਲੱਗੀ ਹੈ ਤਾਂ ਡੇਰਾ ਮੁਖੀ ਨੂੰ ਪੰਜਾਬ ਲਿਆ ਕੇ ਪੁੱਛਗਿੱਛ ਕੀਤੀ ਜਾਵੇ।

ਯਾਦ ਰਹੇ ਕਿ ਇਸੇ ਤਰ੍ਹਾਂ ਦੀ ਫੁਰਤੀ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿਖਾਈ ਸੀ ਜਦੋਂ ਕੁਝ ਪੁਲਿਸ ਅਫਸਰਾਂ ਨੂੰ ਇਸ ਮਾਮਲੇ ਵਿਚ ਫੜ ਕੇ ਧੜਾ-ਧੜ ਅੰਦਰ ਸੁੱਟਿਆ ਗਿਆ। ਇਥੋਂ ਤੱਕ ਕਿ ਇਹ ਸਾਬਤ ਕਰਨ ਦੀ ਵੀ ਕੋਸ਼ਿਸ਼ ਕੀਤੀ ਕਿ ਕਾਨੂੰਨ ਦਾ ਹੱਥ ਬਾਦਲਾਂ ਤੱਕ ਵੀ ਪਹੁੰਚ ਗਿਆ ਹੈ। ਵਿਸ਼ੇਸ਼ ਜਾਂਚ ਟੀਮ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੂੰ ਪੁੱਛਗਿੱਛ ਲਈ ਸੱਦਿਆ ਤੇ ਬਾਅਦ ਵੀ ਇਹ ਰੌਲਾ ਵੀ ਪਾ ਦਿੱਤਾ ਕਿ ਦੋਵਾਂ ਪਿਉ ਪੁੱਤਰਾਂ ਦਾ ਨਾਮ ਕੇਸ ਵਿਚ ਆ ਗਿਆ ਹੈ ਪਰ ਚੋਣਾਂ ਪਿੱਛੋਂ ਸਭ ਕੁਝ ਠੰਢਾ ਹੋ ਗਿਆ। ਹੁਣ ਕੁਝ ਦਿਨ ਪਹਿਲਾਂ ਵੀ ਬਾਦਲਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰਨ ਦਾ ਰੌਲਾ ਪਿਆ ਪਰ ਅਚਾਨਕ ਕਾਰਵਾਈ ਡੇਰਾ ਪ੍ਰੇਮੀਆਂ ਵੱਲ ਮੁੜ ਗਈ। ਬੇਅਦਬੀ ਮਾਮਲਿਆਂ ਵਿਚ ਹੁਣ ਤਾਜ਼ਾ ਕਾਰਵਾਈਆਂ ਨੂੰ ਵੀ ਇਸੇ ਸ਼ੱਕੀ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ।

ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਕੈਪਟਨ ਸਰਕਾਰ ਕੋਲ ਹੁਣ ਸਿਰਫ 2 ਸਾਲ ਦਾ ਸਮਾਂ ਬਚਿਆ ਹੈ ਤੇ ਕਰਜ਼ ਮੁਆਫੀ, ਨੌਜਵਾਨਾਂ ਨੂੰ ਰੁਜ਼ਗਾਰ, ਨਸ਼ਿਆਂ ਦਾ ਖਾਤਮਾ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਵਾਅਦਿਆਂ ਨਾਲ ਸੱਤਾ ਵਿਚ ਆਈ ਸਰਕਾਰ ਨੇ ਅਜੇ ਤੱਕ ਡੱਕਾ ਨਹੀਂ ਤੋੜਿਆ। ਪੰਜਾਬ ਦੇ ਹਰ ਵਰਗ ਦੀ ਕੈਪਟਨ ਸਰਕਾਰ ਨਾਲ ਨਾਰਾਜ਼ਗੀ ਹੈ, ਉਤੋਂ ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਬਾਰੇ ਆਰਡੀਨੈਂਸਾਂ ਨੇ ਸਰਕਾਰ ਨੂੰ ਪੈਰੋਂ ਕੱਢ ਦਿੱਤਾ ਹੈ। ਕਰਜ਼ ਮੁਆਫੀ, ਨੌਜਵਾਨਾਂ ਨੂੰ ਰੁਜ਼ਗਾਰ ਤੇ ਨਸ਼ਿਆਂ ਦਾ ਖਾਤਮਾ ਹੁਣ ਸਰਕਾਰ ਦੇ ਵੱਸੋਂ ਬਾਹਰ ਦੇ ਮੁੱਦੇ ਹਨ ਪਰ ਬੇਅਦਬੀ ਮਾਮਲੇ ਉਤੇ ਰੌਲਾ ਪਾ ਕੇ ਸਰਕਾਰ ਸਿੱਖ ਜਥੇਬੰਦੀਆਂ ਨੂੰ ਠੰਢਾ ਕਰਨ ਦੇ ਰਾਹ ਤੁਰੀ ਹੈ।

# ਹੁਣ ਕਸ਼ਮੀਰੀ ਸੇਬ ਖਿਲਾਫ ਸਾਜਿਸ਼!

**ਚੰਡੀਗੜ੍ਹ:** ਕਸ਼ਮੀਰੀ ਸੇਬ ਰਸਾਇਣ ਭਰਪੂਰ ਪਾਇਆ ਗਿਆ ਹੈ। ਇਹ ਖੁਲਾਸਾ ਭਾਰਤੀ ਖੇਤੀ ਖੋਜ ਪਰਿਸ਼ਦ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਐਮਿਟੀ ਯੂਨੀਵਰਸਿਟੀ ਉਤਰ ਪ੍ਰਦੇਸ਼ ਅਤੇ ਸ਼ੇਰ-ਏ-ਕਸ਼ਮੀਰ ਯੂਨੀਵਰਸਿਟੀ ਆਫ ਐਗਰੀਕਲਚਰਲ ਸਾਇੰਸਜ਼ ਐਂਡ ਟੈਕਨਾਲੋਜੀ ਜੰਮੂ ਤੋਂ ਕਰਵਾਏ ਸਹਿਯੋਗੀ ਅਧਿਐਨ 'ਚ ਹੋਇਆ ਹੈ।

ਮਾਹਿਰਾਂ ਨੇ ਸਿੱਟਾ ਕੱਢਿਆ ਕਿ ਇੰਟੈਗਰੇਟਡ ਪੈਸਟ ਮੈਨੇਜਮੈਂਟ ਦੀ ਯੋਜਨਾਬੰਦੀ ਦੀ ਘਾਟ ਕਰਕੇ ਕਸ਼ਮੀਰੀ ਸੇਬ ਦੀ ਫਸਲ ਵਿਚ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਹੋਈ ਹੈ। ਅਧਿਐਨ ਮੁਤਾਬਕ ਕਸ਼ਮੀਰ ਦੇ ਸੇਬ ਦੀ ਫਸਲ 'ਚ ਪ੍ਰਤੀ ਹੈਕਟੇਅਰ ਪਿੱਛੇ 9.039 ਕਿੱਲੋ ਉਹ ਰਸਾਇਣ ਵਰਤੇ ਗਏ ਹਨ, ਜੋ (ਕੁੱਲ ਰਸਾਇਣਾਂ ਦਾ 35.8 ਫੀਸਦੀ) ਕੈਂਸਰ ਦੀ ਬਿਮਾਰੀ ਨੂੰ ਸੱਦਾ ਦੇਣ ਵਾਲੇ ਹਨ।

ਹਾਲਾਂਕਿ ਭਾਰਤੀ ਖੇਤੀ ਖੋਜ ਪ੍ਰੀਸ਼ਦ ਵਲੋਂ ਇਕੱਲੇ ਕਸ਼ਮੀਰੀ ਸੇਬ ਨੂੰ ਅਧਿਐਨ 'ਚ ਸ਼ਾਮਲ ਕੀਤੇ ਜਾਣ 'ਤੇ ਉਂਗਲ ਉਠਣ ਲੱਗੀ ਹੈ। ਹਿਮਾਚਲ ਪ੍ਰਦੇਸ਼ 'ਚ ਸੇਬ ਦੀ ਭਰਪੂਰ ਫਸਲ ਹੁੰਦੀ ਹੈ ਪਰ ਇਸ ਨੂੰ ਸਟੱਡੀ ਤੋਂ ਬਾਹਰ ਰੱਖਿਆ ਗਿਆ ਹੈ। ਚਰਚਾ ਹੈ ਕਿ ਕੇਂਦਰੀ ਅਦਾਰੇ ਵਲੋਂ ਕਸ਼ਮੀਰੀ ਸੇਬਾਂ ਨੂੰ ਹੀ ਅਧਿਐਨ ਦਾ ਹਿੱਸਾ ਬਣਾਉਣ ਪਿੱਛੇ ਕਿਤੇ ਕੋਈ ਲੁਕਵੇਂ ਕਾਰਨ ਤਾਂ ਨਹੀਂ ਹਨ।

# ਲੋਕ ਇਨਸਾਫ ਪਾਰਟੀ ਨੇ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਮੰਗੀ

**ਅੰਮ੍ਰਿਤਸਰ:** ਲੋਕ ਇਨਸਾਫ ਪਾਰਟੀ ਦੇ ਆਗੂ ਬਲਵਿੰਦਰ ਸਿੰਘ ਬੈਂਸ ਤੇ ਉਨ੍ਹਾਂ ਦੇ ਸਮਰਥਕਾਂ ਨੇ ਇਥੇ ਪੁਲਿਸ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ 267 ਪਾਵਨ ਸਰੂਪਾਂ ਦੇ ਮਾਮਲੇ ਵਿਚ ਜਾਂਚ ਦੀ ਮੰਗ ਕੀਤੀ। ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚ ਘੱਟ ਪਾਏ ਗਏ ਸਨ।

ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਜਾਂਚ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ ਅਤੇ ਸ਼੍ਰੋਮਣੀ ਕਮੇਟੀ ਵਲੋਂ ਵੀ ਇਕ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਮਾਮਲੇ ਵਿਚ ਬਲਵਿੰਦਰ ਸਿੰਘ ਬੈਂਸ ਨੇ ਆਖਿਆ ਕਿ ਉਨ੍ਹਾਂ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਨੂੰ ਲੈ ਕੇ ਪੁਲਿਸ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਉਹ ਡੀ.ਜੀ.ਪੀ. ਕੋਲ ਜਾਣਗੇ। ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਮੰਗ ਰੱਖਣਗੇ ਅਤੇ ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਹੋਣ ਵਾਲੇ ਬਜਟ ਇਜਲਾਸ ਵਿਚ ਵੀ ਇਹ ਮੁੱਦਾ ਉਭਾਰਨਗੇ।

# ਸੜਕ ਹਾਦਸੇ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਵੈਨਕੂਵਰ, ਕੈਨੇਡਾ:** ਵੈਨਕੂਵਰ ਨੇੜੇ ਸੜਕ ਹਾਦਸੇ 'ਚ ਮਾਛੀਵਾੜਾ ਦੇ ਨੌਜਵਾਨ ਗਿਆਨ ਸਿੰਘ (21) ਅਤੇ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਦੀ ਮੌਤ ਹੋ ਗਈ। ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਦੇ ਟਰੱਸਟੀ ਗੁਰਭਗਤ ਸਿੰਘ ਨਾਮਧਾਰੀ ਦਾ ਲੜਕਾ ਗਿਆਨ ਸਿੰਘ ਕੈਨੇਡਾ ਵਿਖੇ ਮਕੈਨੀਕਲ ਇੰਜੀਨੀਅਰ ਦੀ ਪੜ੍ਹਾਈ ਕਰਦਾ ਸੀ ਅਤੇ ਵੈਨਕੂਵਰ ਵਿਚ ਰਹਿੰਦਾ ਸੀ। ਉਹ ਆਪਣੇ ਦੋਸਤ ਨਾਲ ਕਾਰ 'ਤੇ ਘੁੰਮਣ ਲਈ ਗਿਆ ਅਤੇ ਜਦੋਂ ਉਹ ਵਾਪਸ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਟਰੱਕ ਨਾਲ ਟਕਰਾ ਗਈ, ਜਿਸ ਵਿਚ ਗਿਆਨ ਸਿੰਘ ਨਾਮਧਾਰੀ ਅਤੇ ਉਸ ਦਾ ਮੁਹਾਲੀ ਦਾ ਦੋਸਤ ਦੀ ਮੌਤ ਹੋ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪ੍ਰਾਈਵੇਟ ਥਰਮਲ ਤੇ ਸੋਲਰ ਪਲਾਂਟਾਂ ਨੇ ਪੰਜਾਬ ਦੇ ਖਜਾਨੇ ਦਾ ਧੂੰਆਂ ਕੱਢਿਆ

**ਚੰਡੀਗੜ੍ਹ:** ਪਾਵਰਕੌਮ ਦਾ 2019-20 ਦਾ ਬਿਜਲੀ ਖਰੀਦ ਅੰਕੜਾ ਪੰਜਾਬ ਸਰਕਾਰ ਉਤੇ ਉਂਗਲ ਚੁੱਕਦਾ ਹੈ। ਪਾਵਰਕੌਮ ਨੇ ਪ੍ਰਾਈਵੇਟ ਥਰਮਲਾਂ ਅਤੇ ਸੋਲਰ ਪਲਾਂਟਾਂ ਨੂੰ ਇਕੋ ਵਰ੍ਹੇ ਵਿਚ ਮਹਿੰਗੀ ਬਿਜਲੀ ਦੇ ਵਾਧੂ 4,390 ਕਰੋੜ ਰੁਪਏ ਅਦਾ ਕੀਤੇ ਹਨ। ਜੇਕਰ ਦੂਸਰੇ ਸੂਬਿਆਂ ਤੋਂ ਇਹੀ ਬਿਜਲੀ ਖਰੀਦੀ ਜਾਂਦੀ ਤਾਂ ਇਹ ਪੈਸਾ ਬਚ ਸਕਦਾ ਸੀ। ਕਾਬਲੇਗੌਰ ਹੈ ਕਿ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਖਦੇ ਹਨ ਕਿ ਬਠਿੰਡਾ ਥਰਮਲ ਤੋਂ ਬਿਜਲੀ ਮਹਿੰਗੀ ਪੈਂਦੀ ਸੀ ਅਤੇ ਬਾਹਰੋਂ ਬਿਜਲੀ ਸਸਤੀ ਪੈਂਦੀ ਹੈ। ਇਸ ਕਰ ਕੇ ਇਹ ਥਰਮਲ ਬੰਦ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਪਾਵਰਕੌਮ ਵੱਲੋਂ ਬਾਹਰੋਂ ਖਰੀਦੀ ਬਿਜਲੀ ਪ੍ਰਤੀ ਯੂਨਿਟ 3.94 ਰੁਪਏ ਹੈ ਜਦਕਿ ਗੋਇੰਦਵਾਲ ਥਰਮਲ ਤੋਂ ਇਹੋ ਬਿਜਲੀ 9.54 ਰੁਪਏ ਪ੍ਰਤੀ ਯੂਨਿਟ ਖਰੀਦੀ ਗਈ ਹੈ। ਪਾਵਰਕੌਮ ਨੇ ਇਸੇ ਤਰ੍ਹਾਂ ਤਲਵੰਡੀ ਸਾਬੋ ਥਰਮਲ ਤੋਂ 6.63 ਰੁਪਏ ਪ੍ਰਤੀ ਯੂਨਿਟ ਅਤੇ ਰਾਜਪੁਰਾ ਥਰਮਲ ਪਲਾਂਟ ਤੋਂ 5.06 ਰੁਪਏ ਪ੍ਰਤੀ ਯੂਨਿਟ ਖਰੀਦ ਕੀਤੀ ਹੈ। ਸੋਲਰ ਅਤੇ ਬਾਇਓਮਾਸ ਪ੍ਰੋਜੈਕਟਾਂ ਤੋਂ ਇਹੋ ਬਿਜਲੀ 6.55 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਖਰੀਦੀ ਗਈ। ਸੁਆਲ ਉਠੇ ਹਨ ਕਿ ਜਦੋਂ ਬਾਹਰੋਂ ਬਿਜਲੀ 3.94 ਰੁਪਏ ਪ੍ਰਤੀ ਯੂਨਿਟ ਮਿਲਦੀ ਸੀ ਤਾਂ ਪ੍ਰਾਈਵੇਟ ਥਰਮਲਾਂ ਤੋਂ ਵੱਧ ਭਾਅ ਉਤੇ ਬਿਜਲੀ ਕਿਉਂ ਖਰੀਦੀ ਗਈ। ਬਾਹਰੋਂ ਪੂਰੇ ਸਾਲ 'ਚ ਸਿਰਫ 9,455 ਕਰੋੜ ਦੀ ਬਿਜਲੀ ਹੀ ਖਰੀਦੀ ਗਈ।

ਪਾਵਰਕੌਮ ਨੇ ਸਾਲ 2019-20 ਦੌਰਾਨ ਕੁੱਲ 21,725 ਕਰੋੜ ਰੁਪਏ ਦੀ ਬਿਜਲੀ ਖਰੀਦ ਕੀਤੀ ਹੈ ਜਿਸ ਵਿਚੋਂ 12,270 ਕਰੋੜ ਦੀ ਬਿਜਲੀ ਪ੍ਰਾਈਵੇਟ ਥਰਮਲਾਂ ਅਤੇ ਸੋਲਰ ਪ੍ਰੋਜੈਕਟਾਂ ਆਦਿ ਤੋਂ ਖਰੀਦੀ ਗਈ। ਇਹੋ ਬਿਜਲੀ ਪੂਰੇ ਵਰ੍ਹੇ ਦੌਰਾਨ ਬਾਹਰੋਂ ਖਰੀਦੀ ਜਾਂਦੀ ਤਾਂ ਪਾਵਰਕੌਮ ਨੂੰ 4390 ਕਰੋੜ ਰੁਪਏ ਦੀ ਬੱਚਤ ਹੋਣੀ ਸੀ। ਵੇਰਵਿਆਂ ਅਨੁਸਾਰ ਪਾਵਰਕੌਮ ਨੇ ਲੰਘੇ ਮਾਲੀ ਵਰ੍ਹੇ ਦੌਰਾਨ ਬੈਂਕਿੰਗ ਤੋਂ ਬਿਨਾਂ 55 ਹਜ਼ਾਰ ਮਿਲੀਅਨ ਯੂਨਿਟ ਬਿਜਲੀ ਹਾਸਲ ਕੀਤੀ ਹੈ ਜਿਸ ਵਿਚੋਂ 80 ਫੀਸਦੀ ਬਿਜਲੀ ਖਰੀਦੀ ਗਈ ਹੈ।

ਪਾਵਰਕੌਮ ਨੇ ਆਪਣੇ ਜਨਤਕ ਸਰੋਤਾਂ ਤੋਂ ਸਿਰਫ 20 ਫੀਸਦੀ ਬਿਜਲੀ ਪ੍ਰਾਪਤ ਕੀਤੀ ਹੈ। ਇਸੇ ਵਰ੍ਹੇ ਦੌਰਾਨ ਜਨਤਕ ਤਾਪ ਬਿਜਲੀ ਘਰਾਂ ਵਿਚੋਂ ਸਿਰਫ 3.5 ਫ਼ੀਸਦੀ ਬਿਜਲੀ ਪ੍ਰਾਪਤ ਕੀਤੀ ਗਈ ਜਦਕਿ ਹਾਈਡਲ ਪ੍ਰੋਜੈਕਟਾਂ ਤੋਂ 8.8 ਫੀਸਦੀ ਬਿਜਲੀ ਹਾਸਲ ਕੀਤੀ ਗਈ।

ਪੰਜਾਬ ਤੋਂ ਬਾਹਰੋਂ 24 ਹਜ਼ਾਰ ਮਿਲੀਅਨ ਯੂਨਿਟ ਬਿਜਲੀ ਖਰੀਦੀ ਗਈ ਹੈ। ਪਾਵਰਕੌਮ ਜੇ ਬਾਹਰੋਂ ਬਿਜਲੀ ਖਰੀਦ ਕਰਦੀ ਤਾਂ ਇਕੋ ਵਰ੍ਹੇ ਵਿਚ ਗੋਇੰਦਵਾਲ ਥਰਮਲ ਨੂੰ 672 ਕਰੋੜ, ਤਲਵੰਡੀ ਸਾਬੋ ਥਰਮਲ ਨੂੰ 2230 ਕਰੋੜ ਅਤੇ ਰਾਜਪੁਰਾ ਥਰਮਲ ਨੂੰ 940 ਕਰੋੜ ਰੁਪਏ ਵਾਧੂ ਨਾ ਦੇਣੇ ਪੈਂਦੇ।

ਤੱਥਾਂ ਅਨੁਸਾਰ ਬਠਿੰਡਾ ਥਰਮਲ ਨੇ 2007-08 ਵਿਚ ਇਕੋ ਸਾਲ ਵਿਚ 88 ਫੀਸਦੀ ਲੋਡ ਉਤੇ ਚੱਲ ਕੇ 2964 ਮਿਲੀਅਨ ਯੂਨਿਟ ਪੈਦਾ ਕੀਤੇ ਜਦੋਂ ਕਿ ਥਰਮਲ ਨੂੰ ਬੰਦ ਕਰਨ ਤੋਂ ਪਹਿਲਾਂ ਸਾਲ 2017-18 ਵਿਚ ਸਿਰਫ 10 ਫੀਸਦ ਹੀ ਚਲਾਇਆ ਗਿਆ ਅਤੇ 300 ਮਿਲੀਅਨ ਯੂਨਿਟ ਪੈਦਾ ਕੀਤੇ ਗਏ। ਰੋਪੜ ਥਰਮਲ ਨੇ 2009-10 ਵਿਚ 10056 ਮਿਲੀਅਨ ਯੂਨਿਟ ਪੈਦਾ ਕੀਤੇ ਸਨ ਜਦਕਿ 2019-20 ਵਿਚ ਸਿਰਫ ਇਕ ਹਜ਼ਾਰ ਮਿਲੀਅਨ ਯੂਨਿਟ ਪੈਦਾ ਕੀਤੇ ਗਏ। ਇਸੇ ਤਰ੍ਹਾਂ ਲਹਿਰਾ ਥਰਮਲ ਨੇ 2011-12 ਵਿਚ 7621 ਮਿਲੀਅਨ ਯੂਨਿਟ ਪੈਦਾ ਕੀਤੇ ਜਦੋਂ ਕਿ ਲੰਘੇ ਮਾਲੀ ਵਰ੍ਹੇ ਦੌਰਾਨ ਪੈਦਾਵਾਰ 900 ਯੂਨਿਟ 'ਤੇ ਆ ਗਈ।

ਪਾਵਰਕੌਮ ਵੱਲੋਂ ਇਨ੍ਹਾਂ ਥਰਮਲਾਂ ਨੂੰ ਜ਼ਿਆਦਾ ਸਮਾਂ ਬੰਦ ਰੱਖਿਆ ਗਿਆ ਜਿਸ ਕਰਕੇ ਉਹ ਆਪਣੀ ਸਮਰੱਥਾ ਮੁਤਾਬਕ ਚੱਲ ਹੀ ਨਹੀਂ ਸਕੇ। ਨਤੀਜੇ ਵਜੋਂ ਮਹਿੰਗੀ ਬਿਜਲੀ ਦਾ ਤਰਕ ਸਰਕਾਰ ਨੇ ਦੇਣਾ ਸ਼ੁਰੂ ਕਰ ਦਿੱਤਾ। ਜਿਉਂ-ਜਿਉਂ ਪ੍ਰਾਈਵੇਟ ਥਰਮਲ ਚੱਲਦੇ ਗਏ, ਤਿਉਂ ਤਿਉਂ ਜਨਤਕ ਸੈਕਟਰ ਦੇ ਤਾਪ ਬਿਜਲੀ ਘਰਾਂ ਤੋਂ ਪੈਦਾਵਾਰ ਦੀ ਕਟੌਤੀ ਹੁੰਦੀ ਗਈ। ਵਿੱਤ ਮੰਤਰੀ ਆਖ ਚੁੱਕੇ ਹਨ ਕਿ ਕੌਮੀ ਐਕਸਚੇਂਜ ਤੋਂ ਬਿਜਲੀ ਤਿੰਨ ਰੁਪਏ ਪ੍ਰਤੀ ਯੂਨਿਟ ਪੈਂਦੀ ਹੈ। ਸੂਤਰ ਆਖਦੇ ਹਨ ਕਿ ਸਰਕਾਰ ਸਸਤੀ ਬਿਜਲੀ ਨੂੰ ਤਰਜੀਹ ਦੇਵੇ। ਪ੍ਰਾਈਵੇਟ ਥਰਮਲਾਂ ਦੀ ਮਹਿੰਗੀ ਬਿਜਲੀ ਦੀ ਥਾਂ ਕੌਮੀ ਐਕਸਚੇਂਜ ਦੀ ਬਿਜਲੀ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

# ਰੇਲਵੇ ਦੇ ਨਿੱਜੀਕਰਨ ਦਾ ਐਲਾਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਰੇਲਵੇ ਵਿਭਾਗ ਨੇ 109 ਰੂਟਾਂ ਦੀਆਂ ਰੇਲ ਗੱਡੀਆਂ ਨਿੱਜੀ ਖੇਤਰ ਨੂੰ ਦੇਣ ਦਾ ਐਲਾਨ ਕਰਦਿਆਂ ਇਸ ਪ੍ਰੋਜੈਕਟ ਵਿਚ 30 ਹਜ਼ਾਰ ਕਰੋੜ ਦਾ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਇਨ੍ਹਾਂ ਰੂਟਾਂ ਉਤੇ ਨਿੱਜੀ ਖੇਤਰ 151 'ਆਧੁਨਿਕ' ਰੇਲ ਗੱਡੀਆਂ ਚਲਾ ਸਕੇਗਾ। ਇਹ ਦੱਸਿਆ ਜਾ ਰਿਹਾ ਹੈ ਕਿ ਨਿੱਜੀ ਖੇਤਰ ਵੱਲੋਂ ਚਲਾਈਆਂ ਜਾਣ ਵਾਲੀਆਂ ਰੇਲ ਗੱਡੀਆਂ ਵੱਧ ਗਤੀ ਵਾਲੀਆਂ ਹੋਣਗੀਆਂ ਅਤੇ ਉਹ ਮੁਸਾਫਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਇਸ ਵੇਲੇ ਰੇਲ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵਧੀਆ ਰੇਲ ਗੱਡੀਆਂ ਜਿਨ੍ਹਾਂ ਵਿਚ ਰਾਜਧਾਨੀ, ਵੰਦੇ ਭਾਰਤ, ਤੇਜਸ ਆਦਿ ਸ਼ਾਮਲ ਹਨ, ਜਿੰਨਾ ਸਮਾਂ ਲੈਣਗੀਆਂ। ਨਿੱਜੀ ਅਦਾਰੇ ਰੇਲ ਵਿਭਾਗ ਨੂੰ ਕੁਝ ਪੈਸਾ ਬੁਨਿਆਦੀ ਢਾਂਚੇ ਵਾਸਤੇ, ਕੁਝ ਊਰਜਾ ਵਾਸਤੇ ਅਤੇ ਹੋਣ ਵਾਲੀ ਆਮਦਨ ਵਿਚੋਂ ਹਿੱਸਾ ਦੇਣਗੇ।

ਨਿੱਜੀਕਰਨ ਲਈ ਦਲੀਲ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਭਾਰਤ ਵਿਚ ਵਿਸ਼ਵ ਪੱਧਰ ਦੀਆਂ ਰੇਲ ਗੱਡੀਆਂ ਚਲਾ ਕੇ ਮੁਸਾਫਰਾਂ ਨੂੰ ਵਧੀਆ ਸਹੂਲਤਾਂ ਦਿੱਤੀਆਂ ਜਾਣਗੀਆਂ, ਪਰ ਇਹ ਦਲੀਲ ਵੱਡੇ ਸਵਾਲ ਖੜ੍ਹੇ ਕਰਨ ਵਾਲੀ ਹੈ। ਦੇਸ਼ ਦਾ ਹਵਾਈ ਖੇਤਰ ਵਿਚ ਵੀ ਵੱਡੇ ਪੱਧਰ 'ਤੇ ਨਿੱਜੀ ਖੇਤਰ ਲਈ ਖੋਲ੍ਹਿਆ ਗਿਆ ਸੀ। ਬਹੁਤ ਸਾਰੀਆਂ ਕੰਪਨੀਆਂ ਨੂੰ ਇਸ ਵਿਚ ਨਾਕਾਮਯਾਬੀ ਦਾ ਮੂੰਹ ਦੇਖਣਾ ਪਿਆ ਹੈ ਅਤੇ ਉਨ੍ਹਾਂ ਨੇ ਜੋ ਕਰਜ਼ੇ ਸਰਕਾਰੀ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਤੋਂ ਲਏ ਸਨ, ਵਾਪਸ ਨਹੀਂ ਕੀਤੇ। ਹੋਰ ਦੇਸ਼ਾਂ ਦਾ ਅਨੁਭਵ ਦੱਸਦਾ ਹੈ ਕਿ ਰੇਲਵੇ, ਸਿਹਤ, ਵਿੱਦਿਆ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿਚ ਨਿੱਜੀਕਰਨ ਦੇ ਪ੍ਰਯੋਗ ਜ਼ਿਆਦਾ ਸਫਲ ਨਹੀਂ ਹੋਏ। ਕੁਝ ਮਹੀਨੇ ਪਹਿਲਾਂ ਇੰਗਲੈਂਡ ਨੇ ਦਹਾਕਿਆਂ ਦੇ ਨਿੱਜੀਕਰਨ ਤੋਂ ਬਾਅਦ ਰੇਲ ਦੇ ਇਕ ਹਿੱਸੇ ਦਾ ਕੌਮੀਕਰਨ ਕੀਤਾ ਹੈ। ਸਵਾਲ ਉਠ ਰਹੇ ਹਨ ਕਿ ਰੇਲਵੇ ਦਾ ਐਨੇ ਵੱਡੇ ਪੱਧਰ 'ਤੇ ਰੂਟਾਂ ਦਾ ਨਿੱਜੀਕਰਨ ਕਰਨ ਦਾ ਮਨੋਰਥ ਨਿੱਜੀ ਖੇਤਰ ਨੂੰ ਲਾਭ ਪਹੁੰਚਾਉਣ ਤੋਂ ਸਿਵਾ ਹੋਰ ਕੁਝ ਨਹੀਂ ਹੈ।

# ਕਤਲੇਆਮ-84 ਦੇ ਦੋਸ਼ੀ ਸਾਬਕਾ ਵਿਧਾਇਕ ਦੀ ਕਰੋਨਾ ਨਾਲ ਮੌਤ

**ਨਵੀਂ ਦਿੱਲੀ:** ਦਿੱਲੀ 1984 ਸਿੱਖ ਨਸਲਕੁਸ਼ੀ ਕੇਸ 'ਚ ਸਜ਼ਾਯਾਫਤਾ ਸਾਬਕਾ ਵਿਧਾਇਕ ਮਹੇਂਦਰ ਯਾਦਵ (70) ਦੀ ਕਰੋਨਾ ਲਾਗ ਕਾਰਨ ਇਥੇ ਇਕ ਹਸਪਤਾਲ 'ਚ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਕਰੋਨਾ ਕਾਰਨ ਮੰਡੌਲੀ ਜੇਲ੍ਹ ਦੇ ਕੈਦੀ ਦੀ ਹੋਈ ਇਹ ਦੂਜੀ ਮੌਤ ਹੈ। ਪਹਿਲੀ ਮੌਤ ਕੰਵਰ ਸਿੰਘ ਨਾਂ ਦੇ ਕੈਦੀ ਦੀ 15 ਜੂਨ ਨੂੰ ਹੋਈ ਸੀ।



ਮੰਡੌਲੀ ਜੇਲ੍ਹ 'ਚ ਦਸ ਸਾਲਾਂ ਦੀ ਸਜ਼ਾ ਭੁਗਤ ਰਹੇ ਮਹੇਂਦਰ ਯਾਦਵ ਨੂੰ 26 ਜੂਨ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਡਾਇਰੈਕਟਰ ਜਨਰਲ (ਜੇਲ੍ਹਾਂ) ਸੰਦੀਪ ਗੋਇਲ ਨੇ ਦੱਸਿਆ ਕਿ ਯਾਦਵ ਨੇ 26 ਜੂਨ ਨੂੰ ਬੈਚੇਨੀ ਅਤੇ ਦਿਲ ਸਬੰਧੀ ਵਿਗਾੜ ਹੋਣ ਦੀ ਸ਼ਿਕਾਇਤ ਕੀਤੀ, ਜਿਸ ਮਗਰੋਂ ਉਸ ਨੂੰ ਡੀ.ਡੀ.ਯੂ. ਹਸਪਤਾਲ ਲਿਜਾਇਆ ਗਿਆ, ਜਿਥੋਂ ਉਸ ਨੂੰ ਐਲ.ਐਨ.ਜੇ.ਪੀ. ਹਸਪਤਾਲ ਰੈਫਰ ਕਰ ਦਿੱਤਾ ਗਿਆ। ਪਰਿਵਾਰ ਵੱਲੋਂ ਬੇਨਤੀ ਕਰਨ 'ਤੇ ਉਸ ਨੂੰ ਦਵਾਰਕਾ ਦੇ ਇਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਉਣ ਦੀ ਆਗਿਆ ਦਿੱਤੀ ਗਈ ਸੀ। ਅਧਿਕਾਰੀਆਂ ਮੁਤਾਬਕ ਮਹੇਂਦਰ ਯਾਦਵ ਦਸੰਬਰ 2018 ਤੋਂ ਜੇਲ੍ਹ ਵਿਚ ਸੀ।

# ਕੈਪਟਨ ਸਰਕਾਰ ਬਾਗੀ ਵਿਧਾਇਕਾਂ ਪ੍ਰਤੀ ਨਰਮ ਹੋਈ

**ਚੰਡੀਗੜ੍ਹ:** ਇਕ ਪਾਸੇ ਪੰਜਾਬ ਸਰਕਾਰ ਕਰੋਨਾ ਵਾਇਰਸ ਕਾਰਨ ਵਿੱਤੀ ਘਾਟੇ ਦੀਆਂ ਦੁਹਾਈਆਂ ਪਾ ਰਹੀ ਹੈ ਤੇ ਦੂਜੇ ਪਾਸੇ ਆਪਣੇ ਵਿਧਾਇਕਾਂ/ਮੰਤਰੀਆਂ ਨੂੰ ਖੁਸ਼ ਕਰਨ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ, ਪ੍ਰਗਟ ਸਿੰਘ ਅਤੇ ਰਾਜਾ ਅਮਰਿੰਦਰ ਸਿੰਘ ਵੜਿੰਗ ਜੋ ਆਮ ਤੌਰ ਉਤੇ ਕਾਂਗਰਸ ਸਰਕਾਰ ਨੂੰ ਅੱਖਾਂ ਵਿਖਾਉਂਦੇ ਰਹਿੰਦੇ ਹਨ, ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜੇ ਲਿਆਉਣ ਦੀਆਂ ਕੋਸ਼ਿਸ਼ਾਂ ਵਜੋਂ ਵਿਧਾਇਕ ਦੇ ਤੌਰ ਉਤੇ ਨਵੀਆਂ ਨਕੋਰ ਕਾਰਾਂ ਅਲਾਟ ਕੀਤੀਆਂ ਗਈਆਂ ਹਨ ਪਰ ਵਿਰੋਧੀ ਪਾਰਟੀਆਂ ਨੂੰ ਇਨ੍ਹਾਂ ਸਹੂਲਤਾਂ ਤੋਂ ਇਕ ਤਰ੍ਹਾਂ ਨਾਲ ਵਾਂਝਿਆ ਰੱਖਿਆ ਗਿਆ ਹੈ।



ਦੱਸ ਦਈਏ ਕਿ ਸਰਕਾਰ ਨੇ ਕਰੋਨਾ ਕਾਰਨ ਬੱਸ ਕੰਪਨੀਆਂ ਦਾ ਘਾਟਾ ਪੂਰਾ ਕਰਨ ਲਈ ਜਨਤਕ ਟਰਾਂਸਪੋਰਟ ਦੀ ਵਰਤੋਂ ਕਰਨ ਵਾਲੇ ਆਮ ਵਰਗ ਦੇ ਲੋਕਾਂ ਉਤੇ ਵੱਡਾ ਬੋਝ ਪਾਇਆ ਹੈ। ਇਸ ਤੋਂ ਇਲਾਵਾ ਇੰਤਕਾਲ ਫੀਸ ਦੁੱਗਣੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕੀਤਾ ਜਾ ਰਿਹਾ ਹੈ। ਬੱਸ ਕਿਰਾਏ ਦੀ ਗੱਲ ਕੀਤੀ ਜਾਵੇ ਤਾਂ ਸੱਤ ਪੈਸੇ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਵਧਿਆ ਕਿਰਾਇਆ ਤੁਰਤ ਲਾਗੂ ਹੋ ਗਿਆ ਹੈ। ਹੁਣ ਸਾਧਾਰਨ ਬੱਸ ਵਿਚ ਸਫਰ ਕਰਨ ਲਈ 115 ਪੈਸੇ ਦੀ ਬਜਾਏ ਪ੍ਰਤੀ ਕਿਲੋਮੀਟਰ 122 ਪੈਸੇ ਦੇਣੇ ਪੈਣਗੇ। ਆਮ ਏਅਰ ਕੰਡੀਸ਼ੰਡ ਬੱਸ ਦਾ ਕਿਰਾਇਆ ਕਰੀਬ ਵੀਹ ਫੀਸਦੀ ਵੱਧ ਹੁੰਦਾ ਹੈ ਅਤੇ ਹੁਣ ਇਹ 139 ਪੈਸੇ ਤੋਂ ਵੱਧ ਕੇ 146 ਪੈਸੇ ਪ੍ਰਤੀ ਕਿਲੋਮੀਟਰ ਹੋ ਗਿਆ ਹੈ ਅਤੇ ਇੰਟੈਗਰਲ ਕੋਚ ਦਾ ਕਿਰਾਇਆ (ਇਹ 80 ਫੀਸਦੀ ਵੱਧ ਹੁੰਦਾ ਹੈ) 208 ਪੈਸੇ ਤੋਂ ਵਧ ਕੇ 220 ਪੈਸੇ ਪ੍ਰਤੀ ਕਿਲੋਮੀਟਰ ਹੋ ਗਿਆ ਹੈ।

ਆਮ ਆਦਮੀ ਪਾਰਟੀ ਵਿਧਾਇਕ ਦਲ ਦੇ ਚੀਫ ਵਹਿਪ ਕੁਲਤਾਰ ਸਿੰਘ ਸੰਧਵਾਂ ਅਤੇ ਇਸੇ ਪਾਰਟੀ ਦੀ ਪੰਜਾਬ ਬਾਰੇ ਕੋਰ ਕਮੇਟੀ ਦੇ ਕਨਵੀਨਰ ਬੁੱਧਰਾਮ ਦਾ ਕਹਿਣਾ ਹੈ ਕਿ ਨਵੀਆਂ ਕਾਰਾਂ ਅਲਾਟ ਕਰਨ ਦੇ ਮਾਮਲੇ ਵਿਚ ਕਾਂਗਰਸ ਸਰਕਾਰ ਵਿਰੋਧੀ ਤੇ ਹੱਕਦਾਰ ਵਿਧਾਇਕਾਂ ਨਾਲ ਇਨਸਾਫ ਨਹੀਂ ਕਰ ਰਹੀ, ਜਿਨ੍ਹਾਂ ਦੀਆਂ ਸਰਕਾਰੀ ਕਾਰਾਂ ਲਗਭਗ ਕੰਡਮ ਹੋ ਚੁੱਕੀਆਂ ਹਨ ਤੇ ਗਾਹੇ ਬਗਾਹੇ ਸਫਰ ਦੇ ਦੌਰਾਨ ਖਰਾਬ ਹੋ ਕੇ ਖੜ੍ਹੀਆਂ ਹੋ ਜਾਂਦੀਆਂ ਹਨ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਰਾਹ ਵਿਚ ਹੀ ਜ਼ਲੀਲ ਹੋਣਾ ਪੈਂਦਾ ਹੈ। ਉਸ ਬਾਰੇ ਸਰਕਾਰ ਨੂੰ ਸੂਚਿਤ ਕਰਦੇ ਰਹਿੰਦੇ ਹਨ। ਦੋਹਾਂ ਵਿਰੋਧੀ ਵਿਧਾਇਕਾਂ ਨੇ ਦੋਸ਼ ਲਾਇਆ ਕਿ ਸਰਕਾਰੀ ਕਰਮਚਾਰੀਆਂ ਤੋਂ ਵਿਕਾਸ ਦੇ ਨਾਂ ਉਤੇ 200 ਰੁ. ਮਹੀਨੇ ਦੇ ਹਿਸਾਬ ਨਾਲ ਤਨਖਾਹ ਕੱਟੀ ਜਾਂਦੀ ਹੈ, ਜੇ ਸਰਕਾਰ ਨੂੰ ਫੰਡਾਂ ਦੀ ਕਮੀ ਹੈ, ਤਾਂ ਉਹ ਕੋਈ ਹੋਰ ਤਰੀਕਾ ਲੱਭੇ। ਖਰਚਾ ਘਟਾਉਣ ਦਾ ਕੁਲਹਾੜਾ ਵਿਚਾਰੇ ਸਰਕਾਰੀ ਕਰਮਚਾਰੀਆਂ ਵਿਸ਼ੇਸ਼ ਤੌਰ ਉਤੇ ਪੁਲਿਸ ਕਰਮੀਆਂ ਦੇ ਸਿਰ ਉਤੇ ਕਿਉਂ?

# ਸ਼ੂਗਰਫੈਡ ਵਲੋਂ ਸੂਬੇ ਦੀਆਂ 9 ਸਹਿਕਾਰੀ ਖੰਡ ਮਿੱਲਾਂ ਨੂੰ 100 ਕਰੋੜ ਜਾਰੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਹਿਕਾਰਤਾ ਮੰਤਰੀ ਨੂੰ ਨਿਰਦੇਸ਼ ਦਿੱਤੇ ਕਿ ਉਹ ਸੂਬੇ ਦੀਆਂ 9 ਸਹਿਕਾਰੀ ਖੰਡ ਮਿੱਲਾਂ ਰਾਹੀਂ ਕਿਸਾਨਾਂ ਦੀਆਂ ਸਾਲ 2019-20 ਲਈ ਅਦਾਇਗੀਆਂ ਤੁਰੰਤ ਕਰਨਾ ਯਕੀਨੀ ਬਣਾਉਣ। ਇਸ ਸਬੰਧ ਵਿਚ ਖੰਡ ਮਿੱਲਾਂ ਨੂੰ ਸ਼ੂਗਰਫੈਡ ਵਲੋਂ 100 ਕਰੋੜ ਰੁਪਏ ਵੀ ਜਾਰੀ ਕੀਤੇ ਗਏ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਉਤੇ ਸ਼ੂਗਰਫੈਡ ਵੱਲੋਂ ਸਾਲ 2019-20 ਦੇ ਪਿੜਾਈ ਸੀਜ਼ਨ ਲਈ ਕਿਸਾਨਾਂ ਨੂੰ ਅਦਾਇਗੀਆਂ ਦੇਣ ਲਈ 100 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਕਿਹਾ ਕਿ ਉਹ ਸਹਿਕਾਰੀ ਮਿੱਲਾਂ ਨੂੰ ਨਿਰਦੇਸ਼ ਜਾਰੀ ਕਰਨ ਕਿ ਕਿਸਾਨਾਂ ਦੇ ਖਾਤਿਆਂ ਵਿਚ ਬਿਨਾਂ ਕਿਸੇ ਵੀ ਦੇਰੀ ਦੇ ਅਦਾਇਗੀ ਕਰਨ। 100 ਕਰੋੜ ਰੁਪਏ ਜਾਰੀ ਕਰਨ ਦੇ ਨਾਲ-ਨਾਲ ਸਹਿਕਾਰੀ ਖੰਡ ਮਿੱਲਾਂ ਸਾਲ 2019-20 ਦੇ ਪਿੜਾਈ ਸੀਜ਼ਨ ਦੇ ਬਕਾਇਆ ਪਈ 486.23 ਕਰੋੜ ਰੁਪਏ ਦੀ ਰਾਸ਼ੀ ਵਿਚੋਂ 349.05 ਕਰੋੜ ਰੁਪਏ ਦੀ ਅਦਾਇਗੀ ਕਰ ਸਕੇਗੀ। ਸਾਲ 2018-19 ਦੇ ਸੀਜ਼ਨ ਲਈ ਨਵਾਂ ਸ਼ਹਿਰ, ਬੁੱਢੇਵਾਲ, ਮੋਰਿੰਡਾ, ਫਾਜ਼ਿਲਕਾ, ਗੁਰਦਾਸਪੁਰ, ਅਜਨਾਲਾ, ਨਕੋਦਰ, ਭੋਗਪੁਰ ਤੇ ਬਟਾਲਾ ਦੀਆਂ ਖੰਡ ਮਿੱਲਾਂ ਵਲੋਂ ਪਹਿਲਾਂ ਹੀ ਭੁਗਤਾਨ ਕਰ ਦਿੱਤੇ ਗਏ ਹਨ। ਸਹਿਕਾਰਤਾ ਮੰਤਰੀ ਸ. ਰੰਧਾਵਾ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਸਾਲ 2019-20 ਦੀ ਬਾਕੀ ਬਚਦੀ ਅਦਾਇਗੀ ਦਾ ਵੀ ਜਲਦੀ ਭੁਗਤਾਨ ਕਰ ਦਿੱਤਾ ਜਾਵੇਗਾ।

# ਮੋਦੀ ਕੋਲ ਸ਼ਿਕਾਇਤ ਤੋਂ ਬਾਅਦ ਸੁਖਬੀਰ ਉਤੇ ਭੜਕੇ ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਪਰਿਵਾਰ ਉਤੇ ਵਰ੍ਹਦਿਆਂ ਆਖਿਆ ਕਿ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਪਣੇ ਸਿਆਸੀ ਮੁਫਾਦਾਂ ਲਈ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਪਰ ਪੰਜਾਬ ਦੇ ਲੋਕ ਇਨ੍ਹਾਂ ਦੇ ਢਕਵੰਜ ਅਤੇ ਖੇਖਣਾਂ ਵਿਚ ਨਹੀਂ ਆਉਣਗੇ। ਦੱਸਣਯੋਗ ਹੈ ਕਿ ਬਾਦਲ ਜੋੜੇ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚ ਭੇਜੇ ਰਾਸ਼ਨ ਵਿਚ ਘਪਲਾ ਹੋਣ ਦੀ ਗੱਲ ਆਖੀ ਹੈ ਅਤੇ ਇਸ ਦੀ ਪੜਤਾਲ ਮੰਗੀ ਹੈ। ਕੈਪਟਨ ਨੇ ਸੁਖਬੀਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਵਿਧਾਇਕ ਸਿੱਧੇ ਤੌਰ ਉਤੇ ਲੋਕਾਂ ਨਾਲ ਜੁੜਿਆ ਹੁੰਦਾ ਹੈ ਅਤੇ ਉਹ ਭਲੀ ਭਾਂਤ ਜਾਣਦਾ ਹੈ ਕਿ ਫੌਰੀ ਮਦਦ ਸਭ ਤੋਂ ਪਹਿਲਾਂ ਲੋੜ ਕਿਸ ਨੂੰ ਦੇਣੀ ਹੈ ਅਤੇ ਇਹੀ ਯਕੀਨੀ ਬਣਾਉਣ ਲਈ ਵਿਧਾਇਕਾਂ ਨੇ ਰਾਸ਼ਨ ਵੰਡ 'ਚ ਸਹਿਯੋਗ ਕੀਤਾ ਹੈ।

ਕੈਪਟਨ ਨੇ ਆਖਿਆ ਕਿ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਪੇਸ਼ ਕੀਤੇ ਤੱਥ ਵੀ ਪੂਰੀ ਤਰ੍ਹਾਂ ਗਲਤ ਹਨ ਜੋ ਇਹ ਦਰਸਾਉਂਦੇ ਹਨ ਉਹ ਹਕੀਕਤ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਪੰਜਾਬ



ਸਰਕਾਰ ਵੱਲੋਂ ਜੂਨ ਤੱਕ ਪ੍ਰਾਪਤ ਕੀਤੇ ਅਨਾਜ ਪਦਾਰਥਾਂ ਦੀ ਮਿਕਦਾਰ ਸੁਖਬੀਰ ਵੱਲੋਂ ਦਿੱਤੇ ਅੰਕੜਿਆਂ ਨਾਲੋਂ ਵੱਧ ਸੀ ਅਤੇ ਇਨ੍ਹਾਂ ਵਿਚੋਂ 90 ਫੀਸਦੀ ਤੋਂ ਵਧੇਰੇ ਹਿੱਸਾ ਵੰਡਿਆ ਜਾ ਚੁੱਕਿਆ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਸੂਬੇ ਨੂੰ 212164 ਮੀਟਰਕ ਟਨ ਕਣਕ ਅਲਾਟ ਕੀਤੀ ਗਈ, ਜਿਸ ਵਿਚੋਂ 199091 ਮੀਟਰਕ ਟਨ ਕਣਕ ਵੰਡੀ ਜਾ ਚੁੱਕੀ ਹੈ ਜਦੋਂਕਿ 10800 ਮੀਟਰਕ ਟਨ ਅਲਾਟ ਦਾਲ ਵਿਚੋਂ 10305 ਮੀਟਰਕ ਟਨ ਦੀ ਵੰਡ ਹੋ ਚੁੱਕੀ ਹੈ। ਇਸ ਦੇ ਨਾਲ ਹੀ, ਕੇਂਦਰ ਸਰਕਾਰ ਦੀ ਆਤਮ-ਨਿਰਭਰ ਭਾਰਤ ਸਕੀਮ ਤਹਿਤ ਕਣਕ (ਪ੍ਰਤੀ ਵਿਅਕਤੀ) ਅਤੇ ਦਾਲ (ਪ੍ਰਤੀ ਪਰਿਵਾਰ) 14.14 ਲੱਖ ਲੋਕਾਂ ਨੂੰ ਮੁਹੱਈਆ ਕਰਵਾਈ ਗਈ ਅਤੇ ਸੂਬੇ ਵੱਲੋਂ ਕਣਕ ਦਾ ਆਟਾ ਤਿਆਰ ਕਰਕੇ, ਇਸ ਨਾਲ ਦਾਲ ਸ਼ਾਮਲ ਕਰਕੇ ਇਸ ਨੂੰ ਪ੍ਰਤੀ ਵਿਅਕਤੀ ਇਕ ਕਿੱਲੋ ਬਣਾਇਆ ਗਿਆ ਅਤੇ ਸੂਬੇ ਵੱਲੋਂ ਆਪਣੀ ਪੱਧਰ ਉਤੇ ਇਕ ਕਿੱਲੋ ਖੰਡ ਇਸ ਵਿੱਚ ਪਾਈ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਅੰਕੜੇ ਇਹ ਦਰਸਾਉਣ ਲਈ ਕਾਫੀ ਹਨ ਕਿ ਖੁਰਾਕੀ ਅਨਾਜ ਦੀ ਵੰਡ ਸਬੰਧੀ ਸੁਖਬੀਰ ਵੱਲੋਂ ਕੀਤੇ ਦਾਅਵੇ ਅਤੇ ਲਗਾਏ ਦੋਸ਼ ਪੂਰੀ ਤਰ੍ਹਾਂ ਗਲਤ ਹਨ। ਤੇਲ ਉਤੇ ਲੱਗੇ ਵੈਟ ਦੇ ਮਸਲੇ 'ਤੇ ਹਰਸਿਮਰਤ ਬਾਦਲ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਹਰਸਿਮਰਤ ਤੇਲ ਕੀਮਤਾਂ ਦੇ ਵਧਣ ਨਾਲ ਆਮ ਆਦਮੀ ਦੇ ਪ੍ਰਭਾਵਿਤ ਹੋਣ ਬਾਰੇ ਏਨੀ ਚਿੰਤਾਤੁਰ ਹੈ ਤਾਂ ਉਸ ਨੇ ਡੀਜ਼ਲ ਅਤੇ ਪੈਟਰੋਲ ਕੀਮਤਾਂ ਦੀਆਂ ਕੀਮਤਾਂ ਵਿਚ ਲਗਾਤਾਰ 22 ਦਿਨ ਹੋਏ ਵਾਧੇ 'ਤੇ ਕਾਬੂ ਪਾਉਣ ਲਈ ਕੇਂਦਰ ਉਤੇ ਦਬਾਅ ਕਿਉਂ ਨਹੀਂ ਪਾਇਆ।

## ਰਾਸ਼ਨ ਵੰਡ ਘੁਟਾਲੇ ਬਾਰੇ ਪੱਖਪਾਤ ਦੀ ਜਾਂਚ ਹੋਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚ ਕੇਂਦਰੀ ਰਾਸ਼ਨ ਦੀ ਵੰਡ ਵਿਚ ਹੋਏ ਘੁਟਾਲੇ ਤੇ ਅਨਾਜ ਤੇ ਦਾਲਾਂ ਕਾਂਗਰਸੀ ਹਮਾਇਤੀਆਂ ਨੂੰ ਦਿੱਤੇ ਜਾਣ ਲਈ ਕੀਤੇ ਪੱਖਪਾਤ ਦੀ ਜਾਂਚ ਦੇ ਹੁਕਮ ਦੇਣ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਇਹ ਵੀ ਅਪੀਲ ਕੀਤੀ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਸਕੀਮ ਵਿਚ ਕੀਤੇ ਗਏ ਵਾਧੇ ਦੇ ਤਹਿਤ ਸੂਬੇ ਵਿਚ ਭੇਜੇ ਜਾਣ ਵਾਲੇ ਰਾਸ਼ਨ ਦੀ ਸਖਤੀ ਨਾਲ ਨਿਗਰਾਨੀ ਲਈ ਕੇਂਦਰੀ ਆਬਜ਼ਰਵਰ ਤਾਇਨਾਤ ਕਰਨ।

# ਨਨਕਾਣਾ ਸਾਹਿਬ ਤੋਂ ਪਰਤ ਰਹੇ 20 ਸਿੱਖ ਸ਼ਰਧਾਲੂ ਹਾਦਸੇ 'ਚ ਹਲਾਕ



**ਲਾਹੌਰ:** ਲਹਿੰਦੇ ਪੰਜਾਬ 'ਚ ਮਨੁੱਖ ਰਹਿਤ ਫਾਟਕ ਉਤੇ ਵਾਪਰੇ ਹਾਦਸੇ 'ਚ ਘੱਟੋ ਘੱਟ 20 ਪਾਕਿਸਤਾਨੀ ਸਿੱਖ ਸ਼ਰਧਾਲੂ ਹਲਾਕ ਹੋ ਗਏ ਹਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮਿੰਨੀ ਬੱਸ ਫਾਰੂਕਾਬਾਦ 'ਚ ਫਾਟਕ ਲੰਘਣ ਵੇਲੇ ਉਥੇ ਅਚਾਨਕ ਆ ਗਈ ਸ਼ਾਹ ਹੁਸੈਨ ਐਕਸਪ੍ਰੈੱਸ ਰੇਲ ਗੱਡੀ ਨਾਲ ਟਕਰਾ ਗਈ।

ਬੱਸ 'ਚ ਸਵਾਰ ਸਿੱਖ ਸ਼ਰਧਾਲੂ ਨਨਕਾਣਾ ਸਾਹਿਬ ਦੇ ਦਰਸ਼ਨ ਕਰਕੇ ਆ ਰਹੇ ਸਨ। ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਤਰਜਮਾਨ ਆਮਿਰ ਹਾਸ਼ਮੀ ਨੇ ਦੱਸਿਆ ਕਿ ਕਰਾਚੀ ਤੋਂ ਲਾਹੌਰ ਆ ਰਹੀ ਮਿੰਨੀ ਬੱਸ 'ਚ ਸਵਾਰ ਸਿੱਖ ਸ਼ਰਧਾਲੂ ਫਾਰੂਕਾਬਾਦ 'ਚ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨਾਂ ਲਈ ਜਾ ਰਹੇ ਸਨ। ਹਾਸ਼ਮੀ ਮੁਤਾਬਕ ਨਨਕਾਣਾ ਸਾਹਿਬ 'ਚ ਰੁਕਣ ਮਗਰੋਂ ਸਿੱਖ ਸ਼ਰਧਾਲੂ ਪਿਸ਼ਾਵਰ ਲਈ ਰਵਾਨਾ ਹੋਏ ਸਨ। ਉਨ੍ਹਾਂ ਨੂੰ ਨਨਕਾਣਾ ਸਾਹਿਬ ਦੀ ਹੱਦ ਤੱਕ ਟਰੱਸਟ ਨੇ ਸੁਰੱਖਿਆ ਮੁਹੱਈਆ ਕਰਵਾਈ ਹੋਈ ਸੀ। ਰੇਲਵੇ ਨੇ ਡਿਵੀਜ਼ਨਲ ਇੰਜੀਨੀਅਰ ਨੂੰ ਮੁਅੱਤਲ ਕਰਕੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਰੇਲਵੇ ਮੰਤਰੀ ਸ਼ੇਖ ਰਾਸ਼ਿਦ ਨੇ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਤੁਰਤ ਕਾਰਵਾਈ ਦੇ ਹੁਕਮ ਦਿੱਤੇ ਹਨ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਹਾਦਸੇ 'ਤੇ ਦੁੱਖ ਜ਼ਾਹਰ ਕਰਦਿਆਂ ਜ਼ਖਮੀਆਂ ਨੂੰ ਮੈਡੀਕਲ ਸਹਾਇਤਾ ਦੇਣ ਦੇ ਨਿਰਦੇਸ਼ ਦਿੱਤੇ ਹਨ। ਲਹਿੰਦੇ ਪੰਜਾਬ 'ਚ ਵਾਪਰੇ ਹਾਦਸੇ ਨੂੰ ਸ਼੍ਰੋਮਣੀ ਕਮੇਟੀ ਨੇ ਵੱਡੀ ਅਣਗਹਿਲੀ ਕਰਾਰ ਦਿੰਦਿਆਂ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹਾਦਸੇ 'ਤੇ ਦੁੱਖ ਜ਼ਾਹਰ ਕਰਦਿਆਂ ਆਖਿਆ ਕਿ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂਆਂ ਦਾ ਜਾਨੀ ਨੁਕਸਾਨ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਜ਼ਖਮੀਆਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਹੈ।

## ਮੋਦੀ, ਕੈਪਟਨ ਤੇ ਸੁਖਬੀਰ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੱਸ-ਰੇਲ ਹਾਦਸੇ 'ਚ ਸਿੱਖ ਸ਼ਰਧਾਲੂਆਂ ਦੀ ਮੌਤ ਉਤੇ ਅਫਸੋਸ ਜ਼ਾਹਰ ਕਰਦਿਆਂ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ। ਉਨ੍ਹਾਂ ਟਵੀਟ ਕਰਕੇ ਜ਼ਖਮੀਆਂ ਦੇ ਤੁਰਤ ਸਿਹਤਯਾਬ ਹੋਣ ਦੀ ਵੀ ਕਾਮਨਾ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਕਿਸਤਾਨ ਵਿਚ ਵਾਪਰੇ ਹਾਦਸੇ ਵਿੱਚ ਸਿੱਖ ਸ਼ਰਧਾਲੂਆਂ ਦੀਆਂ ਮੌਤਾਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਜਥੇਦਾਰ ਵੱਲੋਂ ਇਮਰਾਨ ਖਾਨ ਨਾਲ ਗੱਲਬਾਤ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਰੇਲ ਹਾਦਸੇ 'ਚ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂਆਂ ਦੀ ਮੌਤ 'ਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਟੈਲੀਫੋਨ 'ਤੇ ਗੱਲਬਾਤ ਕਰਕੇ ਪੀੜਤਾਂ ਨੂੰ ਢੁਕਵੀਂ ਮਦਦ ਦੇਣ ਲਈ ਆਖਿਆ ਹੈ। ਜਥੇਦਾਰ ਨੇ ਪਾਕਿਸਤਾਨੀ ਸਿੱਖ ਆਗੂਆਂ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਗੱਲਬਾਤ ਦੌਰਾਨ ਆਖਿਆ ਕਿ ਅਜਿਹੇ ਪ੍ਰਬੰਧ ਕੀਤੇ ਜਾਣ ਕਿ ਭਵਿਖ ਵਿਚ ਦੁਖਦਾਈ ਘਟਨਾ ਨਾ ਹੋਵੇ।

# ਭਾਰਤ ਵਾਲੇ ਪਾਸਿਓਂ ਲਾਂਘਾ ਖੋਲ੍ਹਣ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਤੋਂ ਭਾਰਤ ਵਾਲੇ ਪਾਸਿਓਂ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ। ਕਰੋਨਾ ਵਾਇਰਸ ਫੈਲਣ ਦੇ ਡਰੋਂ ਬੰਦ ਕੀਤੇ ਲਾਂਘੇ ਨੂੰ ਪਿਛਲੇ ਹਫਤੇ ਪਾਕਿਸਤਾਨ ਸਰਕਾਰ ਨੇ ਆਪਣੇ ਵਾਲੇ ਪਾਸਿਉਂ ਖੋਲ੍ਹ ਦਿੱਤਾ ਸੀ।

ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ 8 ਜੂਨ ਨੂੰ ਸਾਰੇ ਧਾਰਮਿਕ ਅਸਥਾਨ ਖੋਲ੍ਹ ਦਿੱਤੇ ਗਏ ਸਨ। ਸਰਕਾਰ ਨੂੰ ਸਿੱਖ ਸੰਗਤ ਲਈ ਕਰਤਾਰਪੁਰ ਸਾਹਿਬ ਲਾਂਘਾ ਵੀ ਖੋਲ੍ਹਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਪਾਕਿਸਤਾਨ ਸਰਕਾਰ ਵੱਲੋਂ ਲਾਂਘਾ ਖੋਲ੍ਹੇ ਜਾਣ ਦਾ ਸਵਾਗਤ ਕਰਦੇ ਹਨ। ਉਹ ਭਾਰਤ ਸਰਕਾਰ ਨੂੰ ਵੀ ਬੇਨਤੀ ਕਰਦੇ ਹਨ ਕਿ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਜਿੰਨੀ ਛੇਤੀ ਸੰਭਵ ਹੋ ਸਕੇ, ਲਾਂਘਾ ਖੋਲ੍ਹਣ ਦੇ ਯਤਨ ਕੀਤੇ ਜਾਣ।

ਦੋਵੇਂ ਸਿੱਖ ਆਗੂ ਸ੍ਰੀ ਅਕਾਲ ਤਖਤ ਦੇ ਸਥਾਪਨਾ ਦਿਵਸ ਸਮਾਗਮ ਵਿਚ ਹਿੱਸਾ ਲੈਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਵਿਖੇ ਆਪਣੇ ਸੰਬੋਧਨ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਇਕ ਇਮਾਰਤ ਨਹੀਂ ਸਗੋਂ ਵਿਚਾਰਧਾਰਾ ਅਤੇ ਇਕ ਸੰਕਲਪ ਹੈ। ਸਮੇਂ ਦੀਆਂ ਹਕੂਮਤਾਂ ਨੇ ਸੰਕਲਪ ਨੂੰ ਖਤਮ ਕਰਨ ਲਈ ਕਈ ਵਾਰ ਯਤਨ ਕੀਤੇ ਪਰ ਇਹ ਸੰਕਲਪ ਸਿੱਖਾਂ ਵਿਚ ਹਮੇਸ਼ਾਂ ਜਿਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅੰਦਰੋਂ ਅਤੇ ਬਾਹਰੋਂ ਦੋਵਾਂ ਥਾਵਾਂ ਤੋਂ ਚੁਣੌਤੀਆਂ ਮਿਲਦੀਆਂ ਰਹੀਆਂ ਹਨ। ਬਾਹਰਲੀਆਂ ਚੁਣੌਤੀਆਂ ਦਾ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਸਾਹਮਣਾ ਕੀਤਾ ਹੈ ਪਰ ਅੰਦਰੂਨੀ ਚੁਣੌਤੀਆਂ ਵਧੇਰੇ ਖਤਰਨਾਕ ਹਨ। ਉਨ੍ਹਾਂ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਸ੍ਰੀ ਅਕਾਲ ਤਖਤ ਨੂੰ ਚੁਣੌਤੀਆਂ ਦੇਣ ਵਾਲਿਆਂ ਦਾ ਸਹਿਯੋਗ ਕਰਨ ਦੀ ਥਾਂ ਸਮੂਹਿਕ ਰੂਪ ਵਿਚ ਵਿਰੋਧ ਕੀਤਾ ਜਾਵੇ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਸਿੱਖੀ ਵਿਰੁੱਧ ਹੋ ਰਹੇ ਕੂੜ ਪ੍ਰਚਾਰ 'ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖ ਭਾਈਚਾਰੇ ਨੂੰ ਇਸ ਖਿਲਾਫ ਇਕਜੁੱਟ ਹੋਣ ਲਈ ਆਖਿਆ।

# ਡਾਕਟਰਾਂ ਤੇ ਨਰਸਾਂ ਨੂੰ 25% ਛੋਟ ਦੇਵੇਗੀ ਇੰਡੀਗੋ

**ਨਵੀਂ ਦਿੱਲੀ:** ਇੰਡੀਗੋ ਨੇ ਕਿਹਾ ਕਿ ਉਹ 2020 ਦੇ ਅਖੀਰ ਤੱਕ ਡਾਕਟਰਾਂ ਤੇ ਨਰਸਾਂ ਨੂੰ



ਹਵਾਈ ਕਿਰਾਏ ਉਤੇ 25 ਫੀਸਦ ਦੀ ਛੋਟ ਦੇਵੇਗੀ ਕਿਉਂਕਿ ਇਹ ਕਰੋਨਾ ਵਾਇਰਸ ਮਹਾਮਾਰੀ ਖਿਲਾਫ ਸਭ ਤੋਂ ਅਗਲੇ ਮੋਰਚੇ ਉਤੇ ਕੰਮ ਕਰ ਰਹੇ ਹਨ। ਏਅਰਲਾਈਨ ਨੇ ਕਿਹਾ, 'ਨਰਸਾਂ ਤੇ ਡਾਕਟਰਾਂ ਨੂੰ ਚੈੱਕ-ਇਨ ਸਮੇਂ ਆਪਣੀ ਪਛਾਣ ਦੇ ਸਬੂਤ ਵਜੋਂ ਹਸਪਤਾਲ ਦਾ ਵੈਧ ਸ਼ਨਾਖਤੀ ਕਾਰਡ ਦਿਖਾਉਣਾ ਪਵੇਗਾ।'

ਉਨ੍ਹਾਂ ਕਿਹਾ, 'ਇੰਡੀਗੋ ਦੀ ਵੈੱਬਸਾਈਟ ਤੋਂ ਟਿਕਟ ਬੁੱਕ ਕਰਵਾਉਂਦੇ ਸਮੇਂ ਇਹ ਛੋਟ ਦਿੱਤੀ ਜਾਵੇਗੀ।' ਇਹ ਛੋਟ ਪਹਿਲੀ ਜੁਲਾਈ 2020 ਤੋਂ 31 ਦਸੰਬਰ 2020 ਤੱਕ ਯਾਤਰਾ ਲਈ ਦਿੱਤੀ ਜਾਵੇਗੀ। ਕਰੀਬ ਦੋ ਮਹੀਨੇ ਬਾਅਦ 25 ਮਈ ਤੋਂ ਬਹਾਲ ਹੋਈ ਘਰੇਲੂ ਉਡਾਣਾਂ 'ਚ ਮੁਸਾਫਰਾਂ ਦੀ ਕਮੀ ਬਣੀ ਹੋਈ ਹੈ।

# ਸਿੱਖ ਸੰਸਥਾਵਾਂ ਤੇ ਗੁਰੂ ਘਰ ਖੋਲ੍ਹਣਗੇ ਗੁਰੂ ਨਾਨਕ ਮੋਦੀਖਾਨਾ

**ਜਲੰਧਰ:** ਲੁਧਿਆਣਾ ਵਿਚ ਇਕ ਗੁਰਸਿੱਖ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰਜ਼ ਉਪਰ ਕੀਤੇ ਜਾ ਰਹੇ ਵਣਜ ਦੀ ਚਰਚਾ ਹੈ। ਹੋਰਨਾਂ ਸ਼ਹਿਰਾਂ 'ਚ ਵੀ ਇਸੇ ਤਰਜ਼ ਉਪਰ ਸਸਤੇ ਭਾਅ ਲੱਗੇ ਮੁੱਲ ਦਵਾਈਆਂ ਆਮ ਲੋਕਾਂ ਨੂੰ ਮੁਹੱਈਆ ਕਰਵਾਉਣ ਲਈ ਵੀ ਦੁਕਾਨਾਂ ਖੋਲ੍ਹੇ ਜਾਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਬਲਜਿੰਦਰ ਸਿੰਘ ਜਿੰਦੂ ਦੀ ਪਹਿਲਕਦਮੀ ਉਪਰ ਗੁਰੂ ਨਾਨਕ ਮੋਦੀਖਾਨਾ ਖੋਲ੍ਹਿਆ ਗਿਆ ਹੈ ਜਿਥੇ ਲਾਗਤ ਕੀਮਤ ਉਪਰ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਪ੍ਰਬੰਧਕਾਂ ਦਾ ਦਾਅਵਾ ਹੈ ਕਿ 25-25 ਸੌ ਰੁਪਏ 'ਚ ਵੇਚੀਆਂ ਜਾਣ ਵਾਲੀਆਂ ਦਵਾਈਆਂ ਦੀ ਅਸਲ ਕੀਮਤ 400 ਰੁਪਏ ਤੋਂ ਵੱਧ ਨਹੀਂ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਅਜਿਹੀਆਂ ਦਵਾਈਆਂ ਹਨ ਜਿਨ੍ਹਾਂ ਦੀ ਕੀਮਤ ਤਾਂ ਬਹੁਤ ਘੱਟ ਹੁੰਦੀ ਹੈ, ਪਰ ਕੈਮਿਸਟ ਦੀਆਂ ਦੁਕਾਨਾਂ ਉਪਰ ਤਿਗਣੇ-ਚੌਗੁਣੇ ਮੁੱਲ ਉਪਰ ਵਿਕਦੀਆਂ ਹਨ। ਗੁਰੂ ਨਾਨਕ ਮੋਦੀਖਾਨੇ ਦੀ ਸ਼ੋਭਾ ਇਸ ਕਦਰ ਵਧ ਗਈ ਹੈ ਕਿ ਲੋਕ ਬਾਹਰਲੇ ਸ਼ਹਿਰਾਂ ਤੋਂ ਦਵਾਈਆਂ ਖਰੀਦਣ ਉਨ੍ਹਾਂ ਕੋਲ ਆ ਰਹੇ ਹਨ।

ਪਤਾ ਲੱਗਾ ਹੈ ਕਿ ਵੱਡੀ ਗਿਣਤੀ ਵਿਚ ਲੋਕ ਇਸ ਮੋਦੀਖਾਨੇ ਵਿਚ ਸੇਵਾਵਾਂ ਦੇਣ ਲਈ ਜਾ ਰਹੇ ਹਨ ਤੇ ਵੱਖ-ਵੱਖ ਸ਼ਹਿਰਾਂ ਵਿਚ ਵੀ ਪਤਾ ਲੱਗਾ ਹੈ ਕਿ ਗੁਰੂ ਨਾਨਕ ਮੋਦੀਖਾਨੇ ਖੁੱਲ੍ਹਣ ਜਾ ਰਹੇ ਹਨ। ਲੁਧਿਆਣਾ ਦੇ ਗੁਰੂ ਨਾਨਕ ਮੋਦੀਖਾਨੇ ਦੀ ਸਫਲਤਾ ਨੇ ਸਿੱਖ ਸੰਸਥਾਵਾਂ ਤੇ ਗੁਰੂ ਘਰਾਂ ਅੱਗੇ ਵੀ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਉਹ ਆਪਣੇ ਗੁਰੂ ਘਰਾਂ ਜਾਂ ਸੰਸਥਾਵਾਂ 'ਚ ਚਲਦੇ ਚੈਰੀਟੇਬਲ ਹਸਪਤਾਲਾਂ 'ਚ ਮੋਦੀਖਾਨੇ ਦੀ ਤਰਜ਼ ਉਪਰ ਦਵਾਈਆਂ ਦੇਣੀਆਂ ਸ਼ੁਰੂ ਕਰਨਗੇ? ਪਤਾ ਲੱਗਾ ਹੈ ਕਿ ਪਟਿਆਲਾ, ਅੰਮ੍ਰਿਤਸਰ, ਕਪੂਰਥਲਾ, ਰੋਪੜ ਆਦਿ 'ਚ ਗੁਰੂ ਨਾਨਕ ਮੋਦੀਖਾਨੇ ਜਲਦੀ ਹੀ ਖੁੱਲ੍ਹ ਰਹੇ ਹਨ ਜਿਥੇ ਲੱਗੇ ਭਾਅ ਬਹੁਤ ਸਸਤੀਆਂ ਦਵਾਈਆਂ ਲੋਕਾਂ ਨੂੰ ਮੁਹੱਈਆ ਹੋ ਸਕਣਗੀਆਂ।

# ਮੁਲਤਾਨੀ ਕੇਸ: ਪੀੜਤ ਪਰਿਵਾਰ ਨੂੰ ਇਨਸਾਫ ਦੀ ਆਸ

**ਮੁਹਾਲੀ:** ਪੰਜਾਬ ਦੇ ਚਰਚਿਤ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਮਟੌਰ ਥਾਣੇ ਵਿਚ ਦਰਜ ਅਪਰਾਧਿਕ ਕੇਸ ਦੂਜੀ ਅਦਾਲਤ ਵਿਚ ਤਬਦੀਲ ਹੋਣ ਮਗਰੋਂ ਪੀੜਤ ਪਰਿਵਾਰ ਨੂੰ ਇਨਸਾਫ ਦੀ ਆਸ ਬੱਝ ਗਈ ਹੈ। ਸੈਣੀ ਖਿਲਾਫ 29 ਸਾਲ ਪਹਿਲਾਂ ਪੰਜਾਬ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ ਘਰੋਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦਾ ਦੋਸ਼ ਹੈ।

ਇਸ ਮਾਮਲੇ ਵਿਚ ਚਾਰ ਹੋਰ ਮੁਲਜ਼ਮਾਂ ਹਰ ਸਹਾਏ ਸ਼ਰਮਾ ਵਾਸੀ ਸੈਕਟਰ-51ਡੀ, ਜਗੀਰ ਸਿੰਘ ਵਾਸੀ ਸੈਕਟਰ-51, ਅਨੋਖ ਸਿੰਘ ਵਾਸੀ ਸੈਕਟਰ-21 ਅਤੇ ਕੁਲਦੀਪ ਸਿੰਘ ਸੰਧੂ ਵਾਸੀ ਮਨੀਮਾਜਰਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਇਹ ਚਾਰੇ ਮੁਲਜ਼ਮ ਯੂਟੀ ਪੁਲਿਸ 'ਚੋਂ ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹਨ ਅਤੇ ਚੰਡੀਗੜ੍ਹ ਵਿਚ ਤਾਇਨਾਤੀ ਦੌਰਾਨ ਸੁਮੇਧ ਸੈਣੀ ਦੇ ਚਹੇਤੇ ਸਨ।

ਸੈਣੀ ਸਮੇਤ ਸਾਰੇ ਮੁਲਜ਼ਮ ਜ਼ਮਾਨਤ ਉਤੇ ਹਨ। ਅਦਾਲਤ ਨੇ ਸਾਬਕਾ ਡੀ.ਜੀ.ਪੀ. ਦੀ ਗ੍ਰਿਫਤਾਰੀ 'ਤੇ ਸਟੇਅ ਆਰਡਰ ਬਰਕਰਾਰ ਰੱਖੇ ਹੋਏ ਹਨ, ਜਿਸ ਕਾਰਨ ਪੀੜਤ ਪਰਿਵਾਰ ਨੇ ਸੈਣੀ ਪ੍ਰਤੀ ਅਦਾਲਤ ਦਾ ਨਰਮ ਰੁਖ ਦੇਖਦਿਆਂ ਇਹ ਕੇਸ ਦੂਜੀ ਅਦਾਲਤ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ ਸੀ। ਪੁਲਿਸ ਵਿਭਾਗ ਵਿਚ ਸੈਣੀ ਦਾ ਰਸੂਖ ਹੋਣ ਕਾਰਨ ਇਸ ਮਾਮਲੇ ਦੀ ਜਾਂਚ ਤੇਜ਼ੀ ਨਾਲ ਅੱਗੇ ਨਹੀਂ ਤੁਰ ਸਕੀ।

ਪੀੜਤ ਪਰਿਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਨੇ ਕਿਹਾ ਕਿ ਅਜਿਹੇ ਗੰਭੀਰ ਕੇਸਾਂ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਇੰਨੀ ਛੇਤੀ ਅਤੇ ਇੰਨੀ ਵੱਡੀ ਰਾਹਤ ਨਹੀਂ ਦਿੱਤੀ ਜਾ ਸਕਦੀ ਪਰ ਸੈਣੀ ਮਾਮਲੇ ਵਿਚ ਅਦਾਲਤ ਦੀ ਧਾਰਨਾ ਸਾਫ ਝਲਕਣ ਲੱਗ ਪਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਦੀ ਜਾਂਚ ਬਹੁਤ ਗੁਪਤ ਹੁੰਦੀ ਹੈ ਪਰ ਇਸ ਕੇਸ ਵਿਚ ਜਾਂਚ ਦਾ ਹਰੇਕ ਪਹਿਲੂ ਸੈਣੀ ਕੋਲ ਪਹੁੰਚ ਰਿਹਾ ਸੀ।

ਪੰਜਾਬ ਸਰਕਾਰ ਵੱਲੋਂ ਇਸ ਕੇਸ ਦੀ ਪੈਰਵੀ ਕਰਨ ਲਈ ਨਿਯੁਕਤ ਕੀਤੇ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਸਰਤੇਜ ਸਿੰਘ ਨਰੂਲਾ ਨੇ ਵੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿਆਂ ਪ੍ਰਣਾਲੀ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਲਿਖਤੀ ਰੂਪ ਵਿਚ ਸਮੁੱਚੇ ਘਟਨਾਕ੍ਰਮ, ਸੀ.ਬੀ.ਆਈ. ਦੀ ਜਾਂਚ ਅਤੇ ਮੌਜੂਦਾ ਕਾਰਵਾਈ ਬਾਰੇ ਠੋਸ ਤੱਥ ਪੇਸ਼ ਕਰਦਿਆਂ ਨਾਰਾਜ਼ਗੀ ਦਿਖਾਈ ਹੈ। ਉਧਰ, ਸੀ.ਬੀ.ਆਈ. ਨੇ ਵੀ ਆਪਣੀ ਮੁਢਲੀ ਜਾਂਚ ਵਿਚ ਮੁਲਤਾਨੀ ਨੂੰ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿਚ ਰੱਖਣ ਅਤੇ ਉਸ 'ਤੇ ਤਸ਼ੱਦਦ ਢਾਹੁਣ ਤੋਂ ਬਾਅਦ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਵਿਚ ਸੈਣੀ ਦਾ ਹੱਥ ਦੱਸਿਆ ਸੀ।

# ਗੁਰੂ ਗੋਬਿੰਦ ਸਿੰਘ ਦੀ ਬਾਣੀ ਤੋੜ-ਮਰੋੜ ਕੇ ਪੇਸ਼ ਕਰਨ 'ਤੇ ਘਿਰੇ ਅਨੁਪਮ ਖੇਰ

**ਚੰਡੀਗੜ੍ਹ:** ਫਿਲਮ ਅਦਾਕਾਰ ਅਤੇ ਭਾਜਪਾ ਦੀ ਵਿਚਾਰਧਾਰਾ ਦੇ ਕੱਟੜ ਸਮਰਥਕ ਅਨੁਪਮ ਖੇਰ ਵੱਲੋਂ ਭਾਜਪਾ ਦੇ ਤਰਜਮਾਨ ਸੰਬਿਤ ਪਾਤਰਾ ਦੇ ਕਸੀਦੇ ਪੜ੍ਹਨ ਲਈ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਪਾਵਨ ਸ਼ਬਦ ਵਰਤਣ ਕਾਰਨ ਸਿੱਖਾਂ 'ਚ ਰੋਹ ਫੈਲ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਨੁਪਮ ਖੇਰ ਨੂੰ ਕਾਨੂੰਨੀ ਨੋਟਿਸ ਭੇਜ ਕੇ ਇਸ ਕੁਤਾਹੀ ਲਈ ਤੁਰਤ ਮੁਆਫੀ ਮੰਗਣ ਅਤੇ ਵਿਵਾਦਗ੍ਰਸਤ ਟਵੀਟ ਡਿਲੀਟ ਕਰਨ ਲਈ ਆਖਿਆ ਹੈ। ਜ਼ਿਕਰਯੋਗ ਹੈ ਕਿ ਅਨੁਪਮ ਖੇਰ ਨੇ ਗੁਰੂ ਗੋਬਿੰਦ ਸਿੰਘ ਨਾਲ ਜੁੜੇ ਉਸਤਤ ਦੇ ਦੋਹੇ 'ਸਵਾ ਲਾਖ ਸੇ ਏਕ ਲੜਾਊਂ' ਨੂੰ ਤੋੜ ਮਰੋੜ ਕੇ ਇਸ ਨੂੰ 'ਸਵਾ ਲਾਖ ਸੇ ਏਕ ਭਿੜਾ ਦੂੰ' ਕਰਦਿਆਂ ਸੰਬਿਤ ਪਾਤਰਾ ਦੀ ਤਸਵੀਰ ਨੱਥੀ ਕੀਤੀ ਸੀ। ਕੁਝ ਆਗੂਆਂ ਨੇ ਅਨੁਪਮ ਦੀ ਪਤਨੀ ਅਤੇ ਭਾਜਪਾ ਦੀ ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਨੂੰ ਪਾਰਟੀ 'ਚੋਂ ਕੱਢਣ ਦੀ ਮੰਗ ਵੀ ਕੀਤੀ ਹੈ।

ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅਨੁਪਮ ਖੇਰ ਦੀ ਸਖਤ ਆਲੋਚਨਾ ਕੀਤੀ ਹੈ। ਅਨੁਪਮ ਖੇਰ ਵੱਲੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਲਈ ਕੀਤੀ ਇਸ ਘਿਣਾਉਣੀ ਹਰਕਤ ਦੇ ਬਾਵਜੂਦ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਰੱਖਣ ਵਾਲੀ ਭਾਈਵਾਲ ਪਾਰਟੀ ਵੱਲੋਂ ਚੁੱਪ ਵੱਟਣ 'ਤੇ ਸ੍ਰੀ ਰੰਧਾਵਾ ਨੇ ਅਕਾਲੀਆਂ ਨੂੰ ਆੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਅਕਾਲੀ ਕਦੋਂ ਤੱਕ ਪੰਜਾਬੀਆਂ ਅਤੇ ਸਿੱਖਾਂ ਦੇ ਨਿਰਾਦਰ ਕਰਨ ਵਾਲਿਆਂ ਦੀ ਸੁਰ ਵਿਚ ਸੁਰ ਮਿਲਾਉਂਦੇ ਰਹਿਣਗੇ। ਸ੍ਰੀ ਖੇਰ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਿੱਖਾਂ ਦੇ ਜਜ਼ਬਾਤ 'ਤੇ ਸੱਟ ਮਾਰਨ ਦੀ ਘਟੀਆ ਹਰਕਤ ਕੀਤੀ ਹੈ ਜਿਸ



ਨੂੰ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲਗਾਤਾਰ ਘੱਟ-ਗਿਣਤੀਆਂ, ਸੰਘੀ ਢਾਂਚੇ ਅਤੇ ਖਾਸ ਤੌਰ ਉਤੇ ਕਿਸਾਨਾਂ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ।

ਉਧਰ, ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਅਨੁਪਮ ਖੇਰ ਦਾ ਟਵੀਟ ਆਰ.ਐਸ.ਐਸ. ਵੱਲੋਂ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਕਿ ਉਹ ਸਿੱਖਾਂ ਤੋਂ ਮੁਆਫੀ ਮੰਗਣ ਅਤੇ ਅਨੁਪਮ ਖੇਰ ਤੇ ਕਿਰਨ ਖੇਰ ਨੂੰ ਭਾਜਪਾ 'ਚੋਂ ਕੱਢ ਦੇਣ। ਦਿੱਲੀ ਗੁਰਦੁਆਰਾ ਕਮੇਟੀ ਦੇ ਘੱਟ ਗਿਣਤੀ ਸੈੱਲ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਰਾਹੀਂ ਅਨੁਪਮ ਖੇਰ ਨੂੰ ਨੋਟਿਸ ਪੇਜ ਕੇ ਵਿਵਾਦਗ੍ਰਸਤ ਟਵੀਟ ਤੁਰਤ 'ਡਿਲੀਟ' ਕਰਨ ਤੇ ਸਿੱਖ ਕੌਮ ਤੋਂ ਮੁਆਫੀ ਮੰਗਣ ਲਈ ਆਖਿਆ ਹੈ। ਕਮੇਟੀ ਮੁਤਾਬਕ ਜੇਕਰ ਅਨੁਪਮ ਖੇਰ ਲਿਖਤੀ ਤੌਰ 'ਤੇ ਸਿੱਖ ਕੌਮ ਤੋਂ ਮੁਆਫੀ ਨਹੀਂ ਮੰਗਦਾ ਤਾਂ ਉਨ੍ਹਾਂ ਖਿਲਾਫ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਖਾਲਿਸਤਾਨ ਦੇ ਨਾਂ 'ਤੇ ਸਿੱਖਾਂ ਦੀ ਫੜੋਫੜੀ ਗੁਲਾਮੀ ਦੀ ਨਿਸ਼ਾਨੀ: ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਪੰਜਾਬ ਵਿਚ ਪੁਲਿਸ ਵਲੋਂ ਮੁਢਲੀ ਪੁੱਛ ਪੜਤਾਲ ਦੇ ਬਹਾਨੇ ਸਿੱਖ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਗ੍ਰਿਫਤਾਰ ਕੀਤੇ ਜਾਣ ਨੂੰ ਗੁਲਾਮੀ ਦੀ ਨਿਸ਼ਾਨੀ ਦੱਸਿਆ ਹੈ ਅਤੇ ਭਾਰਤ ਤੇ ਵਿਸ਼ਵ ਦੇ ਇਨਸਾਫਪਸੰਦ ਤੇ ਅਮਨਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਦੀਆਂ ਏਜੰਸੀਆਂ ਅਤੇ ਸਰਕਾਰ ਵਲੋਂ ਸਿੱਖ ਨੌਜਵਾਨੀ ਦੇ ਘਾਣ ਦੀ ਹੋ ਰਹੀ ਤਿਆਰੀ ਨੂੰ ਗੰਭੀਰਤਾ ਨਾਲ ਲੈਣ।

ਇਕ ਪ੍ਰੈਸ ਬਿਆਨ ਵਿਚ ਪਾਰਟੀ ਨੇ ਇਸ ਕਾਰੇ ਨੂੰ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਨੌਜਵਾਨੀ ਦਾ ਘਾਣ ਕਰਨ ਦੀ ਤਿਆਰੀ ਦੱਸਿਆ ਹੈ। ਦਲ ਅਨੁਸਾਰ ਇਹ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਭਾਰਤ ਵਿਚ ਸਿੱਖ ਇਕ ਬਹੁਗਿਣਤੀ ਜਮਾਤ ਦੇ ਗੁਲਾਮ ਹਨ, ਜੋ ਸਿੱਖ ਕੌਮ ਨਾਲ ਸਬੰਧਿਤ ਫੈਸਲੇ ਕਰਦੀ ਹੈ ਤੇ ਕੌਮ ਦੇ ਅੰਦਰੂਨੀ ਤੇ ਬਾਹਰੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਦੀ ਹੈ। ਦਲ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਹਾਲ ਦੀ ਘੜੀ ਭਾਰਤ ਦੀਆਂ ਮੁੱਖ ਸੰਸਥਾਵਾਂ, ਕੇਂਦਰੀ ਹਿੰਦੀ ਮੀਡੀਆ, ਅਫਸਰਸ਼ਾਹੀ ਅਤੇ ਨਿਆਂਪਾਲਿਕਾ ਦਾ ਵੱਡਾ ਹਿੱਸਾ ਸਰਕਾਰ ਨੂੰ ਹੱਲਾਸ਼ੇਰੀ ਦੇ ਕੇ ਘੱਟ ਗਿਣਤੀਆਂ ਦੇ ਘਾਣ 'ਚ ਮੁੱਖ ਭੂਮਿਕਾ ਨਿਭਾ ਰਿਹਾ ਹੈ; ਜਦੋਂ ਕਿ ਇਹ ਗੱਲ ਵਿਸ਼ਵ ਪੱਧਰ 'ਤੇ ਸਪਸ਼ਟ ਹੋ ਚੁਕੀ ਹੈ ਕਿ ਸਿੱਖ ਕੌਮ ਸ਼ਾਂਤੀਪਸੰਦ ਤੇ ਦੂਜੇ ਧਰਮਾਂ ਨਾਲ ਵਿਚਾਰਕ ਸਾਂਝ ਲਈ ਜਾਣੀ ਜਾਂਦੀ ਹੈ।

ਦਲ ਨੇ ਪਿਛਲੇ ਦਿਨੀਂ ਭਾਰਤੀ ਹੋਮ ਮਨਿਸਟਰੀ ਵਲੋਂ ਗੁਰਪਤਵੰਤ ਸਿੰਘ ਪੰਨੂ ਸਮੇਤ 9 ਸਿੱਖਾਂ ਨੂੰ ਦਹਿਸ਼ਤਗਰਦ ਐਲਾਨ ਕੇ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਅਤੇ ਵਿਸ਼ਵ ਪੱਧਰ 'ਤੇ ਬਦਨਾਮ ਕਰਨ ਦੀ ਸਾਜਿਸ਼ ਦੱਸਿਆ ਹੈ। ਇਸੇ ਤਰ੍ਹਾਂ ਪੰਜਾਬ ਵਿਚ ਕੁਝ ਦਿਨਾਂ ਤੋਂ ਲਗਾਤਾਰ ਸਿੱਖ ਨੌਜਵਾਨਾਂ ਨੂੰ ਸਿੱਖ ਸੰਘਰਸ਼ ਨਾਲ ਜੁੜੇ ਅਤੇ ਇਸ ਦੇ ਮੁੱਦਈ ਲੋਕਾਂ ਦੀ ਯੂ. ਏ. ਪੀ. ਏ. ਕਾਨੂੰਨ ਤਹਿਤ ਗ੍ਰਿਫਤਾਰੀ ਨੂੰ ਭਾਰਤੀ ਸੁਪਰੀਮ ਕੋਰਟ ਅਤੇ ਸੰਵਿਧਾਨ ਦੇ ਖਿਲਾਫ ਦੱਸਿਆ।

ਦਲ ਨੇ ਕਿਹਾ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ ਜੱਜ ਮਾਰਕੰਡੇ ਕਟਜੂ ਨੇ ਇਕ ਫੈਸਲੇ ਵਿਚ ਅਮਨ ਪਸੰਦ ਤਰੀਕੇ ਨਾਲ ਖਾਲਿਸਤਾਨ ਦੀ ਮੰਗ ਕਰਨਾ ਅਤੇ ਸੰਘਰਸ਼ ਕਰਨ ਨੂੰ ਜਾਇਜ਼ ਮੰਨਿਆ ਹੈ। ਦਲ ਨੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਤੇ ਸਰਕਾਰਾਂ ਆਪਣੇ ਹੀ ਸੰਵਿਧਾਨ ਅਤੇ ਸੁਪਰੀਮ ਕੋਰਟ ਦਾ ਅਪਮਾਨ ਕਰ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਪੰਜਾਬ ਸਰਕਾਰ ਵਲੋਂ ਤਿੰਨ ਸਾਲਾਂ ਦੀ ਨਾਕਾਮੀ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਕਰਕੇ ਭਾਰਤ ਅੰਦਰ ਵਧ ਰਹੇ ਖਾਨਾਜੰਗੀ ਦੇ ਮਾਹੌਲ ਨੂੰ ਖਾਲਿਸਤਾਨ ਦੇ ਖਤਰੇ ਵਜੋਂ ਵਰਤਣ ਦੀ ਕੋਸ਼ਿਸ਼ ਦੱਸਿਆ ਹੈ। ਇਨ੍ਹਾਂ ਸਾਰੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਿੱਖ ਵਿਰੋਧੀ ਅਤੇ ਖਾਲਿਸਤਾਨ ਦਾ ਮੁੱਦਾ ਉਭਾਰਿਆ ਜਾ ਰਿਹਾ ਹੈ, ਜਿਸ ਕਰਕੇ ਏਜੰਸੀਆਂ ਤੇ ਸਰਕਾਰਾਂ ਵਲੋਂ ਬਹੁਗਿਣਤੀ ਕੌਮ ਨੂੰ ਸਿੱਖਾਂ ਅਤੇ ਪੰਜਾਬ ਦੇ ਖਿਲਾਫ ਮਾਹੌਲ ਤਿਆਰ ਕਰਕੇ ਆਉਂਦੀਆਂ ਚੋਣਾਂ ਵਿਚ ਵਰਤਿਆ ਜਾ ਸਕੇ।

# ਅਮਨਦੀਪ ਸਿੰਘ ਬੋਲਾ ਸੁਰਗਵਾਸ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਅਤੇ ਪਰਿਵਾਰ ਨੂੰ ਉਨ੍ਹਾਂ ਦੇ ਸਾਲੇ ਅਮਨਦੀਪ ਸਿੰਘ ਬੋਲਾ ਦੀ ਅਚਾਨਕ ਹੋਈ ਮੌਤ ਨਾਲ ਭਾਰੀ ਸਦਮਾ ਲੱਗਾ ਹੈ। ਅਮਨਦੀਪ ਸਿੰਘ, ਸੁਖਜਿੰਦਰ ਸਿੰਘ ਬੋਲਾ ਦੇ ਛੋਟੇ ਭਰਾ ਸਨ, ਜੋ ਲੰਬੇ ਅਰਸੇ ਤੋਂ ਸੈਂਟਰਲ ਕੈਲੀਫੋਰਨੀਆ ਦੇ ਸ਼ਹਿਰ ਸੈਲਮਾ ਵਿਚ ਰਹਿ ਰਹੇ ਹਨ ਅਤੇ ਭਾਈਚਾਰਕ ਕੰਮਾਂ ਵਿਚ ਹਮੇਸ਼ਾ ਸਰਗਰਮ ਰਹਿੰਦੇ ਹਨ।



ਅਮਨਦੀਪ ਦੀ ਮੌਤ ਨਾਲ ਸਾਰੇ ਬੋਲਾ ਪਰਿਵਾਰ ਨੂੰ ਵੀ ਅਸਿਹ ਸਦਮਾ ਲੱਗਾ ਹੈ ਅਤੇ ਖਾਸ ਕਰ ਉਨ੍ਹਾਂ ਦੇ ਬਿਰਧ ਪਿਤਾ ਨੂੰ ਇਹ ਵਿਛੋੜਾ ਝੱਲਣਾ ਔਖਾ ਹੈ। ਅਮਨਦੀਪ ਸਿੰਘ ਦੀ ਉਮਰ ਸਿਰਫ 48 ਸਾਲ ਸੀ ਅਤੇ ਉਹ ਚੰਗੀ ਸਿਹਤ ਵਿਚ ਸਨ। ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਬੀਮਾਰੀ ਨਹੀਂ ਸੀ। ਅਮਨਦੀਪ ਸਿੰਘ ਪਿਛਲੇ ਕੁਝ ਸਾਲਾਂ ਤੋਂ ਆਪਣੇ ਪਰਿਵਾਰ ਨਾਲ ਅਮਰੀਕਾ ਆਏ ਸਨ, ਪਰ ਉਨ੍ਹਾਂ ਦਾ ਇਕਲੌਤਾ ਪੁੱਤਰ ਰੂਬਲ ਸਿੰਘ ਅਜੇ ਵੀ ਭਾਰਤ ਵਿਚ ਹੀ ਪੜ੍ਹਾਈ ਕਰ ਰਿਹਾ ਹੈ। ਉਹ ਆਪਣੀ ਪਤਨੀ ਨਾਲ ਇਕ ਸਟੋਰ ਵਿਚ ਪਿਛਲੇ ਕੁਝ ਸਾਲਾਂ ਤੋ ਸਟੋਰ ਕਲਰਕ ਦੇ ਤੌਰ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਦਾਤੇਵਾਸ, ਤਹਿਸੀਲ ਬੁਢਲਾਡਾ ਵਿਚ ਪੈਂਦਾ ਹੈ। ਉਹ ਪਟਿਆਲਾ ਯੂਨੀਵਰਸਿਟੀ ਤੋਂ ਗਰੈਜੂਏਟ ਸਨ ਅਤੇ ਪੱਤਰਕਾਰਤਾ ਦੇ ਕਿਤੇ ਨਾਲ ਜੁੜੇ ਹੋਏ ਸਨ। ਉਨ੍ਹਾਂ ਕੁਝ ਅਰਸੇ ਲਈ ਦੂਰਦਰਸ਼ਨ ਜਲੰਧਰ ਲਈ ਵੀ ਕੰਮ ਕੀਤਾ ਅਤੇ ਇਕ ਕਿਤਾਬ 'ਜੁਗਨੂੰਆ ਦੇ ਅੰਗ-ਸੰਗ' ਵੀ ਲਿਖੀ।

ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਅਮਨਦੀਪ ਸਿੰਘ ਦੀ ਇਸ ਬੇਵਕਤ ਮੌਤ 'ਤੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਪਰਿਵਾਰ ਅਤੇ ਅਮਨਦੀਪ ਸਿੰਘ ਦੀ ਪਤਨੀ ਪ੍ਰੀਤੀ ਕੌਰ, ਬੇਟਾ ਰੂਬਲ ਸਿੰਘ, ਪਿਤਾ ਜਗਰੂਪ ਸਿੰਘ ਬੋਲਾ, ਭੈਣਾ ਪਰਮਜੀਤ ਕੌਰ ਅਤੇ ਸਵਰਨਜੀਤ ਕੌਰ ਅਤੇ ਭਰਾ ਸੁਖਜਿੰਦਰ ਸਿੰਘ ਬੋਲਾ ਅਤੇ ਹੋਰ ਰਿਸ਼ਤੇਦਾਰਾਂ ਨਾਲ ਅਫਸੋਸ ਜਾਹਰ ਕੀਤਾ ਹੈ।

## ਰੇਲ-ਬੱਸ ਹਾਦਸੇ 'ਚ ਸਿੱਖ ਯਾਤਰੂਆਂ ਦੇ ਮਾਰੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਪਿਛਲੇ ਦਿਨੀਂ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਨੇੜੇ ਵਾਪਰੇ ਰੇਲ-ਬੱਸ ਹਾਦਸੇ 'ਚ ਸਿੱਖ ਯਾਤਰੂਆਂ ਦੇ ਮਾਰੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਹੈ।

ਜ਼ਿਕਰਯੋਗ ਹੈ ਕਿ ਪੇਸ਼ਾਵਰ ਤੋਂ ਸਿੱਖ ਸੰਗਤਾਂ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਆਈਆਂ ਸਨ। ਜਦ ਨਨਕਾਣਾ ਸਾਹਿਬ ਤੋਂ ਲਾਹੌਰ ਵੱਲ ਨੂੰ ਵਾਪਸ ਆ ਰਹੇ ਸਨ ਤਾਂ ਸੰਗਤਾਂ ਦੀ ਛੋਟੀ ਬੱਸ ਦਾ ਰੇਲ ਨਾਲ ਹਾਦਸਾ ਵਾਪਰ ਗਿਆ, ਜਿਸ ਕਾਰਨ 19 ਸਿੱਖਾਂ ਦੀਆਂ ਜਾਨਾਂ ਚੱਲੀਆਂ ਗਈਆਂ।

# ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਸਰਬ ਸੰਮਤੀ ਨਾਲ ਚੋਣ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 26 ਜੂਨ ਨੂੰ ਕਰੋਨਾ ਮਹਾਮਾਰੀ ਦੇ ਪਸਾਰ ਨੂੰ ਧਿਆਨ ਵਿਚ ਰੱਖਦਿਆਂ ਵੀਡੀਓ ਕਾਨਫਰੰਸ ਕੀਤੀ ਗਈ। ਰੂਬਰੂ ਹੋਏ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਮਿਥੇ ਏਜੰਡੇ ਅਨੁਸਾਰ ਪਹਿਲੇ ਦੌਰ ਦੌਰਾਨ ਸਭਾ ਦੀ ਕਾਰਜਕਾਰਨੀ ਦੀ ਚੋਣ ਅਰੰਭੀ ਗਈ। ਚੋਣ ਪ੍ਰਕ੍ਰਿਆ ਦੇ ਹਰ ਪੜ੍ਹਾਅ ਨੂੰ ਸ਼ਾਮਲ ਮੈਂਬਰਾਂ ਦੀ ਪੂਰਨ ਰਜ਼ਾਮੰਦੀ ਅਤੇ ਸਹਿਮਤੀ ਨਾਲ ਨੇਪਰੇ ਚਾੜ੍ਹਿਆ ਗਿਆ। ਵਿਧੀਵਤ ਚੋਣ ਅਨੁਸਾਰ ਡਾ. ਗੋਬਿੰਦਰ ਸਿੰਘ ਸਮਰਾਓ ਅਤੇ ਤ੍ਰਿਪਤ ਸਿੰਘ ਭੱਟੀ ਨਵੇਂ ਡਾਇਰੈਕਟਰ ਚੁਣੇ ਗਏ। ਹਰਜਿੰਦਰ ਪੰਧੇਰ ਦੀ ਅਗਵਾਈ ਵਿਚ ਪੂਰਨ ਵਿਸ਼ਵਾਸ ਪ੍ਰਗਟਾਉਂਦਿਆਂ ਸਮੂਹ ਮੈਂਬਰਾਂ ਵਲੋਂ ਫਿਰ ਤੋਂ ਉਨ੍ਹਾਂ ਨੂੰ ਪ੍ਰਧਾਨਗੀ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲੀ ਗਈ।

ਚੋਣ ਪ੍ਰਕ੍ਰਿਆ ਨੂੰ ਅੱਗੇ ਤੋਰਦਿਆਂ ਗੁਰਪ੍ਰੀਤ ਕੌਰ ਨੂੰ ਜਨਰਲ ਸਕੱਤਰ, ਡਾ. ਰਵੀ ਸ਼ੇਰਗਿੱਲ ਨੂੰ ਸਾਹਿਤ ਸਕੱਤਰ, ਮਨਜੀਤ ਕੌਰ ਸੰਧੂ ਨੂੰ ਆਰਗੇਨਾਈਜ਼ਰ, ਜਸਵੰਤ ਸਿੰਘ ਸੈਦੋਕੇ ਨੂੰ ਸਭਿਆਚਾਰਕ ਵਿੰਗ ਦਾ ਸਕੱਤਰ, ਮ੍ਰਿਗਿੰਦਰ ਪੰਧੇਰ ਨੂੰ ਖਜਾਨਚੀ ਅਤੇ ਹਰਨੇਕ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਸਭਾ ਦੀ ਸਰਪ੍ਰਸਤੀ ਲਈ ਚਰਨਜੀਤ ਸਿੰਘ ਸਾਹੀ ਅਤੇ ਸਤਨਾਮ ਸਿੰਘ ਸੰਧੂ ਦੇ ਨਾਂਵਾਂ 'ਤੇ ਖੁਸ਼ੀ ਪ੍ਰਗਟਾਈ ਗਈ। ਸਭਾ ਦੇ ਮੁਢਲੇ ਮੈਂਬਰ ਜਸਵੰਤ ਸਿੰਘ ਸ਼ਾਦ ਨੇ ਫੋਨ ਉਤੇ ਗੱਲਬਾਤ ਕਰਦਿਆਂ ਸਭਾ ਨਾਲ ਲਗਾਤਾਰ ਜੁੜੇ ਰਹਿਣ ਦਾ ਅਹਿਦ ਨਿਭਾਇਆ। ਉਪਰੰਤ ਹਰਜਿੰਦਰ ਪੰਧੇਰ ਨੇ ਸਭਾ ਦੇ ਸੰਵਿਧਾਨ ਨੂੰ ਸਾਰੇ ਮੈਂਬਰਾਂ ਨਾਲ ਸਾਂਝਾ ਕੀਤਾ। ਖੁੱਲ੍ਹਾ ਵਿਚਾਰ-ਵਟਾਂਦਰਾ ਕਰਨ ਉਪਰੰਤ ਉਨ੍ਹਾਂ ਦੀ ਸਮੂਹਕ ਰਜ਼ਾਮੰਦੀ ਪ੍ਰਾਪਤ ਕੀਤੀ।

ਅਗਲੇਰਾ ਦੌਰ ਸਾਹਿਤਕ ਰਚਨਾਵਾਂ ਦੇ ਰੰਗ ਦਾ ਸੀ, ਜਿਸ ਵਿਚ ਬੀਬੀ ਮਨਜੀਤ ਕੌਰ ਸੇਖੋਂ ਅਤੇ ਚਰਨਜੀਤ ਸਿੰਘ ਸਾਹੀ ਨੇ ਧੀਆਂ ਦੇ ਮਾਣ ਵਿਚ ਆਪਣੀਆਂ ਨਵ-ਲਿਖਤ ਰਚਨਾਵਾਂ ਨਾਲ ਸਾਂਝ ਪਾਈ। ਤ੍ਰਿਪਤ ਸਿੰਘ ਭੱਟੀ ਅਤੇ ਹਰਨੇਕ ਸਿੰਘ ਨੇ ਆਪਣੀਆਂ ਮਿੰਨੀ ਕਹਾਣੀਆਂ ਪੇਸ਼ ਕੀਤੀਆਂ। ਉਸ ਦਿਨ ਦੀ ਸਭਾ ਦੀ ਸਾਰੀ ਕਾਰਗੁਜ਼ਾਰੀ ਨੂੰ ਗੁਰਪ੍ਰੀਤ ਕੌਰ ਨੇ ਸਕੱਤਰ ਦੇ ਤੌਰ 'ਤੇ ਮਿਥੇ ਹੋਏ ਸਮੇਂ ਦੇ ਅੰਦਰ ਬਾਖੂਬੀ ਤੇ ਸੰਜੀਦਗੀ ਨਾਲ ਨੇਪਰੇ ਚਾੜ੍ਹਿਆ।

ਸਭਾ ਦੀ ਸਾਲਾਂਬੱਧੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਡਾ. ਦਵਿੰਦਰ ਸਿੰਘ ਸੰਧੂ, ਡਾ. ਤੇਜਿੰਦਰ ਸਿੰਘ ਸੰਧੂ ਅਤੇ ਤਰਸੇਮ ਸਿੰਘ ਘੁੰਮਣ ਨੇ ਨਵੇਂ ਮੈਂਬਰਾਂ ਦੇ ਤੌਰ 'ਤੇ ਨਾ ਸਿਰਫ ਸ਼ਮੂਲੀਅਤ ਹੀ ਕੀਤੀ, ਸਗੋਂ ਇਸ ਦੇ ਪਸਾਰ ਲਈ ਵਧ ਚੜ੍ਹ ਕੇ ਹਿੱਸਾ ਲੈਣ ਅਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਉਤਸ਼ਾਹ ਵੀ ਪ੍ਰਗਟਾਇਆ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ਨਾਲ ਫੋਨ: 209-610-5055 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਰਾਸ਼ਟਰ ਵਜੋਂ ਅਸੀਂ ਸਰਾਪੇ ਹੋਏ ਹਾਂ: ਅਰੁੰਧਤੀ ਰਾਏ

***ਅਮਰੀਕਾ ਵਿਚ ਸਿਆਹਫਾਮ ਵਿਅਕਤੀ ਜੌਰਜ ਫਲਾਇਡ ਦੇ ਕਤਲ ਤੋਂ ਬਾਅਦ ਸਮੁੱਚੇ ਸੰਸਾਰ ਨੇ ਅਮਰੀਕਾ ਅੰਦਰ ਰੋਸ ਵਿਖਾਵੇ ਦੇਖੇ। ਇਸ ਪ੍ਰਸੰਗ ਵਿਚ 'ਦਲਿਤ ਕੈਮਰਾ' ਨੇ ਈਮੇਲ ਜ਼ਰੀਏ ਉਘੀ ਅਤੇ ਧੜੱਲੇਦਾਰ ਵਿਦਵਾਨ ਲੇਖਕਾ ਅਰੁੰਧਤੀ ਰਾਏ ਨਾਲ ਗੱਲਬਾਤ ਕੀਤੀ। ਇਸ ਗੱਲਬਾਤ ਵਿਚ ਅਰੁੰਧਤੀ ਰਾਏ ਨੇ ਅਮਰੀਕਾ ਵਿਚ ਹੋ ਰਹੇ ਨਸਲਵਾਦੀ ਕਤਲਾਂ ਵਿਰੁਧ ਉਠੇ ਜ਼ਬਰਦਸਤ ਰੋਹ ਉਪਰ ਵਿਚਾਰ ਪੇਸ਼ ਕਰਨ ਦੇ ਨਾਲ-ਨਾਲ ਭਾਰਤ ਦੇ ਬਿਮਾਰ ਸਮਾਜ ਦੇ ਹੱਡਾਂ 'ਚ ਰਚੇ ਇਸ ਤੋਂ ਵੀ ਭੈੜੇ ਨਸਲਵਾਦ ਬਾਰੇ ਗੱਲਾਂ ਪੂਰੀ ਬੇਬਾਕੀ ਨਾਲ ਕੀਤੀਆਂ ਹਨ। 'ਦਲਿਤ ਕੈਮਰਾ' ਵਾਲੀ ਇਸ ਅਹਿਮ ਗੱਲਬਾਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਪੇਸ਼ ਹੈ ਇਸ ਲਿਖਤ ਦੀ ਦੂਜੀ ਅਤੇ ਆਖਰੀ ਕਿਸ਼ਤ। -ਸੰਪਾਦਕ***



*ਦਿੱਲੀ ਦੇ ਸ਼ਾਹੀਨ ਬਾਗ ਵਿਚ ਰੋਸ ਵਿਖਾਵੇ ਦੀ ਇਕ ਝਲਕ।*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਸਵਾਲ:** ਤੁਹਾਨੂੰ ਲੱਗਦੈ ਕਿ ਕੋਵਿਡ-19 ਨਾਲ ਨਜਿੱਠਣ ਲਈ ਸਰਕਾਰ (ਭਾਰਤ) ਵਲੋਂ ਲਾਇਆ ਲੌਕਡਾਊਨ ਅਤੇ ਚੁੱਕੇ ਗਏ ਹੋਰ ਅਸਾਧਾਰਨ ਕਦਮ ਸਹੀ ਸਨ? ਜਾਂ ਇਹ ਕਾਹਲ ਵਿਚ ਕੀਤੀ ਕਾਰਵਾਈ ਸੀ ਜਿਸ ਕਾਰਨ ਅਨੇਕ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ? ਤੇ ਹੁਣ ਅਚਾਨਕ 'ਅਨਲੌਕ' ਕੀਤੇ ਜਾਣ ਨੂੰ ਲੈ ਕੇ ਤੁਹਾਡੀ ਕੀ ਰਾਇ ਹੈ?

**ਜਵਾਬ:** ਭਾਰਤ ਵਿਚ ਕੋਵਿਡ-19 ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਦਰਜ ਕੀਤਾ ਗਿਆ। ਡਬਲਿਊ.ਐਚ.ਓ. ਵਲੋਂ 11 ਮਾਰਚ ਨੂੰ ਇਸ ਨੂੰ ਮਹਾਮਾਰੀ ਐਲਾਨੇ ਜਾਣ ਤੋਂ ਬਾਅਦ ਵੀ ਭਾਰਤ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਅਜੇ ਸਿਹਤ ਐਮਰਜੈਂਸੀ ਦੇ ਹਾਲਾਤ ਨਹੀਂ ਹਨ। ਜਦ ਸਰਕਾਰ ਵਲੋਂ ਕੌਮਾਂਤਰੀ ਹਵਾਈ ਅੱਡੇ ਬੰਦ ਅਤੇ ਕੌਮਾਂਤਰੀ ਯਾਤਰੀਆਂ ਨੂੰ ਕਵਾਰੰਟੀਨ ਕਰ ਦੇਣਾ ਚਾਹੀਦਾ ਸੀ, ਉਨ੍ਹਾਂ ਨੇ ਨਹੀਂ ਕੀਤਾ। ਸ਼ਾਇਦ ਇਸ ਦੀ ਵਜ੍ਹਾ ਟਰੰਪ ਦੀ ਫੇਰੀ ਸੀ। ਫਰਵਰੀ ਦੇ ਆਖਰੀ ਹਫਤੇ 'ਚ ਟਰੰਪ ਭਾਰਤ ਆਇਆ। 'ਨਮਸਤੇ ਟਰੰਪ' ਵਰਗੇ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਹਜ਼ਾਰਾਂ ਲੋਕ ਜਹਾਜ਼ਾਂ ਰਾਹੀਂ ਅਮਰੀਕਾ ਤੋਂ ਮੁੰਬਈ ਤੇ ਅਹਿਮਦਾਬਾਦ ਆਏ ਅਤੇ ਸੈਂਕੜੇ-ਹਜ਼ਾਰਾਂ ਲੋਕ ਇਸ ਵਿਚ ਸ਼ਾਮਲ ਹੋਏ। ਇਨ੍ਹਾਂ ਦੋ ਸ਼ਹਿਰਾਂ ਉਪਰ ਕਰੋਨਾ ਵਾਇਰਸ ਨੇ ਭਿਆਨਕ ਹਮਲਾ ਕਰ ਦਿੱਤਾ। ਕੀ ਇਹ ਮਹਿਜ਼ ਸੰਜੋਗ ਹੈ?

ਤਬਲੀਗੀ ਜਮਾਤ ਨੂੰ ਬਦਨਾਮ ਕਰਨ ਅਤੇ 'ਨਮਸਤੇ ਟਰੰਪ' ਦੀ ਜੈ-ਜੈਕਾਰ ਨੂੰ ਜਾਇਜ਼ ਕਿਵੇਂ ਠਹਿਰਾਇਆ ਜਾ ਸਕਦਾ ਹੈ? ਉਪਰੋਂ ਸ਼ੁਰੂ ਕਰਨ ਅਤੇ ਹਵਾਈ ਸਫਰ ਕਰਨ ਵਾਲਿਆਂ ਨੂੰ ਕਵਾਰੰਟੀਨ ਕਰਨ ਦੀ ਬਜਾਏ ਸਰਕਾਰ ਬੈਠੀ ਇੰਤਜ਼ਾਰ ਕਰਦੀ ਰਹੀ। ਇਸ ਦਾ ਮੁੱਲ ਕਿਰਤੀ ਵਰਗ ਨੂੰ ਚੁਕਾਉਣਾ ਪਿਆ। ਜਦ ਮਹਿਜ਼ ਚਾਰ ਘੰਟੇ ਦੀ ਮੋਹਲਤ ਦੇ ਕੇ ਲੌਕਡਾਊਨ ਦਾ ਐਲਾਨ ਕੀਤਾ ਗਿਆ ਤਾਂ ਮੁਲਕ ਵਿਚ ਲਾਗ ਦੇ 545 ਮਾਮਲੇ ਸਨ ਅਤੇ ਉਦੋਂ ਤੱਕ 10 ਮੌਤਾਂ ਹੋਈਆਂ ਸਨ। ਇਸ ਕੱਟ-ਐਂਡ-ਪੇਸਟ ਲੌਕਡਾਊਨ ਨੂੰ ਇਟਲੀ ਤੇ ਸਪੇਨ, ਜਿਨ੍ਹਾਂ ਨੇ 'ਸੋਸ਼ਲ ਡਿਸਟੈਂਸਿੰਗ' ਲਈ ਲਾਗੂ ਕੀਤਾ ਸੀ, ਤੋਂ ਉਧਾਰ ਲਿਆ ਗਿਆ ਸੀ। ਕੋਈ ਠੋਸ ਯੋਜਨਾ ਬਣਾਏ ਬਗੈਰ ਹੀ ਥੋਪਿਆ ਜਾਣ ਵਾਲਾ ਲੌਕਡਾਊਨ ਮਨੁੱਖਤਾ ਖਿਲਾਫ ਜੁਰਮ ਤੋਂ ਘੱਟ ਨਹੀਂ ਹੈ।

ਭਾਰਤ ਵਿਚ ਸਿਰਫ ਅਮੀਰ ਲੋਕ ਹੀ ਸਰੀਰਕ ਵਿੱਥ ਬਣਾ ਸਕਦੇ ਹਨ। ਗਰੀਬ ਤਾਂ ਸਰੀਰਕ ਤੌਰ 'ਤੇ ਹਰ ਥਾਂ ਭੀੜ-ਭੜੱਕੇ 'ਚ ਤੁੰਨੇ ਹੋਏ ਹਨ: ਝੁੱਗੀਆਂ ਵਿਚ, ਨਿੱਕੇ-ਨਿੱਕੇ ਘਰਾਂ 'ਚ, ਅਣਅਧਿਕਾਰਿਤ ਬਸਤੀਆਂ ਵਿਚ। ਆਪਰੇਸ਼ਨ 'ਵੰਦੇ ਭਾਰਤ' ਰਾਹੀਂ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਤਾਂ ਉਥੋਂ ਵਿਸ਼ੇਸ਼ ਹਵਾਈ ਜਹਾਜ਼ਾਂ ਦੇ ਇੰਤਜ਼ਾਮ ਕਰ ਕੇ ਵਾਪਸ ਲਿਆਂਦਾ ਗਿਆ ਲੇਕਿਨ ਲੱਖਾਂ ਕਿਰਤੀ ਮਜ਼ਦੂਰ ਬਿਨਾਂ ਕਿਸੇ ਆਸਰੇ, ਭੋਜਨ ਜਾਂ ਪੈਸੇ ਦੇ, ਜਿਨ੍ਹਾਂ ਸ਼ਹਿਰਾਂ ਵਿਚ ਸਨ, ਉਥੇ ਹੀ ਫਸ ਗਏ। ਆਵਾਜਾਈ ਦੇ ਕੋਈ ਸਾਧਨ ਨਾ ਹੋਣ ਕਾਰਨ ਉਹ ਸਾਰੇ ਹਜ਼ਾਰਾਂ ਕਿਲੋਮੀਟਰ ਪੈਦਲ ਤੁਰ ਕੇ ਆਪਣੇ ਪਿੰਡਾਂ ਨੂੰ ਜਾਣੇ ਸ਼ੁਰੂ ਹੋ ਗਏ। ਸੈਂਕੜੇ-ਹਜ਼ਾਰਾਂ ਲੋਕਾਂ ਨੂੰ ਜਬਰੀ ਕਵਾਰੰਟੀਨ ਕੈਂਪਾਂ ਵਿਚ ਡੱਕ ਦਿੱਤਾ ਗਿਆ ਅਤੇ ਫਿਰ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਛੱਡਣ ਦੀ ਇਜਾਜ਼ਤ ਦੇ ਦਿੱਤੀ ਗਈ। ਬੱਸਾਂ ਅਤੇ ਗੱਡੀਆਂ ਵਿਚ ਤੁੰਨ ਕੇ ਉਨ੍ਹਾਂ ਨੂੰ ਵਾਪਸ ਭੇਜਿਆ ਜਾਣ ਲੱਗਾ। ਵਾਇਰਸ ਵੀ ਉਨ੍ਹਾਂ ਦੇ ਨਾਲ ਸਫਰ ਕਰ ਰਿਹਾ ਸੀ।

ਇਸ ਸਾਰੇ ਸਿਲਸਿਲੇ ਵਿਚ ਇਹੀ ਨਜ਼ਰ ਆਇਆ ਕਿ ਪ੍ਰਧਾਨ ਮੰਤਰੀ, ਜੋ ਚੋਣਾਂ ਜਿੱਤਣ ਦੇ ਮਾਮਲੇ ਵਿਚ ਤਾਂ ਬੇਹੱਦ ਚਤੁਰ ਹੈ ਲੇਕਿਨ ਉਸ ਨੂੰ ਉਸ ਮੁਲਕ ਬਾਰੇ ਕੋਈ ਇਲਮ ਨਹੀਂ ਹੈ ਜਿਸ ਦਾ ਉਹ ਕਰਤਾ-ਧਰਤਾ ਬਣਿਆ ਹੋਇਆ ਹੈ। ਕੋਈ ਜਾਣਕਾਰੀ ਨਹੀਂ ਲੇਕਿਨ ਉਸ ਦੀ ਮੁਹਿੰਮ ਦਾ ਕੋਈ ਸਾਨੀ ਨਹੀਂ ਅਤੇ ਮਾਹਰਾਂ ਦੀ ਰਾਇ ਲੈਣ ਦਾ ਤਾਂ ਕੋਈ ਯਤਨ ਹੀ ਨਹੀਂ। ਉਸ ਨੇ ਚਾਰ ਘੰਟੇ ਦੀ ਮੋਹਲਤ ਦੇ ਕੇ 138 ਕਰੋੜ ਲੋਕਾਂ ਨੂੰ ਘਰਾਂ ਵਿਚ ਬੰਦ ਕਰ ਦਿੱਤਾ। ਕਿਉਂ? ਕਿਵੇਂ? ਕਿਉਂਕਿ ਉਹ ਇਹ ਕਰ ਸਕਦਾ ਸੀ। ਭਾਜਪਾ ਵਿਚ ਸਿਆਸਤਦਾਨ, ਨੌਕਰਸ਼ਾਹ, ਵਪਾਰੀ ਵਰਗ, ਉਦਯੋਗਪਤੀ ਅਤੇ ਇਥੋਂ ਤਕ ਕਿ ਉਸ ਦੇ ਆਪਣੇ ਸਹਿਯੋਗੀ ਵੀ ਬੋਲਣ ਦੇ ਨਤੀਜਿਆਂ ਤੋਂ ਭੈਭੀਤ ਰਹਿੰਦੇ ਹਨ। ਉਨ੍ਹਾਂ ਦੇ ਦਿਮਾਗਾਂ ਵਿਚ ਜਾਂ ਤਾਂ ਇਹ ਖੌਫ ਭਰਿਆ ਹੋਇਆ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਖੁਸ਼ ਰੱਖਣ ਜਾਂ ਉਸ ਦੀ ਮਿਹਰ ਦੀ ਨਜ਼ਰ ਹਾਸਲ ਕਰਨ ਦੀ ਜੁਗਤ ਲੜਾਉਣ 'ਚ ਮਸਰੂਫ ਰਹਿੰਦੇ ਹਨ। ਅਸੀਂ ਹੀ ਉਸ ਨੂੰ ਦੋਨੋਂ ਪਾਸਿਓਂ ਸਾਡੇ ਉਪਰ ਵਦਾਣੀ ਹਥੌੜਾ ਚਲਾਉਣ ਅਤੇ ਮੁਲਕ ਨੂੰ ਤਬਾਹ ਕਰਨ ਦਾ ਜਨ-ਆਦੇਸ਼ ਦਿੱਤਾ ਹੈ।

ਲੌਕਡਾਊਨ ਦੌਰਾਨ ਲਾਗ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਗਿਆ। ਹੁਣ ਲਾਗ ਦਾ ਗਰਾਫ ਖੜ੍ਹੀ ਚਟਾਨ ਵਰਗਾ ਹੋ ਗਿਆ ਹੈ। ਇਸ ਵਕਤ ਮੁਲਕ ਵਿਚ ਸਾਢੇ ਛੇ ਲੱਖ ਤੋਂ ਜ਼ਿਆਦਾ ਲਾਗ ਦੇ ਮਾਮਲੇ ਹਨ, ਆਰਥਿਕਤਾ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ ਅਤੇ ਹੁਣ ਸਰਕਾਰ ਨੇ ਲੌਕਡਾਊਨ ਖਤਮ ਕਰ ਦਿੱਤਾ ਹੈ। ਖੁਸ਼ਕਿਸਮਤੀ ਨਾਲ, ਬਿਮਾਰਾਂ ਦਾ ਵੱਡਾ ਹਿੱਸਾ ਐਸਾ ਹੈ ਜਿਨ੍ਹਾਂ ਵਿਚ ਬਿਮਾਰੀ ਦੀਆਂ ਗੰਭੀਰ ਅਲਾਮਤਾਂ ਨਹੀਂ ਹਨ। ਜੇ ਅਸੀਂ ਸੰਖਿਆਵਾਂ ਉਪਰ ਭਰੋਸਾ ਕਰ ਸਕਦੇ ਹਾਂ ਤਾਂ ਮ੍ਰਿਤਕਾਂ ਦੀ ਤਾਦਾਦ ਅਮਰੀਕਾ ਅਤੇ ਯੂਰਪ ਦੀ ਤੁਲਨਾ ਵਿਚ ਬਹੁਤ ਘੱਟ ਹੈ; ਲੇਕਿਨ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਖੁੱਸ ਚੁੱਕੀ ਹੈ। ਆਬਾਦੀ ਦਾ ਵੱਡਾ ਹਿੱਸਾ ਭੁੱਖਮਰੀ ਦੇ ਕੰਢੇ 'ਤੇ ਹੈ। ਜਿਨ੍ਹਾਂ ਪਿੰਡਾਂ ਨੂੰ ਲੋਕ ਵਾਪਸ ਚਲੇ ਗਏ ਹਨ, ਉਥੇ ਕੀ ਹੋ ਰਿਹਾ ਹੈ? ਉਥੇ ਜਾਤੀਵਾਦ, ਜਗੀਰਦਾਰੀ, ਲਿੰਗਵਾਦ ਆਦਿ ਦੇ ਦੈਂਤ ਪਹਿਲਾਂ ਹੀ ਮੂੰਹ ਅੱਡੀ ਬੈਠੇ ਹਨ ਅਤੇ ਐਸੇ ਭੈਅ ਤੇ ਨਿਰਾਸ਼ਾ ਦੇ ਪਲਾਂ ਵਿਚ ਆਖਿਰ ਇਹ ਲੋਕ ਗੁਜ਼ਾਰਾ ਕਿਵੇਂ ਕਰਨਗੇ?

ਲੇਕਿਨ ਮੋਦੀ ਹੁਣ ਵੀ ਰਾਫੇਲ ਫਾਈਟਰ ਜੈੱਟ ਖਰੀਦਣ ਅਤੇ ਇਮਾਰਤਸਾਜ਼ੀ ਦੀ ਵਿਰਾਸਤ ਤਿਆਗ ਕੇ ਕੇਂਦਰੀ ਦਿੱਲੀ ਨੂੰ ਨਵੀਂ ਦਿੱਖ ਦੇਣ ਦੇ ਇਰਾਦੇ ਨਾਲ ਵੀਹ ਹਜ਼ਾਰ ਕਰੋੜ ਰੁਪਏ ਖਰਚਣ ਲਈ ਤਤਪਰ ਹੈ। ਇਸ ਦੌਰਾਨ ਆਫਤ ਨਾਲ ਨਜਿੱਠਣ ਦਾ ਕੰਮ ਉਨ੍ਹਾਂ ਰਾਜ ਸਰਕਾਰਾਂ ਉਪਰ ਛੱਡ ਦਿੱਤਾ ਹੈ ਜਿਨ੍ਹਾਂ ਦੀ ਉਸ ਨੇ ਲੌਕਡਾਊਨ ਐਲਾਨਣ ਤੋਂ ਪਹਿਲਾਂ ਕਦੇ ਵੀ ਕੋਈ ਸਲਾਹ ਨਹੀਂ ਲਈ; ਹੁਣ ਉਹੀ ਰਾਜ ਸਰਕਾਰਾਂ ਕਿਸੇ ਵੀ ਤਰ੍ਹਾਂ ਦੀ ਅਫਰਾ-ਤਫਰੀ ਲਈ ਦੋਸ਼ੀ ਮੰਨੀਆਂ ਜਾਣਗੀਆਂ।

***ਦਲਿਤ, ਆਦਿਵਾਸੀ ਅਤੇ ਅੱਜਕੱਲ੍ਹ ਮੁਸਲਿਮ ਵਿਦਿਆਰਥੀਆਂ ਨੂੰ ਸਕੂਲਾਂ ਅਤੇ ਕਾਲਜਾਂ ਦੇ ਅੰਦਰ ਅਤਿਅੰਤ ਵਿਰੋਧੀ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਸਾਰਿਆਂ ਨੇ ਮਿਲ ਕੇ ਇਹ ਲੜਾਈਆਂ ਲੜਨੀਆਂ ਹਨ। ਮੈਂ ਆਨਲਾਈਨ ਸਿੱਖਿਆ ਦੇ ਇਸ ਨਵੇਂ ਵਿਚਾਰ ਨੂੰ ਲੈ ਕੇ ਅਤਿਅੰਤ ਭੈਭੀਤ ਹਾਂ - ਜੋ ਸਰਕਾਰਾਂ ਲੰਮੇ ਸਮੇਂ ਤੋਂ ਸਿੱਖਿਆ ਦੇ ਖੇਤਰ ਵਿਚੋਂ ਪੂੰਜੀ ਕੱਢ ਕੇ ਇਸ ਨੂੰ ਵਪਾਰ ਬਣਾਉਣ ਦੀਆਂ ਇਛਕ ਰਹੀਆਂ ਹਨ ਉਹ ਇਸ ਮਾਧਿਅਮ ਦਾ ਸਹਾਰਾ ਲੈ ਕੇ ਸਿੱਖਿਆ ਦਾ ਨਿੱਜੀਕਰਨ ਕਰਨ ਦੀ ਹਰ ਵਾਹ ਲਾਉਗੀਆਂ।***

ਮੋਦੀ ਅਤੇ ਉਸ ਦਾ ਗੋਦੀ ਮੀਡੀਆ ਇਸ ਦੋਹਰੀ ਆਫਤ ਨੂੰ ਲੋਕਾਂ ਨੂੰ ਪ੍ਰਾਪਤੀ ਦੇ ਤੌਰ 'ਤੇ ਵੇਚੇਗਾ। ਬਿਹਾਰ ਵਿਚ 72000 ਐਲ.ਈ.ਡੀ. ਸਕਰੀਨਾਂ ਨਾਲ ਆਭਾਸੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਲੋਕ ਭੁੱਖੇ ਹਨ ਲੇਕਿਨ ਉਨ੍ਹਾਂ ਦੇ ਕੋਲ ਇਸ ਕੰਮ ਲਈ ਖੁੱਲ੍ਹੇ ਪੈਸੇ ਹਨ। ਇਕ ਵਾਰ ਫਿਰ ਉਨ੍ਹਾਂ ਦੀ ਪਟਕਥਾ ਫਿਰਕਾਪ੍ਰਸਤੀ ਵਲ ਮੋੜਾ ਕੱਟ ਰਹੀ ਹੈ। ਜਾਮੀਆ ਮਿਲੀਆ ਇਸਲਾਮੀਆ ਅਤੇ ਜੇ.ਐਨ.ਯੂ. ਦੇ ਵਿਦਿਆਰਥੀਆਂ ਉਪਰ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵਿਚ ਵੜ ਕੇ ਪੁਲਿਸ ਅਤੇ ਹਿੰਦੂਤਵਵਾਦੀ ਗੁੰਡਿਆਂ ਵਲੋਂ ਹਮਲਾ, ਜਿਸ ਦਾ ਨਿਸ਼ਾਨਾ ਮੁੱਖ ਤੌਰ 'ਤੇ ਮੁਸਲਮਾਨ ਸਨ, ਕੀਤਾ ਗਿਆ ਸੀ, ਉਨ੍ਹਾਂ ਹੀ ਵਿਦਿਆਰਥੀਆਂ ਨੂੰ ਪੂਰਬ-ਉਤਰੀ ਦਿੱਲੀ ਵਿਚ ਹਿੰਸਾ ਦੇ ਸਾਜ਼ਿਸ਼ਘਾੜਿਆਂ ਦੇ ਤੌਰ 'ਤੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ! ਇਹ ਭੀਮਾ-ਕੋਰੇਗਾਓਂ ਦਾ ਦਿੱਲੀ ਐਡੀਸ਼ਨ ਹੈ। ਇਨ੍ਹਾਂ ਦੋ ਘਟਨਾਵਾਂ ਵਿਚਾਲੇ ਭਾਰਤ ਦੇ ਕੁਝ ਬਿਹਤਰੀਨ ਵਕੀਲ, ਕਾਰਕੁਨ ਅਤੇ ਬੁੱਧੀਜੀਵੀ ਬੇਹੂਦਾ ਬੇਬੁਨਿਆਦ ਇਜ਼ਲਾਮਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਹਨ। ਜਿਵੇਂ ਕਿਸੇ ਨੇ ਕਿਹਾ ਸੀ, ਮੋਦੀ ਗੰਜਿਆਂ ਨੂੰ ਵੀ ਕੰਘੀਆਂ ਵੇਚ ਸਕਦਾ ਹੈ। ਜੇ ਅਸੀਂ ਇਹ ਕੰਘੀ ਖਰੀਦਦੇ ਹਾਂ ਤਾਂ ਅਸੀਂ ਇਸੇ ਦੇ ਲਾਇਕ ਹਾਂ। ਅਸੀਂ ਮੂਰਖਾਂ ਵਾਂਗ ਆਪਣੇ ਗੰਜੇ ਸਿਰਾਂ 'ਤੇ ਕੰਘੀ ਫੇਰਦੇ ਰਹਿ ਸਕਦੇ ਹਾਂ।

**ਸਵਾਲ:** ਸਰਕਾਰ ਨੇ 'ਤੇਜ਼ ਰਫਤਾਰ ਆਰਥਕ ਵਿਕਾਸ ਅਤੇ ਨਾਗਰਿਕ ਸ਼ਕਤੀਕਰਨ' ਲਈ 'ਡਿਜੀਟਲ ਤਕਨੀਕਾਂ ਦਾ ਲਾਹਾ ਲੈਣ' ਖਾਤਰ ਡਿਜੀਟਲ ਇੰਡੀਆ ਪ੍ਰੋਜੈਕਟ ਸ਼ੁਰੂ ਕੀਤਾ ਹੈ। ਅਰੋਗਿਆ ਸੇਤੂ ਐਪ ਅਤੇ MyGovCoronaHub ਨੂੰ ਇਸ ਪ੍ਰੋਜੈਕਟ ਦੇ ਹਿੱਸੇ ਵਜੋਂ ਪੇਸ਼ ਕੀਤਾ ਗਿਆ ਹੈ। ਤੁਹਾਡੀ ਰਾਇ 'ਚ ਡਿਜੀਟਲ ਤਕਨੀਕਾਂ ਦਾ ਲਾਹਾ ਲੈਣ ਤੋਂ ਭਾਰਤ ਸਰਕਾਰ ਦੀ ਮੁਰਾਦ ਕੀ ਹੈ? ਇਹ ਕਿਨ੍ਹਾਂ ਭਾਰਤੀ ਨਾਗਰਿਕਾਂ ਨੂੰ, ਕਿਨ੍ਹਾਂ ਤਰੀਕਿਆਂ ਨਾਲ ਸ਼ਕਤੀਸ਼ਾਲੀ ਬਣਾਉਣ ਲਈ ਸ਼ੁਰੂ ਕੀਤੀ ਗਈ ਹੈ? ਕੀ ਨਾਗਰਿਕਾਂ ਦੀ ਬਹੁਗਿਣਤੀ ਇਸ ਪ੍ਰੋਜੈਕਟ ਦੇ ਦਾਇਰੇ ਤੋਂ ਬਾਹਰ ਨਹੀਂ ਹੈ?

**ਜਵਾਬ:** ਭਾਰਤ ਵਿਚ 2022 ਵਿਚ ਸਮਾਰਟ ਫੋਨ ਖਪਤਕਾਰਾਂ ਦੀ ਸੰਖਿਆ 44 ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ਇਹ ਸੰਖਿਆ ਉਸ ਵਕਤ ਦੀ ਕੁਲ ਅੰਦਾਜ਼ਨ ਆਬਾਦੀ ਦੇ ਇਕ ਤਿਹਾਈ ਤੋਂ ਵੀ ਘੱਟ ਹੈ; ਤੇ ਅੱਜ ਬੱਚਿਆਂ ਤੱਕ ਤੋਂ ਆਨਲਾਈਨ ਪੜ੍ਹਾਈ ਦੇ ਲਈ ਸਮਾਰਟ ਫੋਨ ਰੱਖਣ ਦੀ ਆਸ ਕੀਤੀ ਜਾ ਰਹੀ ਹੈ। ਡਿਜੀਟਲ ਇੰਡੀਆ ਦੀਆਂ ਇਨ੍ਹਾਂ ਵੱਡੀਆਂ ਯੋਜਨਾਵਾਂ ਵਿਚ ਬਹੁਗਿਣਤੀ ਆਬਾਦੀ ਸ਼ਾਮਿਲ ਹੀ ਨਹੀਂ ਹੈ। ਜਿਨ੍ਹਾਂ ਐਪ ਦਾ ਤੁਸੀਂ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਕੱਚ-ਘਰੜ ਅਤੇ ਅਧੂਰੀਆਂ ਹੋਣ ਦੇ ਬਾਵਜੂਦ ਸ਼ੁਰੂ ਕਰ ਦਿੱਤਾ ਗਿਆ ਹੈ। ਬਿਲ ਗੇਟਸ ਵਰਗਾ ਨਜ਼ਰੀਆ, ਤਕਨਾਲੋਜੀ ਜਾਂ ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਵਰਗੇ ਵਿਚਾਰ, ਜਿਨ੍ਹਾਂ ਅਨੁਸਾਰ ਇਨ੍ਹਾਂ ਨਾਲ ਸਿਹਤ, ਸਿੱਖਿਆ ਅਤੇ ਗਰੀਬੀ ਵਰਗੇ ਮਸਲਿਆਂ ਦਾ ਹੱਲ ਹੋ ਜਾਵੇਗਾ, ਬੇਹੱਦ ਖਤਰਨਾਕ ਸਾਬਤ ਹੋਣਗੇ। ਸਾਨੂੰ ਰਾਜਨੀਤਕ ਹੱਲ ਦਰਕਾਰ ਹੈ। ਅਨਿਆਂ, ਭੁੱਖਮਰੀ, ਨਵ-ਨਸਲਵਾਦ, ਨਵ-ਜਾਤੀਵਾਦ, ਮੁਸਲਿਮ ਹਊਆ ਅਤੇ ਪੌਣਪਾਣੀ ਦੀ ਤਬਾਹੀ ਵਰਗੀਆਂ ਚੀਜ਼ਾਂ ਨਵ-ਉਦਾਰਵਾਦੀ ਪੂੰਜੀਵਾਦੀ ਪ੍ਰੋਜੈਕਟ ਦਾ ਹਿੱਸਾ ਹਨ। ਐਪਸ ਅਤੇ ਖੁਦ ਹੀ ਮੰਨ ਲਈ ਗਈ ਡਿਜੀਟਲ ਕਾਰਜਕੁਸ਼ਲਤਾ, ਨਾ ਤਾਂ ਮਸਲੇ ਨੂੰ ਹੱਲ ਕਰ ਸਕਦੀ ਹੈ ਅਤੇ ਨਾ ਹੀ ਕਰ ਸਕੇਗੀ। ਇਹ ਉਪਾਅ ਸਾਨੂੰ ਨਿੱਜੀਕ੍ਰਿਤ ਪੂੰਜੀਵਾਦੀ ਅਤੇ ਨਾਗਰਿਕਾਂ ਦੀ ਜਾਸੂਸੀ ਕਰਨ ਵਾਲੇ ਤਖਤ ਦੇ ਪਾਵੇ ਨਾਲ ਨੂੜ ਦੇਣ ਲਈ ਹਨ।

**ਸਵਾਲ:** ਹਾਲ ਹੀ ਵਿਚ ਦਲਿਤ ਵਿਦਿਆਰਥਣ ਦੇਵਿਕਾ ਨੇ ਖੁਦਕੁਸ਼ੀ ਕਰ ਲਈ, ਉਸ ਕੋਲ ਆਨਲਾਈਨ ਪੜ੍ਹਾਈ ਤੱਕ ਰਸਾਈ ਕਰਨ ਦੇ ਸਾਧਨ ਨਹੀਂ ਸਨ। ਕੇਰਲ ਸਰਕਾਰ ਇਸ ਪ੍ਰਣਾਲੀ ਨੂੰ ਨਿਯਮਿਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਇਤਿਹਾਸਕ ਤੌਰ 'ਤੇ ਤਕਨਾਲੋਜੀ ਨੂੰ ਸਮਾਜ ਨੂੰ ਲੋਕਤੰਤਰੀ ਬਣਾਉਣ ਦਾ ਸਾਧਨ ਮੰਨਿਆ ਜਾਂਦਾ ਹੈ। ਦੇਵਿਕਾ ਅਤੇ ਆਨਲਾਈਨ ਸਿੱਖਿਆ ਆਦਿ ਵਰਗੇ ਮਾਮਲਿਆਂ ਵਿਚ ਅਸੀਂ ਦੇਖਿਆ ਹੈ ਕਿ ਭਾਰਤ ਵਿਚ ਤਕਨਾਲੋਜੀ ਲੋਕਾਂ ਨੂੰ ਹਾਸ਼ੀਏ ਉਪਰ ਜਾਂ ਉਸ ਤੋਂ ਵੀ ਬਾਹਰ ਧੱਕਣ ਦਾ ਜ਼ਰੀਆ ਬਣੀ ਹੋਈ ਹੈ। ਮੌਜੂਦਾ ਖਾਸ ਪ੍ਰਸੰਗ 'ਚ ਇਸ ਵਿਰੋਧਾਭਾਸ ਨਾਲ ਕਿਵੇਂ ਨਜਿੱਠਿਆ ਜਾ ਸਕਦਾ ਹੈ?

**ਜਵਾਬ:** ਮੈਨੂੰ ਲੱਗਦਾ ਹੈ ਕਿ ਮੈਂ ਇਸ ਸਵਾਲ ਦਾ ਮੁੱਖ ਤੌਰ 'ਤੇ ਜਵਾਬ ਤੁਹਾਡੇ ਪਿਛਲੇ ਸਵਾਲ ਵਿਚ ਦੇ ਚੁੱਕੀ ਹਾਂ। ਕਿਸੇ ਵਿਸ਼ੇਸ਼ ਅਧਿਕਾਰ ਰਹਿਤ ਪਿਛੋਕੜ ਵਾਲੇ ਬੱਚਿਆਂ ਦੇ ਲਈ ਆਨਲਾਈਨ ਸਿੱਖਿਆ ਆਫਤ ਬਣ ਸਕਦੀ ਹੈ। ਦੇਵਿਕਾ ਨੇ ਆਪਣੀ ਜਾਨ ਲੈ ਲਈ, ਕਿਉਂਕਿ ਉਹ ਬਾਈਕਾਟ ਦੇ ਡੂੰਘੇ ਖੂਹ ਵਿਚ ਧੱਕ ਦਿੱਤੀ ਗਈ ਸੀ। ਉਸ ਕੋਲ ਸਮਾਰਟ ਫੋਨ ਨਹੀਂ ਸੀ ਅਤੇ ਟੀ.ਵੀ. ਸੈੱਟ ਦੀ ਮੁਰੰਮਤ ਕਰਾਉਣ ਦੇ ਲਈ ਉਸ ਦੇ ਪਰਿਵਾਰ ਕੋਲ ਪੈਸੇ ਨਹੀਂ ਸਨ। ਦੇਵਿਕਾ ਵਰਗੇ ਲੱਖਾਂ ਬੱਚੇ ਹਨ ਲੇਕਿਨ ਉਨ੍ਹਾਂ ਬੱਚਿਆਂ, ਜਿਨ੍ਹਾਂ ਕੋਲ ਸਮਾਰਟ ਫੋਨ ਹਨ, ਲਈ ਵੀ ਸਕੂਲਾਂ ਯੂਨੀਵਰਸਿਟੀਆਂ ਦੇ ਕੈਂਪਸਾਂ ਅੰਦਰ ਜਮਾਤਾਂ ਤੋਂ ਬਾਹਰ ਦੀਆਂ ਸਰਗਰਮੀਆਂ ਵੀ ਉਨੀਆਂ ਹੀ ਮਹੱਤਵਪੂਰਨ ਹੈ, ਜਿੰਨੀਆਂ ਜਮਾਤ ਵਿਚ ਹੋਣ ਵਾਲੀਆਂ ਸਰਗਰਮੀਆਂ।




*'ਦਲਿਤ ਕੈਮਰਾ' ਦਾ ਲੋਗੋ*

ਦਲਿਤ, ਆਦਿਵਾਸੀ ਅਤੇ ਅੱਜਕੱਲ੍ਹ ਮੁਸਲਿਮ ਵਿਦਿਆਰਥੀਆਂ ਨੂੰ ਸਕੂਲਾਂ ਕਾਲਜਾਂ ਅੰਦਰ ਅਤਿਅੰਤ ਵਿਰੋਧੀ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਸਾਰਿਆਂ ਨੇ ਮਿਲ ਕੇ ਇਹ ਲੜਾਈਆਂ ਲੜਨੀਆਂ ਹਨ। ਮੈਂ ਆਨਲਾਈਨ ਸਿੱਖਿਆ ਦੇ ਇਸ ਨਵੇਂ ਵਿਚਾਰ ਬਾਰੇ ਅਤਿਅੰਤ ਭੈਭੀਤ ਹਾਂ - ਜੋ ਸਰਕਾਰਾਂ ਲੰਮੇ ਸਮੇਂ ਤੋਂ ਸਿੱਖਿਆ ਦੇ ਖੇਤਰ ਵਿਚੋਂ ਪੂੰਜੀ ਕੱਢ ਕੇ ਇਸ ਨੂੰ ਵਪਾਰ ਬਣਾਉਣ ਦੀਆਂ ਇਛਕ ਰਹੀਆਂ ਹਨ ਉਹ ਇਸ ਮਾਧਿਅਮ ਦਾ ਸਹਾਰਾ ਲੈ ਕੇ ਸਿੱਖਿਆ ਦਾ ਨਿੱਜੀਕਰਨ ਕਰਨ ਦੀ ਹਰ ਵਾਹ ਲਾਉਗੀਆਂ। ਉਨ੍ਹਾਂ ਨੂੰ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

**ਸਵਾਲ:** ਅਨੇਕ ਕੌਮਾਂਤਰੀ ਕਾਰਕੁਨਾਂ ਅਤੇ ਵਿਦਵਾਨਾਂ ਨਾਲ ਮਿਲ ਕੇ ਤੁਸੀਂ 'ਪ੍ਰਾਗਰੈਸਿਵ ਇੰਟਰਨੈਸ਼ਨਲ' ਨਾਂ ਦਾ ਮੰਚ ਬਣਾਇਆ ਹੈ। ਇਸ ਤੋਂ ਪਹਿਲਾਂ ਵੀ 'ਲੈਫਟ ਇੰਟਰਨੈਸ਼ਨਲਿਜ਼ਮ' ਅਤੇ 'ਬਲੈਕ ਇੰਟਰਨੈਸ਼ਨਲਿਜ਼ਮ' ਆਦਿ ਮੰਚ ਬਣੇ ਹਨ। ਇਸ ਤਰ੍ਹਾਂ ਦੇ ਜ਼ਿਆਦਾਤਰ ਉਦਮ ਮਰ-ਮੁੱਕ ਗਏ ਅਤੇ ਸਾਡੇ ਰਾਜਨੀਤਕ ਤਸੱਵੁਰ ਵੀ ਕਿਤੇ ਨਾ ਕਿਤੇ ਕੌਮੀ ਅਤੇ ਨਸਲੀ ਹਨ। ਇਨ੍ਹਾਂ ਹਾਲਾਤ ਵਿਚ ਪ੍ਰਾਗਰੈਸਿਵ ਇੰਟਰਨੈਸ਼ਨਲਿਜ਼ਮ ਕੌਮੀ ਪੱਧਰ 'ਤੇ ਲੋਕ-ਲੁਭਾਊਵਾਦ ਅਤੇ ਵਿਸ਼ਵ ਪ੍ਰਣਾਲੀਆਂ ਦੀ ਪੂਰੀ ਤਰ੍ਹਾਂ ਨਾਕਾਮੀ ਦੇ ਪ੍ਰਸੰਗ ਵਿਚ ਅੱਗੇ ਕਿਵੇਂ ਵਧੇਗਾ?

**ਜਵਾਬ:** ਕੌਮਾਂਤਰੀ ਪਹਿਲਕਦਮੀਆਂ ਦਾ ਖਾਸ ਮਹੱਤਵ ਹੈ। ਐਸੀਆਂ ਪਹਿਲਕਦਮੀਆਂ ਸਾਨੂੰ ਭਵਿਖ ਦੇ ਨਕਸ਼ੇ, ਸਮਝ, ਥੋੜ੍ਹੀ ਸੁਰੱਖਿਆ ਅਤੇ ਇਕਜੁੱਟਤਾ ਦੇ ਰਾਹ ਮੁਹੱਈਆ ਕਰਦੀਆਂ ਹਨ; ਖਾਸ ਕਰ ਉਦੋਂ ਜਦ ਸਾਡੇ ਵਰਗੇ ਮੁਲਕਾਂ ਵਿਚ ਰਾਜਨੀਤਕ ਲੱਫਾਜ਼ੀ ਦੇ ਨਾਂ 'ਤੇ ਕੋਝੇ ਹਿੰਦੂ ਰਾਸ਼ਟਰਵਾਦ ਦਾ ਬੋਲਬਾਲਾ ਹੈ ਲੇਕਿਨ ਇਹ ਵੀ ਸੱਚ ਹੈ ਕਿ ਕੌਮਾਂਤਰੀਵਾਦ ਸਥਾਨਕ ਜਥੇਬੰਦਕ ਕੰਮ ਅਤੇ ਵਿਰੋਧ ਦੀ ਜਗ੍ਹਾ ਨਹੀਂ ਲੈ ਸਕਦਾ। ਇੰਜ ਕਰਨਾ ਵੱਡੀ ਗਲਤੀ ਹੋਵੇਗੀ। ਸਾਨੂੰ ਆਪਣੀਆਂ ਲੜਾਈਆਂ ਲੜਨੀਆਂ ਪੈਣਗੀਆਂ, ਤੇ ਇਸ ਲੜਾਈ ਦੇ ਜ਼ਿਆਦਾਤਰ ਹਿੱਸੇ ਵਿਚ ਅਸੀਂ ਇਕੱਲੇ ਹੀ ਹੋਵਾਂਗੇ। ਇਸ ਵਿਚ ਕੋਈ ਹੋਰ ਸਾਡੀ ਮਦਦ ਨਹੀਂ ਕਰ ਸਕਦਾ।

**ਸਵਾਲ:** ਆਲਮੀ ਪੱਧਰ 'ਤੇ ਟਾਕਰਾ ਅੰਦੋਲਨ ਹੁਣ ਸੁਧਾਰਵਾਦੀ-ਆਸ਼ਾਵਾਦੀ ਸਹਿਜ-ਅਮਲ ਦੀ ਬਜਾਏ ਬੁਨਿਆਦੀ ਅਤੇ ਪ੍ਰਬੰਧ ਨੂੰ ਬਦਲਣ ਦੀ ਮੰਗ ਕਰ ਰਹੇ ਹਨ। ਭਾਰਤ ਵਿਚ ਹਿੰਦੂ ਨਾਜ਼ੀ ਰਾਜ ਵਿਚ ਵੀ ਹਿੰਦੂ ਉਦਾਰਵਾਦੀ, ਧਰਮ ਨਿਰਪੇਖ ਲੋਕ ਬੁੱਧੀਜੀਵੀ ਆਪਣੇ ਆਸ਼ਾਵਾਦੀ ਸੁਧਾਰਵਾਦੀ ਰਾਜਨੀਤਕ ਏਜੰਡੇ ਉਪਰ ਜ਼ੋਰ ਦਿੰਦੇ ਹਨ। ਤੁਸੀਂ ਇਸ ਨੂੰ ਭਾਰਤੀ ਪ੍ਰਸੰਗ ਵਿਚ ਕਿਵੇਂ ਦੇਖਦੇ ਹੋ?

**ਜਵਾਬ:** ਇਸ ਦਾ ਸੰਖੇਪ ਜਵਾਬ ਤਾਂ ਇਹੀ ਹੈ ਕਿ ਯਥਾਸਥਿਤੀ ਵਿਚ ਜਿਨ੍ਹਾਂ ਲੋਕਾਂ ਦਾ ਸਮਾਜੀ/ਆਰਥਕ/ਬੌਧਿਕ ਕੁਝ ਵੀ ਦਾਅ 'ਤੇ ਨਹੀਂ ਲੱਗਿਆ ਹੁੰਦਾ, ਉਨ੍ਹਾਂ ਦਾ ਇਨਕਲਾਬ ਲਈ ਕੰਮ ਕਰਨਾ ਦੁਰਲੱਭ ਗੱਲ ਹੀ ਹੁੰਦੀ ਹੈ। ਉਹ ਸਥਾਪਤ ਪ੍ਰਬੰਧ ਨੂੰ ਹੀ ਥੋੜ੍ਹਾ ਬਹੁਤ ਹਾਰ-ਸ਼ਿੰਗਾਰ ਕੇ ਜਾਂ ਠੋਕਾ-ਠਾਕੀ ਕਰ ਕੇ ਠੀਕ ਕਰਨਾ ਚਾਹੁੰਦੇ ਹਨ। ਚੀਜ਼ਾਂ ਦਾ ਥੋੜ੍ਹਾ-ਬਹੁਤ ਇਧਰ-ਉਧਰ ਫੇਰਬਦਲ; ਇਸ ਤੋਂ ਜ਼ਿਆਦਾ ਕੁਝ ਨਹੀਂ। ਇਸ ਲਈ ਉਹ ਆਪਣਾ ਵਿਸ਼ਵਾਸ ਬਣਾਈ ਰੱਖਦੇ ਹਨ, ਅੱਜ ਭਾਰਤ ਦੀ ਤਕਰੀਬਨ ਹਰ ਪਬਲਿਕ ਸੰਸਥਾ ਨਿਆਂ, ਸਮਾਨਤਾਵਾਦ ਅਤੇ ਲੋਕਤੰਤਰ ਦੀ ਕਸੌਟੀ ਉਪਰ ਖਰੀ ਨਹੀਂ ਉਤਰ ਰਹੀ। ਮੌਜੂਦਾ ਹਿੰਦੂ ਨਾਜ਼ੀ ਰਾਜ

*(ਬਾਕੀ ਅਗਲੇ ਸਫੇ 'ਤੇ)*

# ਕਰੋਨਾ ਦੇ ਸੰਕਟ 'ਚ ਵੀ ਭ੍ਰਿਸ਼ਟਾਚਾਰੀਆਂ ਨੂੰ ਸ਼ਰਮ ਨਹੀਂ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਲੋਕ ਇਸ ਵੇਲੇ ਕਰੋਨਾ ਵਾਇਰਸ ਦੇ ਉਸ ਸੰਕਟ ਦਾ ਸਾਹਮਣਾ ਕਰਦੇ ਪਏ ਹਨ, ਜੋ ਸਾਰੇ ਸੰਸਾਰ ਦੇ ਲੋਕਾਂ ਦੇ ਸਿਰ ਵੀ ਪਿਆ ਹੈ ਤੇ ਸਮੁੱਚਾ ਭਾਰਤ ਵੀ ਜਿਸ ਨੂੰ ਝੱਲ ਰਿਹਾ ਹੈ। ਉਸ ਸੰਕਟ ਬਾਰੇ ਵੀ ਚਿੰਤਾ ਕਰਦੇ ਪਏ ਹਨ, ਜੋ ਚੀਨ ਨਾਲ ਅਸਲੀ ਕੰਟਰੋਲ ਰੇਖਾ ਉਤੇ ਬਣੇ ਹੋਏ ਤਣਾਓ ਕਾਰਨ ਸਾਰੇ ਦੇਸ਼ ਦੇ ਸਾਹਮਣੇ ਹੈ। ਇਸੇ ਸਮੇਂ ਪੰਜਾਬ ਦੇ ਲੋਕਾਂ ਨੂੰ ਕੁਝ ਹੋਰ ਗੱਲਾਂ ਨਾਲ ਮਾਨਸਿਕ ਸੱਟ ਵੱਜੀ ਹੈ। ਇਹ ਮੁੱਦੇ ਸਰਕਾਰੀ ਵੀ ਹਨ ਅਤੇ ਧਰਮ ਖੇਤਰ ਵਿਚਲੀਆਂ ਕਿਆਸ ਨਾ ਕਰਨ ਵਾਲੀਆਂ ਘਟਨਾਵਾਂ ਬਾਰੇ ਵੀ ਹਨ। ਸਰਕਾਰੀ ਤੇ ਗੈਰ-ਸਰਕਾਰੀ ਖੇਤਰ ਦੇ ਭ੍ਰਿਸ਼ਟਾਚਾਰ ਅਤੇ ਧਰਮ ਦੇ ਓਹਲੇ ਹੇਠ ਜੋ ਸਿਰੇ ਦੀ ਬੇਸ਼ਰਮੀ ਵੇਖਣ ਨੂੰ ਮਿਲ ਰਹੀ ਹੈ, ਇਹ ਕੁਝ ਤਾਂ ਕਦੇ ਸੋਚਿਆ ਵੀ ਨਹੀਂ ਸੀ।

ਪਹਿਲੀ ਗੱਲ ਤਾਂ ਅਸੀਂ ਇਸ ਬਾਰੇ ਦੁਖੀ ਹਾਂ ਕਿ ਜਦੋਂ ਕਰੋਨਾ ਦੇ ਦੌਰ ਵਿਚ ਲੋਕ ਬੁਰੀ ਤਰ੍ਹਾਂ ਫਸੇ ਹੋਏ ਅਤੇ ਡਾਕਟਰੀ ਕਿੱਤੇ ਵੱਲ ਬੜੀ ਆਸ ਤੇ ਸਤਿਕਾਰ ਦੀ ਨਜ਼ਰ ਨਾਲ ਵੇਖ ਰਹੇ ਸਨ, ਉਦੋਂ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਦੇ ਭ੍ਰਿਸ਼ਟਾਚਾਰ ਦਾ ਕਿੱਸਾ ਸਾਹਮਣੇ ਆ ਗਿਆ ਹੈ। ਸਾਰੇ ਲੋਕ ਜਾਣਦੇ ਹਨ ਕਿ ਕਰੋਨਾ ਵਾਇਰਸ ਦੇ ਸ਼ੁਰੂ ਹੋਣ ਨਾਲ ਹਰ ਥਾਂ ਤੋਂ ਡਾਕਟਰੀ ਕਿੱਤੇ ਨਾਲ ਜੁੜੇ ਹੋਏ ਲੋਕਾਂ ਵਾਸਤੇ ਪੀ. ਪੀ. ਈ. ਕਿੱਟਾਂ ਦੀ ਅਣਹੋਂਦ ਦੀਆਂ ਖਬਰਾਂ ਆਉਣ ਲੱਗ ਪਈਆਂ ਸਨ। ਅਸਲ ਵਿਚ ਇਹ ਸੰਕਟ ਸ਼ੁਰੂ ਹੋਣ ਤੱਕ ਬਹੁਤੇ ਲੋਕਾਂ ਨੇ ਪੀ. ਪੀ. ਈ. ਕਿੱਟਾਂ ਦਾ ਕਦੀ ਨਾਂ ਵੀ ਨਹੀਂ ਸੀ ਸੁਣਿਆ ਅਤੇ ਇੱਕ ਦੂਜੇ ਕੋਲੋਂ ਇਨ੍ਹਾਂ ਕਿੱਟਾਂ ਬਾਰੇ ਪੁੱਛਦੇ ਹੁੰਦੇ ਸਨ।

ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ (ਪੀ. ਪੀ. ਈ.) ਕਿੱਟਾਂ ਮੁਢਲੇ ਰੂਪ ਵਿਚ 16ਵੀਂ ਸਦੀ ਵਿਚ ਯੂਰਪ ਵਿਚ ਪਲੇਗ ਦੀ ਬਿਮਾਰੀ ਫੈਲਣ ਵੇਲੇ ਬਣਾਈਆਂ ਗਈਆਂ ਅਤੇ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਡਾਕਟਰਾਂ ਤੇ ਹੋਰ ਕਾਮਿਆਂ ਨੂੰ ਉਨ੍ਹਾਂ ਦੇ ਆਪਣੇ ਬਚਾਓ ਲਈ ਦਿੱਤੀਆਂ ਗਈਆਂ ਸਨ। ਪਿਛੋਂ ਅਜਿਹੀਆਂ ਕਿੱਟਾਂ ਦੀ ਵਰਤੋਂ ਅੱਗ ਲੱਗਣ ਉਤੇ ਕੁਝ ਦੇਸ਼ਾਂ ਵਿਚ ਫਾਇਰ ਸਰਵਿਸ ਵਾਲੇ ਲੋਕਾਂ ਨੂੰ ਵੀ ਦਿੱਤੀਆਂ ਜਾਣ ਲੱਗ ਪਈਆਂ ਸਨ। ਖਤਰੇ ਨਾਲ ਸਿੱਝਦੇ ਸਮੇਂ ਖੁਦ ਖਤਰੇ ਤੋਂ ਪ੍ਰਭਾਵਤ ਹੋਣ ਤੋਂ ਬਚਣ ਲਈ ਵਰਤੇ ਜਾ ਸਕਣ ਵਾਲੇ ਇਹ ਸੂਟ ਇਸ ਵਾਰੀ ਕਰੋਨਾ ਵਾਇਰਸ ਤੋਂ ਬਚਣ ਲਈ ਐਮਰਜੈਂਸੀ ਫਲਾਈਟ ਵਾਲੇ ਪਾਇਲਟਾਂ ਅਤੇ ਹੋਰ ਅਮਲੇ ਲਈ ਵੀ ਜ਼ਰੂਰੀ ਸਮਝੇ ਜਾਣ ਲੱਗ ਪਏ ਸਨ ਅਤੇ ਕਰੋਨਾ ਦੇ ਰੋਗੀ ਦੀ ਮੌਤ ਪਿੱਛੋਂ ਅੰਤਿਮ ਸਸਕਾਰ ਵੇਲੇ ਨਾਲ ਜਾਣ ਵਾਲੇ ਲੋਕਾਂ ਲਈ ਵੀ ਇਸ ਦੀ ਵਰਤੋਂ ਦੀ ਮੰਗ ਉਠਣ ਲੱਗ ਪਈ ਸੀ। ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਏਸੇ ਪੀ. ਪੀ. ਈ. ਕਿੱਟ ਦੀ ਖਰੀਦ ਵਿਚ ਘਪਲਾ ਕੀਤਾ ਗਿਆ ਹੈ ਅਤੇ ਇਸ ਦੀ ਜਾਂਚ ਵਿਚ ਕਈ ਵੱਡੇ ਨਾਂ ਆ ਰਹੇ ਹਨ।

ਕਹਾਣੀ ਇਹ ਪਤਾ ਲੱਗਦੀ ਹੈ ਕਿ ਅੰਮ੍ਰਿਤਸਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਡਾਕਟਰਾਂ ਲਈ ਜਦੋਂ ਪੀ. ਪੀ. ਈ. ਕਿੱਟਾਂ ਹੋਰ ਕਿਤੋਂ ਨਹੀਂ ਸਨ ਮਿਲੀਆਂ ਤਾਂ ਸਥਾਨਕ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਪਣੇ ਪਾਰਲੀਮੈਂਟ ਮੈਂਬਰ ਵਾਲੇ ਹਲਕਾ ਵਿਕਾਸ ਫੰਡ ਵਿਚੋਂ ਇਸ ਕੰਮ ਲਈ ਗਰਾਂਟ ਦਿੱਤੀ ਸੀ। ਜਦੋਂ ਕਿੱਟਾਂ ਪਹੁੰਚੀਆਂ ਤਾਂ ਵਰਤਣ ਵਾਲਿਆਂ ਡਾਕਟਰਾਂ ਅਤੇ ਹੋਰ ਅਮਲੇ ਨੇ ਉਨ੍ਹਾਂ ਨੂੰ ਨਿਕੰਮੀਆਂ ਕਹਿ ਕੇ ਦੁਹਾਈ ਪਾ ਦਿੱਤੀ। ਜਾਂਚ ਕਰਨ ਦਾ ਕੰਮ ਜਦੋਂ ਭ੍ਰਿਸ਼ਟ ਲੋਕਾਂ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਥਾਂ ਬਚਾਉਣ ਵਾਲਾ ਜਾਪਿਆ ਤਾਂ ਫੰਡ ਦੇਣ ਵਾਲੇ ਐਮ. ਪੀ. ਨੇ ਕੇਂਦਰ ਸਰਕਾਰ ਨੂੰ ਇਸ ਦੀ ਜਾਂਚ ਕਰਾਉਣ ਲਈ ਚਿੱਠੀ ਲਿਖ ਦਿੱਤੀ। ਇਸ ਦਾ ਅਸਰ ਇਹ ਹੋਇਆ ਕਿ ਜਾਂਚ ਦੇ ਨਾਂ ਉਤੇ ਸਾਰੇ ਮੁੱਦੇ ਨੂੰ ਖੁਰਦ-ਬੁਰਦ ਕਰਨ ਵਾਲਿਆਂ ਦਾ ਰਾਹ ਬੰਦ ਹੋ ਗਿਆ ਅਤੇ ਨਤੀਜੇ ਵਜੋਂ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਤੇ ਕੁਝ ਹੋਰਨਾਂ ਨੂੰ ਅਹੁਦੇ ਤੋਂ ਹਟਾਉਣ ਦਾ ਫੈਸਲਾ ਕਰਨਾ ਪੈ ਗਿਆ। ਅੱਗੋਂ ਜਾਂਚ ਕਿੱਥੋਂ ਤੱਕ ਜਾਵੇਗੀ, ਕਿਹਾ ਨਹੀਂ ਜਾ ਸਕਦਾ।



PERSONAL PROTECTIVE EQUIPMENT- PPE KIT

ਇਹ ਤਾਂ ਸਰਕਾਰੀ ਖੇਤਰ ਦੇ ਭ੍ਰਿਸ਼ਟਾਚਾਰ ਦਾ ਕਿੱਸਾ ਸੀ, ਕਰੋਨਾ ਵਾਇਰਸ ਦੇ ਦੌਰ ਨਾਲ ਜੁੜੇ ਹੋਏ ਭ੍ਰਿਸ਼ਟਾਚਾਰ ਦਾ ਦੂਜਾ ਗੈਰ-ਸਰਕਾਰੀ ਕਿੱਸਾ ਇਸ ਤੋਂ ਵੀ ਭੈੜਾ ਹੈ। ਅੰਮ੍ਰਿਤਸਰ ਵਿਚ ਤੁਲੀ ਲੈਬ ਵਿਚ ਲੋਕਾਂ ਦੇ ਟੈਸਟ ਕੀਤੇ ਜਾਂਦੇ ਤੇ ਬਿਨਾ ਕਿਸੇ ਬੀਮਾਰੀ ਤੋਂ ਉਨ੍ਹਾਂ ਨੂੰ ਕਰੋਨਾ ਵਾਇਰਸ ਦੇ ਮਰੀਜ਼ ਕਹਿ ਕੇ ਇੱਕ ਖਾਸ ਹਸਪਤਾਲ ਤੋਂ ਇਲਾਜ ਕਰਾਉਣ ਲਈ ਰੈਫਰ ਕੀਤਾ ਜਾਂਦਾ ਸੀ। ਉਹ ਹਸਪਤਾਲ ਪਹਿਲਾਂ ਵੀ ਪੁੱਠੇ ਕੰਮ ਲਈ ਲੋਕਾਂ ਵਿਚ ਚਰਚਿਤ ਸੀ। ਅਗਲਾ ਕੰਮ ਉਸ ਹਸਪਤਾਲ ਵਿਚ ਇਹ ਹੁੰਦਾ ਰਿਹਾ ਕਿ ਠੀਕ-ਠਾਕ ਵਿਅਕਤੀਆਂ ਨੂੰ ਹਸਪਤਾਲ ਲਿਟਾ ਕੇ ਮੋਟੇ ਬਿੱਲ ਬਣਾਏ ਅਤੇ ਉਨ੍ਹਾਂ ਦੀਆਂ ਜੇਬਾਂ ਕੱਟੀਆਂ ਜਾਂਦੀਆਂ ਰਹੀਆਂ। ਜਦੋਂ ਇੱਕੋ ਪਰਿਵਾਰ ਦੇ ਕਈ ਲੋਕ ਕਰੋਨਾ ਵਾਇਰਸ ਦੇ ਪਾਜ਼ੇਟਿਵ ਮਰੀਜ਼ ਦੱਸ ਕੇ ਇਸੇ ਹਸਪਤਾਲ ਵਿਚ ਭੇਜ ਦਿੱਤੇ ਗਏ ਤਾਂ ਪਰਿਵਾਰ ਦੇ ਦਾਮਾਦ ਨੇ ਜ਼ਿਦ ਕਰ ਕੇ ਸਰਕਾਰੀ ਲੈਬ ਤੋਂ ਉਨ੍ਹਾਂ ਦੇ ਸੈਂਪਲ ਟੈਸਟ ਕਰਵਾਏ ਤੇ ਨਤੀਜੇ ਵਿਚ ਉਹ ਲੋਕ ਕਿਸੇ ਵੀ ਬਿਮਾਰੀ ਤੋਂ ਰਹਿਤ ਨਿਕਲੇ।

ਫਿਰ ਵਿਜੀਲੈਂਸ ਦੀ ਕਾਰਵਾਈ ਚੱਲੀ ਤੇ ਤੁਲੀ ਲੈਬ ਦੇ ਨਾਲ ਹਸਪਤਾਲ ਦੇ ਅੱਧੀ ਕੁ ਦਰਜਨ ਡਾਕਟਰਾਂ ਉਤੇ ਸ਼ਿਕੰਜਾ ਕਸਿਆ ਜਾਣ ਲੱਗਾ ਤਾਂ ਉਹ ਸਾਰੇ ਜਣੇ ਜਾਂਚ ਦਾ ਸਾਹਮਣਾ ਕਰਨ ਦੀ ਥਾਂ ਗੁਪਤ ਵਾਸ ਹੋ ਕੇ ਕਾਨੂੰਨੀ ਕਾਰਵਾਈ ਕਰਨ ਨਿਕਲ ਪਏ। ਅਸੀਂ ਡਾਕਟਰੀ ਕਿੱਤੇ ਵੱਲ ਸਤਿਕਾਰ ਦੀ ਨਜ਼ਰ ਨਾਲ ਵੇਖਦੇ ਹਾਂ ਤੇ ਭਵਿੱਖ ਵਿਚ ਵੀ ਵੇਖਦੇ ਰਹਿਣਾ ਚਾਹੁੰਦੇ ਹਾਂ, ਪਰ ਸਾਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਸ ਮਾਮਲੇ ਵਿਚ ਡਾਕਟਰਾਂ ਦੀ ਕਿਸੇ ਜਥੇਬੰਦੀ ਨੇ ਡਾਕਟਰੀ ਕਿੱਤੇ ਦੇ ਇਸ ਭ੍ਰਿਸ਼ਟਾਚਾਰ ਵਿਰੁੱਧ ਅਵਾਜ਼ ਨਹੀਂ ਉਠਾਈ। ਡਾਕਟਰਾਂ ਦੀ ਐਸੋਸੀਏਸ਼ਨ ਉਦੋਂ ਵੀ ਚੁੱਪ ਰਹੀ, ਜਦੋਂ ਏਸੇ ਅੰਮ੍ਰਿਤਸਰ ਵਿਚ ਵੀਹ ਕੁ ਸਾਲ ਪਹਿਲਾਂ ਗਰੀਬ ਲੋਕਾਂ ਦੀਆਂ ਕਿਡਨੀਆਂ ਕੱਢ ਕੇ ਅਮੀਰਾਂ ਨੂੰ ਲਾਉਣ ਅਤੇ ਪੈਸਾ ਕਮਾਉਣ ਦੀ ਗੰਦੀ ਖੇਡ ਨੰਗੀ ਹੋਈ ਸੀ।

ਦੂਜਾ ਪੱਖ ਧਰਮ ਦੇ ਖੇਤਰ ਵਿਚ ਹੁੰਦੇ ਭ੍ਰਿਸ਼ਟਾਚਾਰ ਦਾ ਹੈ। ਜਦੋਂ ਕਰੋਨਾ ਵਾਇਰਸ ਦੇ ਕਾਰਨ ਭਾਰਤ ਸਰਕਾਰ ਨੇ ਲੌਕਡਾਊਨ ਕੀਤਾ ਹੋਇਆ ਸੀ ਤੇ ਪੰਜਾਬ ਵਿਚ ਕਰਫਿਊ ਹੋਣ ਕਾਰਨ ਲੋਕ ਧਰਮ ਅਸਥਾਨਾਂ ਵਿਚ ਜਾਂਦੇ ਨਹੀਂ ਸਨ, ਉਸ ਵੇਲੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰ ਵਿਚ ਲੱਖਾਂ ਰੁਪਏ ਦਾ ਲੰਗਰ ਘੁਟਾਲਾ ਹੋ ਗਿਆ। ਦੱਸਿਆ ਗਿਆ ਹੈ ਕਿ ਕਾਗਜ਼ਾਂ ਵਿਚ ਲੱਖਾਂ ਰੁਪਏ ਦੀ ਸਬਜ਼ੀ ਰੋਜ਼ ਤਾਜ਼ੀ ਖਰੀਦ ਕੇ ਬਣਾਈ ਜਾਂਦੀ ਤੇ ਸੰਗਤ ਆਉਣ ਤੋਂ ਬਿਨਾ ਰੋਜ਼ ਵਰਤਾਈ ਗਈ ਦਿਖਾਈ ਜਾਂਦੀ ਰਹੀ ਸੀ। ਰੌਲਾ ਪਿਆ ਤਾਂ ਇਸ ਦੀ ਜਾਂਚ ਕਰਾਉਣੀ ਪੈ ਗਈ। ਤਖਤ ਕੇਸਗੜ੍ਹ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋਣ ਕਰ ਕੇ ਜਾਂਚ ਅਧਿਕਾਰੀ ਅੰਮਿਤਸਰੋਂ ਆਏ ਅਤੇ ਮਾਮਲਾ ਮੀਡੀਏ ਵਿਚ ਆ ਚੁਕਾ ਹੋਣ ਕਾਰਨ ਪੰਜ ਜਣੇ ਸਸਪੈਂਡ ਕਰਨ ਦਾ ਹੁਕਮ ਹੋ ਗਿਆ। ਇਨ੍ਹਾਂ ਪੰਜਾਂ ਵਿਚ ਇੱਕ ਉਸ ਤਖਤ ਸਾਹਿਬ ਦਾ ਮੈਨੇਜਰ ਸੀ ਅਤੇ ਦੂਜੇ ਉਸ ਦੇ ਨਾਲ ਮੀਤ ਮੈਨੇਜਰ ਤੇ ਹੋਰ ਜ਼ਿੰਮੇਵਾਰ ਅਧਿਕਾਰੀ ਸਨ।

ਹੈਰਾਨੀ ਦੀ ਗੱਲ ਹੈ ਕਿ ਕਿਸੇ ਪ੍ਰਾਈਵੇਟ ਕੰਪਨੀ ਵਿਚ ਵੀ ਘਪਲਾ ਹੋਵੇ ਤਾਂ ਪੁਲਿਸ ਨੂੰ ਰਿਪੋਰਟ ਕੀਤੀ ਜਾਂਦੀ ਹੈ, ਪਰ ਸ਼੍ਰੋਮਣੀ ਕਮੇਟੀ ਇਸ ਦੇਸ਼ ਦੇ ਸੰਵਿਧਾਨ ਮੁਤਾਬਕ ਬਣੀ ਹੋਣ ਦੇ ਬਾਵਜੂਦ ਇਸ ਵੱਡੇ ਘਪਲੇ ਦਾ ਕੇਸ ਦਰਜ ਕਰਾਉਣ ਤੋਂ ਕੰਨੀ ਕਤਰਾਉਣ ਦਾ ਕੰਮ ਹੋਣ ਲੱਗ ਪਿਆ। ਇੱਕ ਜਾਂਚ ਕਮੇਟੀ ਬਣਾ ਲਈ ਹੈ ਤੇ ਫਿਰ ਬਚਾਉਣ ਦੇ ਚਾਰੇ ਸ਼ੁਰੂ ਹੋ ਜਾਣਗੇ। ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਦਾ ਬਿਆਨ ਆਇਆ ਹੈ ਕਿ ਦੋਸ਼ੀਆਂ ਦੇ ਵਿਰੁੱਧ ਸਖਤੀ ਕੀਤੀ ਜਾਵੇਗੀ, ਪਰ ਆਮ ਲੋਕ ਇਹ ਮੰਨਣ ਵਿਚ ਬਹੁਤ ਜ਼ਿਆਦਾ ਔਖ ਮਹਿਸੂਸ ਕਰਦੇ ਹਨ ਕਿ ਢਾਈ ਮਹੀਨੇ ਜਦੋਂ ਏਸੇ ਤਖਤ ਸਾਹਿਬ ਦੇ ਅੰਦਰ ਲੰਗਰ ਦਾ ਲੱਖਾਂ ਰੁਪਏ ਦਾ ਘਪਲਾ ਹੁੰਦਾ ਰਿਹਾ, ਜਥੇਦਾਰ ਸਾਹਿਬ ਨੂੰ ਭਲਾ ਇਸ ਦੀ ਭਿਣਕ ਵੀ ਨਾ ਲੱਗੀ ਹੋਵੇਗੀ!

ਅਸੀਂ ਕੇਂਦਰ ਜਾਂ ਰਾਜ ਸਰਕਾਰ ਦੇ ਅਦਾਰਿਆਂ ਅਤੇ ਗੈਰ-ਸਰਕਾਰੀ ਲੈਬਾਰਟਰੀਆਂ ਤੇ ਹਸਪਤਾਲਾਂ ਵਿਚ ਨਿੱਤ ਵਾਪਰਦੇ ਭ੍ਰਿਸ਼ਟਾਚਾਰ ਦੀ ਛੋਟੀ ਜਿਹੀ ਵੰਨਗੀ ਦੀ ਗੱਲ ਕੀਤੀ ਹੈ, ਜਿਸ ਦੀ ਜਾਂਚ ਚੱਲਦੀ ਪਈ ਹੈ। ਉਂਜ ਹਸਪਤਾਲਾਂ ਦਾ ਇਹ ਕਿੱਸਾ ਵੀ ਅੱਜਕੱਲ੍ਹ ਗੁੱਝਾ ਨਹੀਂ ਰਹਿ ਗਿਆ ਕਿ ਕੁਝ ਹਸਪਤਾਲ ਸਰਕਾਰ ਦੀਆਂ ਆਯੂਸ਼ਮਾਨ ਜਾਂ ਹੋਰਨਾਂ ਸਕੀਮਾਂ ਹੇਠ ਚੰਗੇ-ਭਲੇ ਲੋਕਾਂ ਨੂੰ ਆਪਣੇ ਕਮਰਿਆਂ ਵਿਚ ਦਾਖਲ ਦੱਸ ਕੇ ਉਨ੍ਹਾਂ ਦਾ ਸਰਕਾਰ ਤੋਂ ਮਿਲਦਾ ਪੈਸਾ ਹੜੱਪਣ ਦਾ ਕੰਮ ਵੀ ਕਰਦੇ ਹਨ। ਮੋਹਾਲੀ ਵਿਚ ਇੱਕ ਵਾਰ ਏਦਾਂ ਦੇ ਜਾਅਲੀ ਮਰੀਜ਼ ਦਿਖਾ ਕੇ ਇੰਸ਼ੋਰੈਂਸ ਕੰਪਨੀਆਂ ਤੋਂ ਪੈਸੇ ਵਸੂਲ ਕਰਨ ਦਾ ਸਕੈਂਡਲ ਫੜਿਆ ਗਿਆ ਸੀ ਤੇ ਵੱਡੇ-ਵੱਡੇ ਹਸਪਤਾਲਾਂ ਬਾਰੇ ਚਰਚਾ ਹੋਈ ਸੀ। ਸਾਰੇ ਡਾਕਟਰ ਬਿਨਾ ਸ਼ੱਕ ਇਕੋ ਜਿਹੇ ਨਹੀਂ ਹੁੰਦੇ, ਬਹੁਤੇ ਡਾਕਟਰ ਲੋਕਾਂ ਦੀ ਸੇਵਾ ਦਾ ਫਰਜ਼ ਨਿਭਾਉਂਦੇ ਹਨ, ਪਰ ਇਸ ਤਰ੍ਹਾਂ ਦੀਆਂ ਕਾਲੀਆਂ ਭੇਡਾਂ ਡਾਕਟਰਾਂ ਦੇ ਸਾਰੇ ਭਾਈਚਾਰੇ ਨੂੰ ਚੁਭਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਇਸ ਬਾਰੇ ਚੁੱਪ ਵੱਟ ਜਾਣਾ ਮਾੜਾ ਲੱਗਦਾ ਹੈ। ਇਸੇ ਤਰ੍ਹਾਂ ਜਦੋਂ ਕਿਸੇ ਧਰਮ ਅਸਥਾਨ ਵਿਚੋਂ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਜਿਹੀ ਹੇਰਾਫੇਰੀ ਦੀ ਗੱਲ ਬਾਹਰ ਆਉਂਦੀ ਤੇ ਉਸ ਦੇ ਖਿਲਾਫ ਸਖਤੀ ਦੇ ਐਲਾਨਾਂ ਦੇ ਓਹਲੇ ਹੇਠ ਪਰਦੇ ਪਾਉਣ ਦਾ ਕੰਮ ਚੱਲਦਾ ਹੈ ਤਾਂ ਸ਼੍ਰੋਮਣੀ ਕਮੇਟੀ ਦੇ ਜਿਹੜੇ ਮੈਂਬਰ ਅਜੇ ਬਾਕੀਆਂ ਵਾਂਗ ਬਦਨਾਮ ਨਹੀਂ ਸਮਝੇ ਜਾਂਦੇ, ਉਨ੍ਹਾਂ ਨੂੰ ਇਸ ਦੇ ਖਿਲਾਫ ਚੁੱਪ ਤੋੜਨੀ ਚਾਹੀਦੀ ਹੈ। ਸਾਨੂੰ ਦੁੱਖ ਹੈ ਕਿ ਜਦੋਂ ਲੋਕ ਕਰੋਨਾ ਦੇ ਕਹਿਰ ਝੱਲਦੇ ਪਏ ਹਨ, ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਉਦੋਂ ਵੀ ਸ਼ਰਮ ਨਹੀਂ ਆ ਰਹੀ।

# ਅਰੁੰਧਤੀ ਰਾਏ

*(ਪਿਛਲੇ ਸਫੇ ਦੀ ਬਾਕੀ)*

ਦੇ ਤੁਹਾਡੇ ਵਲੋਂ ਕੀਤੇ ਵਰਗੀਕਰਨ ਨੂੰ ਲੈ ਕੇ ਕਈ ਲੋਕ ਡੋਲ ਜਾਣਗੇ ਲੇਕਿਨ ਫਾਸ਼ੀਵਾਦੀ ਵਿਚਾਰਧਾਰਾ ਵਿਚ ਸ਼੍ਰੇਸ਼ਟ ਨਸਲ ਦਾ ਯਕੀਨ, ਬ੍ਰਾਹਮਣਵਾਦ ਅਤੇ ਭੂਦੇਵ ਦੇ ਵਿਚਾਰ, ਜਿਸ ਅਨੁਸਾਰ ਬ੍ਰਾਹਮਣ ਹੀ ਧਰਤੀ ਦਾ ਦੇਵਤਾ ਹੈ, ਨਾਲੋਂ ਵੱਖਰਾ ਨਹੀਂ ਹੈ। ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ 'ਦੈਵੀ ਆਦੇਸ਼ ਕਾਰਨ ਕੁਝ ਲੋਕ ਸ੍ਰੇਸ਼ਟ ਹੀ ਜੰਮਦੇ ਹਨ ਅਤੇ ਕੁਝ ਹੀਣ' ਵਰਗੇ ਵਿਚਾਰ ਸ਼੍ਰੇਸ਼ਟਤਾਬੋਧ ਵਿਚ ਗ੍ਰਸੀ ਫਾਸ਼ੀਵਾਦੀ ਵਿਚਾਰਧਾਰਾ ਨਾਲ ਕਿਵੇਂ ਰਚ-ਮਿਚ ਜਾਂਦੇ ਹਨ।

**ਸਵਾਲ:** ਅਸੀਂ ਦੇਖਿਆ ਹੈ ਕਿ ਕਿਵੇਂ ਐਨ.ਆਰ.ਸੀ.-ਸੀ.ਏ.ਏ.-ਐਨ.ਪੀ.ਆਰ. ਅੰਦੋਲਨ ਵਿਚ, ਸੰਵਿਧਾਨ ਅਤੇ ਭਾਰਤੀ ਰਾਸ਼ਟਰੀ ਝੰਡੇ ਦਾ ਇਸਤੇਮਾਲ ਪ੍ਰਮੁੱਖਤਾ ਨਾਲ ਕੀਤਾ ਗਿਆ ਹੈ। ਸਾਡਾ ਸਵਾਲ ਖਾਸ ਕਰ ਸੰਵਿਧਾਨ ਬਾਰੇ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਸੰਵਿਧਾਨ ਦਾ ਇਸਤੇਮਾਲ, ਦਲਿਤ-ਬਹੁਜਨ-ਮੁਸਲਿਮ ਦੇ ਮੁੱਖ ਸਵਾਲ ਤੋਂ ਧਿਆਨ ਹਟਾਉਣ ਦੇ ਲਈ ਕੀਤਾ ਜਾ ਰਿਹਾ ਹੈ ਕਿ ਇਹ ਸਾਨੂੰ ਅੰਦੋਲਨ ਦੀਆਂ ਮੋਹਰਲੀਆਂ ਸਫਾਂ ਉਪਰ ਲੜਨ ਵਾਲਿਆਂ ਦੇ ਅਸਲ ਮਸਲਿਆਂ ਉਪਰ ਕੇਂਦਰਤ ਹੋਣ ਦੀ ਇਜਾਜ਼ਤ ਨਹੀਂ ਦਿੰਦਾ? ਤੁਹਾਡੇ ਅਨੁਸਾਰ ਇਸ ਦੀਆਂ ਅਰਥ-ਸੰਭਾਵਨਾਵਾਂ ਕੀ ਹੋਣਗੀਆਂ?

**ਜਵਾਬ:** ਇਹ ਅਤਿਅੰਤ ਗੁੰਝਲਦਾਰ ਮਾਮਲਾ ਹੈ। ਸੋਚੇ-ਸਮਝੇ ਕਾਰਨਾਂ ਕਰ ਕੇ ਲੋਕਾਂ ਨੂੰ ਆਪਣੀ ਪਛਾਣ ਆਪਣੇ ਚਿਹਰੇ ਉਪਰ ਲਗਾ ਕੇ ਅਲੱਗ-ਥਲੱਗ ਪੈ ਜਾਣ ਦੇ ਲਈ ਮਜਬੂਰ ਕੀਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ, ਜਿਸ ਦੀ ਮਸੌਦਾ ਕਮੇਟੀ ਦੀ ਪ੍ਰਧਾਨਗੀ ਡਾ. ਅੰਬੇਡਕਰ ਨੇ ਕੀਤੀ ਸੀ, ਆਪਣੇ ਜ਼ਮਾਨੇ ਤੋਂ ਬਹੁਤ ਅਗਲਾ ਦਸਤਾਵੇਜ਼ ਸੀ। ਭਾਰਤ ਵਿਚ ਪਹਿਲੀ ਵਾਰ ਨੈਤਿਕ ਅਤੇ ਕਾਨੂੰਨੀ ਰੂਪ 'ਚ ਤੈਅ ਕੀਤਾ ਗਿਆ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਉਨ੍ਹਾਂ ਦੇ ਹੱਕ ਬਰਾਬਰ ਹਨ। ਭਾਰਤ ਵਰਗੇ ਜਾਤੀ ਪ੍ਰਥਾ ਨਾਲ ਗ੍ਰਸੇ ਵੰਨ-ਸਵੰਨੇ ਸਮਾਜ ਵਿਚ ਸਭ ਤੋਂ ਉਪਰਲੇ ਅਤੇ ਸਭ ਤੋਂ ਹੇਠਲੇ ਪੌਡੇ ਉਪਰ ਬੈਠੇ ਲੋਕਾਂ ਤੋਂ ਇਲਾਵਾ ਸਾਰੇ ਲੋਕ ਕਿਸੇ ਨਾ ਕਿਸੇ ਉਪਰ ਜ਼ੁਲਮ ਕਰਦੇ ਹਨ ਅਤੇ ਕਿਸੇ ਨਾ ਕਿਸੇ ਦਾ ਜ਼ੁਲਮ ਸਹਿੰਦੇ ਹਨ। ਐਸੇ ਸਮਾਜ ਲਈ ਸਮਾਨਤਾ ਅਤੇ ਸੰਵਿਧਾਨਕ ਨੈਤਿਕਤਾ ਦਾ ਵਿਚਾਰ ਬਹੁਤ ਬੜੀ ਗੱਲ ਸੀ।

ਦਲਿਤਾਂ ਲਈ ਖਾਸ ਕਰ ਕੇ ਇਹ ਪਾਵਨ ਗ੍ਰੰਥ ਹੈ ਜਿਸ ਵਿਚ ਕੋਈ ਬਦਲਾਓ ਨਹੀਂ ਹੋਇਆ। ਵਿਡੰਬਨਾ ਇਹ ਹੈ ਕਿ ਅੰਬੇਡਕਰ ਖੁਦ ਸੰਵਿਧਾਨ ਦੇ ਕਈ ਪਹਿਲੂਆਂ ਤੋਂ ਬਹੁਤ ਨਿਰਾਸ਼ ਸਨ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਇਸ ਨੂੰ ਸਜਿੰਦ ਦਸਤਾਵੇਜ਼ ਹੋਣਾ ਚਾਹੀਦਾ ਹੈ ਅਤੇ ਹਰ ਪੀੜ੍ਹੀ ਨੂੰ ਇਸ ਨੂੰ ਸੁਧਾਰਨ ਦੀ ਦਿਸ਼ਾ ਵਿਚ ਕੰਮ ਕਰਨਾ ਚਾਹੀਦਾ ਹੈ; ਲੇਕਿਨ ਹਿੰਦੂ ਸੱਜੇਪੱਖੀ ਤਾਕਤਾਂ ਵਲੋਂ ਸੰਵਿਧਾਨ ਉਪਰ ਲਗਾਤਾਰ ਹਮਲਿਆਂ ਤੋਂ ਇਸ ਨੂੰ ਬਚਾਉਣ ਦੀ ਜ਼ਰੂਰਤ ਬਣ ਗਈ। ਇਨ੍ਹਾਂ ਮਾਇਨਿਆਂ ਵਿਚ ਸੰਵਿਧਾਨ ਨੂੰ ਬਦਲਣ ਦੀਆਂ ਮੰਗਾਂ ਅਗਾਂਵਧੂ ਨਹੀਂ ਸਗੋਂ ਪਿਛਾਂਹਖਿਚੂ ਹੋ ਗਈਆਂ। ਸਾਨੂੰ ਇਸ ਦੇ ਲਈ ਜੁੱਟਣਾ ਹੋਵੇਗਾ ਤਾਂ ਜੁ ਸੰਵਿਧਾਨ ਨੂੰ ਬਚਾਇਆ ਜਾ ਸਕੇ। ਹੁਣ ਜਦ ਆਰ.ਐਸ.ਐਸ. ਸੱਤਾ ਵਿਚ ਹੈ ਤਾਂ ਸੰਵਿਧਾਨ ਬਚਾਉਣ ਵਾਲਿਆਂ ਨੂੰ ਸੰਵਿਧਾਨਵਾਦ ਵਰਗਾ ਕੋਈ ਰਾਸਤਾ ਅਖਤਿਆਰ ਕਰਨਾ ਪਵੇਗਾ।

ਸੰਨ 2019 ਸਦਮਾ ਦੇਣ ਵਾਲਾ ਸੀ। ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ




ਗਿਆ। ਮੁਸਲਿਮ ਵਿਰੋਧੀ ਨਾਗਰਿਕਤਾ ਸੋਧ ਐਕਟ ਲਾਗੂ ਕਰ ਦਿੱਤਾ ਗਿਆ। ਇਨ੍ਹਾਂ ਕਦਮਾਂ ਜ਼ਰੀਏ ਸਰਕਾਰ ਵਲੋਂ ਸੰਵਿਧਾਨ ਦਾ ਘੋਰ ਉਲੰਘਣ ਕੀਤਾ ਗਿਆ। ਸਰਕਾਰ ਦੇ ਇਨ੍ਹਾਂ ਕਦਮਾਂ ਦਾ ਸਿੱਧਾ ਜਿਹਾ ਭਾਵ ਇਹ ਹੈ ਕਿ ਸੰਵਿਧਾਨ ਨੂੰ ਮੁੜ ਲਿਖਣ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਬਜਾਏ ਇਸ ਤਰ੍ਹਾਂ ਵਿਹਾਰ ਕੀਤਾ ਜਾਵੇ, ਜਿਵੇਂ ਸੰਵਿਧਾਨ ਨਾਂ ਦੀ ਕੋਈ ਸ਼ੈਅ ਹੀ ਨਹੀਂ ਹੈ। ਮੁੱਖਧਾਰਾ ਦੇ ਮੀਡੀਆ ਵਲੋਂ ਮੁਸਲਮਾਨਾਂ ਨੂੰ ਰਾਸ਼ਟਰ ਵਿਰੋਧੀ, ਪਾਕਿਸਤਾਨ ਹਮਾਇਤੀ ਅਤੇ ਦਹਿਸ਼ਤਗਰਦਾਂ ਦੇ ਰੂਪ 'ਚ ਪੇਸ਼ ਕਰਨਾ, ਉਨ੍ਹਾਂ ਦੇ ਲਈ ਘਟੀਆ ਅਤੇ ਅਣਮਨੁੱਖੀ ਭਾਸ਼ਾ ਵਰਤਣਾ, ਅਦਾਲਤਾਂ ਅਤੇ ਪੁਲਿਸ ਕਾਰਵਾਈ ਵਿਚ ਉਨ੍ਹਾਂ ਦੇ ਪ੍ਰਤੀ ਪੱਖਪਾਤ ਅਤੇ ਸੜਕਾਂ ਉਪਰ ਉਨ੍ਹਾਂ ਦਾ ਖੂਨ ਵਹਾਉਣਾ; ਐਸੇ ਹਾਲਾਤ 'ਚ ਵਿਰੋਧ ਕਰਨ ਵਾਲੇ ਮੁਸਲਮਾਨਾਂ ਨੂੰ ਜਾਪਿਆ ਕਿ ਖੁਦ ਨੂੰ ਬਚਾਉਣ ਲਈ ਉਨ੍ਹਾਂ ਦੇ ਕੋਲ ਸਿਰਫ ਇਕ ਹੀ ਰਾਸਤਾ ਬਚਿਆ ਹੈ ਕਿ ਉਹ ਸੜਕਾਂ ਉਪਰ ਆ ਕੇ ਭਾਰਤੀ ਝੰਡੇ ਲਹਿਰਾਉਣ ਅਤੇ ਸੰਵਿਧਾਨ ਦੀ ਆਦਿਕਾ ਦਾ ਪਾਠ ਕਰਨ।

ਹੁਣ ਜਦ ਮੁਸਲਮਾਨਾਂ ਦਾ ਸਮਾਜੀ ਅਤੇ ਆਰਥਕ ਬਾਈਕਾਟ ਕੀਤਾ ਜਾਣਾ ਸ਼ੁਰੂ ਹੋ ਗਿਆ ਹੈ, ਹੁਣ ਜਦ ਮੁੱਖਧਾਰਾ ਮੀਡੀਆ ਕੋਰੋਨਾ ਜਹਾਦ ਅਤੇ ਮਨੁੱਖੀ ਬੰਬ ਵਰਗੇ ਹੈਸ਼ਟੈਗ ਦੇ ਨਾਲ ਖਬਰਾਂ ਪ੍ਰਸਾਰਿਤ ਕਰਦਾ ਹੈ, ਜਦ ਸੀ.ਏ.ਏ. ਵਿਰੋਧੀ ਅੰਦੋਲਨ ਅਤੇ ਕੋਰੋਨਾ ਸੰਕਟ ਦੌਰਾਨ ਮੁਸਲਮਾਨਾਂ ਦਾ ਇਲਾਜ ਕਰਨ ਤੋਂ ਨਾਂਹ ਕਰ ਦੇਣ ਵਰਗੀਆਂ ਖੌਫਨਾਕ ਖਬਰਾਂ ਸੁਣਨ ਨੂੰ ਮਿਲਦੀਆਂ ਹਨ; ਇਨ੍ਹਾਂ ਹਾਲਾਤ ਵਿਚ ਹੰਕਾਰਿਆ ਹੋਇਆ ਭਾਜਪਾ ਆਗੂ ਕਪਿਲ ਮਿਸ਼ਰਾ ਪੂਰੀ ਆਕੜ ਨਾਲ ਫੜ੍ਹਾਂ ਮਾਰ ਰਿਹਾ ਹੈ ਅਤੇ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ, ਜਿਸ ਨੇ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਵਰਗੇ ਨਾਅਰੇ ਲਗਾਏ, ਵਿੱਤ ਮੰਤਰੀ ਦੇ ਨਾਲ ਬੈਠ ਕੇ ਪ੍ਰੈੱਸ ਮਿਲਣੀਆਂ ਨੂੰ ਸੰਬੋਧਨ ਕਰਦਾ ਹੈ। ਇਸ ਤਰ੍ਹਾਂ ਦੇ ਬੇਹਯਾ ਜਨਤਕ ਸੰਕੇਤ ਸਿਖਰਲੇ ਪੱਧਰ ਤੋਂ ਦਿੱਤੇ ਜਾ ਰਹੇ ਹਨ।

ਕੀ ਅਸੀਂ ਉਸ ਮੰਜ਼ਰ ਨੂੰ ਭੁੱਲ ਸਕਦੇ ਹਾਂ ਜਦ ਫੈਜ਼ਾਨ, ਜਿਸ ਦੇ ਗਲੇ ਵਿਚ ਡੰਡਾ ਧੱਕ ਕੇ ਪੁਲਿਸ ਨੇ ਪਹਿਲਾਂ ਉਸ ਨੂੰ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕੀਤਾ ਅਤੇ ਫਿਰ ਉਸ ਨੂੰ ਅਧਮੋਇਆ ਕਰਕੇ ਸੜਕ ਉਪਰ ਮਰਨ ਲਈ ਸੁੱਟ ਦਿੱਤਾ ਗਿਆ? ਕੀ ਤੁਸੀਂ ਕਲਪਨਾ ਵੀ ਕਰ ਸਕਦੇ ਹੋ ਕਿ ਜੇ ਇਉਂ ਅਮਰੀਕਾ ਵਿਚ ਕਿਸੇ ਅਫਰੀਕੀ ਅਮਰੀਕਨ ਨਾਲ ਹੁੰਦਾ ਤਾਂ ਉਸ ਦਾ ਨਤੀਜਾ ਕੀ ਹੁੰਦਾ? ਸਾਡੀ ਸ਼ਰਮ ਕਿਥੇ ਜਾ ਲੁਕੀ ਹੈ?

ਖੈਰ, ਸੰਵਿਧਾਨਵਾਦ ਬਾਬਤ ਤੁਹਾਡੇ ਸਵਾਲ ਦਾ ਜਵਾਬ ਦਿੰਦੇ ਹੋਏ ਮੈਂ ਇਹੀ ਕਹਿ ਸਕਦੀ ਹਾਂ ਕਿ ਕਿਸ ਨੂੰ ਵਿਰੋਧ ਕਰਨ ਦਿੱਤਾ ਜਾਵੇਗਾ, ਕਿਸ ਨੂੰ ਬੋਲਣ ਦਿੱਤਾ ਜਾਵੇਗਾ; ਇਹ ਵਿਰੋਧ ਕਰਨ ਅਤੇ ਬੋਲਣ ਵਾਲੇ ਦੇ ਧਰਮ, ਜਾਤ, ਨਸਲ ਅਤੇ ਲਿੰਗ ਉਪਰ ਮੁਨੱਸਰ ਕਰਦਾ ਹੈ। ਇਥੇ ਬਰਾਬਰੀ ਨਾਂ ਦੀ ਕੋਈ ਚੀਜ਼ ਨਹੀਂ ਹੈ। ਬਰਾਬਰੀ ਦੇ ਵਿਚਾਰ ਦਾ ਕੋਈ ਸੰਕੇਤ ਹੀ ਨਹੀਂ ਹੈ, ਦਿਖਾਵੇ ਮਾਤਰ ਵੀ ਨਹੀਂ। ਇਸੇ ਵਜ੍ਹਾ ਕਰ ਕੇ ਅਸੀਂ ਬੌਧਿਕ, ਸਮਾਜੀ ਅਤੇ ਆਰਥਕ ਤੌਰ 'ਤੇ ਇਕ ਰਾਸ਼ਟਰ ਵਜੋਂ ਸਰਾਪੇ ਹੋਏ ਹਾਂ। ਸਾਰਿਆਂ ਦੇ ਲਈ ਨਿਆਂ, ਮਾਣ-ਸਨਮਾਨ ਅਤੇ ਸਵੈਮਾਣ ਲਈ ਹੰਭਲਾ ਮਾਰਨ ਨਾਲੋਂ ਵਧੇਰੇ ਬੰਦ-ਖਲਾਸੀ ਕਰਨ ਅਤੇ ਰੂਹ ਫੂਕਣ ਵਾਲਾ ਹੋਰ ਕੁਝ ਨਹੀਂ ਹੋ ਸਕਦਾ। ਇਜ ਕਰਨ ਲਈ ਸਾਨੂੰ ਜਮਾਤ, ਜਾਤ, ਲਿੰਗ ਦੇ ਨਾਲ-ਨਾਲ ਸੰਕੀਰਨਤਾਵਾਦ ਦੇ ਪ੍ਰਿਜ਼ਮ ਨਾਲ ਵੀ ਦੇਖਣਾ ਹੋਵੇਗਾ। ਇਹ ਟਾਕਰਾ ਘੋਲਾਂ ਦੇ ਅੰਦਰ ਵੀ ਉਨਾ ਹੀ ਲਾਗੂ ਹੁੰਦਾ ਹੈ ਜਿੰਨਾ ਜਿਸ ਦੇ ਖਿਲਾਫ ਅਸੀਂ ਲੜ ਰਹੇ ਹਾਂ ਉਨ੍ਹਾਂ ਨੂੰ ਦੇਖਣ ਉਪਰ। ਅਤੇ ਜਦ ਤੱਕ ਅਸੀਂ ਇਹ ਨਹੀਂ ਸਿੱਖਦੇ ਉਦੋਂ ਤੱਕ ਅਸੀਂ ਬੌਣੇ ਹੀ ਬਣੇ ਰਹਾਂਗੇ।

*(ਸਮਾਪਤ)*

ਪੰਜਾਬ ਟਾਈਮਜ਼

*ਸਨਿਚਰਵਾਰ, 11 ਜੁਲਾਈ 2020*

# ਇਕ ਹੋਰ ਅਕਾਲੀ ਦਲ

ਸੀਨੀਆਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੰਭਾਲ ਲਈ। ਪਹਿਲਾਂ-ਪਹਿਲ ਇਹ ਖਬਰਾਂ ਸਨ ਕਿ ਉਹ ਨਵੀਂ ਪਾਰਟੀ ਬਣਾ ਰਹੇ ਹਨ, ਪਰ ਇਕੱਠ ਦੌਰਾਨ ਇਹ ਐਲਾਨ ਕੀਤਾ ਗਿਆ ਕਿ ਸੌ ਸਾਲ ਪੁਰਾਣੀ ਇਤਿਹਾਸਕ ਜਥੇਬੰਦੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਦੀ ਗ੍ਰਿਫਤ ਵਿਚੋਂ ਆਜ਼ਾਦ ਕਰਵਾਇਆ ਜਾਵੇਗਾ ਅਤੇ ਇਸ ਕਾਰਜ ਲਈ ਜੇ ਕਾਨੂੰਨੀ ਲੜਾਈ ਦੀ ਵੀ ਲੋੜ ਮਹਿਸੂਸ ਹੋਈ ਤਾਂ ਉਹ ਵੀ ਲੜੀ ਜਾਵੇਗੀ। ਉਂਜ, ਇਹ ਐਲਾਨ ਉਸ ਵਰ੍ਹੇ ਦੌਰਾਨ ਹੋਇਆ ਹੈ, ਜਦੋਂ ਅਕਾਲੀ ਦਲ ਆਪਣੀ ਸਥਾਪਨਾ ਵਾਲਾ ਵਰ੍ਹਾ ਮਨਾ ਰਿਹਾ ਹੈ। ਇਸ ਜਥੇਬੰਦੀ ਦਾ ਜਨਮ ਆਜ਼ਾਦੀ ਦੇ ਘੋਲ ਦੌਰਾਨ 14 ਦਸੰਬਰ 1920 ਨੂੰ ਹੋਇਆ ਸੀ ਅਤੇ ਇਸ ਨੇ ਸਿੱਖ ਇਤਿਹਾਸ ਦੀ ਲਗਾਤਾਰਤਾ ਵਿਚ ਅਹਿਮ ਯੋਗਦਾਨ ਪਾਇਆ ਸੀ। ਇਸੇ ਦੌਰਾਨ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ, ਜਿਸ ਦਾ ਆਪਣਾ ਸ਼ਾਨਾਂਮੱਤਾ ਇਤਿਹਾਸ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਕਾਲੀ ਸਿਆਸਤ 'ਚ ਪਿਛਲੇ ਕੁਝ ਸਾਲਾਂ ਤੋਂ ਕਾਫੀ ਉਥਲ-ਪੁਥਲ ਦੇਖਣ ਨੂੰ ਮਿਲ ਰਹੀ ਹੈ। ਅਸਲ 'ਚ ਜਦੋਂ ਤੋਂ ਇਸ ਇਤਿਹਾਸਕ ਜਥੇਬੰਦੀ 'ਤੇ ਬਾਦਲ ਪਰਿਵਾਰ ਦਾ ਕਬਜ਼ਾ ਹੋਇਆ ਹੈ, ਇਸ ਦੀ ਸਿਆਸਤ ਅੰਦਰ ਬਹੁਤ ਵੱਡਾ ਮੋੜਾ ਆਇਆ ਹੈ। ਇਸ ਪਾਰਟੀ ਅਤੇ ਸਿੱਖਾਂ ਦੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਪਾਰਟੀ ਨੂੰ ਜਿਸ ਢੰਗ ਨਾਲ ਬਾਦਲ ਪਰਿਵਾਰ ਚਲਾ ਰਿਹਾ ਹੈ, ਉਸ ਤੋਂ ਸੀਨੀਅਰ ਅਕਾਲੀ ਆਗੂ ਵੱਖ-ਵੱਖ ਮੌਕਿਆਂ ਉਤੇ ਬਗਾਵਤ ਦਾ ਰੁਖ ਅਖਤਿਆਰ ਕਰਦੇ ਰਹੇ ਹਨ, ਪਰ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦੀ ਇਕ ਵੀ ਨਹੀਂ ਚੱਲਣ ਦਿੱਤੀ। ਸਿੱਟੇ ਵਜੋਂ ਅੱਜ ਅਕਾਲੀ ਸਿਆਸਤ ਵਿਚ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਉਨ੍ਹਾਂ ਦੀ ਅਗਲੀ ਪੀੜ੍ਹੀ ਜਿਸ ਵਿਚ ਉਨ੍ਹਾਂ ਦਾ ਪੁੱਤਰ ਸੁਖਬੀਰ ਸਿੰਘ ਬਾਦਲ, ਨੂੰਹ ਹਰਸਿਮਰਤ ਕੌਰ ਬਾਦਲ, ਨੂੰਹ ਦਾ ਭਰਾ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਰਿਸ਼ਤੇਦਾਰ ਸ਼ਾਮਿਲ ਹਨ, ਪਾਰਟੀ ਉਤੇ ਭਾਰੂ ਪੈ ਗਈ ਹੈ। ਇਸ ਤੋਂ ਪਹਿਲਾਂ ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੌਹੜਾ ਵਰਗੇ ਚੋਟੀ ਦੇ ਆਗੂ ਬਾਦਲ ਨੂੰ ਚੁਣੌਤੀ ਦੇ ਕੇ ਹੰਭ ਗਏ, ਪਰ ਬਾਦਲ ਨੇ ਅਜਿਹੀ ਸਿਆਸਤ ਕੀਤੀ ਕਿ ਇਹ ਆਗੂ ਅਕਾਲੀ ਸਿਆਸਤ ਅੰਦਰ ਕੋਈ ਬੱਝਵਾਂ ਅਸਰ ਨਹੀਂ ਪਾ ਸਕੇ।

ਹੁਣ ਇਹੀ ਸਵਾਲ ਸੁਖਦੇਵ ਸਿੰਘ ਢੀਂਡਸਾ ਅੱਗੇ ਹੈ। ਕੱਲ੍ਹ ਤੱਕ ਉਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਦਾ ਸੱਜਾ ਹੱਥ ਸਮਝਿਆ ਜਾਂਦਾ ਰਿਹਾ ਹੈ। ਪਾਰਟੀ ਅੰਦਰ ਬਗਾਵਤ ਵਾਲੇ ਜਿੰਨੇ ਵੀ ਸੰਕਟ ਉਠਦੇ ਰਹੇ ਹਨ, ਉਨ੍ਹਾਂ ਨੂੰ ਨਜਿੱਠਣ ਲਈ ਢੀਂਡਸਾ ਦੀ ਹੀ ਡਿਊਟੀ ਲਗਦੀ ਰਹੀ ਹੈ। ਜਾਹਰ ਹੈ ਕਿ ਪਾਰਟੀ ਨੂੰ ਬਾਦਲਾਂ ਦੇ ਬੋਝੇ ਅੰਦਰ ਧੱਕਣ ਵਿਚ ਉਨ੍ਹਾਂ ਦਾ ਵੀ ਬਰਾਬਰ ਦਾ ਯੋਗਦਾਨ ਹੈ। ਇਸੇ ਸਿਆਸਤ ਵਿਚੋਂ ਹੀ ਉਨ੍ਹਾਂ ਦਾ ਆਪਣਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵੀ ਇਲਾਕੇ ਦੇ ਸੀਨੀਅਰ ਅਕਾਲੀ ਆਗੂਆਂ ਨੂੰ ਪਿਛਾਂਹ ਛੱਡ ਕੇ ਸਾਲ 2000 ਵਿਚ ਸੁਨਾਮ ਤੋਂ ਵਿਧਾਇਕ ਬਣ ਗਿਆ ਸੀ। ਉਦੋਂ ਉਸ ਦੀ ਉਮਰ ਸਿਰਫ 27 ਸਾਲ ਸੀ। ਫਿਰ ਉਸ ਨੂੰ ਲਗਾਤਾਰ ਪਾਰਟੀ ਟਿਕਟ ਮਿਲਦੀ ਰਹੀ ਅਤੇ ਉਹ 2002, 2007, 2012 ਤੇ 2017 ਵਿਚ ਜਿੱਤ ਕੇ ਵਿਧਾਇਕ ਬਣਦਾ ਰਿਹਾ, ਸਗੋਂ 2007 ਤੋਂ 2017 ਤੱਕ ਤਾਂ ਉਹ ਅਕਾਲੀ ਸੱਤਾ ਦੌਰਾਨ ਮੰਤਰੀ ਰਿਹਾ। ਉਂਜ, ਇਹ ਗੱਲ ਸਭ ਸਿਆਸੀ ਮਾਹਿਰ ਸਵੀਕਾਰ ਕਰਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਿਆਸਤ ਇਸ ਢੰਗ ਨਾਲ ਚਲਾਈ ਕਿ ਕਿਸੇ ਵੀ ਸਿਰਕੱਢ ਲੀਡਰ ਨੂੰ ਕਦੀ ਪੰਜਾਬ ਦੇ ਸਿਆਸੀ ਦ੍ਰਿਸ਼ ਉਤੇ ਨਹੀਂ ਆਉਣ ਦਿੱਤਾ, ਸਗੋਂ ਇਨ੍ਹਾਂ ਸਾਰਿਆਂ ਨੂੰ ਇਨ੍ਹਾਂ ਦੇ ਜਿਲਿਆਂ ਤੱਕ ਹੀ ਸੀਮਤ ਰੱਖਿਆ। ਇਹੀ ਕਾਰਨ ਹੈ ਕਿ ਬਾਦਲਾਂ ਨੂੰ ਕਦੀ ਵੀ ਵੱਡੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਅਕਾਲੀ ਦਲ (ਟਕਸਾਲੀ) ਇਸ ਦੀ ਤਾਜ਼ਾ ਮਿਸਾਲ ਹੈ। ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਟਕਸਾਲੀ ਦਲ ਬਣਾਉਣ ਵਾਲੇ ਸੀਨੀਅਰ ਅਕਾਲੀ ਆਗੂ ਬੱਸ ਲੋਕਲ ਪੱਧਰ ਜੋਗੇ ਹੀ ਰਹਿ ਗਏ।

ਇਸ ਪ੍ਰਸੰਗ ਵਿਚ ਇਕ ਹੋਰ ਨੁਕਤਾ ਵੀ ਵਿਚਾਰਨ ਵਾਲਾ ਹੈ। ਪਿਛਲੇ ਸਾਲ ਜਦੋਂ ਤੋਂ ਸੁਖਦੇਵ ਸਿੰਘ ਢੀਂਡਸਾ ਨੇ ਬਾਦਲਾਂ ਨਾਲੋਂ ਨਾਤਾ ਤੋੜਨ ਦੀ ਕਵਾਇਦ ਸ਼ੁਰੂ ਕੀਤੀ ਹੈ, ਉਨ੍ਹਾਂ ਨੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਪੂਰਾ ਰਾਬਤਾ ਰੱਖਿਆ ਹੈ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਲੀਡਰਾਂ ਨੇ ਬਾਦਲਾਂ ਤੋਂ ਬਾਹਰੇ ਹੋ ਕੇ ਢੀਂਡਸਾ ਨੂੰ ਪਦਮ ਭੂਸ਼ਣ ਦਾ ਖਿਤਾਬ ਵੀ ਬਖਸ਼ਿਆ। ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਭਾਰਤੀ ਜਨਤਾ ਪਾਰਟੀ ਅੰਦਰ ਪਿਛਲੇ ਕੁਝ ਸਾਲਾਂ ਤੋਂ ਇਹ ਵਿਚਾਰ-ਚਰਚਾ ਚੱਲ ਰਹੀ ਹੈ ਕਿ ਪੰਜਾਬ ਵਿਚ ਸਿਆਸਤ ਹੁਣ ਅਕਾਲੀ ਦਲ ਤੋਂ ਵੱਖ ਹੋ ਕੇ ਕੀਤੀ ਜਾਵੇ। ਇਸ ਸਿਆਸਤ ਦਾ ਦਾਈਆ ਇਹ ਹੈ ਕਿ ਰਵਾਇਤੀ ਅਕਾਲੀ ਦਲ ਅਤੇ ਕਾਂਗਰਸ ਨੂੰ ਪਛਾੜਦਿਆਂ ਸੂਬੇ ਵਿਚ ਆਪਣੇ ਦਮ ਉਤੇ ਸਰਕਾਰ ਬਣਾਉਣ ਲਈ ਯਤਨ ਕੀਤੇ ਜਾਣ। ਇਹ ਅਸਲ ਵਿਚ ਭਾਰਤੀ ਜਨਤਾ ਪਾਰਟੀ ਵਲੋਂ ਮਜ਼ਬੂਤ ਕੇਂਦਰ ਉਸਾਰਨ ਵਾਲੀ ਸਿਆਸਤ ਦਾ ਹੀ ਦਾਈਆ ਹੈ, ਜਿਸ ਦੇ ਨਜ਼ਾਰੇ ਮੁਲਕ ਭਰ ਦੇ ਲੋਕਾਂ ਨੇ ਖੇਤੀ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਤਿੰਨ ਨਵੇਂ ਆਰਡੀਨੈਂਸਾਂ ਦੇ ਰੂਪ ਵਿਚ ਦੇਖੇ ਹਨ। ਸਾਫ ਜਾਹਰ ਹੈ ਕਿ ਕੇਂਦਰ ਵਿਚ ਸੱਤਾ ਉਤੇ ਕਬਜ਼ਾ ਕਰੀ ਬੈਠੀ ਭਾਰਤੀ ਜਨਤਾ ਪਾਰਟੀ ਮੁਲਕ ਵਿਚ ਸੂਬਿਆਂ ਦੇ ਹੱਕਾਂ ਉਤੇ ਸਿੱਧਾ ਡਾਕਾ ਮਾਰ ਰਹੀ ਹੈ। ਹੁਣ ਸਵਾਲ ਹੈ ਕਿ ਸੁਖਦੇਵ ਸਿੰਘ ਢੀਂਡਸਾ ਅਤੇ ਉਸ ਦੇ ਜੋਟੀਦਾਰ ਭਾਰਤੀ ਜਨਤਾ ਪਾਰਟੀ ਦੀ ਇਸ ਸਿਆਸਤ ਨੂੰ ਕੋਈ ਚੁਣੌਤੀ ਦੇ ਸਕਦੇ ਹਨ? ਜਵਾਬ ਬਿਨਾ ਸ਼ੱਕ 'ਨਾਂਹ' ਵਿਚ ਹੀ ਮਿਲੇਗਾ। ਇਸ ਲਈ ਢੀਂਡਸਾ ਦੀ ਅਗਵਾਈ ਵਿਚ ਭਾਵੇਂ ਬਾਦਲਾਂ ਨੂੰ ਚੁਣੌਤੀ ਦਿੱਤੀ ਗਈ ਹੈ, ਪਰ ਇਸ ਨਾਲ ਪੰਜਾਬ ਦੀ ਸਿਆਸਤ ਅੰਦਰ ਕੋਈ ਸਿਫਤੀ ਤਬਦੀਲੀ ਹੋਵੇਗੀ, ਇਸ ਦੀ ਉਮੀਦ ਬਹੁਤ ਘੱਟ ਹੈ, ਸਗੋਂ ਨਾ ਹੋਇਆਂ ਵਰਗੀ ਹੈ। ਪੰਜਾਬ ਨੂੰ ਇਸ ਵਕਤ ਜਿਸ ਤਰ੍ਹਾਂ ਦੀ ਨਿੱਖਰੀ, ਨਿਆਰੀ ਅਤੇ ਨਿਵੇਕਲੀ ਸਿਆਸਤ ਦੀ ਜ਼ਰੂਰਤ ਹੈ, ਉਹ ਜਾਪਦਾ ਹੈ, ਰਵਾਇਤੀ ਲੀਡਰਾਂ ਦੇ ਵੱਸ ਦਾ ਰੋਗ ਹੀ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਟ ਨੇ ਕਦ ਸਿੱਟਣੇ ਦੋਸ਼ੀ?*

ਮਕਸਦ ਕੀ ਸੀ ਪਿੱਛੇ ਬੇਅਦਬੀਆਂ ਦੇ, ਏਸ 'ਕਾਰੇ' ਦਾ ਪਤਾ ਹੈ ਸਾਰਿਆਂ ਨੂੰ।
ਜੋਰਾ ਸਿੰਘ ਨੇ ਜੋਰ ਲਾ ਦੱਸਿਆ ਸੀ, ਦੋਸ਼ੀ ਵੋਟਾਂ ਦੀ ਭੁੱਖ ਦੇ ਮਾਰਿਆਂ ਨੂੰ।
ਫੇਰ ਸਿੰਘ ਰਣਜੀਤ ਸੀ ਜੱਜ ਆਇਆ, ਨੰਗਾ ਕਰਨ ਲਈ ਬਾਦਲੀ ਕਾਰਿਆਂ ਨੂੰ।
ਕੁੰਵਰ ਵਿਜੇ ਪ੍ਰਤਾਪ ਸਿੰਘ ਲੱਭਦਾ ਏ, ਸਾਰੇ ਕਾਂਡ ਦੇ ਦੁਸ਼ਟ ਹਤਿਆਰਿਆਂ ਨੂੰ।
ਪੈਣੀ ਠੰਢ ਹੈ ਉਦੋਂ ਸ਼ਰਧਾਲੂਆਂ ਦੇ, ਦੇ ਕੇ ਨਿਆਂ ਇਨਸਾਫ ਦਿਲ ਜਿੱਤਣੇ ਐਂ।
ਲੱਭ ਲੱਭ ਕੇ ਵਿਚ ਅਦਾਲਤਾਂ ਦੇ, ਦੋਸ਼ੀ ਕਦੋਂ ਕੁ 'ਸਿਟ' ਨੇ ਸਿੱਟਣੇ ਐਂ?

# ਹਿਰਾਸਤੀ ਕਤਲ ਅਤੇ ਸੱਤਾ

***ਹਿਰਾਸਤੀ ਮੌਤਾਂ ਲਈ ਸਿਰਫ ਹੁਕਮਰਾਨ ਅਤੇ ਪੁਲਿਸ ਹੀ ਜ਼ਿੰਮੇਵਾਰ ਨਹੀਂ, ਅਦਾਲਤੀ ਪ੍ਰਣਾਲੀ ਵੀ ਇਸ ਵਿਚ ਬਰਾਬਰ ਭੂਮਿਕਾ ਨਿਭਾਉਂਦੀ ਹੈ। ਆਰ.ਐਸ.ਐਸ.-ਭਾਜਪਾ ਦੇ ਰਾਜ ਵਿਚ ਅਦਾਲਤਾਂ ਦੀ ਨਾਮਨਿਹਾਦ ਨਿਰਪੱਖਤਾ ਵੀ ਖਤਮ ਹੋ ਗਈ ਹੈ। ਜੁਡੀਸ਼ੀਅਲ ਮੈਜਿਸਟਰੇਟ ਗ੍ਰਿਫਤਾਰੀ ਦੇ ਕਾਨੂੰਨੀ ਅਮਲ ਦੀ ਉਲੰਘਣਾ ਨੂੰ ਅਕਸਰ ਹੀ ਅਣਦੇਖਿਆ ਕਰਦੇ ਹਨ। ਹਵਾਲਾਤੀ ਦੇ ਡਾਕਟਰੀ ਮੁਆਇਨੇ ਦੇ ਨਾਂ 'ਤੇ ਮਹਿਜ਼ ਕਾਗਜ਼ੀ ਕਾਰਵਾਈ ਕੀਤੀ ਜਾਂਦੀ ਹੈ। ਰਿਮਾਂਡ ਦੇਣ ਸਮੇਂ ਨਾ ਤਾਂ ਹਵਾਲਾਤੀ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਾ ਉਸ ਦਾ ਪੱਖ ਸੁਣਿਆ ਜਾਂਦਾ ਹੈ। ਪੁਲਿਸ ਦੀ ਮਨਘੜਤ ਕਹਾਣੀ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਉਸ ਨੂੰ ਰਿਮਾਂਡ ਦੇ ਨਾਂ 'ਤੇ ਜ਼ਿਬਾਹ ਹੋਣ ਲਈ ਮੁੜ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ।***

**ਬੂਟਾ ਸਿੰਘ**
**ਫੋਨ: +91-94634-74342**

ਹਾਲ ਹੀ ਵਿਚ ਤਾਮਿਲਨਾਡੂ ਵਿਚ ਪੁਲਿਸ ਹਿਰਾਸਤ ਵਿਚ ਪਿਓ-ਪੁੱਤਰ ਦੀ ਮੌਤ ਵੀ ਆਖਿਰਕਾਰ, ਅੰਕੜਾ ਬਣ ਕੇ ਰਹਿ ਜਾਵੇਗੀ। ਜਿਵੇਂ ਪਿਛਲੇ ਮਹੀਨੇ ਤਿਰੂਨੇਰਵੇਲੀ ਜ਼ਿਲ੍ਹੇ ਵਿਚ ਇਕ ਨੌਜਵਾਨ ਦੇ ਹਿਰਾਸਤੀ ਕਤਲ ਦੇ ਮਾਮਲੇ ਵਿਚ ਵਾਪਰਿਆ। ਜੌਰਜ ਫਲਾਇਡ ਦੇ ਕਤਲ ਨੂੰ ਲੈ ਕੇ ਅਮਰੀਕੀ ਸਮਾਜ ਅੰਦਰੋਂ ਸਮਾਜਿਕ ਦਰਾੜਾਂ ਤੋਂ ਉਪਰ ਉਠ ਕੇ ਜਿਵੇਂ ਸੰਵੇਦਨਸ਼ੀਲ ਆਵਾਜ਼ ਉਠੀ, ਉਸ ਤਰ੍ਹਾਂ ਦੀ ਸਮੂਹਿਕ ਆਵਾਜ਼ ਭਾਰਤ ਵਿਚ ਨਹੀਂ ਉਠਦੀ; ਜਦਕਿ ਇਥੇ ਆਏ ਦਿਨ ਐਸੇ ਦਿਲ-ਕੰਬਾਊ ਹਿਰਾਸਤੀ ਕਾਂਡ ਵਾਪਰਦੇ ਰਹਿੰਦੇ ਹਨ।

18 ਜੂਨ ਨੂੰ ਪੁਲਿਸ ਤੂਤੀਕੋਰੀਨ ਦੇ ਸਾਤਨਕੁਲਮ ਇਲਾਕੇ ਵਿਚ ਲੌਕਡਾਊਨ ਤਹਿਤ ਦੁਕਾਨਾਂ ਬੰਦ ਕਰਵਾ ਰਹੀ ਸੀ ਤਾਂ ਕਥਿਤ ਹੁਕਮਅਦੂਲੀ ਦੇ ਮਾਮਲੇ ਵਿਚ ਪੁਲਿਸ ਦੁਕਾਨਦਾਰ ਜਯਾਰਾਜ (62) ਨੂੰ ਥਾਣੇ ਲੈ ਗਈ। ਆਪਣੇ ਪਿਤਾ ਨੂੰ ਛੁਡਾਉਣ ਗਏ ਉਸ ਦੇ ਪੁੱਤਰ ਇਮੈਨੂਅਲ ਬੈਨਿਕਸ (32) ਨੂੰ ਵੀ ਥਾਣੇ ਅੰਦਰ ਬੰਦ ਕਰ ਲਿਆ ਗਿਆ। ਰਾਤ ਨੂੰ ਦੋਹਾਂ ਨੂੰ ਨੰਗੇ ਕਰ ਕੇ ਲਾਠੀਆਂ ਨਾਲ ਕੋਹਿਆ ਗਿਆ। ਦੀਵਾਰ ਨਾਲ ਮਾਰ-ਮਾਰ ਕੇ ਉਨ੍ਹਾਂ ਦੇ ਚਿਹਰੇ ਭੰਨੇ ਗਏ ਅਤੇ ਉਨ੍ਹਾਂ ਦੇ ਗੁਪਤ ਅੰਗ ਬੇਕਿਰਕੀ ਨਾਲ ਚੀਰ ਦਿੱਤੇ ਗਏ। ਉਨ੍ਹਾਂ ਦੇ ਐਨਾ ਲਹੂ ਵਗ ਰਿਹਾ ਸੀ ਕਿ ਸੱਤ ਲੁੰਗੀਆਂ ਖੂਨ ਨਾਲ ਲੱਥਪੱਥ ਹੋ ਗਈਆਂ। ਬੈਨਿਕਸ ਦੀ ਭੈਣ ਨੇ ਦੱਸਿਆ, "ਦੋਨਾਂ ਦੇ ਸਰੀਰ ਦੇ ਅਗਲੇ ਅਤੇ ਪਿਛਲੇ ਪਾਸੇ ਕੁਝ ਨਹੀਂ ਬਚਿਆ ਸੀ। ਮੈਂ ਇਕ ਔਰਤ ਅਤੇ ਭੈਣ ਹੋਣ ਕਰ ਕੇ ਇਸ ਤੋਂ ਜ਼ਿਆਦਾ ਕੁਝ ਨਹੀਂ ਦੱਸ ਸਕਦੀ।" ਇਸੇ ਹਾਲਤ ਵਿਚ ਮੈਜਿਸਟਰੇਟ ਕੋਲੋਂ ਰਿਮਾਂਡ ਲੈਣ ਦੀ ਖਾਨਾਪੂਰਤੀ ਕੀਤੀ ਗਈ ਜਿਸ ਨੇ ਕੋਈ ਪੁੱਛਗਿੱਛ ਕੀਤੇ ਬਗੈਰ ਹੀ ਰਿਮਾਂਡ ਦੇ ਦਿੱਤਾ। ਜਦਕਿ ਪੁਲਿਸ ਨਾਲ ਤਕਰਾਰ ਦੇ ਮਾਮੂਲੀ ਮਾਮਲੇ ਵਿਚ ਪੁਲਿਸ ਰਿਮਾਂਡ ਦੀ ਕੋਈ ਤੁਕ ਨਹੀਂ ਸੀ। ਪੁਲਿਸ ਨੇ ਗੰਭੀਰ ਜ਼ਖਮੀ ਹਾਲਤ ਵਿਚ ਉਨ੍ਹਾਂ ਨੂੰ ਨੇੜਲੀ ਜੇਲ੍ਹ ਦੀ ਬਜਾਏ 80 ਕਿਲੋਮੀਟਰ ਦੂਰ ਜੇਲ੍ਹ ਵਿਚ ਲਿਜਾ ਕੇ ਡੱਕ ਦਿੱਤਾ। ਹਾਲਤ ਵਿਗੜਨ 'ਤੇ ਦੋਨਾਂ ਦੀ ਸਰਕਾਰੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਵਲੋਂ ਸੀ.ਸੀ.ਟੀ.ਵੀ. ਫੁਟੇਜ ਡਿਲੀਟ ਕਰ ਕੇ ਸਬੂਤ ਮਿਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਜੁਡੀਸ਼ੀਅਲ ਮੈਜਿਸਟਰੇਟ ਨੂੰ ਥਾਣੇ ਦਾ ਰਿਕਾਰਡ ਦੇਣ ਤੋਂ ਹੀ ਨਾਂਹ ਕਰ ਦਿੱਤੀ। ਹਾਈਕੋਰਟ ਨੇ ਨੋਟ ਕੀਤਾ, "ਉਹ ਐਨੇ ਹੰਕਾਰੇ ਹੋਏ ਸਨ ਕਿ ਜੁਡੀਸ਼ੀਅਲ ਜਾਂਚ ਨੂੰ ਰੋਕਣ ਲਈ ਜੁਡੀਸ਼ੀਅਲ ਅਧਿਕਾਰੀ ਨੂੰ ਡਰਾਇਆ ਧਮਕਾਇਆ ਗਿਆ।" ਹਾਈਕੋਰਟ ਦੀ ਦਖਲਅੰਦਾਜ਼ੀ ਤੋਂ ਬਾਅਦ ਹੀ ਦੋਸ਼ੀਆਂ ਵਿਰੁਧ ਇਰਾਦਾ ਕਤਲ ਦੀ ਧਾਰਾ ਲਗਾਈ ਗਈ ਹੈ। ਉਨ੍ਹਾਂ ਨੂੰ ਗ੍ਰਿਫਤਾਰ ਤਾਂ ਕਰ ਲਿਆ ਲੇਕਿਨ ਅਜੇ ਤੱਕ ਨੌਕਰੀ ਤੋਂ ਬਰਤਰਫ ਨਹੀਂ ਕੀਤਾ ਗਿਆ। ਮੁੱਖ ਮੰਤਰੀ ਨੇ ਪਰਿਵਾਰ ਨੂੰ ਮੁਆਵਜ਼ਾ ਦੇਣ ਅਤੇ ਸੀ.ਬੀ.ਆਈ. ਤੋਂ ਜਾਂਚ ਕਰਾਉਣ ਦਾ ਐਲਾਨ ਕੀਤਾ ਹੈ। ਹੋ ਸਕਦਾ ਹੈ, ਮਾਮਲਾ ਹਾਈਕੋਰਟ ਦੀ ਨਿਗਰਾਨੀ ਹੇਠ ਹੋਣ ਕਾਰਨ ਆਖਿਰਕਾਰ ਕਿਸੇ ਦੋਸ਼ੀ ਅਧਿਕਾਰੀ ਨੂੰ ਕੋਈ ਸਜ਼ਾ ਹੋ ਜਾਵੇ, ਲੇਕਿਨ ਇਸ ਨਾਲ ਹਿਰਾਸਤੀ ਕਤਲਾਂ ਦਾ ਸਿਲਸਿਲਾ ਬੰਦ ਨਹੀਂ ਹੋਣ ਲੱਗਿਆ; ਕਿਉਂਕਿ ਇਸ ਦੀਆਂ ਡੂੰਘੀਆਂ ਜੜ੍ਹਾਂ ਵਿਅਕਤੀਗਤ ਅਧਿਕਾਰੀਆਂ ਅੰਦਰ ਨਹੀਂ, ਸਮੁੱਚੀ ਵਿਵਸਥਾ ਵਿਚ ਹਨ।

ਭਾਰਤੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨਾ ਸਿਰਫ ਹਿਰਾਸਤੀਆਂ ਨੂੰ ਨਿਰਵਸਤਰ ਕਰ ਕੇ ਤਰ੍ਹਾਂ-ਤਰ੍ਹਾਂ ਦੇ ਵਹਿਸ਼ੀ ਅਤੇ ਜ਼ਲੀਲ ਕਰਨ ਵਾਲੇ ਤਸੀਹੇ ਦੇਣ ਲਈ ਬਦਨਾਮ ਹਨ ਸਗੋਂ ਉਹ ਮੁਜਰਿਮਾਂ ਉਪਰ ਹਿੰਸਾ ਨੂੰ ਜਾਇਜ਼ ਮੰਨਦੇ ਹਨ। 2019 ਵਿਚ ਇਕ ਸਿਵਲ ਸੁਸਾਇਟੀ ਸੰਸਥਾ 'ਕਾਮਨ ਕਾਜ' ਅਤੇ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ ਦੀ ਸਰਪ੍ਰਸਤੀ ਵਾਲੇ 'ਲੋਕ ਨੀਤੀ ਪ੍ਰੋਗਰਾਮ' ਵਲੋਂ 21 ਰਾਜਾਂ ਦੇ 12000 ਪੁਲਿਸ ਮੁਲਾਜ਼ਮਾਂ ਦੇ ਸਰਵੇਖਣ ਨੇ ਖੁਲਾਸਾ ਕੀਤਾ ਸੀ ਕਿ ਤਿੰਨ ਚੌਥਾਈ ਮੁਲਾਜ਼ਮ ਸਮਾਜ ਦੇ ਭਲੇ ਲਈ ਮੁਜਰਿਮਾਂ ਉਪਰ ਹਿੰਸਾ ਨੂੰ ਸਹੀ ਮੰਨਦੇ ਸਨ। ਸਰਕਾਰੀ ਅੰਕੜੇ ਅਤੇ ਗੈਰਸਰਕਾਰੀ ਰਿਪੋਰਟਾਂ ਇਸ ਭਿਆਨਕਤਾ ਨੂੰ ਵਾਰ-ਵਾਰ ਸਾਹਮਣੇ ਲਿਆਉਂਦੀਆਂ ਹਨ। ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ ਦੀ ਰਿਪੋਰਟ 'ਟਾਰਚਰ ਇਨ ਇੰਡੀਆ 2011' ਅਨੁਸਾਰ 2001 ਤੋਂ 2010 ਦਰਮਿਆਨ 14231 ਹਿਰਾਸਤੀ ਮੌਤਾਂ ਹੋਈਆਂ; ਭਾਵ ਰੋਜ਼ਾਨਾ 4 ਮੌਤਾਂ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ 2018 ਵਿਚ ਐਸੀਆਂ 1966 ਮੌਤਾਂ ਦਰਜ ਹੋਈਆਂ। ਗ੍ਰਹਿ ਮਾਮਲੇ ਰਾਜ ਮੰਤਰੀ ਨੇ 14 ਮਾਰਚ 2018 ਨੂੰ ਰਾਜ ਸਭਾ ਨੂੰ ਦੱਸਿਆ ਕਿ ਪਹਿਲੀ ਅਪਰੈਲ 2017 ਤੋਂ ਲੈ ਕੇ 28 ਫਰਵਰੀ 2018 ਦੇ 334 ਦਿਨਾਂ ਵਿਚ ਪੂਰੇ ਮੁਲਕ ਵਿਚ 1674 ਹਿਰਾਸਤੀ ਮੌਤਾਂ ਐਨ.ਐਚ.ਆਰ.ਸੀ. ਕੋਲ ਦਰਜ ਹੋਈਆਂ: ਉਤਰ ਪ੍ਰਦੇਸ਼ ਵਿਚ 374, ਮਹਾਰਾਸ਼ਟਰ ਵਿਚ 137, ਪੰਜਾਬ ਵਿਚ 128 ਅਤੇ ਇਸੇ ਤਰ੍ਹਾਂ ਹੋਰ ਰਾਜਾਂ ਵਿਚ; ਭਾਵ ਰੋਜ਼ਾਨਾ ਪੰਜ ਮੌਤਾਂ। ਇਨ੍ਹਾਂ ਵਿਚੋਂ 1530 ਮੌਤਾਂ ਜੁਡੀਸ਼ੀਅਲ ਹਿਰਾਸਤ ਵਿਚ ਅਤੇ 144 ਪੁਲਿਸ ਹਿਰਾਸਤ ਦੌਰਾਨ ਹੋਈਆਂ। ਨੈਸ਼ਨਲ ਕੈਂਪੇਨ ਅਗੇਂਸਟ ਟਾਰਚਰ ਦੀ ਸਾਲਾਨਾ ਰਿਪੋਰਟ ਅਨੁਸਾਰ 2019 ਵਿਚ ਹਿਰਾਸਤ ਵਿਚ 1731 ਮੌਤਾਂ ਹੋਈਆਂ (1606 ਮੌਤਾਂ ਅਦਾਲਤੀ ਹਿਰਾਸਤ ਵਿਚ ਅਤੇ 125 ਪੁਲਿਸ ਹਿਰਾਸਤ ਵਿਚ)। 125 ਮੌਤਾਂ ਨਾਲ ਯੂ.ਪੀ. ਦਾ ਪਹਿਲਾ ਸਥਾਨ ਸੀ, ਇਸ ਤੋਂ ਬਾਅਦ ਤਾਮਿਲਨਾਡੂ ਤੇ ਪੰਜਾਬ ਦਾ ਅਤੇ ਫਿਰ ਬਿਹਾਰ ਦਾ। ਇਨ੍ਹਾਂ 125 ਵਿਚੋਂ 93 ਵਿਅਕਤੀਆਂ (74.4%) ਦੀ ਮੌਤ ਤਸ਼ੱਦਦ ਜਾਂ ਲਾਕਨੂੰਨੀਆਂ ਨਾਲ ਹੋਈ। ਇਹ ਵੀ ਯਾਦ ਰਹੇ ਕਿ ਪੁਲਿਸ ਦੇ ਤਸੀਹਿਆਂ ਦਾ ਸ਼ਿਕਾਰ ਆਮ ਤੌਰ 'ਤੇ ਗ਼ਰੀਬ ਅਤੇ ਨਿਤਾਣੇ ਲੋਕ ਹੁੰਦੇ ਹਨ। ਉਪਰੋਕਤ 125 ਵਿਚੋਂ 75 (60 ਫੀਸਦੀ) ਗਰੀਬ ਅਤੇ ਹਾਸ਼ੀਆਗ੍ਰਸਤ ਸਮੂਹਾਂ ਦੇ ਲੋਕ ਅਤੇ ਚਾਰ ਔਰਤਾਂ ਸਨ। ਇਨ੍ਹਾਂ ਵਿਚ 13 ਦਲਿਤ ਤੇ ਕਬਾਇਲੀ ਅਤੇ 15 ਮੁਸਲਿਮ ਸਨ ਜਦਕਿ 35 ਜਣੇ ਮਾਮੂਲੀ ਜੁਰਮਾਂ ਵਿਚ ਗ੍ਰਿਫਤਾਰ ਕੀਤੇ ਗਏ ਸਨ।

ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ 2017 ਵਿਚ ਪੁਲਿਸ ਹਿਰਾਸਤ ਵਿਚ 100 ਮੌਤਾਂ ਹੋਈਆਂ। 33 ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ 27 ਵਿਰੁਧ ਚਾਰਜਸ਼ੀਟ ਪੇਸ਼ ਕੀਤੇ ਜਾਣ ਦੇ ਬਾਵਜੂਦ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸੇ ਤਰ੍ਹਾਂ 2017 ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ 56 ਮਾਮਲਿਆਂ ਵਿਚ 48 ਪੁਲਸੀਆਂ ਵਿਰੁਧ ਦੋਸ਼ ਆਇਦ ਕੀਤੇ ਗਏ ਲੇਕਿਨ ਸਜ਼ਾ ਸਿਰਫ 3 ਦੋਸ਼ੀਆਂ ਨੂੰ ਹੋਈ। ਦਿੱਲੀ ਵਿਚ ਸੀ.ਏ.ਏ. ਵਿਰੁਧ ਪੁਰਅਮਨ ਸੰਘਰਸ਼ ਦੌਰਾਨ ਪੁਲਿਸ ਅਤੇ ਦੰਗਈ ਗਰੋਹਾਂ ਨੇ ਮਿਲ ਕੇ ਕਤਲੇਆਮ, ਸਾੜ-ਫੂਕ ਅਤੇ ਹਿੰਸਾ ਨੂੰ ਅੰਜਾਮ ਦਿੱਤਾ। ਮਨਘੜਤ ਕਹਾਣੀਆਂ ਬਣਾ ਕੇ ਉਲਟਾ ਅਮਨਪਸੰਦ ਕਾਰਕੁਨ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਹਨ (ਫੈਜ਼ਾਨ ਨਾਂ ਦੇ ਮੁਸਲਿਮ ਨੌਜਵਾਨ ਨੂੰ ਪੁਲਿਸ ਨੇ ਦਿਨ-ਦਿਹਾੜੇ ਸੜਕ ਉਪਰ ਡੰਡੇ ਨਾਲ ਕੁਚਲ ਕੇ ਮੌਤ ਦੇ ਮੂੰਹ ਧੱਕਿਆ। ਸਰਕਾਰੀ ਪੁਸ਼ਤਪਨਾਹੀ ਕਾਰਨ ਦੋਸ਼ੀ ਸਾਫ ਬਚ ਗਏ)। ਐਨੀ ਵੱਡੀ ਤਾਦਾਦ ਵਿਚ ਹਿਰਾਸਤੀ ਮੌਤਾਂ ਪੁਲਿਸ ਤਸੀਹਿਆਂ ਦੀ ਵਿਆਪਕਤਾ ਦੀਆਂ ਸੂਚਕ ਹਨ ਜਿਸ ਨੂੰ ਹਿਰਾਸਤੀਆਂ ਦੇ ਮਨੁੱਖੀ ਹੱਕਾਂ ਅਤੇ ਮਨੁੱਖੀ ਮਾਣ-ਸਨਮਾਨ ਦੀ ਕੋਈ ਪ੍ਰਵਾਹ ਨਹੀਂ ਹੈ। ਪੁਲਿਸ ਅਧਿਕਾਰੀ ਆਮ ਹੀ ਇਨ੍ਹਾਂ ਕਤਲਾਂ ਨੂੰ ਖੁਦਕੁਸ਼ੀ, ਬਿਮਾਰੀ ਜਾਂ ਸੱਟ ਲੱਗਣ ਦੇ ਖਾਤੇ ਪਾ ਕੇ ਦਬਾ ਦਿੰਦੇ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਪੀੜਤਾਂ ਨੂੰ ਨਿਆਂ ਦਿਵਾਉਣ ਤੋਂ ਅਸਮਰੱਥ ਹੈ, ਕਿਉਂਕਿ ਇਸ ਨੂੰ ਬਣਾਇਆ ਹੀ ਇਸ ਤਰ੍ਹਾਂ ਗਿਆ ਹੈ।

ਇਨ੍ਹਾਂ ਵਿਆਪਕ ਲਾਕਾਨੂੰਨੀਆਂ ਦਾ ਕਾਰਨ ਸੱਤਾ ਵਲੋਂ ਪੁਲਿਸ ਨੂੰ ਦਿੱਤੀ ਗਈ ਖੁੱਲ੍ਹ ਅਤੇ ਸਰਪ੍ਰਸਤੀ ਹੈ। ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਦੇ ਸੈਕਸ਼ਨ 197 ਅਤੇ ਅਫਸਪਾ-1958 ਦੇ ਸੈਕਸ਼ਨ 6 ਤਹਿਤ ਸਰਕਾਰੀ ਅਧਿਕਾਰੀਆਂ ਅਤੇ ਸਰਕਾਰੀ ਦਸਤਿਆਂ ਨੂੰ ਸਜ਼ਾ ਤੋਂ ਛੋਟ ਦਿੱਤੀ ਗਈ ਹੈ। ਉਨ੍ਹਾਂ ਵਿਰੁਧ ਮੁਕੱਦਮਾ ਸਰਕਾਰੀ ਮਨਜ਼ੂਰੀ ਨਾਲ ਹੀ ਦਰਜ ਹੋ ਸਕਦਾ ਹੈ, ਸਰਕਾਰਾਂ ਕਦੇ ਮੁਕੱਦਮੇ ਚਲਾਏ ਜਾਣ ਨੂੰ ਮਨਜ਼ੂਰੀ ਨਹੀਂ ਦਿੰਦੀਆਂ। ਜੰਮੂ ਕਸ਼ਮੀਰ ਅਤੇ ਮਨੀਪੁਰ ਦੇ ਤਸੀਹਿਆਂ ਅਤੇ ਗੈਰਅਦਾਲਤੀ ਹੱਤਿਆਵਾਂ ਦੇ ਸੈਂਕੜੇ ਮਾਮਲੇ ਇਸ ਦਾ ਸਬੂਤ ਹਨ। ਪੰਜਾਬ ਵਿਚ ਪਹਿਲਾਂ ਬਾਦਲ ਸਰਕਾਰ ਅਤੇ ਹੁਣ ਕੈਪਟਨ ਸਰਕਾਰ ਵਲੋਂ ਫਰਜ਼ੀ ਮੁਕਾਬਲਿਆਂ ਦੇ ਮੁਜਰਿਮ ਅਧਿਕਾਰੀਆਂ ਦੀ ਸਜ਼ਾ ਮੁਆਫ ਕਰਨਾ ਅਤੇ ਪਿਛਲੇ ਸਾਲ ਫਰੀਦਕੋਟ ਵਿਚ ਇਕ ਨੌਜਵਾਨ ਨੂੰ ਗ੍ਰਿਫਤਾਰ ਕਰ ਕੇ ਲਾਪਤਾ ਕਰ ਦੇਣ ਵਾਲੇ ਪੁਲਿਸ ਅਧਿਕਾਰੀਆਂ ਦਾ ਸਾਫ ਬਚ ਜਾਣਾ ਹਾਕਮ ਜਮਾਤੀ ਪੁਸ਼ਤਪਨਾਹੀ ਦੀਆਂ ਮਿਸਾਲਾਂ ਹਨ। ਭਾਰਤੀ ਸਮਾਜ ਡੂੰਘੇ ਰੂਪ ਵਿਚ ਜਗੀਰੂ, ਗੈਰਜਮਹੂਰੀ ਹੈ ਜੋ ਘੋਰ ਸਮਾਜੀ, ਆਰਥਕ, ਸਭਿਆਚਾਰਕ, ਧਾਰਮਿਕ ਨਾਬਰਾਬਰੀਆਂ ਅਤੇ ਪੱਖਪਾਤਾਂ ਵਿਚ ਗ੍ਰਸਿਆ ਹੋਇਆ ਹੈ। ਰਾਜਸੀ ਜਮਾਤ ਦਾ ਅਵਾਮ ਪ੍ਰਤੀ ਨਜ਼ਰੀਆ ਅਤੇ ਵਤੀਰਾ ਪੁਲਿਸ/ਸਟੇਟ ਵਿਚ ਸਾਹਮਣੇ ਆ ਰਿਹਾ ਹੈ ਜਿਸ ਵਿਚ ਕਾਨੂੰਨ ਸਾਹਮਣੇ ਬਰਾਬਰੀ, ਮਨੁੱਖੀ ਮਾਣ-ਸਨਮਾਨ ਅਤੇ ਨਾਗਰਿਕ ਹੱਕਾਂ ਲਈ ਕੋਈ ਜਗ੍ਹਾ ਨਹੀਂ ਹੈ। ਭਾਰਤੀ ਪੁਲਿਸ ਅਤੇ ਹੋਰ ਰਾਜਤੰਤਰ ਅੰਗਰੇਜ਼ੀ ਹਕੂਮਤ ਵਲੋਂ ਭਾਰਤੀ ਲੋਕਾਂ ਦੀਆਂ ਆਜ਼ਾਦੀ ਦੀਆਂ ਰੀਝਾਂ ਨੂੰ ਦਬਾਉਣ ਲਈ ਈਜਾਦ ਕੀਤਾ ਗਿਆ ਸੀ। 1947 ਤੋਂ ਬਾਦ ਉਸੇ ਮੂਲ ਖਾਸੇ, ਟਰੇਨਿੰਗ ਅਤੇ ਬਸਤੀਵਾਦੀ ਮਾਨਸਿਕਤਾ ਨੂੰ ਬਰਕਰਾਰ ਰੱਖਿਆ ਹੋਇਆ ਹੈ। ਪੁਲਿਸ ਅਮਨ-ਕਾਨੂੰਨ ਲਾਗੂ ਕਰਾਉਣ ਵਾਲੀ ਮਸ਼ੀਨਰੀ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਲਠੈਤ ਵਿੰਗ ਦੇ ਤੌਰ 'ਤੇ ਕੰਮ ਕਰਦੀ ਹੈ ਅਤੇ ਸੱਤਾ ਦੇ ਹਿਤ ਲਈ ਨਾਗਰਿਕਾਂ ਨੂੰ ਡੰਡੇ ਨਾਲ ਕੁਚਲਦੀ ਹੈ। ਫਰਜ਼ੀ ਪੁਲਿਸ ਮੁਕਾਬਲਿਆਂ, ਝੂਠੇ ਕੇਸਾਂ, ਹਿਰਾਸਤ ਵਿਚ ਤਸੀਹਿਆਂ, ਪੁਰਅਮਨ ਸੰਘਰਸ਼ਾਂ ਵਿਰੁਧ ਲਾਠੀ-ਗੋਲੀ ਦੇ ਬੇਕਿਰਕ ਇਸਤੇਮਾਲ ਵਿਚ ਇਹ ਭੂਮਿਕਾ ਸਾਫ ਦੇਖੀ ਜਾ ਸਕਦੀ ਹੈ। ਇਸੇ ਭੂਮਿਕਾ ਨੂੰ ਦੇਖਦਿਆਂ ਇਲਾਹਾਬਾਦ ਹਾਈਕੋਰਟ ਦੇ ਜਸਟਿਸ ਆਨੰਦ ਨਰਾਇਣ ਮੁੱਲਾ ਨੇ 1960ਵਿਆਂ ਵਿਚ ਇਕ ਫੈਸਲੇ ਵਿਚ ਇਹ ਟਿੱਪਣੀ ਕੀਤੀ ਸੀ, "ਮੈਂ ਪੂਰੀ ਜ਼ਿੰਮੇਵਾਰੀ ਨਾਲ ਇਹ ਕਹਿ ਰਿਹਾ ਹਾਂ, ਪੂਰੇ ਮੁਲਕ ਵਿਚ ਕੋਈ ਵੀ ਐਸਾ ਲਾਕਾਨੂੰਨੀ ਕਰਨ ਵਾਲਾ ਗਰੋਹ ਨਹੀਂ ਹੈ ਜਿਸ ਦਾ ਜੁਰਮਾਂ ਦਾ ਰਿਕਾਰਡ ਮੁਜਰਿਮਾਂ ਦੇ ਇਸ ਜਥੇਬੰਦ ਗਰੋਹ ਦੇ ਨੇੜੇ-ਤੇੜੇ ਹੋਵੇ ਜਿਸ ਨੂੰ ਭਾਰਤੀ ਪੁਲਿਸ ਕਿਹਾ ਜਾਂਦਾ ਹੈ।"

ਹਿਰਾਸਤੀ ਮੌਤਾਂ ਲਈ ਸਿਰਫ ਹੁਕਮਰਾਨ ਅਤੇ ਪੁਲਿਸ ਹੀ ਜ਼ਿੰਮੇਵਾਰ ਨਹੀਂ, ਅਦਾਲਤੀ ਪ੍ਰਣਾਲੀ ਵੀ ਇਸ ਵਿਚ ਬਰਾਬਰ ਭੂਮਿਕਾ ਨਿਭਾਉਂਦੀ ਹੈ। ਆਰ.ਐਸ.ਐਸ.-ਭਾਜਪਾ ਦੇ ਰਾਜ ਵਿਚ ਅਦਾਲਤਾਂ ਦੀ ਨਾਮਨਿਹਾਦ ਨਿਰਪੱਖਤਾ ਵੀ ਖਤਮ ਹੋ ਗਈ ਹੈ। ਜੁਡੀਸ਼ੀਅਲ ਮੈਜਿਸਟਰੇਟ ਗ੍ਰਿਫਤਾਰੀ ਦੇ ਕਾਨੂੰਨੀ ਅਮਲ ਦੀ ਉਲੰਘਣਾ ਨੂੰ ਅਕਸਰ ਹੀ ਅਣਦੇਖਿਆ ਕਰਦੇ ਹਨ। ਹਵਾਲਾਤੀ ਦੇ ਡਾਕਟਰੀ ਮੁਆਇਨੇ ਦੇ ਨਾਂ 'ਤੇ ਮਹਿਜ਼ ਕਾਗਜ਼ੀ ਕਾਰਵਾਈ ਕੀਤੀ ਜਾਂਦੀ ਹੈ। ਰਿਮਾਂਡ ਦੇਣ ਸਮੇਂ ਨਾ ਤਾਂ ਹਵਾਲਾਤੀ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਾ ਉਸ ਦਾ ਪੱਖ ਸੁਣਿਆ ਜਾਂਦਾ ਹੈ। ਪੁਲਿਸ ਦੀ ਮਨਘੜਤ ਕਹਾਣੀ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਉਸ ਨੂੰ ਰਿਮਾਂਡ ਦੇ ਨਾਂ 'ਤੇ ਜ਼ਿਬਾਹ ਹੋਣ ਲਈ ਮੁੜ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਕਥਿਤ

***(ਬਾਕੀ ਅਗਲੇ ਸਫੇ 'ਤੇ)***

# ਪਿੰਡ ਵਾਪਸੀ: ਮਜ਼ਦੂਰਾਂ ਦੀਆਂ ਵਹੀਰਾਂ ਅਤੇ ਵਿਦਿਆਰਥੀ

***ਲੱਖਾਂ ਮਜ਼ਦੂਰਾਂ ਦਾ ਸ਼ਹਿਰਾਂ ਨੂੰ ਅਲਵਿਦਾ ਆਖ ਸੈਂਕੜੇ ਕਿਲੋਮੀਟਰ ਦੂਰ ਪਿੰਡਾਂ ਵਿਚ ਵੱਸਦੇ ਆਪਣੇ ਘਰਾਂ ਵੱਲ ਕੂਚ ਕਰ ਜਾਣ ਦਾ ਮੰਜ਼ਰ ਅਸੀਂ ਸਾਰਿਆਂ ਨੇ ਦੇਖਿਆ। ਮੱਧ-ਵਰਗੀ ਚੇਤਨਾ ਦੇ ਮਹੀਨ ਹਿੱਸੇ ਨੇ ਧਰਾਤਲ ਤੇ ਸਰਗਰਮ ਹੋ ਆਪਣੀ ਸਮਰੱਥਾ ਤੋਂ ਵੱਧ ਤਰੱਦਦ ਕੀਤਾ ਕਿ ਕਿਰਤੀ ਲੋਕ ਘਰਾਂ ਤੱਕ ਸਾਬਤ-ਸਬੂਤ ਪਹੁੰਚ ਜਾਣ। ਕਈਆਂ ਨੇ ਲੇਖ ਲਿਖ ਕੇ ਮਜ਼ਦੂਰਾਂ ਦੀ ਵਿਥਿਆ ਬਿਆਨ ਕੀਤੀ ਪਰ ਕੁਝ ਸਵਾਲ ਅਜੇ ਵੀ ਗਹਿਰੇ ਚਿੰਤਨ ਦੀ ਮੰਗ ਕਰ ਰਹੇ ਹਨ। ਮਜ਼ਦੂਰਾਂ ਨੇ ਘਰੋਂ ਕੱਢਣ ਤੇ ਇਕੱਠੇ ਹੋ ਮਕਾਨ ਮਾਲਕਾਂ ਨੂੰ ਕਿਉਂ ਨਹੀਂ ਵੰਗਾਰਿਆ?***



ਅਮਰੀਕਾ ਵਿਚ 25 ਮਈ, 2020 ਨੂੰ ਗੋਰੇ ਪੁਲਿਸ ਵਾਲੇ ਨੇ ਸਿਆਹਫਾਮ ਜੌਰਜ ਫਲਾਇਡ ਦੀ ਧੌਣ ਉਤੇ ਗੋਡਾ ਰੱਖ ਕੇ ਉਸ ਦਾ ਕਤਲ ਕਰ ਦਿੱਤਾ। ਰੋਹ ਵਿਚ ਆਏ ਇਨਸਾਫ-ਪਸੰਦ ਅਮਰੀਕੀਆਂ ਨੇ ਮੁਜ਼ਾਹਰਿਆਂ ਦੀਆਂ ਝੜੀਆਂ ਲਾ ਦਿੱਤੀਆਂ। ਉਸ ਤਾਰੀਕ ਤੋਂ ਬਾਅਦ ਅਮਰੀਕਾ ਦਾ ਨਿਊ ਯਾਰਕ ਸ਼ਹਿਰ ਕਰੋਨਾ ਮਹਾਮਾਰੀ ਦੇ ਆਲਮੀ ਕੇਂਦਰ ਤੋਂ ਮੁਜ਼ਾਹਰਿਆਂ ਦੇ ਗੜ੍ਹ ਵਿਚ ਤਬਦੀਲ ਹੋ ਗਿਆ ਸੀ। ਕੁੱਲ ਆਲਮ ਦੀ ਇਨਸਾਫ-ਪਸੰਦ ਅਵਾਮ ਨੇ ਇਸ ਲੋਕ-ਸੰਗਰਾਮ ਨੂੰ ਬੜੀ ਨੀਝ ਨਾਲ ਵਾਚਿਆ। ਭਾਰਤੀ ਉਪ-ਮਹਾਂਦੀਪ ਵਿਚ ਸਮਾਜਿਕ ਬਰਾਬਰੀ ਦੀ ਬਾਤ ਪਾਉਣ ਵਾਲੇ ਵੀ ਉਨ੍ਹਾਂ ਪਲਾਂ ਦੀ ਉਡੀਕ ਕਰ ਰਹੇ ਹਨ, ਜਦੋਂ ਅਵਾਮ ਨਿਜ਼ਾਮ ਦਾ ਸਾਹ ਲੈਣਾ ਔਖਾ ਕਰ ਦੇਵੇਗੀ ਪਰ ਸਮੁੱਚਾ ਭਾਰਤੀ ਸਮਾਜ ਅਜੇ ਉਨ੍ਹਾਂ ਪਲਾਂ ਨੂੰ ਜੀਣ



**ਜਤਿੰਦਰ ਸਿੰਘ**
**ਫੋਨ: +91-97795-30032**

ਲਈ ਤਿਆਰ ਨਹੀਂ ਹੋਇਆ ਜਾਪਦਾ।

ਲੱਖਾਂ ਮਜ਼ਦੂਰਾਂ ਦਾ ਸ਼ਹਿਰਾਂ ਨੂੰ ਅਲਵਿਦਾ ਆਖ ਸੈਂਕੜੇ ਕਿਲੋਮੀਟਰ ਦੂਰ ਪਿੰਡਾਂ ਵਿਚ ਵੱਸਦੇ ਆਪਣੇ ਘਰਾਂ ਵੱਲ ਕੂਚ ਕਰ ਜਾਣ ਦਾ ਮੰਜ਼ਰ ਅਸੀਂ ਸਾਰਿਆਂ ਨੇ ਦੇਖਿਆ। ਮੱਧ-ਵਰਗੀ ਚੇਤਨਾ ਦੇ ਮਹੀਨ ਹਿੱਸੇ ਨੇ ਧਰਾਤਲ 'ਤੇ ਸਰਗਰਮ ਹੋ ਆਪਣੀ ਸਮਰੱਥਾ ਤੋਂ ਵੱਧ ਤਰੱਦਦ ਕੀਤਾ ਕਿ ਕਿਰਤੀ ਲੋਕ ਘਰਾਂ ਤੱਕ ਸਾਬਤ-ਸਬੂਤ ਪਹੁੰਚ ਜਾਣ। ਕਈਆਂ ਨੇ ਲੇਖ ਲਿਖ ਕੇ ਮਜ਼ਦੂਰਾਂ ਦੀ ਵਿਥਿਆ ਬਿਆਨ ਕੀਤੀ ਪਰ ਕੁਝ ਸਵਾਲ ਅਜੇ ਵੀ ਗਹਿਰੇ ਚਿੰਤਨ ਦੀ ਮੰਗ ਕਰ ਰਹੇ ਹਨ। ਮਜ਼ਦੂਰਾਂ ਨੇ ਘਰੋਂ ਕੱਢਣ 'ਤੇ ਇਕੱਠੇ ਹੋ ਮਕਾਨ ਮਾਲਕਾਂ ਨੂੰ ਕਿਉਂ ਨਹੀਂ ਵੰਗਾਰਿਆ? ਉਹ ਮਕਾਨ ਮਾਲਕਾਂ ਖਿਲਾਫ ਥਾਣਿਆਂ ਵਿਚ ਸ਼ਿਕਾਇਤਾਂ ਦਰਜ ਕਰਾਉਣ ਕਿਉਂ ਨਹੀਂ ਗਏ? ਉਨ੍ਹਾਂ ਨੇ ਅੰਨ-ਭੰਡਾਰਾਂ ਵੱਲ ਵਹੀਰਾਂ ਕਿਉਂ ਨਹੀਂ ਘੱਤੀਆਂ? ਬਕੌਲ ਕੇਂਦਰੀ ਮੰਤਰੀ ਨਿਤਿਨ ਗਡਕਰੀ, ਇਨ੍ਹਾਂ ਅੰਨ-ਭੰਡਾਰਾਂ ਵਿਚ ਕਣਕ ਤੇ ਚੌਲਾਂ ਦਾ ਅਗਲੇ ਤਿੰਨ ਸਾਲਾਂ ਦਾ ਭੰਡਾਰ ਜਮ੍ਹਾਂ ਹੈ।

ਮਜ਼ਦੂਰ ਜ਼ਿਆਦਾਤਰ ਇਸ ਮੰਗ ਨੂੰ ਲੈ ਕੇ ਸੜਕਾਂ 'ਤੇ ਆਇਆ, ਕਈ ਜਗ੍ਹਾ ਪੁਲਿਸ ਨਾਲ ਝੜਪ ਵੀ ਹੋਈ ਕਿ ਸਰਕਾਰ ਉਨ੍ਹਾਂ ਨੂੰ ਤੁਰੰਤ ਤੇ ਸਹੀ-ਸਲਾਮਤ ਘਰ ਪਹੁੰਚਾਉਣ ਦਾ ਇੰਤਜ਼ਾਮ ਕਰੇ; ਜਿਵੇਂ ਮਨ ਪਰਦੇਸੀ ਹੋ ਗਿਆ ਹੋਵੇ। ਬਾਬਾ ਨਾਨਕ ਸੱਚ ਫਰਮਾਉਂਦੇ ਹਨ: ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ। ਪਰਦੇਸੀ ਮਨ ਆਪਣੇ ਘਰ ਜਾਣਾ ਲੋਚਦਾ ਸੀ। ਇਹ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲਾ ਸੱਚ ਹੈ ਕਿ ਸਟੇਟ ਨੂੰ ਬਿਨਾਂ ਵਖਤ ਪਾਇਆਂ ਲੱਖਾਂ ਦੀ ਸੰਖਿਆ ਵਾਲਾ ਮਜ਼ਦੂਰ ਆਪਣੀ ਗਠੜੀ ਚੁੱਕ, ਸੈਂਕੜੇ ਕਿਲੋਮੀਟਰਾਂ ਦੇ ਕਸ਼ਟਪੂਰਨ ਸਫਰ 'ਤੇ ਨਿਕਲ ਪਿਆ। ਅਹਿਮ ਸਵਾਲ ਇਹ ਨਹੀਂ ਕਿ ਕੀ ਵਾਪਰਿਆ ਅਤੇ ਕਿੰਝ ਵਾਪਰਿਆ! ਸਭ ਤੋਂ ਜ਼ਰੂਰੀ ਸਵਾਲ ਇਹ ਹੈ ਕਿ ਇਹ ਮਜ਼ਦੂਰ ਦੀ ਕਿਹੋ ਜਿਹੀ ਮਾਨਸਿਕਤਾ ਬਣੀ ਜਿਸ ਵਿਚੋਂ ਉਹ ਪਿੰਡ ਵਸਦੇ ਘਰ ਜਾਣ ਦੀ ਜ਼ਿੱਦ ਕਰੀ ਬੈਠਾ ਸੀ?

ਸ਼ਹਿਰ ਨੇ ਇਨ੍ਹਾਂ ਨਾਲ ਬੇਗਾਨਗੀ ਵਾਲਾ ਸਲੂਕ ਕਿਉਂ ਕੀਤਾ? ਇਹ ਬੜਾ ਅਹਿਮ ਸਵਾਲ ਤਾਂ ਹੈ ਪਰ ਇਹ ਸਮਝਣਾ ਹੋਰ ਵੀ ਜ਼ਰੂਰੀ ਹੈ ਕਿ ਮਜ਼ਦੂਰਾਂ ਨੇ ਸ਼ਹਿਰ ਉਤੇ ਆਪਣਾ ਦਾਅਵਾ ਕਿਉਂ ਨਹੀਂ ਠੋਕਿਆ? ਸ਼ਹਿਰ ਉਤੇ ਆਪਣੀ ਹੱਕ ਜਤਾਈ ਕਿਉਂ ਨਹੀਂ ਕੀਤੀ? ਜੰਗ ਤਾਂ ਦਾਅਵਿਆਂ ਦੇ ਸਿਰ ਉਤੇ ਹੀ ਲੜੀ ਜਾਂਦੀ ਹੈ। ਹਾਰ ਹੋਵੇ ਭਾਵੇਂ ਜਿੱਤ। ਦਾਅਵਾ ਨਹੀਂ ਤਾਂ ਜੰਗ ਨਹੀਂ। ਇਸ ਘੋਰ ਸੰਕਟ ਸਮੇਂ ਵੀ ਸ਼ਹਿਰਾਂ ਵਿਚ ਕੁਝ ਉਸਰਦਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤੀ ਉਪ-ਮਹਾਂਦੀਪ ਦੀ ਰਾਜਨੀਤਕ-ਆਰਥਕਤਾ ਦਾ ਇਹ ਕਿਹੋ-ਜਿਹਾ ਤਾਣਾ-ਬਾਣਾ ਹੈ ਜਿਸ ਨੇ ਅਜਿਹੀ ਮਾਨਸਿਕਤਾ ਨੂੰ ਘੜਿਆ ਹੈ?

### ਕਿਰਤੀਆਂ ਦੀ ਹਿਜਰਤ ਅਤੇ ਸ਼ਹਿਰੀਕਰਨ ਦੇ ਸਰੂਪ

ਸੰਨ 1947 ਤੋਂ ਅਜੋਕੇ ਸਮੇਂ ਤੱਕ ਸ਼ਹਿਰੀਕਰਨ ਦੇ ਸਰੂਪ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। 1950 ਤੋਂ 1990 ਦੇ ਚਾਰ ਦਹਾਕੇ ਭਾਰਤੀ ਉਪ-ਮਹਾਂਦੀਪ 'ਚ ਉਦਯੋਗ ਆਧਾਰਿਤ ਸ਼ਹਿਰਾਂ ਦੇ ਵਿਗਸਣ ਦੀ ਰਫਤਾਰ ਮੱਧਮ ਰਹੀ। ਇਸ ਦੌਰਾਨ ਨਾ ਹੀ ਸੇਵਾਵਾਂ ਖੇਤਰ ਵਿਕਸਿਤ ਹੋਇਆ ਸੀ ਜਿਸ ਕਾਰਨ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਪੇਂਡੂ ਕਿਰਤੀ ਨੂੰ ਸ਼ਹਿਰੀ ਖੇਤਰ ਵੱਲ ਖਿੱਚ ਨਹੀਂ ਕਰ ਸਕੀ। ਬਸਤੀਵਾਦੀ ਦੌਰ ਦੇ ਉਦਯੋਗ ਆਧਾਰਿਤ ਸ਼ਹਿਰਾਂ ਦੀ ਮਹੱਤਤਾ ਸੰਨ ਸੰਤਾਲੀ ਦੀ ਸੱਤਾ-ਤਬਦੀਲੀ ਤੋਂ ਬਾਅਦ ਵੀ ਬਰਕਰਾਰ ਰਹੀ। ਜਿਨ੍ਹਾਂ ਸ਼ਹਿਰਾਂ ਨੂੰ ਆਧੁਨਿਕਤਾ ਦਾ ਮੁਜੱਸਮਾ ਕਿਹਾ ਗਿਆ (ਮਸਲਨ ਚੰਡੀਗੜ੍ਹ), ਉਹ ਉਦਯੋਗਿਕ ਨਹੀਂ ਬਲਕਿ ਪ੍ਰਸ਼ਾਸਨਿਕ ਤੇ ਸਿਆਸੀ ਸਰਗਰਮੀਆਂ ਦੇ ਕੇਂਦਰ ਦੇ ਰੂਪ ਵਿਚ ਵਿਕਸਿਤ ਹੋਏ। ਇਨ੍ਹਾਂ ਦਹਾਕਿਆਂ ਵਿਚਕਾਰ ਜਾਤ ਆਧਾਰਿਤ ਪੁਸ਼ਤੈਨੀ ਕੰਮ ਵਿਚ ਲੱਗੇ ਰਹਿਣ ਅਤੇ ਖੇਤੀ ਵਿਚ ਪੈਦਾਵਾਰ ਵਧਾਉਣ ਦੀ ਸੋਚ ਨਾਲ ਕੀਤੇ ਸਰਕਾਰੀ ਨਿਵੇਸ਼ ਵਜੋਂ ਰੁਜ਼ਗਾਰ ਦੇ ਵਧੇ ਮੌਕਿਆਂ ਕਾਰਨ ਪੇਂਡੂ ਕਿਰਤੀ ਜਾਂ ਕਿਰਤ ਸ਼ਕਤੀ ਦੀ ਪਿੰਡ ਪੱਧਰ ਉਤੇ ਖਪਤ ਹੁੰਦੀ ਰਹੀ। ਇਨ੍ਹਾਂ ਸਮਿਆਂ ਵਿਚ 'ਹਰੀ ਕ੍ਰਾਂਤੀ' ਵਾਲੇ ਸੂਬਿਆਂ ਦਾ ਪੇਂਡੂ ਖੇਤਰ ਹਿਜਰਤੀ ਕਿਰਤ ਦਾ ਮੁੱਖ ਗੜ੍ਹ ਰਿਹਾ। ਖੇਤੀ ਨੂੰ ਤਾਂ ਵਕਤੀ ਹਿਜਰਤੀ ਕਿਰਤ ਦੀ ਹੀ ਲੋੜ ਰਹੀ ਹੈ। ਲੁਆਈ ਜਾਂ ਕਟਾਈ ਮੌਕੇ ਜ਼ਿਆਦਾ ਕਿਰਤੀਆਂ ਦੀ ਜ਼ਰੂਰਤ ਹੁੰਦੀ ਹੈ। ਖੇਤੀ ਦਾ ਕੰਮ ਪੂਰਾ ਹੋਣ 'ਤੇ ਕਿਰਤ ਸ਼ਕਤੀ ਘਰਾਂ ਨੂੰ ਵਾਪਸ ਹੋ ਜਾਂਦੀ ਹੈ।

1991-92 ਦੀਆਂ ਨਵ-ਉਦਾਰਵਾਦੀਆਂ ਨੀਤੀਆਂ ਕਾਰਨ ਸ਼ਹਿਰ ਨਿਰਮਾਣ ਤੇ ਸੇਵਾਵਾਂ ਖੇਤਰ ਲਈ ਖੁੱਲ੍ਹਣਾ ਸ਼ੁਰੂ ਹੋਏ। ਭਾਰਤੀ ਉਪ-ਮਹਾਂਦੀਪ ਉਦਯੋਗਿਕ ਕ੍ਰਾਂਤੀ ਰੂਪੀ ਚੌਕ 'ਚੋਂ ਗੁਜ਼ਰਨ ਦੀ ਥਾਂ, ਬਾਈਪਾਸ ਲੈ ਨਿਰਮਾਣ ਤੇ ਸੇਵਾਵਾਂ ਖੇਤਰ 'ਚ ਦਾਖਲ ਹੋਇਆ। ਫਿਰ ਇਨ੍ਹਾਂ ਖੇਤਰਾਂ ਦਾ ਫੈਲਾਅ ਹੋਇਆ, ਪੇਂਡੂ ਖੇਤਰ ਨਾਲੋਂ ਕੰਮ (ਭਾਵੇਂ ਆਰਜ਼ੀ ਹੀ ਸਹੀ) ਦੇ ਮੌਕਿਆਂ ਤੇ ਕਮਾਈ 'ਚ ਵਾਧਾ ਹੋਇਆ। ਸੂਬੇ ਦੇ ਆਪਣੇ ਤੇ ਬਾਹਰਲੇ ਸੂਬਿਆਂ ਤੋਂ ਪੇਂਡੂ ਕਿਰਤੀ ਨੇ ਸ਼ਹਿਰਾਂ ਵੱਲ ਵੱਡੀ ਸੰਖਿਆ ਵਿਚ ਹਿਜਰਤ ਕੀਤੀ। ਜਾਤ ਆਧਾਰਿਤ ਪੁਸ਼ਤੈਨੀ ਕੰਮਾਂ ਦੇ ਉਜਾੜੇ, ਖੇਤੀ 'ਚ ਖੜੋਤ ਤੇ ਮਸ਼ੀਨੀਕਰਨ ਨੇ ਕਿਰਤੀਆਂ ਨੂੰ ਖੇਤੀ ਖੇਤਰ 'ਚੋਂ ਵੱਡੇ ਪੱਧਰ 'ਤੇ ਬਾਹਰ ਧੱਕ ਦਿੱਤਾ।

ਪੇਂਡੂ ਕਿਰਤੀਆਂ ਦੀ ਸ਼ਹਿਰਾਂ ਵੱਲ ਹਿਜਰਤ ਅਮੂਮਨ ਦੋ ਕਿਸਮ ਦੀ ਹੈ: ਪਹਿਲੀ, ਦੂਰ-ਦੁਰਾਡੇ ਪਿੰਡਾਂ ਤੋਂ ਚੱਲ ਕੇ ਨਗਰਾਂ ਤੇ ਮਹਾਂਨਗਰਾਂ ਵਿਚ ਕਿਰਤ ਕਰਨ ਅਤੇ ਅਣਮਨੁੱਖੀ ਹਾਲਾਤ ਵਿਚ ਗੁਜ਼ਰ-ਬਸਰ ਕਰਨ ਵਾਲਿਆਂ ਦੀ ਹੈ। ਇਸੇ ਕਿਰਤ ਸ਼ਕਤੀ ਨੇ ਪਿੰਡਾਂ ਵੱਲ ਚਾਲੇ ਪਾਏ। ਦੂਜੀ, ਨੇੜਲੇ ਪਿੰਡਾਂ ਤੋਂ ਕਸਬਿਆਂ, ਸ਼ਹਿਰਾਂ ਆਦਿ ਵੱਲ ਸਵਖਤੇ ਕਿਰਤ ਕਰਨ ਜਾਂ ਭਾਲ ਵਿਚ ਆਉਣ ਤੇ ਸੂਰਜ ਢਲਦੇ ਘਰੀਂ ਮੁੜ ਜਾਣ ਵਾਲਿਆਂ ਦੀ ਹੈ। ਕਿਰਤ ਸਥਾਨ ਸ਼ਹਿਰ ਤੇ ਕਸਬੇ, ਆਰਾਮ ਸਥਾਨ ਪਿੰਡ ਵਿਚਲਾ ਘਰ। ਇਨ੍ਹਾਂ ਕਿਰਤੀਆਂ ਵਿਚ ਬਹੁਤਾਤ ਪਿੰਡ ਦਾ ਦਲਿਤ ਤਬਕਾ ਸ਼ਹਿਰਾਂ ਵੱਲ ਸੇਧਿਤ ਹੋਇਆ। ਤਾਲਾਬੰਦੀ ਦੌਰਾਨ ਸ਼ਹਿਰ ਠੱਪ ਹੋਣ ਕਾਰਨ ਪਿੰਡਾਂ ਵਿਚ ਖੇਤੀ ਆਧਾਰਿਤ ਕੰਮਾਂ ਅਤੇ ਮਗਨਰੇਗਾ ਵੱਲ ਮੁੜਿਆ। ਕੋਈ ਹਲਚਲ ਨਹੀਂ ਕੀਤੀ। ਮੌਜੂਦਾ ਦੌਰ ਵਿਚ ਪੰਜਾਬ ਦੇ ਪਿੰਡਾਂ ਦਾ ਦਲਿਤ ਕਿਰਤੀ ਸ਼ਾਮਲਾਤ ਜ਼ਮੀਨ ਨੂੰ ਠੇਕੇ ਉਤੇ ਲੈਣ ਦੀ ਲੜਾਈ ਲੜ ਰਿਹਾ ਹੈ ਜੋ ਕਰੋਨਾ ਦੌਰ ਤੋਂ ਪਹਿਲਾਂ ਦਾ ਵਰਤਾਰਾ ਹੈ। ਇਨ੍ਹਾਂ ਅੰਦੋਲਨਾਂ ਨੂੰ ਦੇਖ ਲੱਗਦਾ ਹੀ ਨਹੀਂ ਕਿ ਅਸੀਂ ਕਰੋਨਾ ਮਹਾਮਾਰੀ ਦੇ ਸਮੇਂ ਵਿਚ ਵਿਚਰ ਰਹੇ ਹਾਂ। ਸਰਕਾਰੀ ਤੰਤਰ ਆਪਣੀਆਂ ਮਨ-ਆਈਆਂ ਕਰ ਰਿਹਾ ਤੇ ਪੇਂਡੂ ਦਲਿਤ ਸਮਾਜ ਜ਼ਮੀਨ ਲਈ ਸੰਘਰਸ਼। ਬਾਕੀ ਸੂਬਿਆਂ ਦੇ ਪਿੰਡ ਕੀ ਕਰ ਰਹੇ ਹਨ, ਘੋਖਣ ਦਾ ਵਿਸ਼ਾ ਹੈ।

### ਮਰਦ ਤੇ ਜਾਤੀ ਪ੍ਰਧਾਨ ਅਸਥਾਈ ਹਿਜਰਤੀ ਕਿਰਤ

ਉਦਯੋਗਿਕ ਕ੍ਰਾਂਤੀ ਦੀ ਗੈਰ-ਹਾਜ਼ਰੀ ਵਿਚ ਵਿਗਸੀ ਰਾਜਨੀਤਕ-ਆਰਥਿਕਤਾ ਵਿਚੋਂ ਉਪਜੀ ਹਿਜਰਤੀ ਕਿਰਤ ਦੇ ਸਰੂਪ ਦੀਆਂ ਮੁੱਖ ਤਿੰਨ ਖਾਸੀਅਤਾਂ ਹਨ: ਪਹਿਲੀ, ਮਰਦ ਪ੍ਰਧਾਨ ਹੋਣਾ; ਦੂਜੀ, ਜਾਤੀ ਸਮੂਹਾਂ ਵਿਚ ਹਿਜਰਤ ਕਰਨਾ; ਤੀਜੀ, ਚਿਰਸਥਾਈ ਸ਼ਹਿਰੀ ਹੋਣ ਦੀ ਸਮਰੱਥਾ ਨਾ ਹੋਣਾ।

ਕੰਮ ਦੀ ਭਾਲ ਵਿਚ ਹਿਜਰਤ ਘਰਾਂ ਦੇ ਮੱਸ-ਫੁੱਟ ਮੁੰਡੇ ਕਰਦੇ ਹਨ। ਔਰਤਾਂ ਘਰਾਂ, ਪਿੰਡਾਂ ਤੇ ਆਸ-ਪਾਸ ਦੇ ਕਸਬਿਆਂ-ਸ਼ਹਿਰਾਂ ਤੱਕ ਸੀਮਤ ਹਨ। ਜਾਤੀ ਸਮੂਹ ਸ਼ਹਿਰਾਂ ਵਿਚ ਕੰਮ ਲੱਭਣ ਤੇ ਸਿਰ ਢਕਣ ਲਈ ਛੱਤ ਦਾ ਪ੍ਰਬੰਧ ਕਰਵਾਉਣ ਵਿਚ ਸਹਾਈ ਹੁੰਦੇ ਹਨ। ਘਰਦਿਆਂ ਲਈ ਕਮਾਊ ਮੁੰਡਾ ਆਪਣੀ ਜਾਤ-ਬਿਰਾਦਰੀ ਦੇ ਮਰਦ ਕਿਰਤੀ ਨਾਲ ਬੇਗਾਨੇ ਦੇਸ ਤੋਰ ਦੇਣਾ ਘੱਟ ਪੀੜਾਦਾਇਕ ਹੁੰਦਾ ਹੈ। ਬੇਗਾਨੀ ਧਰਤੀ ਤੇ ਆਈ ਕਿਰਤ ਸ਼ਕਤੀ ਲਈ ਕੋਈ ਆਪਣਾ ਕਹਿਣ ਤੇ ਦੁੱਖ-ਸੁੱਖ ਸਾਂਝੇ ਕਰਨ ਨੂੰ ਮਿਲ ਜਾਂਦਾ ਹੈ।

ਕਿਰਤੀ ਨੇ ਪਰਿਵਾਰ ਸਮੇਤ ਸ਼ਹਿਰਾਂ ਵੱਲ ਹਿਜਰਤ ਨਹੀਂ ਕੀਤੀ। ਵਿਆਹ ਕਰਵਾ ਜੇ ਆਪਣੀ ਘਰਵਾਲੀ ਤੇ ਬੱਚਿਆਂ ਨੂੰ (ਜੋ ਪਰਿਵਾਰ ਬਣ ਜਾਂਦਾ ਹੈ) ਬੁਲਾ ਵੀ ਲੈਂਦਾ ਹੈ ਤਾਂ ਸਮੁੱਚੇ ਪਰਿਵਾਰ ਦੇ ਬਾਕੀ ਮੈਂਬਰ ਪਿੰਡ ਰਹਿ ਕੇ ਹੀ ਗੁਜ਼ਾਰਾ ਕਰਦੇ ਹਨ। ਸ਼ਹਿਰਾਂ ਵਿਚ ਕਿਰਤ ਸ਼ਕਤੀ ਵੇਚਣ ਵਾਲਾ ਕਿਰਤੀ ਸ਼ਹਿਰ ਦਾ ਚਿਰਸਥਾਈ ਵਾਸੀ ਨਹੀਂ ਬਣ ਸਕਿਆ। ਸਮੇਂ ਦਾ ਪਹੀਆ ਘੁੰਮਦਾ ਰਹਿੰਦਾ ਹੈ। ਪੁਰਾਣੀ ਜਾਂ ਕਮਜ਼ੋਰ ਕਿਰਤ ਸ਼ਕਤੀ ਵਾਪਸ ਪਿੰਡਾਂ ਵਿਚ ਆਖੀਰੀ ਸਾਹ ਲੈਣ ਮੁੜ ਜਾਂਦੀ ਹੈ ਅਤੇ ਨਵੀਂ ਕਿਰਤ ਸ਼ਕਤੀ ਉਸ ਦੀ ਥਾਂ ਮੱਲ ਲੈਂਦੀ ਹੈ। ਕਿਰਤੀ ਭਾਵੇਂ ਲਾਗਲੇ ਸ਼ਹਿਰਾਂ ਵਿਚ ਕੰਮ ਲਈ ਜਾਂਦਾ ਹੋਵੇ, ਖੇਤੀ ਦੇ ਵਕਤੀ ਕੰਮਾਂ ਜਾਂ ਸ਼ਹਿਰੀ ਖੇਤਰ ਦੇ ਉਦਯੋਗਾਂ ਤੇ ਸੇਵਾਵਾਂ ਖੇਤਰ ਵਿਚ ਕਿਰਤ ਲਈ ਹਿਜਰਤ ਕਰਦਾ ਹੋਵੇ, ਉਹ ਹਮੇਸ਼ਾਂ ਚਲੋ-ਚਲ ਵਾਲੀ ਅਵਸਥਾ ਤੇ ਮਨੋਦਿਸ਼ਾ ਵਿਚ ਰਹਿੰਦਾ ਹੈ। ਪਿੰਡ ਦੇ ਸਮਾਜਿਕ (ਜਾਤੀ ਵਿਤਕਰੇ) ਤੇ ਆਰਥਿਕ ਸੰਕਟ ਨੇ ਸ਼ਹਿਰਾਂ ਵੱਲ ਧੱਕ ਦਿੱਤਾ। ਸ਼ਹਿਰੀ ਸੰਕਟ ਨੇ ਕਿਰਤੀ ਦੀ ਮੁਹਾਰ ਵਾਪਸ ਪਿੰਡਾਂ ਵੱਲ ਮੋੜ ਦਿੱਤੀ। ਪਿੰਡਾਂ ਤੇ ਸ਼ਹਿਰਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਵਾਲਾ ਕਿਰਤੀ ਨਾ ਪਿੰਡ ਦਾ ਰਿਹਾ, ਨਾ ਸ਼ਹਿਰੀ ਹੋ ਸਕਿਆ। ਕਿਰਤੀ ਪਿੰਡ ਤੇ ਸ਼ਹਿਰ ਵਿਚਲੀ ਵਿੱਥ ਵਿਚ ਪੈਂਡੂਲਮ ਵਾਂਗ ਝੂਲਦਾ ਰਹਿੰਦਾ ਹੈ।

ਕਿਰਤ ਦਾ ਇਹ ਸਰੂਪ ਮਾਲਕਾਂ ਦੀ ਮੁਨਾਫਾਖੋਰੀ ਲਈ ਬੜਾ ਜ਼ਰੂਰੀ ਹੈ। ਮਾਲਕ ਨੂੰ ਆਪਣੇ ਮੁਨਾਫੇ ਲਈ ਸਭ ਤੋਂ ਸਸਤੀ ਕਿਰਤ ਸ਼ਕਤੀ ਚਾਹੀਦੀ ਹੈ। ਕਿਰਤੀ ਦੀ ਘੱਟ ਤੋਂ ਘੱਟ ਉਜਰਤ ਦਾ ਮਾਲਕ ਦੇ ਵੱਧ ਤੋਂ ਵੱਧ ਮੁਨਾਫੇ ਨਾਲ ਗਹਿਰਾ ਤੇ ਸਿੱਧਾ ਰਿਸ਼ਤਾ ਹੈ। ਕਿਰਤੀ ਪਰਿਵਾਰ ਸਮੇਤ ਸ਼ਹਿਰ ਵੱਸਣ ਲਈ ਖਰਚਾ ਝੱਲਣ ਜੋਗੀ ਕਮਾਈ ਨਹੀਂ ਹੁੰਦੀ ਪਰ ਪੇਂਡੂ ਖੇਤਰ ਸ਼ਹਿਰਾਂ ਨਾਲੋਂ ਘੱਟ ਖਰਚੀਲਾ ਤੇ ਘੱਟ ਆਮਦਨੀ ਵਾਲਾ ਹੋਣ ਕਾਰਨ ਕਮਾਊ ਪੁੱਤ ਦੀ ਨਿਗੂਣੀ ਉਜਰਤ ਵਿਚੋਂ ਆਉਂਦਾ ਵੱਡਾ ਹਿੱਸਾ ਗਰੀਬ ਘਰਾਂ ਲਈ ਵਰਦਾਨ ਬਰਾਬਰ ਹੈ।

### ਪੈਂਡੂਲਮ ਵਾਂਗ ਝੂਲਦੇ ਚੇਤਨ ਵਿਦਿਆਰਥੀ

ਇੱਕ ਅਹਿਮ ਸਵਾਲ ਹੋਰ! ਮਹਾਮਾਰੀ ਦੇ ਇਸ ਦੌਰ ਵਿਚ ਕਿਰਤੀਆਂ ਦੀ ਅਗਵਾਈ ਵਿਚ ਇਨਕਲਾਬ ਲਿਆਉਣ ਦਾ ਵਾਅਦਾ ਕਰਨ ਵਾਲੇ ਚੇਤਨ ਸਮੂਹਾਂ ਦਾ ਕੀ ਬਣਿਆ? ਖਾਸ ਤੌਰ ਤੇ ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀ ਤਬਕੇ ਦੇ ਉਹ ਸਮੂਹ ਜੋ ਅਨੇਕਾਂ ਜਥੇਬੰਦੀਆਂ ਦੇ ਕਾਰਕੁਨ ਬਣ ਸਰਗਰਮ ਸਿਆਸਤ ਦਾ ਹਿੱਸਾ ਰਹੇ ਹਨ। ਇਨ੍ਹਾਂ ਸਮੂਹਾਂ ਦਾ ਵੱਡਾ ਪੂਰ ਪੇਂਡੂ ਖੇਤਰ ਨਾਲ ਸਬੰਧ ਰੱਖਦਾ ਹੈ।

ਤਾਲਾਬੰਦੀ ਦੌਰਾਨ ਤਕਰੀਬਨ ਇਨ੍ਹਾਂ ਸਾਰਿਆਂ ਨੇ ਘਰ-ਵਾਪਸੀ ਕੀਤੀ। ਵਿਦਿਅਕ ਅਦਾਰੇ ਬੰਦ ਕਰ ਦਿੱਤੇ ਤੇ ਹੋਸਟਲ ਖਾਲੀ ਕਰਵਾ ਲਏ ਗਏ। ਬਾਹਰ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਵਾਲਿਆਂ ਨੂੰ ਤਾਲਾਬੰਦੀ ਲੰਮਾ ਸਮਾਂ ਚੱਲਣ ਦਾ ਅਹਿਸਾਸ ਹੋ ਗਿਆ ਸੀ ਪਰ ਇਨ੍ਹਾਂ ਦਾ ਜਾਣਾ ਸੁਰਖੀਆਂ ਨਹੀਂ ਬਣਿਆ। ਘਰ ਪਹੁੰਚਣ ਲਈ ਨਿੱਜੀ ਸਮਰੱਥਾ ਰੱਖਣ ਵਾਲਾ ਇਹ ਸਮੂਹ ਤਾਲਾਬੰਦੀ ਦੇ ਸ਼ੁਰੂਆਤੀ ਦੌਰ 'ਚ ਹੀ ਸੁਰੱਖਿਅਤ ਆਪਣੇ ਪਰਿਵਾਰਾਂ ਕੋਲ ਪਹੁੰਚ ਗਿਆ। ਬੈਗ ਵਿਚ ਕੁਝ ਕੱਪੜੇ ਤੇ ਕਿਤਾਬਾਂ ਨਾਲ ਆਪਣੀ ਸਿਆਸਤ ਨੂੰ ਸਮੇਟ ਪਿੰਡ ਵੱਸਦੇ ਘਰਾਂ ਵੱਲ ਕੂਚ ਕਰ ਗਿਆ। ਕਿਰਤੀ ਜਦੋਂ ਸੜਕਾਂ ਤੇ ਆਇਆ, ਇਸ ਸਮੂਹ ਦਾ ਵੱਡਾ ਹਿੱਸਾ ਆਪਣੇ ਘਰਾਂ ਦੇ ਟੀਵੀ ਸਕਰੀਨ ਜਾਂ ਮੋਬਾਇਲ ਫੋਨਾਂ ਉਤੇ ਇਸ ਤਰਾਸਦੀ ਦਾ ਮੰਜ਼ਰ ਦੇਖ ਝੂਰ ਰਿਹਾ ਸੀ। ਇਨ੍ਹਾਂ ਦਾ ਚਲੇ ਜਾਣਾ ਕਿਸੇ ਦਵੰਦ ਦੀ ਉਪਜ ਹੈ। ਇਨ੍ਹਾਂ ਦੀ ਸਿਆਸਤ ਦਾ ਮੁਹਾਵਰਾ ਪੇਂਡੂ ਪਰ ਸਰਗਰਮੀਆਂ ਦਾ ਖੇਤਰ ਸ਼ਹਿਰ ਰਹਿੰਦਾ ਹੈ। ਫਿਕਰ ਪੇਂਡੂ ਸਮਾਜ ਦੀ ਪਰ ਜਥੇਬੰਦ ਵਿਦਿਆਰਥੀ ਜਾਂ ਸ਼ਹਿਰੀ ਤਬਕਿਆਂ ਨੂੰ ਕਰਨਾ ਹੈ। ਜਿਨ੍ਹਾਂ ਨੇ ਤਬਦੀਲੀ ਲਿਆਉਣੀ ਹੈ ਤੇ ਜਿਨ੍ਹਾਂ ਨੇ ਜਥੇਬੰਦ ਕਰ ਸੁਪਨਾ ਪੂਰਾ ਕਰਨ ਵਿਚ ਸਹਾਈ ਹੋਣਾ ਹੈ, ਮਨੋਦਸ਼ਾ ਦੋਨਾਂ ਦੀ ਇੱਕੋ-ਜਿੱਕੀ ਹੈ। ਦਰਅਸਲ ਇਹੀ ਦਵੰਦ ਸਮੁੱਚੀ ਨੌਜਵਾਨ ਪੀੜ੍ਹੀ ਦਾ ਹੈ। ਭਵਿੱਖ ਦਾ ਧੁੰਦਲਕਾ ਪਿਛੋਕੜ ਦੀ 'ਸਥਿਰਤਾ' ਦਾ ਪੱਲਾ ਛੱਡਣ ਨਹੀਂ ਦੇ ਰਿਹਾ।

ਹਾਲਾਤ ਦੇ ਬਦਲਾਓ ਲਈ ਸਮੁੰਦਰ ਮੰਥਨ ਦਰਕਾਰ ਹੈ। ਜੇ ਸਿਰਫ ਅੰਮ੍ਰਿਤ ਨਿਕਲਦਾ ਹੋਵੇ ਤਾਂ ਉਹ ਵੀ ਕਰ ਲਈਏ ਪਰ ਇਸ ਪ੍ਰਕਿਰਿਆ ਵਿਚੋਂ ਤਾਂ ਜ਼ਹਿਰ ਵੀ ਨਿਕਲਦਾ ਹੈ। ਸਾਨੂੰ ਡਰ ਸਤਾ ਰਿਹਾ ਕਿ ਸਾਡੇ ਪੱਲੇ ਜ਼ਹਿਰ ਹੀ ਪੈਣੀ ਹੈ। ਸੋ ਮਰਨਾ ਕਾਸ ਲਈ, ਸ਼ੁਕਰ ਕਰੋ ਜੀਅ ਤਾਂ ਰਹੇ ਹਾਂ। ਇਤਿਹਾਸ ਰੂਪੀ ਨਾਤੂਆ ਕੱਟਿਆ ਨਹੀਂ ਜਾ ਰਿਹਾ ਤੇ ਨਵਾਂ ਭਵਿੱਖ ਬੁਣਿਆ ਨਹੀਂ ਜਾ ਰਿਹਾ। ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਇਸੇ ਦਵੰਦ ਨੂੰ ਬਿਆਨਦਿਆਂ ਬਾਤ ਪਾਈ: ਨਾ ਝੰਗ ਛੁੱਟਿਆ ਨਾ ਕੰਨ ਪਾਟੇ। ਮਜ਼ਦੂਰ ਵਰਗ ਤੇ ਵਿਦਿਆਰਥੀ ਤਬਕੇ ਵਿਚ ਇਸ ਦਵੰਦ ਵਿਚੋਂ ਉਪਜੀ ਮਾਨਸਿਕਤਾ ਘੋਰ ਨਿਰਾਸ਼ਾ ਤੇ ਮਨ ਦੀ ਸੁੰਨ-ਸਰਾਂ ਸਿਰਜਦੀ ਹੈ। ਅਸੀਂ ਅਮਿਤੋਜ ਦੇ ਖਾਲੀ ਤਰਕਸ਼ ਵਾਂਗ ਹਾਂ। ਬਾਗੀ ਪਲਾਂ ਦੇ ਸੁਪਨੇ ਨੂੰ ਬੂਰ ਪੈਣ ਲਈ ਇਸ ਦਵੰਦ ਨਾਲ ਨਜਿੱਠਣਾ ਜ਼ਰੂਰੀ ਹੈ।

# ਹਿਰਾਸਤੀ ਕਤਲ ਅਤੇ ਸੱਤਾ

*(ਪਿਛਲੇ ਸਫੇ ਦੀ ਬਾਕੀ)*

ਦਹਿਸ਼ਤਵਾਦ ਅਤੇ ਰਾਜਨੀਤਕ ਬਦਲਾਖੋਰੀ ਦੇ ਮਾਮਲਿਆਂ ਵਿਚ ਇਹ ਆਮ ਹੀ ਦੇਖਣ ਵਿਚ ਆਉਂਦਾ ਹੈ। ਤਾਮਿਲਨਾਡੂ ਦੇ ਹਿਰਾਸਤੀ ਹੱਤਿਆ ਮਾਮਲੇ ਵਿਚ ਮੈਜਿਸਟਰੇਟ ਨੇ ਨਿਹਾਇਤ ਗੈਰਜ਼ਿੰਮੇਵਾਰਾਨਾ ਭੂਮਿਕਾ ਨਿਭਾਈ। ਮੈਜਿਸਟਰੇਟ ਨੇ ਕਾਨੂੰਨੀ ਅਮਲ ਨੂੰ ਛਿੱਕੇ ਟੰਗ ਦਿੱਤਾ, ਬੇਕਿਰਕ ਤਸ਼ੱਦਦ ਨਾਲ ਲਹੂ-ਲੁਹਾਣ ਪਿਓ-ਪੁੱਤਰ ਤੋਂ ਕੋਈ ਪੁੱਛਗਿੱਛ ਨਹੀਂ ਕੀਤੀ ਬਲਕਿ ਆਪਣੇ ਘਰ ਦੀ ਛੱਤ ਤੋਂ ਹੀ ਹੱਥ ਹਿਲਾ ਕੇ ਰਿਮਾਂਡ ਦੇ ਦਿੱਤਾ। ਜੇ ਮੈਜਿਸਟਰੇਟ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਤਾਂ ਸ਼ਾਇਦ ਉਨ੍ਹਾਂ ਦੀ ਜਾਨ ਬਚ ਜਾਂਦੀ। ਆਲਮ ਇਹ ਹੈ ਕਿ ਹਿਰਾਸਤੀ ਮੌਤਾਂ ਜਾਂ ਗੈਰਅਦਾਲਤੀ ਕਤਲਾਂ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰਨ 'ਤੇ ਹੀ ਅਦਾਲਤੀ ਪ੍ਰਣਾਲੀ ਜਾਗਦੀ ਹੈ ਅਤੇ ਮੂਲ ਸਮੱਸਿਆ ਨੂੰ ਮੁਖਾਤਿਬ ਹੋਏ ਬਗ਼ੈਰ ਹੀ ਸੰਬੰਧਤ ਮਾਮਲੇ ਵਿਚ ਆਦੇਸ਼ ਦੇ ਕੇ ਫਿਰ ਖਾਮੋਸ਼ ਹੋ ਜਾਂਦੀ ਹੈ।


ਹਿਰਾਸਤੀ ਮੌਤਾਂ ਅਤੇ ਹੋਰ ਰੂਪਾਂ ਵਿਚ ਮਨੁੱਖੀ ਹੱਕਾਂ ਦੇ ਸਵਾਲ ਵਾਰ-ਵਾਰ ਉਠਣ ਦੇ ਬਾਵਜੂਦ ਭਾਰਤੀ ਹੁਕਮਰਾਨ ਸੰਯੁਕਤ ਰਾਸ਼ਟਰ ਦੀ ਤਸੀਹਿਆਂ ਵਿਰੁੱਧ ਕਨਵੈਨਸ਼ਨ ਨੂੰ ਸਹਿਮਤੀ ਦੇਣ ਅਤੇ ਤਸੀਹਿਆਂ ਨੂੰ ਰੋਕਣ ਲਈ ਕਾਨੂੰਨ ਬਣਾਉਣ ਦੇ ਇੱਛਕ ਨਹੀਂ। ਯੂ.ਐਨ. ਮਨੁੱਖੀ ਅਧਿਕਾਰ ਕੌਂਸਲ ਨੂੰ ਕ੍ਰਮਵਾਰ 2008, 2012 ਅਤੇ 2017 ਵਿਚ ਦਿੱਤੀਆਂ ਯਕੀਨਦਹਾਨੀਆਂ ਉਪਰ ਕੋਈ ਅਮਲ ਨਹੀਂ ਕੀਤਾ ਗਿਆ। ਦਸੰਬਰ 2010 ਵਿਚ ਰਾਜ ਸਭਾ ਦੀ ਪਾਰਲੀਮੈਂਟਰੀ ਸਿਲੈਕਟ ਕਮੇਟੀ ਵਲੋਂ ਅਤੇ ਅਕਤੂਬਰ 2017 ਵਿਚ ਲਾਅ ਕਮਿਸ਼ਨ ਆਫ ਇੰਡੀਆ ਵਲੋਂ ਜੋ ਤਸੀਹਿਆਂ ਨੂੰ ਰੋਕਣ ਲਈ ਬਿੱਲਾਂ ਦੇ ਮਸੌਦੇ ਤਿਆਰ ਕੀਤੇ ਗਏ ਸਨ, ਉਹ ਪਾਰਲੀਮੈਂਟ ਅੱਗੇ ਪੇਸ਼ ਹੀ ਨਹੀਂ ਕੀਤੇ ਗਏ। 27 ਨਵੰਬਰ 2017 ਨੂੰ ਭਾਰਤ ਸਰਕਾਰ ਵਲੋਂ ਸੁਪਰੀਮ ਕੋਰਟ ਨੂੰ ਮਗਰਲੇ ਬਿੱਲ ਨੂੰ ਅਮਲ ਵਿਚ ਲਿਆਉਣ ਦਾ ਯਕੀਨ ਜ਼ਰੂਰ ਦਿਵਾਇਆ ਗਿਆ, ਲੇਕਿਨ ਮਾਮਲਾ ਉਥੇ ਹੀ ਅਟਕਿਆ ਹੋਇਆ ਹੈ। ਭਾਰਤੀ ਹੁਕਮਰਾਨ ਜਮਾਤ ਐਸਾ ਕਾਨੂੰਨ ਬਣਾ ਕੇ ਆਪਣੇ ਪੈਰ ਕੁਹਾੜਾ ਕਿਉਂ ਮਾਰੇਗੀ। ਇਸ ਦੇ ਹਿਤ ਤਾਂ ਰਾਜਤੰਤਰ ਨੂੰ ਹੋਰ ਖੂੰਖਾਰ ਬਣਾਉਣ ਅਤੇ ਲਾਕਾਨੂੰਨੀਆਂ ਵਿਚ ਹਨ।

ਲਿਹਾਜ਼ਾ, ਤਸੀਹਿਆਂ ਅਤੇ ਲਾਕਾਨੂੰਨੀਆਂ ਵਿਰੁਧ ਨਾਗਰਿਕਾਂ ਨੂੰ ਜਾਗਰੂਕ ਕਰਕੇ ਬਣਾਈ ਵਿਆਪਕ ਲੋਕ ਰਾਇ ਹੀ ਸੱਤਾ ਦੇ ਖੂਨੀ ਹੱਥਾਂ ਨੂੰ ਰੋਕ ਸਕਦੀ ਹੈ।

# ਭਾਰਤ-ਚੀਨ ਤਣਾਓ: ਕੁਝ ਹਕੀਕਤਾਂ, ਕੁਝ ਰੌਲੇ

***ਭਾਰਤ ਅਤੇ ਚੀਨ ਵਿਚਾਲੇ ਚੱਲ ਰਿਹਾ ਤਣਾਓ ਆਖਰਕਾਰ ਖੂਨੀ ਝੜਪਾਂ ਵਿਚ ਬਦਲ ਗਿਆ। ਰਤਾ ਕੁ ਗਹਿਰਾਈ ਅਤੇ ਸੰਜੀਦਗੀ ਨਾਲ ਇਸ ਮਸਲੇ ਦੀ ਪੁਣ-ਛਾਣ ਕਰੀਏ ਤਾਂ ਕੁਝ ਤੱਥ ਨਿਖਰ ਕੇ ਸਾਹਮਣੇ ਆ ਜਾਂਦੇ ਹਨ। 'ਪੰਜਾਬ ਟਾਈਮਜ਼' ਵਿਚ ਗਾਹੇ-ਬਗਾਹੇ ਕਈ ਅਹਿਮ ਮਸਲਿਆਂ ਬਾਰੇ ਭਰਪੂਰ ਹਾਜ਼ਰੀ ਲੁਆਉਣ ਵਾਲੇ ਲਿਖਾਰੀ ਪਰਮਜੀਤ ਰੋਡੇ ਨੇ ਇਨ੍ਹਾਂ ਤੱਥਾਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਲੇਖ ਵਿਚ ਦਰਜ ਇਹ ਤੱਥ ਹੈਰਾਨ ਕਰਨ ਵਾਲੇ ਹਨ ਅਤੇ ਸ਼ਾਸਕਾਂ ਲਈ ਖਰੇ ਸਵਾਲ ਬਣਦੇ ਹਨ। -ਸੰਪਾਦਕ***

15 ਜੂਨ ਦੀ ਰਾਤ ਨੂੰ ਭਾਰਤੀ-ਚੀਨੀ ਫੌਜੀ ਟੁਕੜੀਆਂ ਵਿਚਾਲੇ ਹੋਈ ਖੂੰਖਾਰ ਝੜਪ ਨੇ ਸੁਣਨ ਵਾਲਿਆਂ ਨੂੰ ਹਿਲਾ ਕੇ ਰੱਖ ਦਿੱਤਾ। ਇਕ ਅਫਸਰ ਸਮੇਤ ਭਾਰਤ ਦੇ 20 ਜਵਾਨਾਂ ਦੇ ਬੇਰਹਿਮੀ ਨਾਲ ਹੋਏ ਕਤਲ ਦੇ ਪ੍ਰਤੀਕਰਮ ਵਜੋਂ ਦੇਸ਼ ਭਰ ਵਿਚ ਰੋਸ ਅਤੇ ਗੁੱਸੇ ਦੀ ਲਹਿਰ ਦੌੜ ਗਈ। ਬਾਅਦ ਵਿਚ ਆਈ ਖਬਰ ਕਿ ਭਾਰਤ ਦੇ 76 ਜਵਾਨ ਜ਼ਖਮੀ ਹੋਏ ਹਨ ਅਤੇ ਚੀਨੀ ਸੈਨਿਕ ਸਾਡੇ ਚਾਰ ਅਫਸਰਾਂ ਸਮੇਤ 10 ਸੈਨਿਕਾਂ ਨੂੰ ਬੰਦੀ ਬਣਾ ਕੇ ਲੈ ਗਏ ਹਨ, ਨੇ ਗੁੱਸੇ ਦੇ ਨਾਲ-ਨਾਲ ਹੈਰਾਨੀ ਅਤੇ ਪ੍ਰੇਸ਼ਾਨੀ ਵਿਚ ਵੀ ਵਾਧਾ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਸੈਨਿਕਾਂ ਨੇ ਬਹੁਤ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਉਹ ਮਾਰਦੇ-ਮਾਰਦੇ ਸ਼ਹੀਦ ਹੋਏ, ਪਰ ਐਸੀ ਦੁਖਦਾਈ



**ਪਰਮਜੀਤ ਰੋਡੇ**
**ਫੋਨ: 510-501-4191**

ਅਤੇ ਘਿਨਾਉਣੀ ਘਟਨਾ ਵਾਪਰੀ ਹੀ ਕਿਉਂ? ਫਿਲਹਾਲ ਕੋਈ ਤਰਕਸੰਗਤ ਜਵਾਬ ਨਹੀਂ ਮਿਲ ਰਿਹਾ।

ਘਟਨਾ ਵਾਪਰਦਿਆਂ ਹੀ ਚੀਨ ਦੇ ਸਰਕਾਰੀ ਨੁਮਾਇੰਦੇ ਮੀਡੀਆ ਸਾਹਮਣੇ ਆ ਗਏ ਅਤੇ ਇਸ ਜ਼ਾਲਮ ਘਟਨਾ ਲਈ ਭਾਰਤੀ ਫੌਜ ਨੂੰ ਕਸੂਰਵਾਰ ਠਹਿਰਾਉਣਾ ਸ਼ੁਰੂ ਕਰ ਦਿੱਤਾ। ਭਾਰਤੀ ਲੀਡਰਾਂ ਅਤੇ ਅਧਿਕਾਰੀਆਂ ਨੇ ਦੋ ਦਿਨ ਤਾਂ ਮੌਨ ਧਾਰੀ ਰੱਖਿਆ, ਜਦੋਂ ਚੁੱਪ ਤੋੜੀ ਤਾਂ ਪ੍ਰਧਾਨ ਮੰਤਰੀ ਤੇ ਰੱਖਿਆ ਅਧਿਕਾਰੀਆਂ ਦੇ ਬਿਆਨ ਐਨੇ ਆਪਾ-ਵਿਰੋਧੀ ਸਨ ਕਿ ਲੋਕ ਮਨਾਂ ਅੰਦਰ ਪਨਪ ਰਹੇ ਸੁਆਲਾਂ ਅਤੇ ਸ਼ੰਕਿਆਂ ਨੂੰ ਨਵਿਰਤ ਕਰਨ ਦੀ ਥਾਂ ਉਨ੍ਹਾਂ ਵਿਚ ਵਾਧਾ ਕਰਨ ਦਾ ਕਾਰਨ ਬਣ ਗਏ।

ਪਹਿਲਾਂ ਖਬਰ ਆਈ ਕਿ ਸਾਡੀ ਫੌਜੀ ਟੁਕੜੀ ਸਰਹੱਦੀ ਏਰੀਏ ਵਿਚ ਰੈਗੂਲਰ ਗਸ਼ਤ (ਪੈਟਰੋਲ) 'ਤੇ ਗਈ, ਪਰ ਚੀਨੀ ਸੈਨਿਕਾਂ ਨੇ ਸਾਡੇ ਇਲਾਕੇ ਵਿਚ ਦਾਖਲ ਹੋ ਕੇ ਗਸ਼ਤ ਪਾਰਟੀ 'ਤੇ ਹਮਲਾ ਕਰ ਦਿੱਤਾ, ਪਰ ਦੋ ਦਿਨਾਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਹਿ ਦਿੱਤਾ, "ਨਾ ਕੋਈ ਵਹਾਂ ਹਮਾਰੀ ਸੀਮਾ ਮੇਂ ਘੁਸਾ ਹੈ, ਔਰ ਨਾ ਕੋਈ ਘੁਸਾ ਹੁਆ ਹੈ, ਨਾ ਹੀ ਕੋਈ ਪੋਸਟ ਕਿਸੀ ਦੂਸਰੇ ਕੇ ਕਬਜ਼ੇ ਮੇਂ ਹੈ।" ਸਰਕਾਰ ਨੇ ਖਬਰ ਸਿਰਫ 20 ਜਵਾਨਾਂ ਦੇ ਸ਼ਹੀਦ ਹੋਣ ਬਾਰੇ ਹੀ ਦਿੱਤੀ। 76 ਫੌਜੀਆਂ ਦੇ ਜ਼ਖਮੀ ਹੋਣ ਅਤੇ 10 ਸੈਨਿਕਾਂ ਦੇ ਬੰਦੀ ਬਣਾਏ ਜਾਣ ਬਾਰੇ ਸਰਕਾਰ ਚੁੱਪ ਰਹੀ। ਇਥੋਂ ਤੱਕ ਕਿ ਸਰਬ ਪਾਰਟੀ ਮੀਟਿੰਗ ਤੱਕ ਵੀ ਸਾਡੇ ਅਫਸਰਾਂ ਅਤੇ ਜਵਾਨਾਂ ਦੇ ਬੰਦੀ ਬਣਨ ਬਾਰੇ ਕੋਈ ਜ਼ਿਕਰ ਕਰਨ ਦੀ ਲੋੜ ਨਹੀਂ ਸਮਝੀ ਗਈ। ਇਹ ਤਾਂ ਬੀ. ਬੀ. ਸੀ. ਨੇ ਸਭ ਤੋਂ ਪਹਿਲਾਂ ਕਲਕਤੇ ਤੋਂ ਛਪਣ ਵਾਲੇ ਅਖਬਾਰ 'ਹਿੰਦੂ' ਦੇ ਹਵਾਲੇ ਨਾਲ ਖਬਰ ਨੂੰ ਕੌਮਾਂਤਰੀ ਪੱਧਰ 'ਤੇ ਨਸ਼ਰ ਕੀਤਾ ਕਿ ਚੀਨੀ ਫੌਜ ਨੇ ਭਾਰਤੀ ਫੌਜ ਦੇ ਚਾਰ ਅਫਸਰਾਂ ਸਮੇਤ 10 ਸੈਨਿਕਾਂ ਨੂੰ ਬੰਦੀ ਬਣਾ ਲਿਆ ਸੀ, ਜਿਨ੍ਹਾਂ ਨੂੰ ਅੱਜ ਭਾਰਤੀ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ਬਾਅਦ ਵਿਚ ਭਾਰਤੀ ਮੀਡੀਆ ਵਿਚ ਇਹ ਖਬਰ ਆ ਗਈ ਕਿ ਚੀਨ ਵਲੋਂ ਰਿਹਾ ਕੀਤੇ 10 ਜਵਾਨਾਂ ਨੂੰ ਦਿੱਲੀ ਵਿਖੇ ਠਹਿਰਾਇਆ ਗਿਆ ਹੈ ਅਤੇ ਉਨ੍ਹਾਂ ਤੋਂ ਪੁਛਗਿੱਛ ਕੀਤੀ ਜਾ ਰਹੀ ਹੈ। ਭਾਰਤੀ ਸਰਕਾਰ ਫਿਰ ਵੀ ਚੁੱਪ ਹੀ ਰਹੀ।

ਹਰ ਕੋਈ ਭੰਬਲਭੂਸੇ ਵਿਚ ਸੀ ਕਿ ਜੇ ਕੋਈ ਸਾਡੇ ਇਲਾਕੇ ਵਿਚ ਵੜਿਆ ਹੀ ਨਹੀਂ ਤਾਂ 15 ਜੂਨ ਵਾਲੀ ਝੜਪ ਹੋਣ ਦਾ ਕੀ ਤਰਕ ਹੈ? ਜੇ ਕੋਈ ਵੜਿਆ ਹੀ ਨਹੀਂ ਤਾਂ ਸਾਡੇ ਜਵਾਨ ਸ਼ਹੀਦ, ਜ਼ਖਮੀ ਅਤੇ ਬੰਦੀ ਕਿਹਦੇ ਇਲਾਕੇ ਵਿਚੋਂ ਬਣਾਏ ਗਏ? ਪੱਤਰਕਾਰਾਂ ਅਤੇ ਵਿਸ਼ਲੇਸ਼ਕਾਂ ਦੇ ਇਕ ਹਿੱਸੇ ਵਿਚ ਖਬਰ ਗੇੜੇ ਕੱਢਣ ਲੱਗ ਪਈ ਕਿ ਝੜਪ ਤੋਂ ਪਹਿਲਾਂ ਭਾਰਤੀ ਸੈਨਿਕਾਂ ਨੇ ਚੀਨੀ ਸੈਨਿਕਾਂ ਨੂੰ ਕਿਹਾ ਕਿ ਉਹ ਭਾਰਤੀ ਜ਼ਮੀਨ 'ਤੇ ਨਾਜਾਇਜ਼ ਰੂਪ ਵਿਚ ਬਣਾਏ ਤੰਬੂ ਚੁੱਕ ਲੈਣ, ਪਰ ਜਦ ਉਹ ਨਾ ਮੰਨੇ ਤਾਂ ਗੁੱਸੇ ਵਿਚ ਆਏ ਭਾਰਤੀ ਸੈਨਿਕਾਂ ਨੇ ਤੰਬੂਆਂ ਨੂੰ ਅੱਗ ਲਾ ਦਿੱਤੀ ਤਾਂ ਪਹਿਲਾਂ ਹੀ ਤਿਆਰ ਬੈਠੇ ਚੀਨੀ ਸੈਨਿਕਾਂ ਨੇ ਤੇਜ਼ ਹਥਿਆਰਾਂ ਨਾਲ ਸਾਡੇ ਸੈਨਿਕਾਂ 'ਤੇ ਹਮਲਾ ਕਰ ਦਿੱਤਾ। ਇਕ ਪੰਜਾਬੀ ਟੀ. ਵੀ. ਚੈਨਲ 'ਤੇ ਇਕ ਪੱਤਰਕਾਰ, ਜੋ ਰਿਟਾਇਰਡ ਫੌਜੀ ਵੀ ਹੈ, ਨੇ ਵੀ ਇਸ ਸਵਾਲ ਦੇ ਜਵਾਬ ਵਿਚ ਅੱਗ ਲਾਉਣ ਵਾਲੀ ਘਟਨਾ ਦਾ ਜ਼ਿਕਰ ਕੀਤਾ। ਅਮਰੀਕਾ ਦੇ ਮੀਡੀਏ ਵਿਚ ਵੀ ਭਾਰਤੀ ਸੈਨਕਾਂ ਵਲੋਂ ਤੰਬੂ ਨੂੰ ਤਬਾਹ ਕਰਨ ਦਾ ਜ਼ਿਕਰ ਹੋਇਆ। ਅਮਰੀਕਨ ਸੈਟੇਲਾਈਟ ਅਪਰੇਟਰ ਮੈਕਸਰ ਟੈਕਨਾਲੋਜੀਜ਼ ਨੇ ਤਬਾਹ ਹੋਏ ਤੰਬੂ ਦੀ ਤਸਵੀਰ ਨੂੰ ਵੀ ਦਿਖਾਇਆ। ਆਖਿਰ ਭਾਰਤ ਦੇ ਕੇਂਦਰੀ ਰਾਜ ਮੰਤਰੀ ਵੀ. ਕੇ. ਸਿੰਘ, ਜੋ ਰਿਟਾਇਰਡ ਜਨਰਲ ਹੈ, ਨੇ ਮੀਡੀਆ ਨੂੰ ਦੱਸਿਆ ਕਿ ਚੀਨੀ ਫੌਜ ਦੇ ਟੈਂਟ ਨੂੰ ਅਚਾਨਕ ਅੱਗ ਲੱਗ ਗਈ ਸੀ। ਚੀਨੀ ਸੈਨਿਕਾਂ ਨੂੰ ਲੱਗਾ ਕਿ ਇਹ ਅੱਗ ਭਾਰਤੀਆਂ ਨੇ ਲਾਈ ਹੈ, ਸੋ ਉਨ੍ਹਾਂ ਨੇ ਭਾਰਤੀ ਸੈਨਿਕਾਂ 'ਤੇ ਹਮਲਾ ਕਰ ਦਿੱਤਾ। ਮੰਤਰੀ ਦੇ ਬਿਆਨ ਅਤੇ ਬਾਕੀ ਵੇਰਵਿਆਂ ਤੋਂ ਅੰਦਾਜ਼ਾ ਲਾਉਣਾ ਕਾਫੀ ਆਸਾਨ ਹੋ ਗਿਆ ਹੈ। ਦਾਅਵੇ ਨਾਲ ਤਾਂ ਕੁਝ ਵੀ ਨਹੀਂ ਕਿਹਾ ਜਾ ਸਕਦਾ, ਪਰ ਵੱਧ ਸੰਭਾਵਨਾ ਇਸੇ ਗੱਲ ਦੀ ਹੈ ਕਿ ਅੱਗ ਲਾਉਣ ਵਾਲੀ ਘਟਨਾ ਸੱਚਮੁੱਚ ਵਾਪਰੀ ਹੈ, ਉਸ ਪਿਛੋਂ ਹੀ ਚੀਨੀ ਸੈਨਿਕਾਂ ਨੇ ਭਾਰਤੀ ਸੈਨਿਕਾਂ 'ਤੇ ਹਮਲਾ ਕੀਤਾ। ਉਂਜ, ਅੱਗ ਵਾਲੀ ਇਸ ਘਟਨਾ ਨੂੰ ਲੁਕਾਉਣ ਦੀ ਲੋੜ ਨਹੀਂ ਸੀ। ਪਿਛਲੇ ਡੇਢ ਮਹੀਨੇ ਤੋਂ ਜਿਹੋ ਜਿਹਾ ਤਣਾਓ ਚੱਲ ਰਿਹਾ ਸੀ ਅਤੇ ਭਾਰਤੀ ਸੈਨਿਕਾਂ ਨੂੰ ਜਿੰਨਾ ਗੁੱਸਾ ਸੀ, ਅਜਿਹਾ ਵਾਪਰਨਾ ਵਾਜਿਬ ਹੀ ਹੈ। ਅਫਸੋਸ ਸਿਰਫ ਇਸ ਗੱਲ ਦਾ ਹੈ ਕਿ ਇਹ ਘਟਨਾ ਟਲ ਵੀ ਸਕਦੀ ਸੀ।

ਸਰਹੱਦ 'ਤੇ ਹਾਲਤ ਵਿਸਫੋਟਕ ਹੈ। ਦੋਵੇਂ ਧਿਰਾਂ ਅੰਦਰ ਜੰਗੀ ਤਿਆਰੀਆਂ ਜ਼ੋਰਾਂ 'ਤੇ ਹਨ। ਦੋਵਾਂ ਨੇ ਥਲ ਸੈਨਾ ਦੇ ਨਾਲ-ਨਾਲ ਨੇਵੀ ਅਤੇ ਏਅਰਫੋਰਸ ਨੂੰ ਵੀ ਅਲਰਟ ਜਾਰੀ ਕਰ ਦਿੱਤੇ ਹਨ। ਦੇਸ਼ ਭਰ ਵਿਚ ਚੀਨ ਤੋਂ ਬਦਲਾ ਲੈਣ ਦੀ ਸੁਰ ਉਚੀ ਹੋ ਰਹੀ ਹੈ, ਲਾਜ਼ਮੀ ਹੈ ਕਿ ਚੀਨ ਵਿਚ ਵੀ ਅਜਿਹਾ ਹੀ ਹੋ ਰਿਹਾ ਹੋਵੇਗਾ। ਜ਼ਰਾ ਠੰਢੇ ਮਨ ਨਾਲ ਸੋਚ ਕੇ ਦੇਖੋ ਕਿ ਜੇ ਸੱਚਮੁੱਚ ਹੀ ਜੰਗ ਛਿੜ ਪਈ ਤਾਂ ਕੀ ਹਸ਼ਰ ਹੋਵੇਗਾ! ਦੋਹੀਂ ਪਾਸੀਂ ਲਾਸ਼ਾਂ ਦੇ ਢੇਰ ਲੱਗਣ ਦੇ ਬਾਵਜੂਦ ਖੱਟਣ-ਖਟਾਉਣ ਨੂੰ ਕੁਝ ਵੀ ਨਹੀਂ। ਇਥੇ ਕੌਮਾਂਤਰੀ ਕਮਿਊਨਿਸਟ ਲੀਡਰ ਲੈਨਿਨ ਦੇ ਜੰਗ ਪ੍ਰਤੀ ਵਿਚਾਰਾਂ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ।

ਲੈਨਿਨ ਨੇ ਕਿਹਾ ਕਿ ਜੰਗ ਪ੍ਰਤੀ ਰਵੱਈਏ ਅਤੇ ਨੀਤੀ ਨੂੰ ਤੈਅ ਕਰਨ ਤੋਂ ਪਹਿਲਾਂ ਦੇਖਣਾ ਪਵੇਗਾ ਕਿ ਜੰਗ ਹੱਕੀ ਹੈ ਜਾਂ ਨਿਹੱਕੀ। ਜ਼ਰੂਰੀ ਹੈ ਜਾਂ ਗੈਰ-ਜ਼ਰੂਰੀ। ਕਿਸੇ ਧਿਰ ਦਾ ਠੀਕ ਜਾਂ ਗਲਤ ਹੋਣਾ ਇਸ ਤੱਥ ਤੋਂ ਤੈਅ ਨਹੀਂ ਹੁੰਦਾ ਕਿ ਪਹਿਲੀ ਗੋਲੀ ਕਿਸ ਨੇ ਚਲਾਈ, ਸਗੋਂ ਇਸ ਸੱਚਾਈ ਤੋਂ ਤੈਅ ਹੁੰਦਾ ਹੈ ਕਿ ਜੰਗ ਕਿਸ ਮਕਸਦ ਦੀ ਪੂਰਤੀ ਲਈ ਲੜੀ ਜਾ ਰਹੀ ਹੈ। ਜੰਗ ਵਿਚ ਕਿਸ ਜਮਾਤ ਜਾਂ ਦੇਸ਼ ਦੇ ਹਿੱਤ ਛੁਪੇ ਹੋਏ ਹਨ।

ਵੈਸੇ ਤਾਂ ਚੀਨ ਅਤੇ ਭਾਰਤ ਦਾ ਬਾਰਡਰ 3500 ਕਿਲੋਮੀਟਰ ਦੇ ਕਰੀਬ ਹੈ, ਪਰ ਅਰੁਣਾਚਲ ਪ੍ਰਦੇਸ਼, ਉਤਰਾਖੰਡ ਅਤੇ ਲੱਦਾਖ ਅਜਿਹਾ ਏਰੀਆ ਹੈ, ਜਿਸ 'ਤੇ ਭਾਰਤ ਅਤੇ ਚੀਨ ਦੋਵੇਂ ਹੀ ਆਪਣੇ ਦੇਸ਼ ਦਾ ਹਿੱਸਾ ਹੋਣ ਦਾ ਦਾਅਵਾ ਕਰਦੇ ਹਨ, ਪਰ ਤਾਜ਼ਾ ਲੜਾਈ ਦੇ ਕੇਂਦਰ, ਪੂਰਬੀ ਲੱਦਾਖ ਦੇ ਚਾਰ ਖੇਤਰ-ਗਲਵਾਨ ਵਾਦੀ, ਹੌਟ ਸਪਰਿੰਗਜ਼, ਦੇਪਸਾਂਗ ਅਤੇ ਪੈਂਗੌਂਗ ਝੀਲ ਬਣੇ ਹੋਏ ਹਨ। ਔਸਤਨ 14,000 ਫੁੱਟ ਦੀ ਉਚਾਈ ਵਾਲਾ ਇਹ ਉਚ-ਹਿਮਾਲਿਆਈ ਇਲਾਕਾ ਬਰਫੀਲਾ ਮਾਰੂਥਲ ਹੈ। ਗਰਮੀਆਂ ਵਿਚ ਵੀ ਬਰਫ ਨਾਲ ਢਕਿਆ ਰਹਿੰਦਾ ਹੈ ਅਤੇ ਮਾਈਨਸ ਡਿਗਰੀ ਤੱਕ ਠੰਢਾ ਰਹਿਣ ਕਰ ਕੇ ਮਨੁੱਖੀ ਵਸੇਬੇ ਦੇ ਲਾਇਕ ਨਹੀਂ। ਇਸ ਦੀ ਉਚਾਈ ਉਸ ਉਚਾਈ ਨਾਲੋਂ ਵੀ ਦੁੱਗਣੀ ਹੈ, ਜਿਸ ਉਚਾਈ 'ਤੇ ਜਾ ਕੇ ਮਨੁੱਖ ਲੰਗੜਾ ਕੇ ਤੁਰਨ ਲੱਗ ਪੈਂਦਾ ਹੈ। ਜਿਥੇ ਜਾ ਕੇ ਮਨੁੱਖ ਬਹੁਤ ਹੀ ਨਿਰਬਲ ਤੇ ਥੱਕਿਆ ਮਹਿਸੂਸ ਕਰਦਾ ਹੈ ਅਤੇ ਉਲਟੀਆਂ ਲੱਗ ਜਾਂਦੀਆਂ ਹਨ। ਦੋਹਾਂ ਦੇਸ਼ਾਂ ਲਈ ਇਸ ਇਲਾਕੇ ਦੀ ਸਿਰਫ ਯੁਧਨੀਤਕ ਮਹੱਤਤਾ ਹੈ, ਪਰ ਜੇ ਪੱਕੀ ਜੰਗਬੰਦੀ ਹੋ ਜਾਵੇ ਤਾਂ ਦੋਹਾਂ ਦੇਸ਼ਾਂ ਲਈ ਇਸ ਦੀ ਕੀਮਤ ਜ਼ੀਰੋ ਹੋ ਜਾਂਦੀ ਹੈ।

ਸਭ ਨੂੰ ਪਤਾ ਹੈ ਕਿ ਬਾਰਡਰ ਸਬੰਧੀ ਭਾਰਤ ਨਾਲ ਵਿਵਾਦ ਆਜ਼ਾਦੀ ਤੋਂ ਕੁਝ ਸਾਲ ਬਾਅਦ ਹੀ ਖੜ੍ਹਾ ਹੋ ਗਿਆ ਸੀ। ਪਿਛਲੇ 70 ਸਾਲਾਂ ਦੌਰਾਨ ਦੋਹਾਂ ਦੇਸ਼ਾਂ ਦੇ ਸਬੰਧ ਵਿਚ ਕਈ ਉਤਰਾ-ਚੜ੍ਹਾਅ ਵੀ ਆਏ ਅਤੇ ਇਸ ਝਗੜੇ ਨੂੰ ਲੈ ਕੇ ਮੀਟਿੰਗਾਂ ਤੇ ਡਿਪਲੋਮੈਟਿਕ ਪੱਧਰ 'ਤੇ ਗੱਲਬਾਤ ਵੀ ਹੁੰਦੀ ਰਹੀ, ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਸਿਆਣੇ ਕਹਿੰਦੇ ਹਨ ਕਿ ਕਿਸੇ ਵੀ ਮਸਲੇ ਦਾ ਹੱਲ ਮਸਲੇ ਦੇ ਅੰਦਰ ਹੀ ਛੁਪਿਆ ਹੁੰਦਾ ਹੈ, ਲੋੜ ਸਿਰਫ ਹਕੀਕਤ ਨੂੰ ਪਛਾਣਨ ਅਤੇ ਹੱਲ ਲਈ ਸੰਜੀਦਾ ਕੋਸ਼ਿਸ਼ਾਂ ਦੀ ਹੁਮਦਿ ਹੈ। ਕਹਿਣ ਨੂੰ ਤਾਂ ਦੋਵੇਂ ਦੇਸ਼ ਇਨ੍ਹਾਂ ਇਲਾਕਿਆਂ ਨੂੰ ਸਿਰਫ ਉਸ ਇਕੱਲੇ ਦੇ ਹੋਣ ਦਾ ਦਾਅਵਾ ਕਰਦੇ ਹਨ, ਪਰ ਵਿਹਾਰਕ ਤੌਰ 'ਤੇ ਉਹ ਇਸ ਨੂੰ ਰੌਲੇਵਾਲਾ ਇਲਾਕਾ ਹੀ ਸਮਝਦੇ ਹਨ। ਕੌੜੀ ਹਕੀਕਤ ਇਹ ਵੀ ਹੈ ਕਿ ਕੁਝ ਲੈ-ਦੇ ਕੀਤੇ ਬਿਨਾ ਝਗੜਾ ਮੁੱਕ ਨਹੀਂ ਸਕਦਾ।



ਅੱਜ ਵਾਂਗ 1962 ਦੀ ਜੰਗ ਤੋਂ ਪਹਿਲਾਂ ਵਾਲੇ ਸਾਲਾਂ ਵਿਚ ਵੀ ਮਾਹੌਲ ਬਹੁਤ ਤਣਾਅਪੂਰਨ ਸੀ। ਕੌਮਾਂਤਰੀ ਮਸ਼ਹੂਰੀ ਵਾਲੇ ਮਰਹੂਮ ਪੱਤਰਕਾਰ ਕੁਲਦੀਪ ਨਈਅਰ ਮੁਤਾਬਕ ਨਹਿਰੂ ਵਜ਼ਾਰਤ ਦੇ ਵਿਦੇਸ਼ ਮੰਤਰੀ ਕ੍ਰਿਸ਼ਨਾ ਮੈਨਨ ਨੇ ਜਨੇਵਾ ਵਿਚ ਚੀਨ ਦੇ ਵਿਦੇਸ਼ ਮੰਤਰੀ ਚੇਨਯੀ ਨਾਲ ਮੁਲਾਕਾਤ ਕਰ ਕੇ ਕਿਹਾ ਕਿ ਭਾਰਤ ਅਕਸਾਈ ਚਿੰਨ ਅਤੇ ਸੜਕ ਨਾਲ ਲਗਦੇ 10 ਮੀਲ ਲੰਮੇ ਖੇਤਰ 'ਤੇ ਚੀਨ ਦਾ ਕਬਜ਼ਾ ਪ੍ਰਵਾਨ ਕਰ ਸਕਦਾ ਹੈ, ਬਸ਼ਰਤੇ ਇਵਜ਼ ਵਿਚ ਚੀਨ ਅਧਿਕਾਰਤ ਤੌਰ 'ਤੇ ਮੈਕਮੋਹਨ ਲਾਈਨ ਅਤੇ ਬਾਕੀ ਦੇ ਲੱਦਾਖ 'ਤੇ ਭਾਰਤ ਦੇ ਅਧਿਕਾਰ ਨੂੰ ਕਬੂਲ ਕਰੇ। ਚੀਨ ਨੇ ਕ੍ਰਿਸ਼ਨਾ ਮੈਨਨ ਦਾ ਸੁਝਾਅ ਮੰਨ ਲਿਆ, ਪਰ ਪਤਾ ਲੱਗਣ 'ਤੇ ਭਾਰਤੀ ਰੱਖਿਆ ਮੰਤਰੀ ਕੇ. ਸੀ. ਪੰਤ ਆਕੜ ਗਿਆ। ਕੈਬਨਿਟ ਮੀਟਿੰਗ ਵਿਚ ਹੋਈ ਬਹਿਸ ਦੌਰਾਨ ਕੇ. ਸੀ. ਪੰਤ ਨੇ ਕਿਹਾ ਕਿ ਚੀਨ ਨੂੰ ਇਹ ਇਲਾਕਾ ਪੱਕੇ ਤੌਰ 'ਤੇ ਦੇਣਾ ਤਾਂ ਦੂਰ ਦੀ ਗੱਲ, ਅਸੀਂ ਇਹ ਇਲਾਕਾ ਉਸ ਨੂੰ ਲੀਜ਼ 'ਤੇ ਵੀ ਨਹੀਂ ਦੇ ਸਕਦੇ। ਨਹਿਰੂ ਦੀ ਭੈਣ ਵਿਜੇ ਲਕਸ਼ਮੀ ਪੰਡਿਤ ਦੀ ਰੱਖਿਆ ਮੰਤਰੀ ਨੂੰ ਪੂਰੀ ਹਮਾਇਤ ਸੀ, ਕਿਉਂਕਿ ਦੋਵੇਂ ਹੀ ਸਮਝਦੇ ਸਨ ਕਿ ਵਿਦੇਸ਼ ਮੰਤਰੀ ਕ੍ਰਿਸ਼ਨਾ ਮੈਨਨ ਅੰਦਰੋਂ ਕਮਿਊਨਿਸਟ ਹੈ। ਸੋ, ਤਜਵੀਜ਼ ਰੱਦ ਕਰ ਦਿੱਤੀ ਗਈ।

***ਸਰਹੱਦ 'ਤੇ ਸਥਿਤੀ ਬਹੁਤ ਨਾਜ਼ੁਕ ਅਤੇ ਵਿਸਫੋਟਕ ਹੈ। ਦੋਹਾਂ ਦੇਸ਼ਾਂ ਦਰਮਿਆਨ ਡਿਪਲੋਮੇਸੀ ਅਤੇ ਮਿਲਟਰੀ ਪੱਧਰ 'ਤੇ ਮੀਟਿੰਗਾਂ ਦਾ ਦੌਰ ਜਾਰੀ ਹੈ, ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ। ਦੋਹਾਂ ਧਿਰਾਂ ਵਿਚੋਂ ਜੰਗ ਕੋਈ ਵੀ ਨਹੀਂ ਚਾਹੁੰਦਾ, ਪਰ ਜਿਸ ਪੱਧਰ 'ਤੇ ਦੋਹਾਂ ਨੇ ਜੰਗੀ ਤਿਆਰੀਆਂ ਕਰ ਲਈਆਂ ਹਨ, ਉਨ੍ਹਾਂ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਕਿਧਰੇ ਕੋਈ ਧਿਰ ਡਰ ਅਤੇ ਗਲਤਫਹਿਮੀ ਵਿਚੋਂ ਕੋਈ ਗਲਤ ਕਦਮ ਨਾ ਚੁੱਕ ਲਵੇ।***

ਕੁਲਦੀਪ ਨਈਅਰ ਤਾਂ ਇਹ ਵੀ ਲਿਖਦਾ ਹੈ ਕਿ ਪੋਲੈਂਡ ਦੇ ਰਾਜਦੂਤ (ਜਿਸ ਨਾਲ ਉਸ ਦੇ ਨੇੜਲੇ ਸਬੰਧ ਸਨ) ਨੇ ਉਸ ਨੂੰ ਕਿਹਾ ਕਿ ਚੀਨ ਵਲੋਂ ਜਿਸ ਇਲਾਕੇ 'ਤੇ ਦਾਅਵਾ ਕੀਤਾ ਜਾ ਰਿਹਾ ਹੈ, ਉਸ ਬਾਰੇ ਦੋਵੇਂ ਦੇਸ਼ਾਂ ਵਿਚੋਂ ਕਿਸੇ ਨੂੰ ਵੀ ਪੱਕਾ ਪਤਾ ਨਹੀਂ ਕਿ ਇਸ 'ਤੇ ਕਿਸੇ ਦਾ ਕਬਜ਼ਾ ਰਿਹਾ ਹੈ। ਉਸ ਨੇ ਕਿਹਾ ਕਿ ਭਾਰਤ ਵਲੋਂ ਜਿਸ ਇਲਾਕੇ 'ਤੇ ਦਾਅਵਾ ਕੀਤਾ ਜਾ ਰਿਹਾ ਹੈ, ਉਸ ਉਤੇ ਬਰਤਾਨੀਆਂ ਨੇ ਧੱਕੇ ਨਾਲ ਕਬਜ਼ਾ ਕੀਤਾ ਹੋਇਆ ਸੀ, ਇਸ ਲਈ ਕੋਈ ਵੀ ਤਾਕਤ ਇਸ ਸਾਮਰਾਜੀ ਰੇਖਾ ਨੂੰ ਕਿਵੇਂ ਪ੍ਰਵਾਨ ਕਰ ਸਕਦੀ ਹੈ। ਉਸ ਨੇ ਇਹ ਵੀ ਦੱਸਿਆ ਕਿ ਸਾਰੇ ਸਮਾਜਵਾਦੀ ਦੇਸ਼ ਇਸ ਮਸਲੇ 'ਤੇ ਚੀਨ ਦੇ ਨਾਲ ਹਨ। ਇਸ ਲਈ ਭਾਰਤ ਨੂੰ ਇਹ ਪੇਸ਼ਕਸ਼ ਪ੍ਰਵਾਨ ਕਰ ਲੈਣੀ ਚਾਹੀਦੀ ਹੈ। ਕੁਲਦੀਪ ਨਈਅਰ ਮੁਤਾਬਕ, ਉਸ ਦੇ ਕਹਿਣ 'ਤੇ ਉਹਨੇ ਕੇ. ਸੀ. ਪੰਤ ਨਾਲ ਇਸ ਬਾਰੇ ਗੱਲ ਕੀਤੀ, ਪਰ ਉਹ ਸੁਣ ਕੇ ਚੁੱਪ ਹੀ ਰਿਹਾ। ਉਸ ਤੋਂ ਬਾਅਦ ਵੀ ਕਈ ਮੌਕੇ ਆਏ ਹਨ, ਜਦੋਂ ਚੀਨ ਨੇ ਮਸਲਾ ਨਿਬੇੜਨ ਲਈ ਗੱਲਬਾਤ ਦੀ ਪੇਸ਼ਕਸ਼ ਕੀਤੀ, ਪਰ ਗੱਲ ਅਗਾਂਹ ਨਹੀਂ ਤੁਰੀ।

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਰਹਿ ਚੁਕੇ ਸਹਾਇਕ ਅਤੇ ਬਾਅਦ ਵਿਚ ਨਿਊ ਸਾਊਥ ਏਸ਼ੀਆ ਸੰਸਥਾ ਦੇ ਫਾਊਂਡਰ ਸੁਧੀਂਦਰਾ ਕੁਲਕਰਨੀ ਦੀ ਲਿਖਤ ਮੁਤਾਬਕ, ਮਾਉ ਤਸੇ ਤੁੰਗ ਦੀ ਮੌਤ ਪਿਛੋਂ ਚੀਨ ਦੇ ਸਭ ਤੋਂ ਸ਼ਕਤੀਸ਼ਾਲੀ ਲੀਡਰ ਡੈਂਗ ਸਿਆਓ ਪੈਂਗ ਨੇ 1979 ਵਿਚ ਚੀਨ ਦੇ ਦੌਰੇ 'ਤੇ ਗਏ ਭਾਰਤ ਦੇ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਗੱਲਬਾਤ ਦੌਰਾਨ ਸਰਹੱਦੀ ਝਗੜਾ ਨਿਬੇੜਨ ਦੀ ਪੇਸ਼ਕਸ਼ ਕੀਤੀ ਸੀ। ਉਸ ਪਿਛੋਂ ਵੀ 1982 ਵਿਚ ਇਹੀ ਪੇਸ਼ਕਸ਼ ਚੀਨ ਵਿਚ ਭਾਰਤੀ ਰਾਜਦੂਤ ਜੀ. ਪਾਰਥਾਸਾਰਥੀ ਕੋਲ ਦੁਹਰਾਈ ਗਈ। ਫਿਰ 1983 ਵਿਚ ਚੀਨ ਦੇ ਪ੍ਰਧਾਨ ਮੰਤਰੀ ਜਾਓ ਜਿਆਨ ਨੇ ਭਾਰਤੀ ਰਾਜਦੂਤ ਏ. ਪੀ. ਵੈਂਕਟੇਸ਼ਵਰਨ ਨਾਲ ਇਸੇ ਪੇਸ਼ਕਸ 'ਤੇ ਗੱਲ ਕੀਤੀ ਤਾਂ ਕਿ ਬਾਰਡਰ ਝਗੜਾ ਖਤਮ ਕੀਤਾ ਜਾਵੇ, ਪਰ ਇੰਦਰਾ ਇਨ੍ਹਾਂ ਮੌਕਿਆਂ ਦਾ ਫਾਇਦਾ ਉਠਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ। ਕੁਲਕਰਨੀ ਮੁਤਾਬਕ, ਚੀਨ ਆਪਣੇ ਵਲੋਂ ਪੇਸ਼ ਕੀਤੀ ਪੈਕੇਜ ਡੀਲ ਵਿਚ ਤਰਮੀਮ ਕਰਨ ਅਤੇ ਅਕਸਾਈ ਚਿੰਨ ਦਾ ਕੁਝ ਹੋਰ ਇਲਾਕਾ ਛੱਡਣ ਲਈ ਵੀ ਤਿਆਰ ਹੋ ਗਿਆ ਸੀ, ਪਰ ਇੰਦਰਾ ਗਾਂਧੀ ਇਸ ਮਸਲੇ ਨੂੰ ਲਟਕਾ ਕੇ 1985 ਦੀਆਂ ਚੋਣਾਂ ਤੱਕ ਲਿਜਾਣਾ ਚਾਹੁੰਦੀ ਸੀ। 1984 ਵਿਚ ਉਸ ਦਾ ਕਤਲ ਹੋ ਗਿਆ ਤਾਂ ਮਸਲਾ ਫਿਰ ਠੰਢੇ ਬਸਤੇ 'ਚ ਪੈ ਗਿਆ।

2018 ਵਿਚ ਨਰਿੰਦਰ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਗੱਲਬਾਤ ਹੋਈ। ਗੱਲਬਾਤ ਦੇ ਅੰਤ 'ਤੇ ਦੋਹਾਂ ਵਿਚਾਲੇ ਸਹਿਮਤੀ ਬਣੀ ਕਿ ਛੇਤੀ ਹੀ ਭਾਰਤ-ਚੀਨ ਬਾਰਡਰ ਬਾਰੇ ਵਾਜਿਬ ਅਤੇ ਸੰਤੋਖਜਨਕ ਹੱਲ ਲੱਭਣਾ ਚਾਹੀਦਾ ਹੈ, ਜੋ ਦੋਹਾਂ ਧਿਰਾਂ ਨੂੰ ਮਨਜ਼ੂਰ ਹੋਵੇ। 2014 ਤੋਂ ਹੁਣ ਤੱਕ 6 ਸਾਲਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੀਨੀ ਅਧਿਕਾਰੀਆਂ ਨਾਲ 18 ਮਿਲਣੀਆਂ ਹੋ ਚੁਕੀਆਂ ਹਨ। ਕੀ ਕਦੇ ਸਰਹੱਦੀ ਝਗੜੇ ਨੂੰ ਨਿਬੇੜਨ ਬਾਰੇ ਵੀ ਕੋਈ ਕੋਸ਼ਿਸ਼ ਹੋਈ? ਕੋਈ ਨਹੀਂ ਜਾਣਦਾ।

ਅਕਤੂਬਰ 2019 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕੀਤਾ ਕਿ ਅਗਲੇ ਸਾਲ ਤੱਕ ਆਪਸੀ ਸਬੰਧਾਂ ਨੂੰ ਬੁਲੰਦੀਆਂ ਤੱਕ ਪਹੁੰਚਾ ਦਿੱਤਾ ਜਾਵੇਗਾ। ਦੋਹਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਸਾਂਝ ਨੂੰ ਪੱਕਿਆਂ ਕਰਨ ਲਈ ਵਪਾਰ, ਮਿਲਟਰੀ ਅਤੇ ਪੁਰਾਤਨ-ਸਭਿਆਚਾਰਕ ਸਾਂਝ ਵਗੈਰਾ ਬਾਰੇ 70 ਸਰਗਰਮੀਆਂ ਦੀ ਲਿਸਟ ਬਣਾਈ ਸੀ। ਕੀ ਪਤਾ ਸੀ ਕਿ ਆਪਸੀ ਸਬੰਧ ਬੁਲੰਦੀਆਂ ਦੀ ਥਾਂ ਡੂੰਘੀਆਂ ਨਿਵਾਣਾਂ ਤੱਕ ਧਸ ਜਾਣਗੇ!

ਸੱਚ ਤਾਂ ਇਹ ਹੈ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਦੁਵੱਲੇ ਸਬੰਧਾਂ ਨੂੰ ਸਿਖਰਾਂ 'ਤੇ ਪਹੁੰਚਾਉਣ ਦੀਆਂ ਗੱਲਾਂ ਕਰ ਰਹੇ ਸਨ, ਅੰਦਰੋਂ ਉਹ ਜ਼ਰੂਰ ਜਾਣਦੇ ਹੋਣਗੇ ਕਿ ਸਬੰਧਾਂ ਵਿਚ ਪਿਛਲਮੋੜਾ ਤਾਂ ਸ਼ੁਰੂ ਹੋ ਚੁਕਾ ਹੈ। ਅਮਰੀਕਾ ਦੀ ਅਗਵਾਈ ਵਾਲਾ ਸਾਮਰਾਜੀ ਗੁੱਟ, ਖਾਸ ਕਰ ਕੇ ਅਮਰੀਕਾ, ਆਸਟਰੇਲੀਆ ਤੇ ਜਪਾਨ ਨਾਲ ਭਾਰਤ ਦੀ ਵਧ ਰਹੀ ਨੇੜਤਾ ਤੋਂ ਚੀਨ ਫਿਕਰਮੰਦ ਸੀ। ਭਾਰਤ ਦੇ ਪਾਕਿਸਤਾਨ ਪ੍ਰਤੀ ਸਖਤ ਰਵੱਈਏ, ਕਸ਼ਮੀਰ ਵਿਚ ਧਾਰਾ 370 ਨੂੰ ਖਤਮ ਕਰਨ ਅਤੇ ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡਣ ਦੀ ਕਾਰਵਾਈ ਨੂੰ ਚੀਨ ਨੇ ਖਤਰੇ ਦੀ ਘੰਟੀ ਸਮਝਿਆ। ਕਰੋਨਾ ਬਾਰੇ ਡਬਲਿਊ. ਐਚ. ਓ. ਦੀ ਮੀਟਿੰਗ ਵਿਚ ਭਾਰਤ ਦੀ ਚੀਨ ਵਿਰੋਧੀ ਵੋਟ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਪਾਕਿਸਤਾਨ ਅਤੇ ਚੀਨ ਤੋਂ ਇਲਾਕੇ ਵਾਪਿਸ ਲੈਣ ਬਾਰੇ ਕੁਝ ਭਾਰਤੀ ਲੀਡਰਾਂ ਦੀਆਂ ਫੋਕੀਆਂ ਬੜ੍ਹਕਾਂ ਨੇ ਵੀ ਰਿਸ਼ਤਿਆਂ ਦੇ ਮਾਮਲੇ ਵਿਚ ਨਾਂਹ-ਪੱਖੀ ਰੋਲ ਹੀ ਨਿਭਾਇਆ ਲਗਦਾ ਹੈ। 15 ਜੂਨ ਦੀ ਖੂਨੀ ਝੜਪ ਦੋਹਾਂ ਦੇਸ਼ਾਂ ਵਿਚ ਪੈਦਾ ਹੋ ਚੁਕੀ ਬੇਪ੍ਰਤੀਤੀ ਦਾ ਸਿਖਰ ਸੀ।

ਸਰਹੱਦ 'ਤੇ ਸਥਿਤੀ ਬਹੁਤ ਨਾਜ਼ੁਕ ਅਤੇ ਵਿਸਫੋਟਕ ਹੈ। ਦੋਹਾਂ ਦੇਸ਼ਾਂ ਦਰਮਿਆਨ ਡਿਪਲੋਮੇਸੀ ਅਤੇ ਮਿਲਟਰੀ ਪੱਧਰ 'ਤੇ ਮੀਟਿੰਗਾਂ ਦਾ ਦੌਰ ਜਾਰੀ ਹੈ, ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ। ਦੋਹਾਂ ਧਿਰਾਂ ਵਿਚੋਂ ਜੰਗ ਕੋਈ ਵੀ ਨਹੀਂ ਚਾਹੁੰਦਾ, ਪਰ ਜਿਸ ਪੱਧਰ 'ਤੇ ਦੋਹਾਂ ਨੇ ਜੰਗੀ ਤਿਆਰੀਆਂ ਕਰ ਲਈਆਂ ਹਨ, ਉਨ੍ਹਾਂ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਕਿਧਰੇ ਕੋਈ ਧਿਰ ਡਰ ਅਤੇ ਗਲਤਫਹਿਮੀ ਵਿਚੋਂ ਕੋਈ ਗਲਤ ਕਦਮ ਨਾ ਚੁੱਕ ਲਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਚਾਨਕ ਲੇਹ ਦਾ ਦੌਰਾ ਕੀਤਾ ਹੈ। ਸੁਰੱਖਿਆ ਬਲਾਂ ਨੂੰ ਸੰਬੋਧਨ ਸਮੇਂ ਉਸ ਨੇ ਚੀਨ ਖਿਲਾਫ ਸਖਤ ਬਿਆਨ ਦਿੱਤਾ ਹੈ। ਬਿਆਨ ਤਾਂ ਇਸ ਤੋਂ ਵੀ ਕਿਤੇ ਵੱਧ ਸਖਤ ਦਿੱਤਾ ਜਾ ਸਕਦਾ ਸੀ, ਪਰ ਇਸ ਮੌਕੇ ਜਦੋਂ ਸਰਹੱਦੀ ਤਣਾਓ ਘਟਾਉਣ ਲਈ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ ਅਤੇ ਦੋਹਾਂ ਧਿਰਾਂ ਵਿਚਾਲੇ ਬੇਵਿਸਾਹੀ ਸਿਖਰ 'ਤੇ ਹੈ ਤਾਂ ਅਜਿਹਾ ਸਖਤ ਬਿਆਨ ਬੇਮੌਕਾ ਲਗਦਾ ਹੈ। ਸਮੇਂ ਦੀ ਲੋੜ ਹੈ ਕਿ ਧਿਆਨ ਅਜਿਹੀਆਂ ਕੋਸ਼ਿਸ਼ਾਂ 'ਤੇ ਕੇਂਦ੍ਰਿਤ ਕੀਤਾ ਜਾਵੇ ਕਿ ਸਖਤ ਬਿਆਨ ਦੇਣ ਦੀ ਲੋੜ ਹੀ ਨਾ ਪਵੇ।

ਜ਼ਰਾ ਕਿਆਸ ਕਰ ਕੇ ਦੇਖੋ ਕਿ ਅਜੇ ਤੱਕ ਤਾਂ ਛੋਟੀਆਂ-ਮੋਟੀਆਂ ਝੜਪਾਂ ਹੀ ਹੋ ਰਹੀਆਂ ਹਨ, ਜੇ ਕਿਤੇ ਪੂਰੀ-ਸੂਰੀ ਜੰਗ ਲੱਗ ਜਾਂਦੀ ਹੈ ਤਾਂ ਕੀ ਬਣੇਗਾ? ਦੋਹੀਂ ਪਾਸੀਂ ਮਰਨਾ ਤਾਂ ਰੋਜ਼ੀ-ਰੋਟੀ ਲਈ ਭਰਤੀ ਹੋਏ ਗਰੀਬਾਂ ਨੇ ਹੀ ਹੈ। ਭੇਡ ਸਾਨ੍ਹਾਂ ਦਾ, ਉਜਾੜਾ ਲੋਕਾਂ ਦਾ!

# 'ਬਲੈਕ ਲਾਈਵਜ਼ ਮੈਟਰ' ਮੂਵਮੈਂਟ

## ਕੀ ਦੁਨੀਆਂ ਵਿਚ ਰੰਗ, ਨਸਲ, ਜਾਤ, ਧਰਮ, ਲਿੰਗ ਆਧਾਰਿਤ ਵਿਤਕਰੇ ਖਤਮ ਕਰ ਸਕੇਗੀ, ਇਹ ਲਹਿਰ?

**ਹਰਚਰਨ ਸਿੰਘ ਪਰਹਾਰ***
ਫੋਨ: 403-681-8689
Email: hp8689@gmail.com

25 ਮਈ 2020 ਨੂੰ ਅਮਰੀਕਾ ਦੀ ਸਟੇਟ ਮਿਨੀਸੋਟਾ ਦੇ ਸ਼ਹਿਰ ਮਿਨੀਐਪੋਲਿਸ ਵਿਚ ਇੱਕ ਕਾਲੇ ਮੂਲ ਦੇ ਨਿਹੱਥੇ ਵਿਅਕਤੀ ਜਾਰਜ ਫਲਾਇਡ ਨੂੰ ਪੁਲਿਸ ਨੇ ਇੱਕ ਜ਼ਾਅਲੀ ਬਿੱਲ ਦੇ ਦੋਸ਼ ਵਿਚ ਗ੍ਰਿਫਤਾਰੀ ਦੌਰਾਨ ਅਣਗਹਿਲੀ ਕਰਕੇ ਬੇਰਹਿਮੀ ਨਾਲ ਮਾਰ ਦਿੱਤਾ ਸੀ। ਅਮਰੀਕਾ ਵਿਚ ਇਹ ਕੋਈ ਨਾ ਪਹਿਲੀ ਘਟਨਾ ਸੀ ਤੇ ਨਾ ਹੀ ਸ਼ਾਇਦ ਨਿਕਟ ਭਵਿੱਖ ਵਿਚ ਆਖਰੀ ਘਟਨਾ ਹੋਵੇ? ਪਰ ਕਈ ਵਾਰ ਕੁਝ ਛੋਟੀਆਂ ਘਟਨਾਵਾਂ ਵੀ ਇਤਿਹਾਸ ਬਦਲਣ ਲਈ ਕਾਫੀ ਹੁੰਦੀਆਂ ਹਨ। ਜਿਸ ਤਰ੍ਹਾਂ ਪਹਿਲੀ ਦਸੰਬਰ 1955 ਨੂੰ 42 ਸਾਲਾ ਰੋਜ਼ਾ ਪਾਰਕ ਨਾਮ ਦੀ ਇੱਕ ਕਾਲੀ ਔਰਤ ਨੂੰ ਇਸ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦੋਂ ਉਸ ਨੇ ਮੋਂਟਗੁੰਮਰੀ (ਅਲਬਾਮਾ) ਵਿਚ ਬੱਸ ਸਫਰ ਦੌਰਾਨ ਇੱਕ ਗੋਰੇ ਵਿਅਕਤੀ ਲਈ ਸੀਟ ਛੱਡਣ ਤੋਂ ਨਾਂਹ ਕਰ ਦਿੱਤੀ ਸੀ। ਬੇਸ਼ਕ ਕਾਨੂੰਨੀ ਤੌਰ 'ਤੇ ਅਮਰੀਕਾ 'ਚ 1865 ਵਿਚ ਕਾਲਿਆਂ ਦੀ ਗੁਲਾਮੀ ਖਤਮ ਕਰ ਦਿੱਤੀ ਗਈ ਸੀ, ਪਰ ਸਮਾਜਕ ਜਾਂ ਰਾਜਸੀ ਤੌਰ 'ਤੇ ਰੰਗ ਆਧਾਰਿਤ ਨਸਲਵਾਦੀ ਵਿਤਕਰਾ ਉਵੇਂ ਹੀ ਜਾਰੀ ਸੀ, ਜੋ ਵੱਖ-ਵੱਖ ਕਾਨੂੰਨੀ ਸੋਧਾਂ ਕਰਕੇ 1970 ਤੱਕ ਖਤਮ ਕੀਤਾ ਗਿਆ।

ਕਾਲਿਆਂ ਨੂੰ ਬਰਾਬਰੀ ਦੇਣ ਦੀ ਕੋਸ਼ਿਸ਼ ਕਰਨ ਵਾਲੇ ਦੂਜੇ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਨੂੰ 1963 ਵਿਚ ਨਸਲਵਾਦੀ ਗੋਰਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੂੰ 1865 ਵਿਚ ਕਾਲਿਆਂ ਦੀ ਗੁਲਾਮੀ ਖਤਮ ਕਰਨ ਕਰਕੇ ਕਤਲ ਕਰ ਦਿੱਤਾ ਗਿਆ ਸੀ। 1970 ਤੱਕ ਅਮਰੀਕਾ ਵਿਚ ਨਾ ਸਿਰਫ ਬੱਸਾਂ-ਟਰੇਨਾਂ ਵਿਚ ਕਾਲਿਆਂ ਦੇ ਬੈਠਣ ਲਈ ਪਿਛੇ ਸੀਟਾਂ ਹੁੰਦੀਆਂ ਸਨ, ਸਗੋਂ ਕਾਲਿਆਂ ਦੇ ਵੱਖਰੇ ਚਰਚ ਅਤੇ ਸਕੂਲ, ਕਾਲੋਨੀਆਂ, ਅਪਾਰਟਮੈਂਟਾਂ, ਰੈਸਟੋਰੇਂਟ ਆਦਿ ਵੱਖਰੇ ਸਨ। ਇਸੇ ਤਰ੍ਹਾਂ ਫਲਾਇਡ ਦੀ ਮੌਤ ਮੌਕੇ ਕਿਸੇ ਵਲੋਂ ਬਣਾਈ ਵੀਡੀਓ ਦੇ ਵਾਇਰਿਲ ਹੋਣ ਪਿਛੋਂ ਜਿਥੇ ਪਹਿਲਾਂ ਅਮਰੀਕਾ ਭਰ ਵਿਚ ਗੁੱਸੇ ਨਾਲ ਭਰੀਆਂ ਭੀੜਾਂ ਹਿੰਸਕ ਹੋ ਗਈਆਂ ਸਨ, ਪਰ ਜਲਦੀ ਹੀ ਵਿਰੋਧ ਦਾ ਘਟਨਾਕ੍ਰਮ ਅਮਰੀਕਾ ਤੋਂ ਵਧਦਾ ਸਾਰੀ ਦੁਨੀਆਂ ਵਿਚ 'ਬਲੈਕ ਲਾਈਵਜ਼ ਮੈਟਰ' ਨਾਮ ਦੀ ਸ਼ਾਂਤੀਪੂਰਨ ਮਾਸ ਮੂਵਮੈਂਟ ਵਿਚ ਬਦਲ ਗਿਆ।

ਪਿਛਲੇ ਮਹੀਨੇ ਪੱਛਮ ਦੇ ਕਰੀਬ ਸਾਰੇ ਦੇਸ਼ਾਂ ਵਿਚ ਆਮ ਲੋਕਾਂ ਦੇ ਵੱਡੇ-ਵੱਡੇ ਇਕੱਠ ਹੋਏ ਤੇ ਫਿਰ ਇਹ ਮੂਵਮੈਂਟ ਨਸਲਵਾਦੀ ਸੋਚ ਅਧੀਨ ਬਣੀਆਂ ਯਾਦਗਾਰੀ ਇਮਾਰਤਾਂ ਤੇ ਬੁੱਤਾਂ ਦੀ ਤੋੜ-ਭੰਨ ਵੱਲ ਨੂੰ ਹੋ ਗਈ। ਮੁਜਾਹਰਕਾਰੀਆਂ ਵਲੋਂ ਨਸਲਵਾਦ ਦਾ ਪ੍ਰਤੀਕ ਅਨੇਕਾਂ ਪ੍ਰਸਿੱਧ ਵਿਅਕਤੀਆਂ ਦੇ ਬੁੱਤ ਤੋੜੇ ਗਏ, ਜਿਨ੍ਹਾਂ ਵਿਚ ਸਲੇਵ ਟਰੇਡਰ ਐਡਵਰਡ ਕੌਲਸਟਨ, ਕ੍ਰਿਸਟੋਫਰ ਕੋਲੰਬਸ, ਮਹਾਤਮਾ ਗਾਂਧੀ, ਮਰਚੈਂਟ ਸਲੇਵ ਟਰੇਡਰ ਰੌਬਰਟ ਮਿਲੀਗਨ, ਨਸਲਵਾਦੀ ਸਾਬਕਾ ਫੌਜੀ ਤੇ ਹਿਟਲਰ ਹਮਾਇਤੀ ਰੌਬਰਟ ਬੇਡਨ ਪੌਵਲ ਸ਼ਾਮਿਲ ਸਨ। ਮੁਜਾਹਰਾਕਾਰੀਆਂ ਵਲੋਂ ਇਸੇ ਤਰ੍ਹਾਂ ਦੇ ਨਸਲਵਾਦ ਦੇ ਪ੍ਰਤੀਕ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ ਤੇ ਹੋਰ ਪੱਛਮੀ ਦੇਸ਼ਾਂ ਵਿਚ ਲੱਗੇ ਹੋਏ ਬੁੱਤਾਂ ਨੂੰ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 'ਬਲੈਕ ਲਾਈਵਜ਼ ਮੈਟਰ' ਮੂਵਮੈਂਟ 2013 ਵਿਚ ਅਮਰੀਕਾ ਤੋਂ ਉਸ ਵੇਲੇ ਸ਼ੁਰੂ ਹੋਈ ਸੀ, ਜਦੋਂ 2012 ਵਿਚ 17 ਸਾਲਾ ਕਾਲੇ ਨੌਜਵਾਨ ਟਰੇਵੌਨ ਮਾਰਟਿਨ ਨੂੰ ਫਲੋਰਿਡਾ ਵਿਚ ਗੋਲੀ ਮਾਰ ਕੇ ਮਾਰਨ ਵਾਲੇ ਗੋਰੇ ਜੌਰਜ਼ ਜ਼ਿਮਰਮੈਨ ਨੂੰ ਅਦਾਲਤ ਨੇ ਸਾਫ ਬਰੀ ਕਰ ਦਿੱਤਾ ਸੀ। ਇਸ ਪਿਛੋਂ ਇਸ ਮੂਵਮੈਂਟ ਨੇ ਉਸ ਵਕਤ ਹੋਰ ਜ਼ੋਰ ਫੜਿਆ ਸੀ, ਜਦੋਂ 2014 ਵਿਚ ਦੋ ਹੋਰ ਕਾਲੇ ਨੌਜਵਾਨ ਪੁਲਿਸ ਗੋਲੀ ਨਾਲ ਮਾਰੇ ਗਏ ਸਨ। ਬੇਸ਼ਕ ਇਹ ਮੂਵਮੈਂਟ ਪਿਛਲੇ ਮਹੀਨੇ ਤੱਕ ਅਮਰੀਕਾ ਤੱਕ ਸੀਮਤ ਸੀ, ਪਰ ਜਾਰਜ ਫਲਾਇਡ ਦੀ ਮੌਤ ਪਿਛੋਂ ਦੁਨੀਆਂ ਭਰ ਵਿਚ ਫੈਲ ਚੁਕੀ ਹੈ। ਕਾਲਿਆਂ ਨਾਲ ਅਮਰੀਕਾ ਵਿਚ ਅਣਮਨੁੱਖੀ ਨਸਲਵਾਦੀ ਵਤੀਰਾ 300 ਸਾਲ ਤੋਂ ਵੀ ਪੁਰਾਣਾ ਹੈ। ਜਦੋਂ ਬਰਤਾਨਵੀ ਬਸਤੀਵਾਦੀ ਗੋਰੇ ਹਾਕਮਾਂ ਨੇ ਅਫਰੀਕਾ ਤੋਂ ਆਪਣੇ ਘਰੇਲੂ ਤੇ ਖੇਤੀਬਾੜੀ ਦੇ ਕੰਮਾਂ ਲਈ ਕਾਲੇ ਕਾਮੇ ਖਰੀਦ ਕੇ ਲਿਆਉਣੇ ਸ਼ੁਰੂ ਕੀਤੇ ਸਨ, ਜਿਨ੍ਹਾਂ ਨੂੰ ਪਿਛੋਂ ਵੱਖ-ਵੱਖ ਢੰਗਾਂ ਨਾਲ ਗੁਲਾਮ ਬਣਾ ਕੇ ਰੱਖਿਆ ਜਾਂਦਾ ਸੀ। ਅਮਰੀਕਨ ਇਤਿਹਾਸਕਾਰਾਂ ਅਨੁਸਾਰ 30 ਲੱਖ ਕਾਲਿਆਂ ਨੂੰ ਅਫਰੀਕਾ ਵਿਚੋਂ ਖਰੀਦ ਕੇ ਜਬਰਦਸਤੀ ਬੰਦੀ ਬਣਾ ਕੇ ਅਮਰੀਕਾ ਲਿਆਂਦਾ ਗਿਆ ਸੀ। ਵੱਡੀ ਗਿਣਤੀ ਵਿਚ ਕਾਲੇ ਰਸਤਿਆਂ ਵਿਚ ਹੀ ਬੀਮਾਰੀ ਜਾਂ ਭੁੱਖ ਨਾਲ ਮਰ ਜਾਂਦੇ ਸਨ, ਜਿਨ੍ਹਾਂ ਨੂੰ ਸਮੁੰਦਰ ਵਿਚ ਮੱਛੀਆਂ ਦੇ ਖਾਣ ਲਈ ਸੁੱਟ ਦਿੱਤਾ ਜਾਂਦਾ ਸੀ। ਬੇਸ਼ਕ ਅਮਰੀਕਾ ਬਸਤੀਵਾਦੀ ਅੰਗਰੇਜਾਂ ਤੋਂ 19 ਅਪਰੈਲ 1775 ਨੂੰ ਅਜ਼ਾਦ ਹੋ ਗਿਆ ਸੀ, ਪਰ ਆਜ਼ਾਦੀ ਪਿਛੋਂ ਵੀ ਅਮਰੀਕਨ ਗੋਰਿਆਂ ਨੇ ਕਾਲਿਆਂ ਨੂੰ ਗੁਲਾਮ ਬਣਾ ਕੇ ਰੱਖਣਾ ਜਾਰੀ ਰੱਖਿਆ। ਅਮਰੀਕਾ ਵਿਚ 1860 ਤੋਂ ਪਹਿਲਾਂ ਕਾਲਿਆਂ ਨੂੰ ਇੱਕ ਮਨੁੱਖ ਵਜੋਂ ਨਹੀਂ, ਸਗੋਂ ਗੋਰੇ ਮਾਲਕਾਂ ਵਲੋਂ ਆਪਣੀ ਜਾਇਦਾਦ ਦੇ ਤੌਰ 'ਤੇ ਰੱਖਿਆ ਜਾਂਦਾ ਸੀ। ਗੋਰੇ ਪਸ਼ੂਆਂ ਨਾਲ ਘੱਟ ਜ਼ੁਲਮ ਕਰਦੇ ਸਨ, ਪਰ ਅਫਰੀਕਨ ਕਾਲਿਆਂ ਨਾਲ ਵੱਧ ਜ਼ੁਲਮ ਹੁੰਦਾ ਸੀ।

ਪਹਿਲੀ ਵਾਰ 1860 ਵਿਚ ਅਬਰਾਹਿਮ ਲਿੰਕਨ ਦੇ ਅਮਰੀਕਨ ਪ੍ਰਧਾਨ ਬਣਨ ਪਿਛੋਂ ਜਦੋਂ ਉਸ ਨੇ ਕਾਲਿਆਂ ਦੀ ਗੁਲਾਮੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਰੀਬ 10 ਸਟੇਟਾਂ ਨੇ ਬਗਾਵਤ ਕਰ ਦਿੱਤੀ, ਜਿਸ ਦੇ ਨਤੀਜੇ ਵਜੋਂ 1861 ਤੋਂ 1865 ਤੱਕ ਅਮਰੀਕਾ ਵਿਚ ਹੋਈ ਖ਼ੂਨੀ ਸਿਵਿਲ ਵਾਰ (ਘਰੇਲੂ ਜੰਗ), ਜਿਸ ਵਿਚ ਕੋਈ 15 ਲੱਖ ਲੋਕ ਮਾਰੇ ਗਏ ਸਨ, ਪਿਛੋਂ ਬੇਸ਼ਕ 18 ਦਸੰਬਰ 1865 ਵਿਚ ਕਾਨੂੰਨੀ ਤੌਰ 'ਤੇ ਅਮਰੀਕਾ ਵਿਚੋਂ ਕਾਲਿਆਂ ਦੀ ਸਲੇਵਰੀ (ਖਰੀਦ-ਵੇਚ) ਖਤਮ ਕਰ ਦਿੱਤੀ ਗਈ ਸੀ, ਪਰ ਕਾਲਿਆਂ ਨੂੰ ਕਾਨੂੰਨੀ ਤੌਰ 'ਤੇ ਸਾਰੇ ਕਾਨੂੰਨੀ ਤੇ ਮਨੁੱਖੀ ਹੱਕ ਅਜੇ ਤੱਕ ਨਹੀਂ ਮਿਲੇ। ਕਾਲੇ ਅਮਰੀਕਨ ਆਦਮੀਆਂ ਨੂੰ 1870 ਵਿਚ ਵੋਟ ਪਾਉਣ ਦਾ ਹੱਕ ਦਿੱਤਾ ਗਿਆ, ਪਰ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ। ਪਹਿਲੀ ਵਾਰ 1920 ਵਿਚ ਅਮਰੀਕਨ ਗੋਰੀਆਂ ਨੇ ਤਾਂ ਵੋਟ ਪਾਉਣ ਦਾ ਹੱਕ ਲੈ ਲਿਆ ਸੀ, ਪਰ ਅਮਰੀਕਨ ਕਾਲਿਆਂ, ਏਸ਼ੀਅਨ, ਸਪੈਨਿਸ਼, ਮੂਲ ਨਿਵਾਸੀ ਔਰਤਾਂ ਨੂੰ ਇਹ ਹੱਕ 6 ਅਗਸਤ 1965 ਵਿਚ ਸਿਵਿਲ ਰਾਈਟਸ ਮੂਵਮੈਂਟ ਪਿਛੋਂ ਮਿਲਿਆ ਸੀ। ਜ਼ਿਕਰਯੋਗ ਹੈ ਕਿ ਲਿੰਕਨ ਨੂੰ 15 ਅਪਰੈਲ 1865 ਨੂੰ ਕਾਨੂੰਨੀ ਤੌਰ 'ਤੇ ਕਾਲਿਆਂ ਦੀ ਗੁਲਾਮੀ ਖਤਮ ਕਰਨ ਤੋਂ ਪਹਿਲਾਂ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਗੁਲਾਮ ਕਾਲਿਆਂ (ਮਰਦ-ਔਰਤਾਂ), ਸਪੈਨਿਸ਼ ਲੋਕਾਂ (ਨਾਰਥ ਤੇ ਸਾਊਥ ਅਮਰੀਕਾ ਦੇ ਲੋਕਾਂ), ਮੂਲ ਨਿਵਾਸੀ ਅਮਰੀਕਨਾਂ, ਏਸ਼ੀਅਨਾਂ ਨਾਲ ਪਹਿਲਾਂ ਬਸਤੀਵਾਦੀ ਗੋਰਿਆਂ ਅਤੇ ਬਾਅਦ 'ਚ ਅਮਰੀਕਨ ਗੋਰਿਆਂ ਵਲੋਂ ਜੋ ਜ਼ੁਲਮ-ਤਸ਼ੱਦਦ ਤੇ ਅਣਮਨੁੱਖੀ ਵਰਤਾਰਾ 300 ਸਾਲ ਕੀਤਾ ਗਿਆ ਤੇ ਵੱਖ-ਵੱਖ ਢੰਗਾਂ ਨਾਲ ਅਸਿੱਧੇ ਤੌਰ 'ਤੇ ਅਜੇ ਵੀ ਜਾਰੀ ਹੈ, ਨੂੰ ਪੜ੍ਹ ਕੇ ਸਾਨੂੰ ਆਪਣੇ ਮਨੁੱਖ ਹੋਣ 'ਤੇ ਸ਼ਰਮ ਆਉਣ ਲਗਦੀ ਹੈ ਕਿ ਮਨੁੱਖ ਤੋਂ ਵਹਿਸ਼ੀ ਜਾਨਵਰ ਇਸ ਦੁਨੀਆਂ ਵਿਚ ਕੋਈ ਹੋਰ ਨਹੀਂ। ਬਾਕੀ ਤਕੜੇ ਜਾਨਵਰ ਤਾਂ ਸਿਰਫ ਆਪਣੀ ਭੁੱਖ ਦੀ ਪੂਰਤੀ ਜਾਂ ਡਰ ਵਿਚ ਹੀ ਕਿਸੇ 'ਤੇ ਹਮਲਾ ਕਰਦੇ ਹਨ, ਪਰ ਮਨੁੱਖ ਇੱਕ ਅਜਿਹਾ ਵਹਿਸ਼ੀ ਦਰਿੰਦਾ ਹੈ, ਜੋ ਆਪਣੀਆਂ ਇੱਛਾਵਾਂ ਅਤੇ ਆਪਣੀ ਰੰਗ, ਨਸਲ, ਲਿੰਗ, ਧਰਮ, ਰਾਜਸੀ ਤਾਕਤ ਆਦਿ ਦੇ ਨਸ਼ੇ ਵਿਚ ਅਜਿਹਾ ਵਹਿਸ਼ੀਪੁਣਾ ਕਰ ਸਕਦਾ ਹੈ, ਜਿਸ ਨਾਲ ਦੁਨੀਆਂ ਦਾ ਇਤਿਹਾਸ ਭਰਿਆ ਪਿਆ ਹੈ। ਬੇਸ਼ਕ ਅੱਜ ਮਨੁੱਖ ਨੇ ਵਿਗਿਆਨ ਦੀਆਂ ਕਾਢਾਂ ਨਾਲ ਅਨੇਕਾਂ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਪ੍ਰਾਪਤ ਕਰ ਲਈਆਂ ਹਨ, ਪਰ ਅੰਦਰੋਂ ਉਸ ਦੀਆਂ ਇੱਛਾਵਾਂ ਕਦੇ ਨਾ ਖਤਮ ਹੋਣ ਵਾਲੀਆਂ ਹਨ, ਜਿਸ ਅਧੀਨ ਕਾਬਜ਼ ਤਾਕਤਵਰ ਜਮਾਤਾਂ ਦੂਜਿਆਂ ਨੂੰ ਗੁਲਾਮ ਬਣਾਉਣ ਲਈ ਨਵੇਂ ਨਵੇਂ ਢੰਗ ਤਰੀਕੇ ਲੱਭਦੀਆਂ ਰਹਿੰਦੀਆਂ ਹਨ। ਅਮਰੀਕਾ ਤੇ ਯੂਰਪ ਵਿਚ ਕਾਲੇ ਗੁਲਾਮਾਂ ਨਾਲ ਅਨੇਕਾਂ ਤਰ੍ਹਾਂ ਦੇ ਅਣਮਨੁੱਖੀ ਜ਼ੁਲਮ ਢਾਹੇ ਜਾਂਦੇ ਸਨ, ਉਨ੍ਹਾਂ ਵਿਚੋਂ ਇਥੇ ਕੁਝ, ਇਸ ਲਈ ਵਰਣਨ ਕਰਨੇ ਜਰੂਰੀ ਹਨ, ਤਾਂ ਜੋ ਸਾਨੂੰ ਉਨ੍ਹਾਂ ਦੀ ਗੁਲਾਮੀਅਤ ਦਾ ਅਹਿਸਾਸ ਹੋ ਸਕੇ ਤੇ ਜੋ ਲੋਕ ਅਜੇ ਵੀ ਨਵੇਂ ਢੰਗ ਨਾਲ ਲੋਕਾਂ ਨੂੰ ਗੁਲਾਮ ਬਣਾ ਰਹੇ, ਉਨ੍ਹਾਂ ਪ੍ਰਤੀ ਚੇਤੰਨ ਹੋਇਆ ਜਾ ਸਕੇ ਅਤੇ ਜਿਨ੍ਹਾਂ ਨੂੰ ਗੁਲਾਮੀਅਤ ਤੋਂ ਆਜ਼ਾਦੀ ਨਹੀਂ ਮਿਲ ਸਕੀ, ਉਨ੍ਹਾਂ ਦੇ ਹੱਕ ਵਿਚ ਖੜ ਸਕਣ ਲਈ ਕੋਈ ਯਤਨ ਕਰ ਸਕੀਏ।



ਗੁਲਾਮ ਬਣਾਏ ਸਿਆਹਫਾਮ

ਬਸਤੀਵਾਦੀ ਅੰਗਰੇਜ਼ਾਂ ਤੇ ਬਾਅਦ ਵਿਚ ਅਮਰੀਕਨ ਗੋਰਿਆਂ ਵਲੋਂ ਕਾਲੇ ਲੋਕਾਂ ਨੂੰ ਵਸਤੂਆਂ (ਜਾਂ ਪਸ਼ੂਆਂ) ਵਾਂਗ ਖਰੀਦਿਆ-ਵੇਚਿਆ ਜਾਂਦਾ ਸੀ, ਉਨ੍ਹਾਂ ਨੂੰ ਬਹੁਤ ਵਾਰ ਪਸ਼ੂਆਂ ਤੋਂ ਵੀ ਨੀਵੇਂ ਪੱਧਰ 'ਤੇ ਰੱਖਿਆ ਜਾਂ ਵਰਤਿਆ ਜਾਂਦਾ ਸੀ, ਕਾਲੀਆਂ ਔਰਤਾਂ ਨੂੰ ਘਰਾਂ ਦੇ ਕੰਮਾਂ ਜਾਂ ਗੋਰੇ ਬੱਚੇ ਪਾਲਣ ਲਈ ਬੰਧੂਆ ਮਜਦੂਰ ਬਣਾ ਕੇ ਰੱਖਿਆ ਜਾਂਦਾ ਸੀ, ਗੋਰੇ ਮਰਦ ਕਾਲੇ ਖਰੀਦਣ ਦੀ ਥਾਂ ਬਹੁਤ ਵਾਰ, ਜਿਥੇ ਕਾਲੀਆਂ ਔਰਤਾਂ ਨਾਲ ਆਪਣੀ ਸੈਕਸ ਪੂਰਤੀ ਕਰਦੇ ਸਨ, ਉਥੇ ਉਨ੍ਹਾਂ ਰਾਹੀਂ ਪੈਦਾ ਹੋਏ ਬੱਚਿਆਂ ਨੂੰ ਮੁਫਤ ਦੇ ਗੁਲਾਮ (ਸੀਰੀ) ਬਣਾ ਕੇ ਰੱਖਦੇ ਸਨ, ਗੋਰੀਆਂ ਔਰਤਾਂ ਆਪਣੇ ਬੱਚਿਆਂ ਨੂੰ ਆਪ ਦੁੱਧ ਚੁੰਘਾਉਣ ਦੀ ਥਾਂ ਨਵੀਆਂ ਮਾਂ ਬਣੀਆਂ ਕਾਲੀਆਂ ਔਰਤਾਂ ਤੋਂ ਉਨ੍ਹਾਂ ਦੇ ਬੱਚੇ ਖੋਹ ਕੇ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਂਦੀਆਂ ਸਨ ਤੇ ਕਈ ਕਾਲੇ ਬੱਚੇ ਬਿਨਾ ਦੁੱਧ ਤੋਂ ਮਰ ਜਾਂਦੇ ਸਨ ਜਾਂ ਹੋਰ ਖ਼ੁਰਾਕ ਖਾ ਕੇ ਪਲਦੇ ਸਨ। ਗੋਰੇ ਮਾਲਕ ਆਪਣੇ ਕਾਲੇ ਗੁਲਾਮਾਂ ਦੇ ਸਰੀਰ ਉਤੇ ਗਰਮ ਰਾਡ ਨਾਲ ਕੋਈ ਨੰਬਰ ਜਾਂ ਨਾਮ ਖੋਦਦੇ ਸਨ ਤਾਂ ਜੋ ਆਪਣੇ ਗੁਲਾਮ ਦੀ ਪਛਾਣ ਰੱਖੀ ਜਾ ਸਕੇ। ਜੇ ਕੋਈ ਕਾਲਾ ਭੱਜਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਗੋਲੀ ਮਾਰਨਾ ਕਾਨੂੰਨੀ ਤੌਰ 'ਤੇ ਜਾਇਜ਼ ਸੀ, ਜੇ ਕੋਈ ਕਾਲਾ ਗਲਤ ਕੰਮ ਕਰੇ ਜਾਂ ਮਾਲਕ ਦਾ ਹੁਕਮ ਨਾ ਮੰਨੇ ਤਾਂ ਉਸ ਨੂੰ ਨੰਗਾ ਕਰਕੇ ਹੰਟਰ ਮਾਰਨੇ, ਹੰਟਰ ਉਤੇ ਮੇਖਾਂ ਲਾ ਕੇ ਸਖਤ ਸਜ਼ਾ ਦੇਣ ਲਈ ਕੁੱਟਣਾ, ਲੋਹੇ ਦੀਆਂ ਗਰਮ ਰਾਡਾਂ ਨਾਲ ਕੁੱਟਣਾ, ਕਾਲਿਆਂ ਨੂੰ ਭੱਜਣ ਤੋਂ ਰੋਕਣ ਲਈ ਗਲਾਂ ਵਿਚ ਲੋਹੇ ਦਾ ਪਟਾ ਜਾਂ ਪੈਰਾਂ ਵਿਚ ਲੋਹੇ ਦੀਆਂ ਬੇੜੀਆਂ ਪਾ ਕੇ ਰੱਖਣਾ; ਕਾਲੇ ਆਪਣੀਆਂ ਮਾਲਕ ਗੋਰੀਆਂ ਨਾਲ ਸਰੀਰਕ ਸਬੰਧ ਨਾ ਬਣਾ ਸਕਣ, ਇਸ ਲਈ ਉਨ੍ਹਾਂ ਨੂੰ ਖੱਸੀ ਕਰਨਾ (ਨਾਮਰਦ ਬਣਾਉਣਾ) ਆਮ ਪ੍ਰਚਲਤ ਸੀ।

ਕਾਲੀਆਂ ਔਰਤਾਂ ਵਲੋਂ ਮਾਲਕਾਂ ਦਾ ਹੁਕਮ ਨਾ ਮੰਨਣ ਤੇ ਭੁੱਖੇ ਰੱਖਣਾ, ਉਨ੍ਹਾਂ ਦੇ ਬੱਚਿਆਂ ਨੂੰ ਆਪਣਾ ਉਧਾਰ ਚੁਕਾਉਣ ਜਾਂ ਡਾਲਰ ਬਣਾਉਣ ਲਈ ਮੰਡੀ ਵਿਚ ਵੇਚ ਦੇਣਾ, ਮਾਲਕਾਂ ਵਲੋਂ ਰੇਪ ਕਰਨਾ ਜਾਂ ਸਖਤ ਸਜ਼ਾ ਦੇ ਤੌਰ 'ਤੇ ਗੈਂਗਰੇਪ ਕਰਨਾ; ਜੇ ਕੋਈ ਕਾਲਾ ਮਰਦ ਆਪਣੇ ਮਾਲਕ ਖਿਲਾਫ ਬਗਾਵਤ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਦੀ ਪਤਨੀ ਜਾਂ ਧੀ ਨੂੰ ਜ਼ਬਰਦਸਤੀ ਮੰਡੀ ਵਿਚ ਵੇਚਣਾ ਤੇ ਨਵੇਂ ਮਾਲਕਾਂ ਵਲੋਂ ਬਜ਼ਾਰ ਵਿਚ ਹੀ ਉਸ ਨਾਲ ਰੇਪ ਕਰਨਾ ਸਖਤ ਸਜ਼ਾਵਾਂ ਵਿਚੋਂ ਇੱਕ ਸੀ। ਗੋਰੇ ਮਾਲਕ ਜੇ ਕਿਸੇ ਹੋਰ ਅਮੀਰ ਗੋਰੇ ਤੋਂ ਉਧਾਰ ਲੈ ਕੇ ਮੋੜਨ ਦੇ ਸਮਰੱਥ ਨਾ ਹੋਣ ਤਾਂ ਉਹ ਆਪਣੇ ਗੁਲਾਮ ਕਾਲੇ ਬੱਚਿਆਂ ਜਾਂ ਲੜਕੀਆਂ ਨੂੰ ਵੇਚ ਸਕਦੇ ਸਨ, ਕਾਲੇ ਗੁਲਾਮਾਂ ਨੂੰ ਪੜ੍ਹਨ ਦਾ ਕੋਈ ਹੱਕ ਨਹੀਂ ਸੀ, ਜੇ ਕੋਈ ਗੋਰਾ ਟੀਚਰ ਕਿਸੇ ਕਾਲੇ ਬੱਚੇ ਨੂੰ ਚੋਰੀ ਪੜ੍ਹਾਏ ਤਾਂ ਉਸ ਨੂੰ 100-250 ਡਾਲਰ ਤੱਕ ਜ਼ੁਰਮਾਨਾ ਸੀ ਅਤੇ ਕਾਲੇ ਬੱਚੇ ਤੇ ਉਸ ਦੇ ਮਾਪਿਆਂ ਨੂੰ 20-50 ਹੰਟਰਾਂ ਦੀ ਸਜ਼ਾ ਹੁੰਦੀ ਸੀ। ਇਹ ਕਾਨੂੰਨੀ ਤੌਰ 'ਤੇ 19ਵੀਂ ਸਦੀ ਤੱਕ ਲਾਗੂ ਰਿਹਾ, ਕਿਸੇ ਵੀ ਦੋਸ਼ ਵਿਚ ਗੋਰੇ ਮਾਲਕਾਂ ਵਲੋਂ ਆਪਣੇ ਗੁਲਾਮ ਕਾਲਿਆਂ ਨੂੰ ਮਾਰਨ ਲਈ ਕੋਈ ਸਜ਼ਾ ਨਹੀਂ ਹੁੰਦੀ ਸੀ। ਕਾਲੇ ਗੁਲਾਮਾਂ ਨੂੰ 14-16 ਘੰਟੇ ਸੱਤੇ ਦਿਨ ਆਪਣੇ ਮਾਲਕਾਂ ਲਈ ਕੰਮ ਕਰਨਾ ਪੈਂਦਾ ਸੀ, ਜਿਸ ਲਈ ਉਨ੍ਹਾਂ ਨੂੰ ਸਿਰਫ ਰਹਿਣ ਤੇ ਖਾਣ ਦਾ ਹੀ ਮਾਮੂਲੀ ਖਰਚਾ ਦਿੱਤਾ ਜਾਂਦਾ ਸੀ, ਉਨ੍ਹਾਂ ਕੋਲ ਕੋਈ ਵੀ ਜਾਇਦਾਦ ਰੱਖਣ ਦਾ ਹੱਕ ਨਹੀਂ ਸੀ, ਕੋਈ ਕਾਲਾ ਕਿਸੇ ਗੋਰੀ ਨਾਲ ਵਿਆਹ ਨਹੀਂ ਕਰਾ ਸਕਦਾ ਸੀ। ਸ਼ੁਰੂ ਵਿਚ ਉਨ੍ਹਾਂ ਕੋਲ ਧਰਮ ਨੂੰ ਮੰਨਣ ਦਾ ਹੱਕ ਨਹੀਂ ਸੀ, ਪਰ ਪਿਛੋਂ ਇਸਾਈਆਂ ਦੀ ਗਿਣਤੀ ਵਧਾਉਣ ਦੇ ਮਨਸ਼ੇ ਨਾਲ ਕਾਲਿਆਂ ਨੂੰ ਇਸਾਈ ਬਣਾਇਆ ਗਿਆ, ਪਰ ਉਨ੍ਹਾਂ ਦੇ ਚਰਚ ਵੱਖਰੇ ਸਨ, ਕਾਲਿਆਂ ਨੂੰ ਆਮ ਜਨ-ਜੀਵਨ ਵਿਚ ਪਬਲਿਕ 'ਚ ਜਾਣ ਦੀ ਮਨਾਹੀ ਸੀ।

ਗੋਰੀ ਨਸਲ ਦੇ ਲੋਕਾਂ ਵਿਚ ਇਹ ਭਰਮ ਸਦੀਆਂ ਪੁਰਾਣਾ ਹੈ ਕਿ ਬਾਕੀ ਸਾਰੀਆਂ ਨਸਲਾਂ ਤੋਂ ਉਹ ਉਤਮ ਹਨ ਤੇ ਗਾਡ ਨੇ ਉਨ੍ਹਾਂ ਨੂੰ ਬਾਕੀ ਸਾਰੀਆਂ ਨਸਲਾਂ 'ਤੇ ਰਾਜ ਕਰਨ ਲਈ ਭੇਜਿਆ ਹੈ। ਉਨ੍ਹਾਂ ਦਾ ਸ਼ੁਰੂ ਤੋਂ ਇਹ ਮੰਨਣਾ ਹੈ ਕਿ ਔਰਤ ਭਾਵੇਂ ਕਿਸੇ ਵੀ ਨਸਲ ਜਾਂ ਰੰਗ ਦੀ ਹੋਵੇ, ਉਹ ਵੀ ਗਾਡ ਵਲੋਂ ਮਰਦ ਦੀ ਸੇਵਾ, ਸੈਕਸ ਪੂਰਤੀ, ਨਸਲ ਪੂਰਤੀ ਜਾਂ ਗੁਲਾਮੀ ਕਰਨ ਲਈ ਹੀ ਪੈਦਾ ਕੀਤੀ ਗਈ ਹੈ। ਇਸੇ ਸੋਚ ਅਧੀਨ ਦੁਨੀਆਂ ਭਰ ਵਿਚ ਵੱਖ-ਵੱਖ ਕੌਮਾਂ, ਧਰਮਾਂ, ਰੰਗਾਂ, ਨਸਲਾਂ, ਔਰਤਾਂ ਦੀ ਗੁਲਾਮੀ ਦਾ ਮੁੱਢ ਗੋਰੀ ਨਸਲ ਦੇ ਲੋਕਾਂ ਨੇ ਹੀ ਬੰਨ੍ਹਿਆ ਸੀ। ਬੇਸ਼ਕ ਬਦਲੇ ਹਾਲਤਾਂ ਵਿਚ ਪਿਛਲੇ 60-70 ਸਾਲਾਂ ਤੋਂ ਰਾਜਨੀਤਕ ਜਾਂ ਸਮਾਜਕ ਤੌਰ 'ਤੇ ਗੋਰਿਆਂ ਨੇ ਸਿੱਧੀ ਗੁਲਾਮੀ ਵਾਲਾ ਪੈਂਤੜਾ ਬਦਲ ਲਿਆ ਹੈ, ਪਰ ਉਹ ਦੂਜਿਆਂ ਨੂੰ ਘਟੀਆ ਸਮਝ ਕੇ ਅੱਜ ਵੀ ਨਵੇਂ ਨਵੇਂ ਤਜਰਬੇ ਕਰ ਰਹੇ ਹਨ। ਵੱਖ-ਵੱਖ ਢੰਗਾਂ ਨਾਲ ਦੇਸ਼ਾਂ 'ਤੇ ਹਮਲੇ ਕਰਦੇ ਹਨ ਜਾਂ ਆਪਣੀਆਂ ਕਾਰਪੋਰੇਸ਼ਨਾਂ ਰਾਹੀਂ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹਨ।

ਭਾਰਤੀ ਖਿੱਤੇ ਵਿਚ ਵੀ ਜਾਤ ਦੇ ਨਾਂ 'ਤੇ ਪਿਛਲੇ 3 ਹਜ਼ਾਰ ਸਾਲਾਂ ਤੋਂ ਚੱਲ ਰਿਹਾ ਨਸਲਵਾਦ ਵੀ ਸੈਂਟਰਲ ਏਸ਼ੀਆ ਜਾਂ ਸੈਂਟਰਲ ਯੂਰਪ ਤੋਂ ਗਏ ਗੋਰੀ ਨਸਲ ਦੇ ਆਰੀਅਨ ਲੋਕਾਂ ਨੇ ਹੀ ਉਥੇ ਦੇ ਮੂਲ ਨਿਵਾਸੀ ਦਰਾਵੜਾਂ ਨੂੰ ਹਰਾ ਕੇ ਸ਼ੁਰੂ ਕੀਤਾ ਸੀ, ਜੋ ਅਜੇ ਵੀ ਬਦਸਤੂਰ ਜਾਰੀ ਹੈ। ਜਦੋਂ ਅਸੀਂ ਅਮਰੀਕਾ ਜਾਂ ਯੂਰਪ ਵਿਚ ਕਾਲੇ ਗੁਲਾਮਾਂ ਦਾ ਹਸ਼ਰ ਪੜ੍ਹਦੇ ਹਾਂ ਤਾਂ ਭਾਰਤੀ ਖਿੱਤੇ ਵਿਚਲੇ ਦਲਿਤਾਂ ਜਾਂ ਅਛੂਤਾਂ ਦਾ ਹਾਲ ਕਾਲਿਆਂ ਤੋਂ ਵੀ ਭੈੜਾ ਸੀ (ਕਾਫੀ ਹੱਦ ਤੱਕ ਹੁਣ ਵੀ ਹੈ)। ਜਥੇਬੰਦਕ ਧਰਮ ਹਮੇਸ਼ਾਂ ਹਾਕਮ ਜਾਤਾਂ ਦੇ ਪੂਰਕ ਬਣ ਕੇ ਵਿਚਰਦੇ ਹਨ, ਇਸ ਲਈ ਨਸਲਵਾਦ ਫੈਲਾਉਣ ਵਿਚ ਧਰਮਾਂ ਨੇ ਵੀ ਵੱਡਾ ਰੋਲ ਅਦਾ ਕੀਤਾ ਹੈ। ਧਾਰਮਿਕ ਪੁਜਾਰੀਆਂ ਨੇ ਰਾਜਨੀਤਕ ਤਾਕਤ ਨਾਲ ਆਪਣੇ ਫਿਰਕੇ ਨੂੰ ਵੱਡਾ ਕਰਨ ਲਈ ਹਾਕਮ ਜਮਾਤਾਂ ਦੇ ਮਨੁੱਖਤਾ ਵਿਰੋਧੀ ਨਿਜ਼ਾਮ ਦਾ ਹਮੇਸ਼ਾ ਸਾਥ ਦਿੱਤਾ ਹੈ, ਜਿਸ ਕਰਕੇ ਲੋਕ ਸਦੀਆਂ ਤੋਂ ਵੱਖ-ਵੱਖ ਤਰ੍ਹਾਂ ਦੇ ਨਸਲਵਾਦ ਦਾ ਸ਼ਿਕਾਰ ਹਨ।

ਜਾਰਜ਼ ਫਲਾਇਡ ਦੇ ਕਤਲ ਪਿਛੋਂ 'ਬਲੈਕ ਲਾਈਵਜ਼ ਮੈਟਰ' ਵਰਗਾ ਉਠਿਆ ਲੋਕ ਉਭਾਰ ਅਕਸਰ ਵਕਤੀ ਤੇ ਜਜ਼ਬਾਤੀ ਹੋ ਨਿਭੜਦਾ ਹੈ, ਜੇ ਲਹਿਰ ਦੇ ਆਗੂ ਅਜਿਹੇ ਉਭਾਰਾਂ ਨੂੰ ਲੋਕ ਪੱਖੀ ਪੈਂਤੜੇ ਤੋਂ ਲਹਿਰ ਦਾ ਰੂਪ ਨਾ ਦੇ ਸਕਣ। ਬੇਸ਼ਕ ਇਹ ਮੂਵਮੈਂਟ ਕਾਲਿਆਂ ਦੀ ਬਰਾਬਰੀ ਨੂੰ ਲੈ ਕੇ ਉਠੀ ਹੈ, ਪਰ ਬਾਕੀ ਦੇਸ਼ਾਂ, ਕੌਮਾਂ, ਨਸਲਾਂ, ਰੰਗਾਂ, ਲਿੰਗਾਂ ਆਦਿ ਦੇ ਲੋਕਾਂ ਨੂੰ ਇਸ ਨੂੰ ਆਪਣੇ ਪੈਂਤੜੇ ਤੋਂ ਨਸਲਵਾਦ ਵਿਰੁੱਧ ਲਹਿਰ ਬਣਾਉਣ ਦੀ ਲੋੜ ਹੈ, ਜੋ ਜਥੇਬੰਦਕ ਹੋਵੇ ਤੇ ਮਨੁੱਖਤਾ ਦੇ ਭਲੇ ਵਾਲੀ ਹੋਵੇ; ਤਾਂ ਹੀ ਸਾਰਥਕ ਸਿੱਟੇ ਨਿੱਕਲ ਸਕਦੇ ਹਨ।

---

*ਐਡੀਟਰ, 'ਸਿੱਖ ਵਿਰਸਾ', ਮਾਸਿਕ ਰਸਾਲਾ।

## ਗਜ਼ਲ

ਸੱਚ ਨੂੰ ਚੌਰਾਹੇ ਵਿਚ ਮੈਂ ਲੜਖੜਾਉਂਦੇ ਦੇਖਿਆ।
ਝੂਠ ਨੂੰ ਮੈਦਾਨ ਵਿਚ ਪਰਚਮ ਝੁਲਾਉਂਦੇ ਦੇਖਿਆ।

ਚੜ੍ਹ ਗਿਆ ਮਨਸੂਰ ਸੂਲੀ ਧਰਤ ਧਾਹਾਂ ਮਾਰੀਆਂ
ਕੋਲ ਹੀ ਸ਼ੈਤਾਨ ਨੂੰ ਮੈਂ ਮੁਸਕਰਾਉਂਦੇ ਦੇਖਿਆ।

ਸੱਚ ਦੀ ਖੇਤੀ ਦੇ ਉਤੇ ਪੈ ਗਿਆ ਗੜਿਆਂ ਦਾ ਮੀਂਹ
ਬਾਗ ਬੇਈਮਾਨੀ ਦਾ ਮੈਂ ਲਹਿਲਹਾਉਂਦੇ ਦੇਖਿਆ।

ਧਰਮੀਆਂ ਨੇ ਧਰਮ ਖਾਧੇ ਦਿਨ ਦਿਹਾੜੇ ਵੇਚ ਕੇ
ਖੁੰਦਰਾਂ ਵਿਚ ਸੱਚ ਨੂੰ ਅੱਥਰੂ ਵਹਾਉਂਦੇ ਦੇਖਿਆ।

ਧੀਆਂ-ਪੁੱਤਰ ਬੈਠ ਗਏ ਜਦ ਘਰ-ਜ਼ਮੀਨਾਂ ਸਾਂਭ ਕੇ
ਮਾਪਿਆਂ ਨੂੰ ਠੋਕਰਾਂ ਗਲੀਆਂ 'ਚ ਖਾਂਦੇ ਦੇਖਿਆ।

ਸਾਹਮਣੇ ਜਦ ਸੀ ਕਿਨਾਰਾ ਮੂੰਹ ਉਤੇ ਮੁਸਕਾਨ ਸੀ
ਮਾਂਝੀ ਬੇਇਮਾਨ ਨੂੰ ਕਿਸ਼ਤੀ ਡੁਬਾਉਂਦੇ ਦੇਖਿਆ।

ਕਿੰਜ ਸਹਾਂ ਕਿਸ ਨੂੰ ਸੁਣਾਵਾਂ ਗਾਥਾ ਆਪਣੇ ਦਰਦ ਦੀ
ਆਪਣਾ ਹੀ ਖ਼ੂਨ ਅੱਜ ਮੈਂ ਮੂੰਹ ਭੁਆਉਂਦੇ ਦੇਖਿਆ।

ਕੀ ਕਰਾਂ 'ਸੁਰਜੀਤ' ਹਰ ਥਾਂ ਰਾਜ ਹੈ ਸ਼ੈਤਾਨ ਦਾ
ਰੱਬ ਦੇ ਘਰ ਸ਼ੈਤਾਨ ਨੂੰ ਮੌਜਾਂ ਉਡਾਉਂਦੇ ਦੇਖਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਹੱਥ ਕੰਙਣ ਨੂੰ ਆਰਸੀ ਕੀ!

### ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਮੈਂ ਦੋ ਸ਼ਬਦ 'ਪੰਜਾਬ ਟਾਈਮਜ਼' ਲਈ ਇਸ ਆਸ ਨਾਲ ਭੇਜ ਰਿਹਾਂ ਕਿ ਦੂਜੇ ਵੀ ਆਪਣਾ ਬਣਦਾ ਰਿਣ ਚੁਕਾ ਸਕਣ। ਇਹ ਗੱਲ ਕਹਿਣ 'ਚ ਮੈਂ ਮਾਣ ਮਹਿਸੂਸ ਕਰਦਾਂ ਕਿ ਦੇਸ-ਪਰਦੇਸ ਵਿਚ ਬੈਠੇ ਹਰ ਪੰਜਾਬੀ ਲਈ ਇਹ ਹਰਮਨ ਪਿਆਰਾ ਅਖਬਾਰ ਹੈ। ਇਸ 'ਚ ਛਪੀਆਂ ਸਾਰੀਆਂ ਸਾਹਿਤਕ ਕ੍ਰਿਤਾਂ ਜਿਹਾ ਕਿ ਕਹਾਣੀ ਕਵਿਤਾ, ਲੇਖ ਅਤੇ ਹੋਰ ਅਸਮਾਨ ਨੂੰ ਛੂੰਹਦੇ ਸਪਤਾਹਿਕ ਫੀਚਰ ਪਤਾਲ ਖੋਜ ਕੇ ਲਿਆਉਂਦੇ ਹੁੰਦੇ ਹਨ। ਖੇਡਾਂ, ਗਿਆਨ-ਵਿਗਿਆਨ ਬਾਰੇ ਲੇਖ ਵੀ ਘੋਖ ਕੇ ਲਿਖੇ ਹੁੰਦੇ ਹਨ। ਹੋਰ ਸਾਰਾ ਮੈਟਰ ਦਿਲ ਟੁੰਬਵਾਂ ਹੁੰਦਾ ਹੈ। ਇਸ ਵਿਚ ਨਵੇਂ ਅਤੇ ਪੁਰਾਣੇ ਲੇਖਕਾਂ ਨੂੰ ਬਣਦੀ ਥਾਂ ਦਿੱਤੀ ਹੁੰਦੀ ਹੈ।

ਇਸ ਸਭ ਦੇ ਸਿੱਟੇ ਦਾ ਹੀ ਫਲ ਹੈ ਕਿ ਸਟੋਰਾਂ, ਗੁਰੂਘਰਾਂ ਵਿਚ ਰੱਖੇ 'ਪੰਜਾਬ ਟਾਈਮਜ਼' ਨੂੰ ਪਾਠਕ ਇਕ ਦਿਨ ਤੋਂ ਵੀ ਵੱਧ ਸਮਾਂ ਟਿਕਣ ਨਹੀਂ ਦਿੰਦੇ। ਨਿਰਸੰਦੇਹ ਇਹ ਅਮਰੀਕਾ ਦਾ ਸਿਰਕੱਢ ਅਖਬਾਰ ਹੈ।

*-ਕਰਮ ਸਿੰਘ ਮਾਨ*
*ਫੋਨ: 559-261-5024*

# ਅਮਰੀਕਾ ਦਾ ਨਸਲਵਾਦ, ਪੰਜਾਬੀ ਅਮਰੀਕਨ ਅਤੇ ਭਾਰਤੀ ਲੋਕ



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਜਾਰਜ ਫਲਾਇਡ ਦੇ ਮਾਰੇ ਜਾਣ ਦੇ ਵਿਰੋਧ ਵਿਚ ਖਾਸ ਕਰਕੇ ਕਾਲੇ ਤੇ ਆਮ ਤੌਰ ‘ਤੇ ਹੋਰ ਅਮਰੀਕੀ ਲੋਕਾਂ ਦਾ ਰੋਹ ਅਮਰੀਕਾ ਦੀਆਂ ਸੜਕਾਂ-ਗਲੀਆਂ ਵਿਚ ਵਹਿ ਤੁਰਿਆ। ਮੁਜਾਹਰਿਆਂ ਜਿਨ੍ਹਾਂ ਵਿਚ ਅਨੇਕਾਂ ਨਸਲਾਂ ਨਾਲ ਸਬੰਧਤ ਅਮਰੀਕਣਾਂ-ਗੋਰੇ, ਕਾਲੇ, ਹਿਸਪੈਨਿਕ, ਯਹੂਦੀ, ਚੀਨੀ, ਜਾਪਾਨੀ, ਆਦਿ ਨੇ ਹਿੱਸਾ ਲਿਆ। ਬਿਨਾ ਸ਼ੱਕ, ਇਹ ਕਾਲਾ ਰੋਸ ਜਾਂ ਕਾਲਾ ਵਿਦਰੋਹ ਨਹੀਂ, ਬਲਕਿ ਅਮਰੀਕੀ ਵਿਦਰੋਹ ਸੀ। ਅਮਰੀਕਾ ਤੋਂ ਸ਼ੁਰੂ ਹੋ ਕੇ ਕੌਮਾਂਤਰੀ ਪੱਧਰ ‘ਤੇ ਫੈਲ ਗਏ ਇਹ ਮੁਜਾਹਰੇ ਕਈ ਹਫਤੇ ਚੱਲਦੇ ਰਹੇ, ਜਿਸ ਦੌਰਾਨ ਇਨ੍ਹਾਂ ਨੇ ਅਮਰੀਕਾ ਵਿਚ ਨੈਟਵਰਕ ਟੀ. ਵੀ. ਸਕਰੀਨਾਂ ਤੋਂ ਕਰੋਨਾ ਵਾਇਰਸ ਦੀਆਂ ਨਾਨ-ਸਟੌਪ ਖਬਰਾਂ ਤੇ ਗੱਲਾਂ-ਬਾਤਾਂ ਨੂੰ ਵੀ ਅਗਿਆਤਵਾਸ ਵੱਲ ਨੂੰ ਧੱਕੀ ਰੱਖਿਆ। ਵੀਹ ਡਾਲਰਾਂ ਦੇ ਨਕਲੀ ਨੋਟ ਨਾਲ ਸਿਗਰਟ ਖਰੀਦਣ ਦੇ ਦੋਸ਼ ਅਧੀਨ ਜਾਰਜ ਨੂੰ ਗ੍ਰਿਫਤਾਰ ਕਰਦਿਆਂ ਪੁਲਿਸ ਅਫਸਰ ਨੇ ਉਹਦੇ ਹੱਥ ਬੰਨ੍ਹ ਕੇ ਉਹਨੂੰ ਮੂਧੇ-ਮੂੰਹ ਸੁੱਟ ਲਿਆ, ਅਤੇ ਆਪਣੇ ਗੋਡੇ ਨਾਲ ਉਸ ਦੀ ਧੌਣ ਨੂੰ 8.46 ਮਿੰਟ ਤੱਕ ਨੱਪੀ ਰੱਖਿਆ; ਤਦ ਤੱਕ ਜਾਰਜ ਦਮ ਤੋੜ ਚੁਕਾ ਸੀ। ਉਹ ਵਾਰ ਵਾਰ “ਮੈਂ ਸਾਹ ਨਹੀਂ ਲੈ ਸਕਦਾ” ਕਹਿ ਕਹਿ ਜਾਣੋ ਮਦਦ ਲਈ ਵਾਸਤੇ ਪਾਉਂਦਾ ਰਿਹਾ। ਇਹ ਆਪਣੀ ਕਿਸਮ ਦੀ ਪਹਿਲੀ ਘਟਨਾ ਨਹੀਂ ਸੀ, ਪਰ ਵਾਇਰਲ ਹੋ ਗਏ ਵੀਡੀਓ ਵਿਚ ਪਕੜੀ ਇਹ ਘਟਨਾ ਟਿਪਿੰਗ ਪੁਆਇੰਟ ਨੂੰ ਪਹੁੰਚ ਗਈ ਸੀ।

ਪੰਜਾਬ ਦੇ ਅੰਦਰੋਂ ਤੇ ਬਾਹਰੋਂ ਪ੍ਰਕਾਸ਼ਤ ਹੁੰਦੇ ਪੰਜਾਬੀ ਅਖਬਾਰਾਂ ਵਿਚ ਇਨ੍ਹਾਂ ਮੁਜਾਹਰਿਆਂ ਬਾਰੇ ਛਪੇ ਕਈ ਲੇਖਾਂ ਵਿਚ ਜੋ ਇੱਕ ਪ੍ਰਭਾਵ ਦਿੱਤਾ ਗਿਆ ਹੈ ਤੇ ਦੋ ਨੁਕਤੇ ਉਠਾਏ ਗਏ ਨੇ, ਉਨ੍ਹਾਂ ਵੱਲ ਧਿਆਨ ਦੇਣਾ ਬਣਦਾ ਹੈ। ਪ੍ਰਭਾਵ ਦਿੱਤਾ ਗਿਆ ਹੈ ਜਿਵੇਂ ਅੱਜ ਦੇ ਅਮਰੀਕਾ ਵਿਚ ਗੋਰੀ ਨਸਲ ਦੇ ਸਾਰੇ ਜਾਂ ਬਹੁ-ਗਿਣਤੀ ਲੋਕ ਕਾਲੀ ਨਸਲ ਦੇ ਲੋਕਾਂ ਨੂੰ ਹੀਣੇ ਸਮਝਦੇ ਹੋਣ; ਕਿ ਜਿਵੇਂ ਇਹ ਵਿਰੋਧ ਗੋਰੇ ਤੇ ਕਾਲੇ ਲੋਕਾਂ ਵਿਚਾਲੇ ਹੋਵੇ। ਅਸਲ ਵਿਚ, ਅਜਿਹਾ ਨਹੀਂ ਹੈ। ਉਕਤ ਬਿਆਨਿਆ ਤੱਥ ਕਿ ਇਨ੍ਹਾਂ ਮੁਜਾਹਰਿਆਂ ਵਿਚ ਗੋਰੇ ਤੇ ਹੋਰ ਨਸਲਾਂ ਨਾਲ ਸਬੰਧਤ ਅਮਰੀਕਣਾਂ ਵੀ ਹਿੱਸਾ ਲਿਆ ਅਤੇ ਮੇਰੇ ਨਿਜੀ ਤੇ ਕਾਰੋਬਾਰੀ ਤਜਰਬੇ ਤੋਂ ਇਲਾਵਾ ਅਮਰੀਕਾ ‘ਚ ਇਕੱਤਰ ਕੀਤਾ ਗਿਆ ਪੋਲਿੰਗ ਡੈਟਾ ਇਸ ਦੀ ਪੁਸ਼ਟੀ ਕਰਦੇ ਹਨ।

ਪਿਊ ਰਿਸਰਚ ਵਲੋਂ ਕਰਵਾਏ ਸਰਵੇਖਣ ਅਨੁਸਾਰ ਅਮਰੀਕਾ ਵਿਚ ਬਾਲਗ ਚਿੱਟੇ ਲੋਕਾਂ ਦੀ ਬਹੁਗਿਣਤੀ (56%) ਮੰਨਦੀ ਹੈ ਕਿ ਚਿੱਟੇ ਹੋਣਾ ਇਸ ਸਿਸਟਮ ਵਿਚ ਅੱਗੇ ਵਧਣ ਲਈ ਸਹਾਈ ਹੁੰਦਾ ਹੈ। ਬਹੁਗਿਣਤੀ (66%) ਚਿੱਟੇ ਬਾਲਗ ਇਹ ਵੀ ਮੰਨਦੇ ਨੇ ਉਨ੍ਹਾਂ ਦੇ ਮੁਕਾਬਲੇ ਕਾਲੇ ਲੋਕਾਂ ਨਾਲ ਪੁਲਿਸ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਘੱਟ ਨਿਆਂਪੂਰਨ ਸਲੂਕ ਕਰਦੀ ਹੈ। ਮੋਨਮਾਊਥ ਯੂਨੀਵਰਸਿਟੀ ਵਲੋਂ ਕਰਵਾਈ ਜਨਤਕ ਪੋਲਿੰਗ ਅਨੁਸਾਰ ਹੁਣ 76% ਅਮਰੀਕੀ ਮੰਨਦੇ ਹਨ ਕਿ ਅਮਰੀਕਾ ਵਿਚ ਨਸਲੀ ਵਿਤਕਰਾ ਵੱਡੀ ਸਮੱਸਿਆ ਹੈ। ਇਸੇ ਪੋਲ ਅਨੁਸਾਰ ਬਹੁਗਿਣਤੀ ਅਮਰੀਕੀ ਜਨਤਾ (57%) ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਪ੍ਰਗਟਾਏ ਗੁੱਸੇ ਨੂੰ ਪੂਰੀ ਤਰ੍ਹਾਂ ਜਾਇਜ਼ ਸਮਝਦੀ ਹੈ ਅਤੇ ਚਿੱਟੇ ਅਮਰੀਕੀਆਂ ਦੀ ਬਹੁਗਿਣਤੀ (55%) ਵੀ ਪ੍ਰਦਰਸ਼ਨਕਾਰੀਆਂ ਦੇ ਗੁੱਸੇ ਨੂੰ ਪੂਰੀ ਤਰ੍ਹਾਂ ਜਾਇਜ਼ ਠਹਿਰਾਉਂਦੀ ਹੈ।

ਸੋ, ਸਾਰੇ ਜਾਂ ਬਹੁਗਿਣਤੀ ਅਮਰੀਕੀ ਗੋਰੇ ਲੋਕ ਨਾ ਤਾਂ ਅਮਰੀਕੀ ਕਾਲੇ ਲੋਕਾਂ ਨੂੰ ਆਪਣੇ ਤੋਂ ਹੀਣੇ ਸਮਝਦੇ ਨੇ, ਨਾ ਹੀ ਇਸ ਗੱਲੋਂ ਇਨਕਾਰੀ ਨੇ ਕਿ ਸਿਸਟਮ ਕਾਲੇ ਲੋਕਾਂ ਨਾਲ ਵਿਤਕਰਾ (discrimination) ਕਰਦਾ ਹੈ ਅਤੇ ਨਾ ਹੀ ਇਸ ਦਾ ਪੱਖ ਹੀ ਪੂਰਦੇ ਨੇ। ਐਸਾ ਕਿਉਂ ਨਹੀਂ ਹੈਂ? ਭਾਵ ਇੱਕ ਪਾਸੇ ਗੋਰੇ ਲੋਕਾਂ ਦੀ ਵੱਡੀ ਗਿਣਤੀ ਕਾਲੇ ਲੋਕਾਂ ਸੰਗ ਹੁੰਦੇ ਧੱਕੇ ਨੂੰ ਸਮਝਦੀ ਹੈ ਤੇ ਇਸ ਵਿਰੁੱਧ ਉਨ੍ਹਾਂ ਦੇ ਨਾਲ ਵੀ ਖੜ੍ਹਦੀ ਹੈ ਅਤੇ ਦੂਜੇ ਪਾਸੇ ਸਿਸਟਮ ਵਿਚ ਕਾਲੇ ਲੋਕਾਂ ਪ੍ਰਤੀ ਵਿਤਕਰਾ ਭਰਿਆ ਪਿਆ ਹੈ। ਅਮਰੀਕਾ ਵਿਚ ਇਹ ਦੋ ਪਰਸਪਰ ਵਿਰੋਧੀ ਪੱਖਾਂ ਨੂੰ ਸਮਝਣ ਲਈ ਯੂਰਪ ਵਿਚ ਚੱਲੀਆਂ ਦੋ ਬੌਧਿਕ ਲਹਿਰਾਂ ਨੂੰ ਸਮਝਣਾ ਬੜਾ ਜ਼ਰੂਰੀ ਹੈ-ਰੈਨੇਸਾਂਸ ਲਹਿਰ (14ਵੀਂ ਤੋਂ 17ਵੀਂ ਸਦੀ ਤੱਕ) ਅਤੇ ਉਹਦੇ ਨਾਲ ਲੱਗਵੀਂ ਪ੍ਰਬੋਧਨ (Enlightenment) ਲਹਿਰ।

**ਰੈਨੇਸਾਂਸ ਤੇ ਪ੍ਰਬੋਧਨ ਲਹਿਰਾਂ:** ਰੈਨੇਸਾਂਸ ਦੀਆਂ ਦੋ ਮੁੱਖ ਚਾਲਕ ਸ਼ਕਤੀਆਂ ਸਨ-ਤਰਕ ਤੇ ਮਾਨਵਵਾਦ। ਮਾਨਵਵਾਦ ਨੇ ਐਸੇ ਨਾਗਰਿਕਾਂ ਦੀ ਮਹੱਤਤਾ ਅਤੇ ਲੋੜ ‘ਤੇ ਜ਼ੋਰ ਦਿੱਤਾ, ਜੋ ਤਰਕਸ਼ੀਲ ਹੁੰਦਿਆਂ ਆਪਣੇ ਭਾਈਚਾਰਿਆਂ ਦੇ ਸਿਵਲ ਜੀਵਨ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੇ ਯੋਗ ਹੋਣ। ਇਸ ਉਦੇਸ਼ ਨਾਲ ਜਨਤਕ ਲਾਇਬ੍ਰੇਰੀਆਂ ਅਤੇ ਇਕ ਅਧਿਅਨ ਖੇਤਰ (Studia humanitatis) ਸਥਾਪਤ ਹੋਏ, ਜਿਸ ਨੂੰ ਅੱਜ Humanities ਵਜੋਂ ਜਾਣਿਆ ਜਾਂਦਾ ਹੈ ਤੇ ਜਿਸ ਵਿਚ ਉਸ ਸਮੇਂ ਨੈਤਿਕ ਦਰਸ਼ਨ, ਕਵਿਤਾ, ਧੜੱਲੇਦਾਰ-ਅਲੰਕਾਰਕ ਵਿੱਦਿਆ (Rhetoris), ਵਿਆਕਰਣ, ਅਤੇ ਇਤਿਹਾਸ ਸ਼ਾਮਲ ਸਨ। ਰੈਨੇਸਾਂਸ ਦੌਰਾਨ ਵਿਕਸਿਤ ਕੀਤੇ ਗਏ ਮੁੱਖ ਆਦਰਸ਼ਾਂ ਵਿਚੋਂ ਇੱਕ ਨੂੰ ‘ਰੈਨੇਸਾਂਸ ਆਦਮੀ’ ਦੇ ਸੰਕਲਪ ਰਾਹੀਂ ਪੇਸ਼ ਕੀਤਾ ਗਿਆ ਸੀ, ਜੋ ਇਸ ਖਿਆਲ ਨੂੰ ਮੂਰਤੀਮਾਨ ਕਰਦਾ ਸੀ, “ਮਨੁੱਖ ਸਭ ਕੁਝ ਕਰ ਸਕਦਾ ਹੈ, ਜੇ ਉਹ ਚਾਹੇ ਤਾਂ।” ਇਹ ਆਦਰਸ਼ ਰੈਨੇਸਾਂਸ ਲਹਿਰ ਦੇ ਮਾਨਵਵਾਦ ਦੇ ਮੂਲ ਮੱਤ ਦਾ ਪ੍ਰਗਟਾਵਾ ਕਰ ਰਿਹਾ ਸੀ ਕਿ ‘ਮਨੁੱਖ ਬ੍ਰਹਿਮੰਡ ਦਾ ਕੇਂਦਰ ਹੈ।’ ਯੂਰਪੀਅਨ ਰੈਨੇਸਾਂਸ ਲਹਿਰ ਨੇ ਅਤੀਤ ਤੇ ਉਦੋਂ ਦੇ ‘ਅੱਜ’ ਨੂੰ ਤਰਕ ਨਾਲ ਪੜਚੋਲ ਕੇ, ਚਰਚ ਦੀਆਂ ਧਾਰਮਿਕ ਕੁਰੀਤੀਆਂ, ਦੁਰਉਪਯੋਗਾਂ ਤੇ ਦੁਰਵਿਹਾਰ ਵਿਰੁੱਧ ਤਰਕ ਦਾ ਹੱਲਾ ਬੋਲਦਿਆਂ ਵਿਗਿਆਨ ਦੀ ਮਦਦ ਨਾਲ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜ ਦਿੱਤਾ।

ਰੈਨੇਸਾਂਸ ਤੋਂ ਹੀ ਨਿਕਲੀ ਪ੍ਰਬੋਧਨ ਲਹਿਰ ਨੇ ਰੈਨੇਸਾਂਸ ਵਾਂਗ ਹੀ ਯੂਰਪ ਦੇ ਕਈ ਗਿਆਨ ਖੇਤਰਾਂ ਅਤੇ ਸਮਾਜਕ, ਧਾਰਮਿਕ ਤੇ ਰਾਜਨੀਤਕ ਪੱਖਾਂ ਨੂੰ ਪ੍ਰਭਾਵਿਤ ਕੀਤਾ। ਪ੍ਰਬੋਧਨ ਦੇ ਚਾਰ ਕੇਂਦਰੀ ਖਿਆਲ ਜਾਂ ਤੱਤ ਸਨ-ਤਰਕ, ਮਾਨਵਵਾਦ, ਵਿਗਿਆਨ ਤੇ ਪ੍ਰਗਤੀ। 17ਵੀਂ ਸਦੀ ਤੋਂ 19ਵੀਂ ਸਦੀ ਤੱਕ ਫੈਲੀ ਇਸ ਲਹਿਰ ਦੀ ਪਹਿਲੀ ਰਚਨਾ ਨਿਊਟਨ ਦੀ 1687 ਵਿਚ ਪ੍ਰਕਾਸ਼ਿਤ ਵਿਗਿਆਨਕ ਲਿਖਤ ‘ਪ੍ਰਿੰਸੀਪੀਆ ਮੈਥੇਮੈਟਿਕਾ’ ਨੂੰ ਮੰਨਿਆ ਜਾਂਦਾ ਹੈ। ਪ੍ਰਬੋਧਨ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿਚ ਸ਼ਾਮਲ ਸਨ-ਕਾਂਤ, ਰੂਸੋ, ਲਾਕ, ਬੇਕਰੀਰੀਆ, ਬਾਰੂਚ ਸਪਿਨੋਜ਼ਾ, ਡਾਈਡ੍ਰੋਟ, ਹੋਬਜ਼ ਅਤੇ ਐਡਮ ਸਮਿਥ।

ਇਮੈਨੁਅਲ ਕਾਂਤ ਅਨੁਸਾਰ ਪ੍ਰਬੋਧਨ ਦੀ ਪਰਿਭਾਸ਼ਾ ਹੈ ਕਿ ਮਨੁੱਖਤਾ ਆਪ-ਸਹੇੜੇ ਕੱਚੇਪਣ (Immaturity), ਆਲਸੀਪਣ, ਕਾਇਰਤਾ ਅਤੇ ਧਾਰਮਿਕ ਜਾਂ ਰਾਜਨੀਤਕ ਅਥਾਰਟੀਆਂ ਦੀਆਂ ਰੂੜ੍ਹੀਆਂ ਤੇ ਫਾਰਮੂਲਿਆਂ ਸਾਹਮਣੇ ਗੋਡੇ ਟੇਕਣ ਦੇ ਅਮਲ ਵਿਚੋਂ ਨਿਕਲ ਕੇ ਚੀਜ਼ਾ ਨੂੰ ਖੁਦ ਸਮਝਣ ਦੀ ਦਲੇਰੀ ਕਰੇ। ਉਹਦੇ ਅਨੁਸਾਰ ਪ੍ਰਬੋਧਨ ਲਹਿਰ ਦੀ ਬੁਨਿਆਦੀ ਮੰਗ ਸੀ-ਸੋਚ ਅਤੇ ਬੋਲਣ ਦੀ ਆਜ਼ਾਦੀ। ਉਹਦੇ ਲਈ ਪ੍ਰਬੋਧਨ ਦਾ ਮਤਲਬ ਇਹ ਵੀ ਸੀ ਕਿ ਇਕ ਯੁੱਗ ਵਲੋਂ ਕੀਤਾ ਗਿਆ ਅਜਿਹਾ ਇਕਰਾਰਨਾਮਾ ਮਨੁੱਖੀ ਸੁਭਾਅ ਖਿਲਾਫ ਜੁਰਮ ਹੋਵੇਗਾ, ਜੋ ਆਉਂਦੇ ਯੁੱਗਾਂ ਲਈ ਆਪਣੀ ਸੂਝ ਦਾ ਵਿਸਤਾਰ ਕਰਨ, ਗਿਆਨ ਵਧਾਉਣ ਤੇ ਗਲਤੀਆਂ ਨੂੰ ਦੂਰ ਕਰਨ ‘ਤੇ ਜੰਦਰਾ ਲਾ ਦੇਵੇ; ਕਿਉਂਕਿ ਮਨੁੱਖੀ ਸੁਭਾਅ ਦੀ ਤਕਦੀਰ (ਜਾਂ ਮੰਜ਼ਿਲ) ਹੀ ਬਿਲਕੁਲ ਅਜਿਹੀ ਪ੍ਰਗਤੀ ਵਿਚ ਪਈ ਹੈ।

ਲਾਕ, ਹੋਬਜ਼ ਤੇ ਰੂਸੋ ਇਸ ਗੱਲ ‘ਤੇ ਸਹਿਮਤ ਸਨ ਕਿ ਮਨੁੱਖ ਨੂੰ ਇੱਕ ਸਿਵਲ ਸੁਸਾਇਟੀ ਵਿਚ ਰਹਿਣ ਦੇ ਕਾਬਲ ਬਣਾਉਣ ਲਈ ਐਸਾ ਸਮਾਜਕ ਇਕਰਾਰਨਾਮਾ ਜ਼ਰੂਰੀ ਹੈ, ਜਿਸ ਅਨੁਸਾਰ ਸਰਕਾਰ ਦਾ ਹੱਕ ਲੋਕਾਂ ਦੀ ਮਰਜ਼ੀ ਨਾਲ ਹੋਵੇ। ਲਾਕ ਅਨੁਸਾਰ ਹਰੇਕ ਮਨੁੱਖ ਕੁਝ ਕੁਦਰਤੀ ਹੱਕ ਲੈ ਕੇ ਜੰਮਦਾ ਹੈ, ਜਿਨ੍ਹਾਂ ਵਿਚ ਸ਼ਾਮਲ ਹਨ-ਸੰਪੂਰਨ ਬਰਾਬਰੀ ਤੇ ਆਜ਼ਾਦੀ ਅਤੇ ਜੀਵਨ ਤੇ ਜਾਇਦਾਦ ਨੂੰ ਸੁਰੱਖਿਅਤ ਰੱਖਣ ਦੇ ਹੱਕ; ਇਹ ਕੁਦਰਤੀ ਹੱਕ ਕੁਦਰਤ ਦਾ ਨਿਯਮ ਹੈ। ਉਸ ਅਨੁਸਾਰ ਸਮਾਜ ਦੀ ਕੁਦਰਤੀ ਸਥਿਤੀ ਉਦੋਂ ਹੁੰਦੀ ਹੈ, ਜਦੋਂ ਇਹ ਕੁਦਰਤੀ ਨਿਯਮ ਕਾਇਮ ਰੱਖਿਆ ਜਾਵੇ ਤੇ ਮਨੁੱਖ ਤਰਕਸ਼ੀਲ ਹੋਵੇ। ਲਾਕ ਅਨੁਸਾਰ ਆਪਸੀ ਸੁਰੱਖਿਆ ਇਸ ਗੱਲ ‘ਤੇ ਆਧਾਰਿਤ ਹੈ ਕਿ ਇਸ ਕੁਦਰਤੀ ਨਿਯਮ ਦੀ ਪਾਲਣਾ ਕੀਤੀ ਜਾਵੇ; ਭਾਵ ਇਕ ਵਿਅਕਤੀ ਜਾਂ ਅਦਾਰਾ ਦੂਜੇ ਦੇ ਕੁਦਰਤੀ ਹੱਕਾਂ ਦੀ ਉਲੰਘਣਾ ਨਾ ਕਰੇ, ਕਿਉਂਕਿ ਹਰ ਆਦਮੀ ਬਰਾਬਰ ਹੈ ਤੇ ਉਨ੍ਹਾਂ ਦੇ ਇਕੋ ਜਿਹੇ ਅਟੱਲ ਜਨਮ-ਸਿੱਧ ਅਧਿਕਾਰ ਹਨ। ਇਸੇ ਬਿਨ੍ਹਾ ‘ਤੇ ਉਹਨੇ ਗੁਲਾਮੀ ਦੀ ਵੀ ਵਿਰੋਧਤਾ ਕੀਤੀ।

ਪ੍ਰਬੋਧਨ ਲਹਿਰ ਦੇ ਵਿਚਾਰਾਂ ਨੇ ਰਾਜਸ਼ਾਹੀ ਅਤੇ ਚਰਚ ਦੇ ਹੱਕ ਨੂੰ ਕਮਜ਼ੋਰ ਕਰ ਦਿੱਤਾ; 18ਵੀਂ ਤੇ 19ਵੀਂ ਸਦੀ ਦੇ ਰਾਜਨੀਤਕ ਇਨਕਲਾਬਾਂ, ਜਿਵੇਂ ‘ਫ੍ਰੈਂਚ ਇਨਕਲਾਬ’ ਤੇ ‘ਅਮਰੀਕੀ ਇਨਕਲਾਬ’ ਲਈ ਰਾਹ ਪੱਧਰਾ ਕੀਤਾ ਅਤੇ ਉਨ੍ਹਾਂ ਨੂੰ ਸ਼ੁਰੂ ਕਰਨ ਤੇ ਉਨ੍ਹਾਂ ਦੀ ਰੂਪ-ਧਾਰਨਾ ਵਿਚ ਵਿਸ਼ੇਸ਼ ਹਿੱਸਾ ਪਾਇਆ। ਮਿਸਾਲ ਵਜੋਂ, ਅਮਰੀਕੀ ਇਨਕਲਾਬ ਦੀਆਂ ਬਹੁਤ ਸਾਰੀਆਂ ਪ੍ਰਮੁੱਖ ਰਾਜਨੀਤਕ ਅਤੇ ਬੁੱਧੀਜੀਵੀ ਸ਼ਖਸੀਅਤਾਂ ਵਿਚਾਰਧਾਰਕ ਤੌਰ ’ਤੇ ਪ੍ਰਬੋਧਨ ਲਹਿਰ ਨਾਲ ਨੇੜਿਓਂ ਜੁੜਦੀਆਂ ਹੋਈਆਂ ਸਨ: ਥੌਮਸ ਜੈਫਰਸਨ ਨੇ ਅਮਰੀਕਾ ਦੇ ਆਜ਼ਾਦੀ-ਐਲਾਨਨਾਮੇ (1776) ਵਿਚ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ; ਬੈਂਜਾਮਿਨ ਫਰੈਂਕਲਿਨ ਕਈ ਵਾਰ ਯੂਰਪ ਯਾਤਰਾ ਕਰ ਉਥੋਂ ਦੀਆਂ ਵਿਗਿਆਨਕ ਤੇ ਰਾਜਨੀਤਕ ਬਹਿਸਾਂ ਵਿਚ ਸਰਗਰਮੀ ਨਾਲ ਯੋਗਦਾਨ ਪਾਉਂਦਾ ਤੇ ਉਥੋਂ ਨਵੇਂ ਵਿਚਾਰ ਅਮਰੀਕਾ ਲਿਆਉਂਦਾ ਰਿਹਾ; ਅਤੇ ਜੇਮਜ਼ ਮੈਡੀਸਨ ਨੇ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ (1787) ਵਿਚ ਵੀ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ।



**ਅਮਰੀਕੀ ਕੌਮ ਦੀਆਂ ਠੋਸ ਨੀਂਹਾਂ ‘ਤੇ ਗੁਲਾਮੀ ਦੀ ਲਾਹਣਤ:** ਰੈਨੇਸਾਂਸ ਤੇ ਪ੍ਰਬੋਧਨ ਲਹਿਰਾਂ ਦੀ ਪਿੱਠਭੂਮੀ ਕਾਰਨ ਇਹ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ 4 ਜੁਲਾਈ 1776 ਨੂੰ ਜਾਰੀ ਕੀਤੇ ਆਜ਼ਾਦੀ ਦੇ ਜਿਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅਮਰੀਕੀ ਫੌਜ ਲੜੀ, ਉਸ ਦੇ ਸ਼ੁਰੂ ਵਿਚ ਥੌਮਸ ਜੈਫਰਸਨ ਨੇ ਐਲਾਨ ਕੀਤਾ ਸੀ, “ਅਸੀਂ ਇਹ ਸੱਚਾਈ ਆਪਣੇ ਆਪ ਵਿਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਬੰਦੇ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਨਹਾਰੇ ਵਲੋਂ ਕੁਝ ਖਾਸ ਅਟੱਲ ਹੱਕਾਂ ਨਾਲ ਨਿਵਾਜੇ ਗਏ ਹਨ, ਜਿਨ੍ਹਾਂ ਵਿਚੋਂ ਕੁਝ ਹਨ-ਜ਼ਿੰਦਗੀ, ਸੁਤੰਤਰਤਾ ਤੇ ਖੁਸ਼ੀ ਦੀ ਭਾਲ। ਇਹ ਹੱਕ ਸੁਰੱਖਿਅਤ ਕਰਨ ਲਈ ਬੰਦੇ ਸਰਕਾਰਾਂ ਸਥਾਪਿਤ ਕਰਦੇ ਹਨ ਤੇ ਸਰਕਾਰਾਂ ਲੋਕਾਂ ਤੋਂ ਉਨ੍ਹਾਂ ਦੀ ਮਰਜ਼ੀ ਨਾਲ ਹੀ ਆਪਣੀ ਤਾਕਤ ਗ੍ਰਹਿਣ ਕਰਦੀਆਂ ਹਨ, ਜਿਨ੍ਹਾਂ ‘ਤੇ ਉਹ ਰਾਜ ਕਰਨ।” ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਆਜ਼ਾਦੀ ਦਾ ਯੁੱਧ ਜਿੱਤਣ ਪਿਛੋਂ ਅਮਰੀਕੀ ਫੌਜ ਦੇ ਕਮਾਂਡਰ ਜਾਰਜ ਵਾਸ਼ਿੰਗਟਨ ਨੇ ਆਪਣੇ ਆਪ ਨੂੰ ਬਾਦਸ਼ਾਹ ਐਲਾਨਣ ਦੀ ਥਾਂ ਜਮਹੂਰੀਅਤ ਯਾਨਿ ਲੋਕਤੰਤਰ ਲਾਗੂ ਕਰਨ ਦਾ ਐਲਾਨ ਕੀਤਾ, ਜਿਸ ਤਹਿਤ ਉਹ ਅਮਰੀਕਾ ਦੇ ਪਹਿਲੇ (1788-89) ਪ੍ਰਧਾਨ ਚੁਣੇ ਗਏ।

ਇਸ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਦੀਆਂ ਨੀਂਹਾਂ ਵਿਚ ਪਏ ਹਨ, ਪ੍ਰਬੋਧਨ ਲਹਿਰ ਦੇ ਆਦਰਸ਼-ਤਰਕ, ਮਾਨਵਵਾਦ, ਵਿਗਿਆਨ ਤੇ ਪ੍ਰਗਤੀ। ਇਹੀ ਆਦਰਸ਼ ਪ੍ਰਬੋਧਨ ਲਹਿਰ ਰਾਹੀਂ ਪ੍ਰਭਾਸ਼ਿਤ ਆਧੁਨਿਕਤਾ ਦੇ ਆਧਾਰ ਵਿਚ ਵੀ ਹਨ, ਜਿਸ ਆਧੁਨਿਕਤਾ ਦੇ ਅਦਾਰਿਆਂ ਵਿਚ ਸ਼ਾਮਲ ਹਨ: ਰਾਜਿਆਂ ਤੇ ਡਿਕਟੇਟਰਾਂ ਦੀ ਥਾਂ ਜਮਹੂਰੀ ਸਰਕਾਰਾਂ; ਸਕੂਲ/ਯੂਨੀਵਰਸਿਟੀਆਂ, ਪਬਲਿਕ ਲਾਇਬ੍ਰੇਰੀਆਂ; ਨਿਊਜ਼ ਏਜੰਸੀਆਂ ਸਮੇਤ ਸੁਤੰਤਰ ਮੀਡੀਆ; ਹਸਪਤਾਲ, ਚੈਰਿਟੀ, ਮਨੁੱਖਤਾ ਦੀ ਭਲਾਈ ਹਿੱਤ ਕੌਮਾਂਤਰੀ ਸੰਸਥਾਵਾਂ, ਆਦਿ। ਸੋ, ਪੱਛਮ ਵਿਚ ਅਸੀਂ ਅੱਜ ਜਿਨ੍ਹਾਂ ਅਦਾਰਿਆਂ ਤੇ ਜਮਹੂਰੀ ਪ੍ਰਬੰਧਾਂ ਨੂੰ ਅਕਸਰ ਗਾਰੰਟੀਸ਼ੁਦਾ ਚੀਜ਼ਾਂ ਵਾਂਗ ਵਰਤਦੇ ਹਾਂ, ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਹ ਸਭ ਮੂਲ ਤੌਰ ‘ਤੇ ਰੈਨੇਸਾਂਸ ਅਤੇ ਪ੍ਰਬੋਧਨ ਲਹਿਰ ਦੀਆਂ ਦਾਤਾਂ ਹਨ, ਜੋ ਮੌਲਿਕ ਤੌਰ ‘ਤੇ ਯੂਰਪ ਤੋਂ ਸ਼ੁਰੂ ਹੋ ਕੇ ਆਧੁਨਿਕਤਾ ਸੰਗ ਦੂਜੇ ਦੇਸ਼ਾਂ ਵਿਚ ਵੀ ਫੈਲ ਗਈਆਂ, ਉਥੋਂ ਦੀਆਂ ਹਾਲਤਾਂ ਦੇ ਅਨੁਕੂਲ ਰੂਪ ਧਾਰਦੀਆਂ ਹੋਈਆਂ।

ਇਸ ਤਰ੍ਹਾਂ ਤਰਕ, ਮਾਨਵਵਾਦ, ਵਿਗਿਆਨ ਤੇ ਪ੍ਰਗਤੀ ਜਿਹੇ ਆਦਰਸ਼ ‘ਤੇ ਆਧਾਰਿਤ ਅਮਰੀਕੀ ਕੌਮ ਦੀ ਉਸਾਰੀ ਦੇ ਸੰਦਰਭ ਵਿਚ ਅਸੀਂ ਸਮਝ ਸਕਦੇ ਹਾਂ ਕਿ ਕਿਵੇਂ (1) ਬਹੁਤ ਗੋਰੇ ਅਮਰੀਕੀ ਸਿਸਟਮ ਵਿਚ ਕਾਲੇ ਲੋਕਾਂ ਪ੍ਰਤੀ ਭਰੇ ਦਰ੍ਹਾੜੇ/ਵਿਤਕਰੇ ਤੋਂ ਜਾਣੂ ਹਨ ਤੇ ਇਹਦੇ ਵਿਰੋਧੀ ਹਨ; (2) ਗੋਰਿਆਂ ਸਮੇਤ ਅਨੇਕਾਂ ਨਸਲਾਂ ਦੇ ਅਮਰੀਕਨਾਂ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ। ਹਾਂ, ਸਿੱਕੇ ਦੇ ਦੂਜੇ ਪਾਸੇ, ਚਿੱਟੇ ਸੁਪਰੀਮਿਕਿਸਟਾਂ (White Supremacists) ਦੀਆਂ ਜਥੇਬੰਦੀਆਂ, ਜਿਵੇਂ ਕੂ ਕਲਕਸ ਕਲੈਨ ਤੇ ਨਿਊ ਨਾਜ਼ੀ ਸਮੇਤ ਕੁਝ ਗੋਰੇ ਲੋਕ ਕਾਲੇ, ਯਹੂਦੀ ਤੇ ਹੋਰ ਘੱਟ ਗਿਣਤੀ ਦੇ ਲੋਕਾਂ ਨੂੰ ਆਪ ਨਾਲੋਂ ਹੀਣੇ ਸਮਝਦੇ ਹਨ, ਪਰ ਅਜਿਹੇ ਨਸਲਵਾਦੀ ਲੋਕ ਕੁਲ ਮਿਲਾ ਕੇ ਘੱਟ ਗਿਣਤੀ ਵਿਚ ਹਨ ਤੇ ਇਨ੍ਹਾਂ ਦੀ ਸੋਚ ਅਮਰੀਕੀ ਇਤਿਹਾਸ ਦੇ ਬੁਰੇ ਪੱਖ ਦੀ ਰਹਿੰਦ-ਖੂੰਹਦ ਹੈ। ਪੂਰਾ ਸੱਚ ਲੱਭਣ ਲਈ ਇਤਿਹਾਸ ਦੇ ਇਸ ਬੁਰੇ ਪੱਖ ਨੂੰ ਸਮਝਣਾ ਵੀ ਜ਼ਰੂਰੀ ਹੈ।

ਯੂਰਪ ਅਤੇ ਅਮਰੀਕਾ ਵਿਚ ਕਾਲੇ ਲੋਕਾਂ ਨਾਲ ਹੋਏ ਜ਼ੁਲਮ ਦੀ ਕਹਾਣੀ ਬਹੁਤ ਲੰਬੀ ਹੈ, ਉਨ੍ਹਾਂ ਦੀ ਗੁਲਾਮੀ ਨਾਲ ਸ਼ੁਰੂ ਹੁੰਦੀ ਹੈ। ਇਹ ਵੀ ਨੋਟ ਕਰਨ ਯੋਗ ਹੈ ਕਿ ਧਰਤੀ ‘ਤੇ ਗੁਲਾਮੀ ਦਾ ਇਤਿਹਾਸ ਪਹਿਲੀਆਂ ਪਹਿਲੀਆਂ ਸਭਿਅਤਾਵਾਂ ਤੋਂ ਲੈ ਕੇ ਵੱਖ ਵੱਖ ਸਭਿਆਚਾਰਾਂ, ਧਰਮਾਂ ਤੇ ਕੌਮਾਂ ਰਾਹੀਂ ਅੱਜ ਤੱਕ ਫੈਲਿਆ ਹੋਇਆ ਹੈ। ਸਮਿਆਂ ਤੇ ਸਥਾਨਕ ਹਾਲਾਤ ‘ਤੇ ਨਿਰਭਰ ਕਰਦਿਆਂ ਇਹਦੇ ਰੂਪ ਵੱਖ ਵੱਖ ਰਹੇ ਹਨ ਜਿਵੇਂ ਨਸਲਾਂ, ਕੌਮਾਂ, ਜਾਤਾਂ ਤੇ ਜਮਾਤਾਂ ‘ਤੇ ਆਧਾਰਿਤ ਗੁਲਾਮੀ ਜਾਂ ਨੀਮ-ਗੁਲਾਮੀ, ਪਰ ਇਹਦਾ ਉਦੇਸ਼ ਤੇ ਨਤੀਜਾ ਇੱਕ ਹੀ ਰਿਹਾ ਹੈ: ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ।

ਆਦਿਵਾਸੀ ਅਮਰੀਕੀਆਂ ਤੋਂ ਇਲਾਵਾ ਅੱਜ ਵੀ ਇਸ ਦੇਸ਼ ਦਾ ਹਰ ਇੱਕ ਵਿਅਕਤੀ ਜਾਂ ਟੱਬਰ ਜਾਂ ਤਾਂ ਇਮੀਗਰੈਂਟ ਹੈ ਜਾਂ ਉਹਦੀਆਂ ਜੜ੍ਹਾਂ ਇਸ ਦੇਸ਼ ਵਿਚ ਇੱਕ ਇਮੀਗਰੈਂਟ ਵਿਅਕਤੀ ਜਾਂ ਟੱਬਰ ਤੱਕ ਪਹੁੰਚਦੀਆਂ ਨੇ। ਇਥੇ ਇਮੀਗਰੈਂਟ ਲੜਾਈਆਂ ਦੇ ਨੋਚੇ ਹੋਏ ਯੂਰਪ ਵਿਚੋਂ ਚੰਗੀ ਜ਼ਿੰਦਗੀ ਦੀ ਭਾਲ ਵਿਚ ਸੰਨ 1620 ਤੋਂ ਆਉਣੇ ਸ਼ੁਰੂ ਹੋਏ, ਜਦੋਂ ਮੇਅ ਫਲਾਵਰ ਨਾਂ ਦੇ ਸਮੁੰਦਰੀ ਜਹਾਜ ‘ਤੇ ਪਹਿਲੇ 102 ਯਾਤਰੀ ਅਮਰੀਕਾ ਦੇ ਪੂਰਬੀ ਤੱਟ ‘ਤੇ ਉਤਰੇ; ਜਿਨ੍ਹਾਂ ਨੂੰ ਅਮਰੀਕੀ ਇਤਿਹਾਸ ਵਿਚ ਸਤਿਕਾਰ ਨਾਲ ਫਸਟ ਸੈਟਲਰਜ਼ ਜਾਂ ਪਿਲਗਰਿਮਜ਼ ਵੀ ਕਿਹਾ ਜਾਂਦਾ ਹੈ। ਇਸ ਤੋਂ ਇੱਕ ਸਾਲ ਪਹਿਲਾਂ 20 ਅਫਰੀਕੀ ਗੁਲਾਮਾਂ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਅਮਰੀਕਾ ਦੀਆਂ ਅੰਗਰੇਜ਼ ਬਸਤੀਆਂ ਵਿਚ ਲਿਆਂਦਾ ਗਿਆ ਸੀ। ਸੋ, ਅਫਰੀਕੀ ਅਮਰੀਕੀਆਂ ਦੀ ਗੁਲਾਮੀ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ, ਜਿੰਨਾ ਯੂਰਪੀਅਨ ਅਮਰੀਕੀਆਂ ਦਾ ਇਤਿਹਾਸ। ਸ਼ੁਰੂ ਸ਼ੁਰੂ ਵਿਚ ਪਾਦਰੀ ਵੀ ਪ੍ਰਚਾਰਦੇ ਰਹੇ ਕਿ ਗੁਲਾਮੀ ਰੱਬ ਦੀ ਇੱਛਾ ਸੀ, ਜਿਵੇਂ ਭਾਰਤ ਵਿਚ ਜਾਤੀਵਾਦ ਵਿਚਲੀ ਗੁਲਾਮੀ ਜਾਂ ਨੀਮ-ਗੁਲਾਮੀ ਨੂੰ ਹਿੰਦੂ ਧਰਮ ’ਚ ਜਾਇਜ਼ ਠਹਿਰਾਇਆ ਜਾਂਦਾ ਰਿਹਾ ਹੈ।

18ਵੀਂ ਸਦੀ ਦੇ ਅਖੀਰ ਵਿਚ ਭਾਵੇਂ ਸੰਯੁਕਤ ਰਾਜ ਅਮਰੀਕਾ ਸਥਾਪਤੀ ਸਮੇਂ ਨੀਂਹਾਂ ਵਿਚ ਪ੍ਰਬੋਧਨ ਲਹਿਰ ਦੇ ਆਦਰਸ਼ (ਤਰਕ, ਮਾਨਵਵਾਦ, ਵਿਗਿਆਨ) ਭਰ ਦਿੱਤੇ ਗਏ, ਫਿਰ ਵੀ ਅੰਗਰੇਜ਼ੀ ਬਸਤੀਵਾਦ ਤੋਂ ਵਿਰਸੇ ਵਿਚ ਮਿਲੀ ਗੁਲਾਮੀ ਦੀ ਲਾਹਨਤ ਨੂੰ ਇੱਕੋ ਝਟਕੇ ਨਾਲ ਖਤਮ ਨਾ ਕੀਤਾ ਜਾ ਸਕਿਆ, ਪਰ ਇਸ ਸਥਾਪਤੀ ਦਾ ਆਧਾਰ ਠੋਸ ਹੋਣ ਕਰ ਕੇ ਰਹਿੰਦੀ ਗੁਲਾਮੀ ਦੇ ਖਾਤਮੇ ਦਾ ਸੰਘਰਸ਼ ਫੌਰਨ ਸ਼ੁਰੂ ਹੋ ਗਿਆ।

ਅੰਗਰੇਜ਼ੀ ਰਾਜ ਖਿਲਾਫ ਆਜ਼ਾਦੀ ਯੁੱਧ ਦੌਰਾਨ ਅਤੇ ਇਸ ਦੀ ਜਿੱਤ ਤੋਂ ਤੁਰੰਤ ਪਿਛੋਂ ਕਾਲੇ ਲੋਕਾਂ ਦੀ ਗੁਲਾਮੀ ਵਿਰੁੱਧ ਲਹਿਰ ਵਿਕਸਿਤ ਹੋਈ, ਤੇ ਅਮਰੀਕਾ ਦੇ ਉਤਰੀ ਸੂਬਿਆਂ ਵਿਚ ਗੁਲਾਮੀ ਖਤਮ ਕਰਨ ਲਈ ਕਾਨੂੰਨ ਪਾਸ ਹੋਣੇ ਸ਼ੁਰੂ ਹੋ ਗਏ। ਇੰਜ ਸਾਰੇ ਉਤਰੀ ਸੂਬਿਆਂ ਨੇ 1805 ਤੱਕ ਗੁਲਾਮੀ ਖਤਮ ਕਰ ਦਿੱਤੀ, ਪਰ ਅਮਰੀਕਾ ਦੇ ਦੱਖਣੀ ਸੂਬਿਆਂ ਦੀ ਕਹਾਣੀ ਕੁਝ ਹੋਰ ਹੈ। ਸੰਨ 1793 ਵਿਚ ਕਪਾਹ ਦੇ ਫੁੱਟਾਂ ਵਿਚ ਰੂੰ ਨਾਲੋਂ ਵੜੇਵੇਂ ਅਲੱਗ ਕਰਨ ਦੀ ਮਸ਼ੀਨ ਦੀ ਕਾਢ ਨੇ ਦੱਖਣੀ ਸੂਬਿਆਂ ਵਿਚ ਕਪਾਹ ਦੀ ਫਸਲ ਨੂੰ ਇੰਨਾ ਲਾਹੇਵੰਦ ਬਣਾ ਦਿੱਤਾ ਕਿ ਸਮਾਂ ਪਾ ਕੇ ਇਹ ਸੂਬੇ ਵਿਸ਼ਵ ਦਾ 75% ਰੂੰ ਪੈਦਾ ਕਰਨ ਲੱਗੇ। ਮਸ਼ੀਨਾਂ ਚਲਾਉਣ ਤੇ ਮਸ਼ੀਨ ਦੇ ਹਿੱਸੇ ਤੋਂ ਬਾਹਰ ਦਾ ਕੰਮ ਕਰਨ ਲਈ ਢੇਰ ਮਜ਼ਦੂਰਾਂ ਦੀ ਲੋੜ ਸੀ। ਸਸਤੀ ਤੇ ਗਾਰੰਟੀਸ਼ੁਦਾ ਮਜ਼ਦੂਰੀ ਲਈ ਜਿਮੀਂਦਾਰਾਂ ਦੇ ਕਾਲਿਆਂ ਦੀ ਗੁਲਾਮੀ ਬੜੀ ਰਾਸ ਆਉਂਦੀ ਸੀ। ਇਸ ਤਰ੍ਹਾਂ ਦੱਖਣ ਦੀ ਆਰਥਕਤਾ ਗੁਲਾਮੀ ਦੀ ਮਹੱਤਤਾ ਨੂੰ ਹੋਰ ਠੋਸ ਕਰਦੀ ਗਈ। ਨਾਲ ਹੀ 19ਵੀਂ ਸਦੀ ਦੇ ਅੱਧ ਤਕ ਸੰਯੁਕਤ ਰਾਜ ਅਮਰੀਕਾ ਦੇ ਪੱਛਮ ਵੱਲ ਨੂੰ ਫੈਲਣ ਦੇ ਨਾਲ-ਨਾਲ ਉਤਰ ਵਿਚ ਗੁਲਾਮੀ ਵਿਰੁੱਧ ਲਹਿਰ ਤੇ ਕੌਮੀ ਪੱਧਰ ‘ਤੇ ਬਹਿਸ ਚੱਲਦੀ ਰਹੀ। ਇੰਜ ਉਤਰ ਤੇ ਦੱਖਣ ਵਿਚ ਫੁੱਟ ਸਿਖਰ ’ਤੇ ਪਹੁੰਚ ਗਈ ਤਾਂ ਅਮਰੀਕੀ ਘਰੇਲੂ ਯੁੱਧ (1861-65) ਸ਼ੁਰੂ ਹੋ ਗਿਆ, ਜੋ ਅਮਰੀਕਾ ਨੂੰ ਇੱਕਠਿਆਂ ਰੱਖਣ ਲਈ ਅਮਰੀਕਾ ਦੀ ਕੌਮੀ ਫੌਜ ‘ਯੂਨੀਅਨ ਆਰਮੀ’ ਅਤੇ ਦੱਖਣ ਦਾ ਗੁਲਾਮੀ ਕਲਚਰ ਬਚਾਉਣ ਲਈ ਅਮਰੀਕਾ ਦੇ ਦੱਖਣੀ ਸੂਬਿਆਂ ਦੀ ਫੌਜ ‘ਕਨਫੈਡਰੇਟ ਆਰਮੀ’ ਵਿਚਾਲੇ ਲੜਿਆ ਗਿਆ।

ਅਮਰੀਕਾ ਦੇ ਪ੍ਰਧਾਨ ਅਬਰਾਹਮ ਲਿੰਕਨ ਦੀ ਅਗਵਾਈ ਵਿਚ ਯੂਨੀਅਨ ਆਰਮੀ ਦੀ ਜਿੱਤ ਨੇ ਅਮਰੀਕਾ ਵਿਚ ਗੁਲਾਮਾਂ ਨੂੰ, ਜੋ ਉਸ ਸਮੇਂ ਚਾਲੀ ਮਿਲੀਅਨ ਸਨ, ਮੁਕਤ ਕਰ ਦਿੱਤਾ। ਗੁਲਾਮੀ ਦਾ ਖਾਤਮਾ 1865 ਵਿਚ ਕੀਤੀ ਗਈ ਸੰਵਿਧਾਨ ਦੀ 13ਵੀਂ ਸੋਧ ਦਰਜ ਹੈ। ਇਸ ਤੋਂ ਛੇਤੀ ਪਿਛੋਂ ਅਮਰੀਕਨ ਸੰਵਿਧਾਨ ਵਿਚ 14ਵੀਂ ਸੋਧ ਤਹਿਤ, ਅਮਰੀਕਾ ਵਿਚ ਜਨਮੇ ਅਫਰੀਕੀ ਅਮਰੀਕਨਾਂ ਲਈ ਨਾਗਰਿਕਤਾ ਦੇ ਜਨਮ-ਸਿੱਧ ਅਧਿਕਾਰ ਨੂੰ ਕਬੂਲਦਿਆਂ ਅਫਰੀਕੀ ਅਮਰੀਕਨ ਆਦਮੀਆਂ ਨੂੰ ਵੋਟ ਪਾਉਣ ਦਾ ਹੱਕ ਦਿੱਤਾ ਗਿਆ।

**ਨਸਲੀ ਵਖਰੇਵੇਂ ਦੇ ਦੌਰ ਵਿਚੋਂ:** ਅਮਰੀਕਾ ਦੇ ਦੱਖਣ ਭਾਰੂ ਕਲਚਰ ਵਿਚ ਗੁਲਾਮੀ ਦੀਆਂ ਜੜ੍ਹਾਂ ਡੂੰਘੀਆਂ ਹੋਣ ਕਰਕੇ ਕਾਲੇ ਲੋਕਾਂ ਨਾਲ ਵਿਤਕਰੇ ਤੇ ਅਨਿਆਂ ਉਤਰ ਨਾਲੋਂ ਕਿਤੇ ਵੱਡੇ ਪੱਧਰ ‘ਤੇ ਜਾਰੀ ਰਹੇ, ਜਿਨ੍ਹਾਂ ਬਹੁਤੇ ਨਸਲੀ ਵਖਰੇਵੇਂ (Racial Segregation) ਦੇ ਨਾਂ ਤਹਿਤ ਆਉਂਦੇ ਨੇ, ਭਾਵ ਕਾਲੇ ਲੋਕਾਂ ਨੂੰ ਗੋਰਿਆਂ ਨਾਲੋਂ ਅਲੱਗ ਰੱਖਣਾ। ਮਿਸਾਲ ਵਜੋਂ ਕਾਲਿਆਂ ਦੇ ਗੋਰਿਆਂ ਨਾਲੋਂ ਵੱਖਰੇ ਸਕੂਲ, ਹੋਟਲ/ਬਾਰਾਂ, ਹਸਪਤਾਲ, ਪਖਾਨੇ, ਪਾਰਕ, ਟੈਲੀਫੋਨ ਬੂਥ ਅਤੇ ਲਾਇਬ੍ਰੇਰੀਆਂ, ਸਿਨੇਮਾਘਰਾਂ ਅਤੇ ਰੈਸਟੋਰੈਂਟਾਂ ਵਿਚ ਵੱਖਰੇ ਭਾਗ ਹੁੰਦੇ ਸਨ, ਜਿਵੇਂ ਕਾਲੇ ਲੋਕ ਬੱਸਾਂ ਵਿਚ ਪਿਛਲੀਆਂ ਸੀਟਾਂ ‘ਤੇ ਹੀ ਬੈਠ ਸਕਦੇ ਸਨ। ਇਸ ਤਰ੍ਹਾਂ ਦਾ ਵਖਰੇਵਾਂ ਵਿਤਕਰੇ ਦੀ ਸ਼ੁਰੂਆਤ ਹੀ ਹੁੰਦਾ ਹੈ। ਮਸਲਨ, ਜਦੋਂ ਗੋਰਿਆਂ ਦੇ ਜਨਤਕ ਸਕੂਲ ਕਾਲਿਆਂ ਤੋਂ ਵੱਖ ਹੋ ਗਏ, ਫਿਰ ਸਰਕਾਰੀ ਮਾਲੀ ਮਦਦ ਬਾਹਲੀ ਗੋਰਿਆਂ ਦੇ ਸਕੂਲਾਂ ਨੂੰ ਹੀ ਮਿਲਦੀ; ਕਾਲਿਆਂ ਦੇ ਸਕੂਲਾਂ ਵਿਚ ਸਰਕਾਰੀ ਮਦਦ ਦੀ ਘਾਟ ਕਰਕੇ ਹਮੇਸ਼ਾ ਲੋੜੀਂਦੀਆਂ ਚੀਜ਼ਾਂ ਦੀ ਥੁੜ੍ਹ ਰਹਿੰਦੀ। ਨਸਲੀ ਵਖਰੇਵੇਂ ਦਾ ਇਹ ਵਤੀਰਾ ਪੰਜਾਬ ਸਮੇਤ ਭਾਰਤ ਵਿਚ ਕਥਿਤ ‘ਨੀਵੀਆਂ’ ਜਾਤਾਂ ਪ੍ਰਤੀ ਵਤੀਰੇ ਨਾਲ ਮਿਲਦਾ-ਜੁਲਦਾ ਸੀ, ਜਿਵੇਂ ਪਿੰਡਾਂ ਵਿਚ ਅਲੱਗ ਚਮਾਰਲੀਆਂ, ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਅਛੂਤ ਸਮਝਿਆ ਜਾਣਾ, ਉਨ੍ਹਾਂ ਨੂੰ ਖੂਹਾਂ ਤੋਂ ਪਾਣੀ ਭਰਨ ਤੋਂ ਮਨਾਹੀ, ਆਦਿ।

ਅਮਰੀਕਾ ਵਿਚ 1950ਵਿਆਂ ਤੇ 1960ਵਿਆਂ ਵਿਚ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਅਗਵਾਈ ਵਿਚ ਨਸਲੀ ਵਖਰੇਵੇਂ ਖਿਲਾਫ ਜਨਤਕ ਘੋਲ ਲੜਿਆ ਗਿਆ, ਜਿਸ ਨੂੰ

*(ਬਾਕੀ ਅਗਲੇ ਸਫੇ ’ਤੇ)*

# ਆਰ. ਐਸ. ਐਸ. ਦਾ ਸਿੱਖ ਵਿਦਿਅਕ ਅਦਾਰਿਆਂ 'ਚ ਵਧਦਾ ਦਖਲ

ਪੰਜਾਬ ਦੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਕਿਹਾ ਹੈ, "ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ।" ਇਥੇ ਗਿਆਨ ਅਤੇ ਗੁਰਮਤਿ ਫਲਸਫੇ ਦੇ ਸਿਰਮੌਰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ। ਗੁਰਮਤਿ ਫਲਸਫੇ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਦੇ ਯੋਧੇ ਮਹਾਂਬਲੀ, ਸੂਰਮੇ ਤੇ ਦੇਸ਼ ਭਗਤਾਂ ਅਤੇ ਦਾਨੀਆਂ ਦੇ ਸਦਕਾ ਪੰਜਾਬ ਦਾ ਦੇਸ਼-ਵਿਦੇਸ਼ ਵਿਚ ਨਾਂ ਹੈ। ਪੰਜਾਬੀਆਂ ਨੇ ਹਮੇਸ਼ਾ ਸਮਾਜ

**ਗੁਰਬਚਨ ਸਿੰਘ**

ਨੂੰ ਬਿਹਤਰ ਬਣਾਉਣ ਲਈ ਪੂਰੀ ਦਰਿਆਦਿਲੀ ਨਾਲ ਦਾਨ ਦਿਤਾ ਹੈ। ਪੰਜਾਬ ਨੂੰ ਸਿਖਿਅਤ ਬਣਾਉਣ ਲਈ ਅਨੇਕ ਵਿਦਵਾਨਾਂ, ਸੰਸਥਾਵਾਂ ਨੇ ਅਹਿਮ ਹਿੱਸਾ ਪਾਇਆ ਹੈ। ਅਨੇਕ ਸੰਸਥਾਵਾਂ ਨੇ ਗੁਰੂਆਂ ਦੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦਾ ਸੰਦੇਸ਼ ਫੈਲਾਉਣ ਲਈ ਜੀਅ ਤੋੜ ਉਪਰਾਲੇ ਕੀਤੇ ਹਨ।

ਅਜੋਕੇ ਸਮੇਂ ਵਿਚ ਆਰ. ਐਸ. ਐਸ. ਵਲੋਂ ਸਿੱਖ ਪੰਥ ਦੇ ਸਿਰਮੌਰ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਸਮੇਤ ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਸਾਰੇ ਸਿੱਖ ਅਦਾਰਿਆਂ, ਸਿੱਖ ਧਰਮ, ਦਰਸ਼ਨ ਬਾਰੇ ਪ੍ਰਮਾਣਿਕ ਗ੍ਰੰਥਾਂ ਅਤੇ ਪੁਸਤਕਾਂ ਵਿਚ ਪੂਰੀ ਤਰ੍ਹਾਂ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਆਰ. ਐਸ. ਐਸ. ਆਪਣੇ ਗੁਪਤ ਏਜੰਡੇ ਤਹਿਤ ਇਨ੍ਹਾਂ ਸੰਸਥਾਵਾਂ ਵਿਚ ਘੁਸਪੈਠ ਕਰਕੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਾਬਜ਼ ਹੋਣਾ ਚਾਹੁੰਦੀ ਹੈ। ਸਿੱਖ ਧਰਮ ਦੇ ਪ੍ਰਮਾਣਿਕ ਹਵਾਲਾ ਪੁਸਤਕਾਂ ਦੀ ਪੁਨਰ ਛਪਾਈ ਜਾਂ ਸੋਧ ਦੇ ਨਾਂ ਹੇਠ ਉਨ੍ਹਾਂ ਦੇ ਬੁਨਿਆਦੀ ਸੂਤਰਾਂ ਨੂੰ ਢਾਹ ਲਾਈ ਜਾ ਰਹੀ ਹੈ। ਇਸ ਦੀਆਂ ਮੁੱਖ ਮਿਸਾਲਾਂ ਹੇਠ ਲਿਖੀਆਂ ਹਨ:

ਪ੍ਰਸਿਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦਾ ਤਿਆਰ ਕੀਤਾ ਗੁਰਸ਼ਬਦ ਰਤਨਾਕਰ 'ਮਹਾਨ ਕੋਸ਼' ਸਿੱਖ ਇਤਿਹਾਸ, ਸਾਹਿਤ, ਭਾਸ਼ਾ, ਸਭਿਆਚਾਰ, ਗੁਰਦੁਆਰਾ ਸਾਹਿਬ ਦੇ ਸੰਕਲਪਾਂ, ਗੁਰਮਤਿ ਦੇ ਸੰਦੇਸ਼ਾਂ ਦਾ ਇਕੋ ਇਕ ਸਹੀ ਅਤੇ ਪ੍ਰਮਾਣਿਕ ਗ੍ਰੰਥ ਹੈ। ਮਹਾਨ ਕੋਸ਼ ਦੀ ਪ੍ਰਮਾਣਿਕਤਾ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਹੁਣ ਤਕ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਇਤਿਹਾਸ, ਰਾਜਨੀਤੀ ਸ਼ਾਸਤਰ, ਫਿਲਾਸਫੀ, ਪੰਜਾਬੀ, ਅੰਗਰੇਜ਼ੀ, ਹਿੰਦੀ ਸੰਸਕ੍ਰਿਤ ਆਦਿ ਅਨੇਕ ਵਿਸ਼ਿਆਂ ਦੇ ਐਮ.ਫਿਲ. ਤੇ ਪੀਐਚ. ਡੀ. ਡਿਗਰੀ ਲਈ ਪੇਸ਼ ਕੀਤੇ ਬਹੁਗਿਣਤੀ ਖੋਜ ਪ੍ਰਬੰਧਾਂ ਵਿਚ ਮਹਾਨ ਕੋਸ਼ ਦੇ ਹਵਾਲੇ ਮਿਲਦੇ ਹਨ।

ਮਹਾਨ ਕੋਸ਼ ਦੀ ਪ੍ਰਮਾਣਿਕਤਾ ਨੂੰ ਸ਼ੱਕੀ ਬਣਾਉਣ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਨੂੰ ਸੋਧਣ ਦੇ ਨਾਂ ਹੇਠ ਇਸ ਵਿਚ ਗਲਤ ਐਂਟਰੀਆਂ ਸ਼ਾਮਲ ਕੀਤੀਆਂ ਅਤੇ ਇਸ ਦੇ ਹਿੰਦੀ ਤੇ ਅੰਗਰੇਜ਼ੀ ਅਨੁਵਾਦ ਵਿਚ ਮੂਲ ਸਿਧਾਂਤਾਂ ਨੂੰ ਹੀ ਬਦਲ ਕੇ ਰੱਖ ਦਿਤਾ। ਜਿਸ ਬਾਰੇ ਗੰਭੀਰ ਵਿਵਾਦ ਖੜਾ ਹੋਇਆ। ਇਹ ਜ਼ਿਕਰਯੋਗ ਹੈ ਕਿ 1930 ਵਿਚ ਮਹਾਰਾਜਾ ਪਟਿਆਲਾ ਨੇ ਇਸ ਨੂੰ ਚਾਰ ਜਿਲਦਾਂ ਵਿਚ ਛਪਵਾਇਆ ਸੀ। ਉਸ ਪਿੱਛੋਂ ਭਾਸ਼ਾ ਵਿਭਾਗ ਪੰਜਾਬ ਨੇ ਪਹਿਲੀ ਵਾਰ ਇਸ ਨੂੰ 1960 ਵਿਚ ਛਾਪਿਆ ਤੇ ਪਾਠਕਾਂ ਦੀ ਮੰਗ ਉਤੇ ਅਨੇਕ ਵਾਰ ਇਸ ਦੀ ਛਪਾਈ ਹੋਈ। ਨਿਰਸੰਦੇਹ ਭਾਸ਼ਾ ਵਿਭਾਗ ਵਲੋਂ ਵੀ ਕੁਝ ਐਂਟਰੀਆਂ ਨਾਲ ਛੇੜਛਾੜ ਹੋਈ, ਜਿਵੇਂ 1974 ਵਾਲੇ ਐਡੀਸ਼ਨ ਵਿਚ ਭਾਟੜਾ ਐਂਟਰੀ ਨੂੰ ਵੇਖਿਆ ਜਾ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਨੇ ਤਾਂ ਸਿਰਾ ਹੀ ਲਾ ਦਿਤਾ। ਉਨ੍ਹਾਂ ਨੇ ਇਸ ਕੋਸ਼ ਦਾ ਪੂਰਾ ਸਰੂਪ ਹੀ ਵਿਗਾੜ ਦਿਤਾ। ਆਰ. ਐਸ. ਐਸ. ਨਾਲ ਜੁੜੀਆਂ ਸ਼ਕਤੀਆਂ ਦਾ ਇਸ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਸਬੂਤ ਅਨੇਕ ਵਾਰ



ਅਖਬਾਰਾਂ ਵਿਚ ਛਪ ਚੁਕੇ ਹਨ। 2.75 ਕਰੋੜ ਰੁਪਏ ਖਰਚ ਕੇ ਯੂਨੀਵਰਸਿਟੀ ਨੇ ਇਸ ਮਹਾਨ ਕੋਸ਼ ਦੀ ਆਭਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ। ਸਰਕਾਰੀ ਪੈਸੇ ਦੀ ਦੁਰਵਰਤੋਂ ਕੀਤੀ ਗਈ। ਸਿੱਖ ਚਿੰਤਕਾਂ ਦੇ ਰੋਸ ਕਾਰਨ ਪੜਤਾਲ ਉਪਰੰਤ ਇਨ੍ਹਾਂ ਦੀ ਵਿਕਰੀ ਉਤੇ ਰੋਕ ਲਾਈ ਗਈ। ਇਹ ਸਿੱਖ ਪੰਥ ਦੇ ਸਿਧਾਂਤ ਨੂੰ ਢਾਹ ਲਾਉਣ ਦਾ ਇਕ ਵੱਡਾ ਸਕੈਂਡਲ ਹੈ, ਜਿਸ ਦੀ ਨਿਰਪੱਖ ਪੜਤਾਲ ਹੋਣੀ ਚਾਹੀਦੀ ਹੈ।

ਇਸ ਪ੍ਰਕਾਰ ਹੀ ਧਨੌਲਾ ਨੇੜੇ ਸਕੂਲਾਂ ਵਿਚ ਵਿਦਿਆਰਥੀਆਂ ਤੋਂ ਜਬਰਦਸਤੀ ਸੀ. ਏ. ਏ. ਦੇ ਹੱਕ ਵਿਚ ਦਸਤਖਤ ਕਰਵਾਏ ਗਏ। ਅਜਿਹਾ ਆਰ. ਐਸ. ਐਸ. ਨਾਲ ਜੁੜੇ ਵਿਦਿਆ ਭਾਰਤੀ ਸਕੂਲਾਂ ਵਿਚ ਕਰਵਾਇਆ ਗਿਆ। ਉਸ ਬਾਰੇ ਬਹੁਤ ਸਾਰੀਆਂ ਵੀਡੀਓ ਵਾਇਰਲ ਹੋਈਆਂ ਹਨ। ਇਲਾਕੇ ਦੇ ਚੇਤੰਨ ਵਰਗ ਵਲੋਂ ਰੋਸ ਪ੍ਰਗਟ ਕਰਨ 'ਤੇ ਪ੍ਰਬੰਧਕਾਂ ਨੂੰ ਮਾਫੀ ਮੰਗਣੀ ਪਈ, ਪਰ ਸਰਕਾਰ ਵਲੋਂ ਹਾਲੇ ਤਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਆਰ. ਐਸ. ਐਸ. ਦੀ ਸਿਖਿਆ ਅਦਾਰਿਆਂ ਵਿਚ ਦਖਲਅੰਦਾਜ਼ੀ ਦੀ ਤਾਜ਼ਾ ਮਿਸਾਲ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰਖਣ ਵਾਲੇ ਵੀਹਵੀਂ ਸਦੀ ਦੇ ਮਹਾਨ ਸੰਤ ਅਤਰ ਸਿੰਘ ਮਸਤੂਆਣਾ ਦੇ ਸੰਕਲਪਾਂ ਨੂੰ ਸਮਰਪਿਤ ਅਕਾਲ ਡਿਗਰੀ ਕਾਲਜ ਲੜਕੀਆਂ, ਸੰਗਰੂਰ ਨੂੰ ਢਾਹ ਲਾਉਣ ਲਈ ਇਸ ਦੇ ਕਾਰਕੁਨਾਂ ਵਲੋਂ ਸਿੱਧੇ ਢੰਗ ਨਾਲ ਚਲਾਈ ਜਾ ਰਹੀ ਮੁਹਿੰਮ ਹੈ।

ਜ਼ਿਕਰਯੋਗ ਹੈ ਕਿ ਇਹ ਕਾਲਜ 1970 ਵਿਚ ਤਤਕਾਲੀ ਬਿਜਲੀ ਤੇ ਸਿੰਜਾਈ ਮੰਤਰੀ ਸ. ਗੁਰਬਖਸ਼ ਸਿੰਘ ਸਿਬੀਆ ਨੇ ਸਥਾਪਤ ਕੀਤਾ ਸੀ। ਇਸ ਪਛੜੇ ਇਲਾਕੇ ਵਿਚ ਉਦੋਂ ਲੜਕੀਆਂ ਦੀ ਵਿਦਿਆ ਦਾ ਕੋਈ ਵੀ ਕਾਲਜ ਨਹੀਂ ਸੀ। ਪਿੰ. ਸੁਰਜੀਤ ਸਿੰਘ ਗਾਂਧੀ ਤੇ ਪ੍ਰਿੰ. ਸਵਰਾਜ ਕੌਰ ਦੀ ਮਿਹਨਤ ਸਦਕਾ ਇਹ ਪੰਜਾਬ ਦੀ ਨਾਮਵਰ ਸੰਸਥਾ ਬਣ ਗਿਆ। ਜਿਥੇ ਸਿੱਖਿਆ ਦੇ ਨਾਲ ਲੜਕੀਆਂ ਦੇ ਚਰਿਤਰ ਨਿਰਮਾਣ ਲਈ ਨੈਤਿਕ ਸਿੱਖਿਆ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਕਾਲਜ ਵਿਚ ਬੀ. ਕਾਮ., ਬੀ. ਸੀ. ਏ., ਬੀ.ਵਾਕ., ਐਮ. ਐਸ. ਸੀ. ਆਈ. ਟੀ., ਪੀ. ਜੀ. ਡੀ. ਸੀ. ਏ. ਦੇ ਕੋਰਸ ਬਹੁਤ ਚੰਗੀ ਤਰ੍ਹਾਂ ਚਲ ਰਹੇ ਹਨ। ਬੀ. ਏ. ਵਿਚ ਵਿਦਿਆਰਥੀਆਂ ਦਾ ਰੁਝਾਨ ਘਟ ਜਾਣ ਕਾਰਨ ਬਚਿਆਂ ਦੇ ਦਾਖਲੇ ਘਟ ਹੋ ਰਹੇ ਹਨ, ਇਸ ਲਈ ਪ੍ਰਬੰਧਕਾਂ ਨੇ ਸਰਕਾਰੀ ਸਿੱਖਿਆ ਨੀਤੀ ਅਨੁਸਾਰ ਕੋਰਸਾਂ ਦੇ ਪੁਨਰਗਠਨ ਦੀ ਕ੍ਰਿਆ ਕਾਨੂੰਨੀ ਢੰਗ ਨਾਲ ਅਰੰਭ ਕੀਤੀ ਹੈ। ਇਸ ਲਈ ਮੈਨੇਜਮੈਂਟ ਪੂਰੀ ਤਰ੍ਹਾਂ ਅਧਿਕਾਰਤ ਹੈ, ਕਿਉਂਕਿ ਅਜੋਕੀਆਂ ਹਾਲਤਾਂ ਵਿਚ ਸਰਕਾਰ ਵਲੋਂ ਵਿਦਿਅਕ ਕੋਰਸਾਂ, ਸਿਲੇਬਸਾਂ ਅਤੇ ਸੰਸਥਾਵਾਂ ਦੇ ਢਾਂਚੇ ਨੂੰ ਨਵਾਂ ਰੂਪ ਦੇਣ ਦੇ ਕਾਰਜ ਕੀਤੇ ਜਾ ਰਹੇ ਹਨ।

ਸਰਕਾਰ ਦੀ ਇਸ ਨੀਤੀ ਅਧੀਨ ਅਕਾਲ ਡਿਗਰੀ ਕਾਲਜ ਲੜਕੀਆਂ, ਸੰਗਰੂਰ ਵਿਚ ਵੀ ਕੋਰਸਾਂ ਦਾ ਪੁਨਰਗਠਨ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ। ਇਹ ਸੰਗਰੂਰ ਦੇ ਪੱਛੜੇ ਤੇ ਪੇਂਡੂ ਇਲਾਕਾਈ ਲੋੜਾਂ ਮੁਤਾਬਿਕ ਉਚ ਵਿਦਿਅਕ ਮਾਪਦੰਡਾਂ ਅਨੁਸਾਰ ਤਿਆਰ ਕੀਤੀ ਗਈ ਹੈ, ਤਾਂ ਜੋ ਪੇਂਡੂ ਦਲਿਤ, ਗਰੀਬ ਤੇ ਸਿੱਖ ਪਰਿਵਾਰਾਂ ਦੀਆਂ ਲੜਕੀਆਂ ਉਚ ਮਿਆਰੀ ਸਿੱਖਿਆ ਹਾਸਲ ਕਰਕੇ ਸੰਤ ਅਤਰ ਸਿੰਘ ਦੇ ਸੰਕਲਪਾਂ ਅਨੁਸਾਰ ਆਪਣੇ ਪੈਰਾਂ ਉਤੇ ਖੜ੍ਹੀਆਂ ਹੋ ਸਕਣ ਅਤੇ ਕਾਲਜ ਕਰੋੜਾਂ ਰੁਪਏ ਦੇ ਘਾਟੇ ਵਿਚੋਂ ਉਭਰ ਸਕੇ; ਪਰ ਇਸ ਤੋਂ ਚਿੜ੍ਹ ਕੇ ਆਰ. ਐਸ. ਐਸ. ਨਾਲ ਜੁੜੇ ਤੱਤਾਂ, ਸਿੱਖਿਆ ਤੇ ਭੋਂ ਮਾਫੀਆ ਅਤੇ ਸਵਾਰਥੀ ਅਨਸਰਾਂ ਨੇ ਮਿਲ ਕੇ ਇਕ ਸਾਜਿਸ਼ੀ ਮੁਹਿੰਮ ਅਰੰਭੀ ਹੋਈ ਹੈ। ਇਸ ਨੂੰ ਵਿਵਾਦਤ ਅਤੇ ਭ੍ਰਿਸ਼ਟ ਅਧਿਕਾਰੀ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਹੱਲਾਸ਼ੇਰੀ ਦੇ ਰਹੇ ਹਨ ਤਾਂ ਜੋ ਇਸ ਸੰਸਥਾ ਉਤੇ ਕਬਜਾ ਕੀਤਾ ਜਾ ਸਕੇ। ਇਸ ਲਈ ਪੰਜਾਬ ਦੇ ਵਿਰਸੇ, ਸਿੱਖ ਧਰਮ ਅਤੇ ਇਤਿਹਾਸ ਲਈ ਅਜਿਹੀ ਖਤਰਨਾਕ ਮੁਹਿੰਮ ਦਾ ਜ਼ੋਰਦਾਰ ਵਿਰੋਧ ਕਰਨ ਲਈ ਸੰਤ ਅਤਰ ਸਿੰਘ ਦੀ ਵਿਚਾਰਧਾਰਾ ਦੇ ਮੁਦੱਈਆਂ ਅਤੇ ਗੁਰਮਤਿ ਆਸ਼ੇ ਨੂੰ ਸਮਰਪਿਤ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਆਰ. ਐਸ. ਐਸ. ਦੇ ਪੰਜਾਬ, ਸਿੱਖ ਤੇ ਸਿੱਖੀਮਾਰੂ ਰੁਝਾਨਾਂ ਨੂੰ ਰੋਕਿਆ ਜਾ ਸਕੇ।

# ਅਮਰੀਕਾ ਦਾ ਨਸਲਵਾਦ, ਪੰਜਾਬੀ ਅਮਰੀਕਨ ਅਤੇ ਭਾਰਤੀ ਲੋਕ

(ਪਿਛਲੇ ਸਫੇ ਦੀ ਬਾਕੀ)

ਨਾਗਰਿਕ ਅਧਿਕਾਰਾਂ (Civil Rights) ਦੀ ਲਹਿਰ ਵਜੋਂ ਵੀ ਜਾਣਿਆ ਜਾਂਦਾ ਹੈ, ਜਿਸ ਦੇ ਨਤੀਜੇ ਵਜੋਂ ਨਸਲੀ ਵਖਰੇਵੇਂ ਨੂੰ ਗੈਰਕਾਨੂੰਨੀ ਬਣਾਇਆ ਗਿਆ-1964 ਦੇ ਸਿਵਲ ਰਾਈਟਸ ਐਕਟ, 1965 ਦੇ ਵੋਟਿੰਗ ਅਧਿਕਾਰ ਐਕਟ ਅਤੇ 1968 ਦੇ ਫੇਅਰ ਹਾਊਸਿੰਗ ਐਕਟ ਰਾਹੀਂ।

ਭਾਵੇਂ ਗੁਲਾਮੀ ਪਿਛੋਂ ਨਸਲੀ ਵਖਰੇਵੇਂ ਅਮਰੀਕਾ ਦੇ ਦੱਖਣ ਵਿਚ ਕੇਂਦ੍ਰਿਤ ਰਹੇ ਅਤੇ ਉਤਰੀ ਰਾਜਾਂ ਵਿਚ ਕਦੇ ਵੀ ਵਖਰੇਵੇਂ ਨੂੰ ਕਾਨੂੰਨਨ ਲਾਜ਼ਮੀ ਨਹੀਂ ਬਣਾਇਆ ਗਿਆ ਸੀ, ਪਰ ਕਿਉਂਕਿ ਦੇਸ਼ ਤਾਂ ਇੱਕੋ ਹੀ ਸੀ, ਦੱਖਣ ਦੇ ਵੱਖਰੇਵੇਂ ਦੇ ਉਤਰ ਵਿਚ ਛਿੱਟੇ ਪੈ ਜਾਣੇ ਕੁਦਰਤੀ ਸਨ। ਸੰਯੁਕਤ ਰਾਜ ਅਮਰੀਕਾ ਦੀ ਨੀਂਹ ਦੋ ਕਿਸਮ ਦੇ ਲੋਕਾਂ ਨੇ ਰੱਖੀ: ਯੂਰਪੀਅਨ ਮੂਲ ਦੇ ਲੋਕਾਂ ਇੰਗਲੈਂਡ ਦੀ ਬਸਤੀਵਾਦੀ ਗੁਲਾਮੀ ਦਾ ਜੂਲਾ ਤੋੜਦਿਆਂ ਅਤੇ ਅਫਰੀਕੀ ਮੂਲ ਦੇ ਕਾਲੇ ਲੋਕਾਂ, ਯੂਰਪੀਅਨ ਮੂਲ ਦੇ ਲੋਕਾਂ ਦੇ ਗੁਲਾਮ ਰਹਿੰਦੇ ਹੋਏ। ਸੋ, ਅਮਰੀਕਾ ਵਿਚ ਕਾਲਿਆਂ ਦੀ ਗੁਲਾਮੀ ਦੇ ਇਤਿਹਾਸ ਨੂੰ ਚਿੱਟੇ-ਕਾਲੇ ਰੂਪ ਵਿਚ ਦੇਖਿਆ ਜਾ ਸਕਦਾ ਹੈ, ਪਰ ਜਿਉਂ ਜਿਉਂ ਦੁਨੀਆਂ ਦੇ ਹੋਰ ਖਿੱਤਿਆਂ ਤੋਂ ਲੋਕ ਅਮਰੀਕਾ ਦੀ ਉਸਾਰੀ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਰਲਦੇ ਗਏ, ਅਮਰੀਕਾ ਦਾ ਇਤਿਹਾਸ ਚਿੱਟੇ-ਕਾਲੇ ਤੋਂ ਅਗਾਂਹ ਲੰਘਦਾ ਰੰਗਦਾਰ ਫਿਲਮ ਜਾਂ ਸਤਰੰਗੀ ਪੀਂਘ ਤੋਂ ਵੀ ਵੱਧ ਰੰਗੀਨ ਹੁੰਦਾ ਗਿਆ; ਰੰਗ, ਨਸਲ, ਕਲਚਰ, ਧਰਮ/ਵਿਸ਼ਵਾਸ ਆਦਿ ਦੇ ਪੱਖੋਂ। ਨਤੀਜੇ ਵਜੋਂ, ਪਿਛਲੀ ਸਦੀ ਤੇ ਉਸ ਤੋਂ ਵੀ ਪਹਿਲਾਂ ਤੋਂ, ਅਮਰੀਕੀ ਸਿਸਟਮ ਵਿਚ ਨਸਲੀ ਵਖਰੇਵਾਂ ਤੇ ਹੋਰ ਵਿਤਕਰੇ ਗੋਰੇ ਤੇ ਕਾਲੇ ਲੋਕਾਂ ਵਿਚਾਲੇ ਸੀਮਤ ਨਹੀਂ ਸਨ, ਸਗੋਂ ਅਸਲੋਂ ਇਹ ਨਸਲੀ ਵਿਤਕਰੇ ਯੂਰਪੀਅਨ ਅਮਰੀਕਨਾਂ ਬਨਾਮ ਰੰਗਦਾਰ (ਕਰੀਬ ਹੋਰ ਸਾਰੇ) ਅਮਰੀਕਨਾਂ ਤੱਕ ਪਸਰ ਚੁਕੇ ਹਨ। ਜਿਵੇਂ ਪਹਿਲਾਂ ਵਰਣਨ ਕੀਤਾ ਗਿਆ ਹੈ ਕਿ ਇਹਦਾ ਮਤਲਬ ਇਹ ਨਹੀਂ ਕਿ ਸਾਰੇ ਯੂਰਪੀਅਨ ਅਮਰੀਕਨ ਬੁਰੇ ਹਨ, ਸਗੋਂ ਇਹ ਸਿਸਟਮ ਕਾਲਿਆਂ ਸਮੇਤ ਰੰਗਦਾਰ ਅਮਰੀਕਨਾਂ ਤੇ ਹੋਰ ਘੱਟ ਗਿਣਤੀਆਂ ਦੇ ਖਿਲਾਫ ਯੂਰਪੀਅਨ ਅਮਰੀਕਨਾਂ ਦੇ ਹੱਕ ਵਿਚ ਝੁਕਿਆ ਹੋਇਆ ਹੈ; ਜਿਹਨੂੰ 'ਚਿੱਟਾ ਫਾਇਦਾ' (White Advantage) ਕਿਹਾ ਜਾਂਦਾ ਹੈ।

ਦੇਸ਼ ਵਿਚ ਥਾਂ ਥਾਂ ਜਵਾਲਾਮੁਖੀ ਵਾਂਗ ਫੁੱਟੇ ਰੋਸ ਮੁਜ਼ਾਹਰਿਆਂ ਦਾ ਤੱਤਕਾਲੀ ਕਾਰਨ ਭਾਵੇਂ ਪੁਲਿਸ ਹੱਥੋਂ ਅਫਰੀਕੀ ਮੂਲ ਦੇ ਅਮਰੀਕਨ ਜਾਰਜ ਫਲਾਇਡ ਦੀ ਦਰਦਨਾਕ ਮੌਤ ਸੀ, ਪਰ ਰੋਸ ਮੁਜ਼ਾਹਰਿਆਂ ਪਿੱਛੇ ਕਾਲਿਆਂ (ਅਫਰੀਕੀ ਅਮਰੀਕਨਾਂ) ਦੀ ਗੁਲਾਮੀ ਤੇ ਨਸਲੀ ਵਖਰੇਵੇਂ ਦੇ ਇਤਿਹਾਸ ਦੇ ਅਣ-ਭਰੇ ਜ਼ਖਮਾਂ ਦੇ ਨਾਲ ਹਾਲੇ ਵੀ ਹੁੰਦੀ, ਉਨ੍ਹਾਂ ਅਤੇ ਹੋਰ ਰੰਗਦਾਰ ਘੱਟ ਗਿਣਤੀ ਅਮਰੀਕਨਾਂ ਨਾਲ ਹੁੰਦਾ ਵਿਤਕਰਾ ਵੀ ਸੀ। ਇਨ੍ਹਾਂ ਮੁਜ਼ਾਹਰਿਆਂ ਦਾ ਤੱਤਕਾਲੀ ਮਕਸਦ ਭਾਵੇਂ ਪੁਲਿਸ ਤੇ ਇਨਸਾਫ ਦੇ ਖੇਤਰ ਵਿਚ ਸੁਧਾਰ ਲਿਆਉਣੇ ਰਹੇ ਹਨ, ਪਰ ਬਾਕੀ ਖੇਤਰਾਂ ਵਿਚ ਵੀ ਵਿਤਕਰੇ ਮਿਟਾਉਣਾ ਮੁਜ਼ਾਹਰਾਕਾਰੀਆਂ ਦੇ ਲੰਬੀ ਮਿਆਦ ਦੇ ਮਕਸਦਾਂ ਤੋਂ ਬਾਹਰ ਨਹੀਂ ਜਾਪ ਰਹੇ ਸਨ।

**ਦੋ ਅਹਿਮ ਨੁਕਤੇ:** ਪੰਜਾਬੀ ਅਖਬਾਰਾਂ ਵਲੋਂ ਇਨ੍ਹਾਂ ਮੁਜ਼ਾਹਰਿਆਂ ਬਾਰੇ ਛਪੇ ਕਈ ਲੇਖਾਂ ਵਿਚ ਦੋ ਨੁਕਤੇ ਉਠਾਏ ਗਏ ਹਨ, ਜਿਨ੍ਹਾਂ ਵੱਲ ਧਿਆਨ ਦੇਣਾ ਬਣਦਾ ਹੈ। ਪਹਿਲਾ ਨੁਕਤਾ ਹੈ, ਪੰਜਾਬੀ ਅਮਰੀਕਨਾਂ ਦੇ ਮਨਾਂ ਵਿਚ ਗੋਰੀ ਨਸਲ ਦੇ ਅਮਰੀਕਨਾਂ ਦੇ ਸਰਬਉਤਮ ਹੋਣ ਦਾ ਤਸੱਵਰ ਤੇ ਉਹ ਕਾਲੇ ਅਮਰੀਕਨਾਂ ਨੂੰ ਹੀਣੇ ਸਮਝਦੇ ਹਨ। ਇਸ ਵਤੀਰੇ ਦੇ ਕਾਰਨ ਨਹੀਂ ਘੋਖੇ ਗਏ। ਨਿਕਟ ਧਿਆਨ ਦੇਣ ਨਾਲ ਕਾਰਨ ਲੱਭਣੇ ਮੁਸ਼ਕਿਲ ਵੀ ਨਹੀਂ। ਮਿਸਾਲ ਵਜੋਂ, ਅਮਰੀਕੀ ਕੌਮੀਅਤ ਨਾਗਰਿਕਤਾ 'ਤੇ ਆਧਾਰਿਤ ਹੈ; ਜੇ ਤੁਸੀਂ ਇਸ ਦੇਸ਼ ਦੇ ਨਾਗਰਿਕ ਹੋ, ਤਾਂ ਤੁਸੀਂ ਅਮੀਰਕਨ ਹੋ। ਅਮਰੀਕਾ ਵਿਚ ਵਸਦੇ ਪਹਿਲੀ ਪੀੜ੍ਹੀ ਦੇ ਬਹੁਤੇ ਪੰਜਾਬੀ ਅਮਰੀਕੀ ਨਾਗਰਿਕ ਹੋਣ ਦੇ ਬਾਵਜੂਦ ਆਪਣੇ ਆਪ ਨੂੰ 'ਅਮਰੀਕੀ ਲੋਕ' ਟਰਮ (Term) ਵਿਚ ਸ਼ਾਮਲ ਨਹੀਂ ਕਰਦੇ। ਅਸੀਂ 'ਅਮਰੀਕੀ ਲੋਕਾਂ' ਦਾ ਹਵਾਲਾ 'ਇਥੋਂ ਦੇ ਲੋਕ' ਜਾਂ 'ਅਮੈਰਿਕਨ' ਆਦਿ ਨਾਂਵਾਂ ਨਾਲ ਦਿੰਦੇ ਹਾਂ, ਜਿਨ੍ਹਾਂ ਵਿਚ ਅਸੀਂ ਆਪਣੇ ਆਪ ਨੂੰ ਤਾਂ ਕੀ, ਆਪਣੇ ਇੱਧਰ ਜੰਮੇ ਪਲੇ ਬੱਚਿਆਂ ਨੂੰ ਵੀ ਸ਼ਾਮਲ ਨਹੀਂ ਕਰਦੇ। ਸਾਡੇ ਵਿਚੋਂ ਬਹੁਤਿਆਂ ਲਈ ਤਾਂ ਸਿਰਫ 'ਗੋਰੇ', ਭਾਵ ਯੂਰਪੀਅਨ ਮੂਲ ਵਾਲੇ ਲੋਕ ਹੀ ਅਮਰੀਕਨ ਹਨ; ਬਾਕੀ ਕਾਲੇ, ਮੈਕਸੀਕਨ, ਚੀਨੇ, ਜਪਾਨੀ, ਆਦਿ ਹਨ। ਆਪਣੇ ਮਨਾਂ ਵਿਚ ਗੋਰੀ ਨਸਲ ਦਾ ਸਰਬਉਤਮ ਤਸੱਵਰ ਤੇ ਕਾਲੇ ਲੋਕਾਂ ਦੀ ਹੀਣਤਾ ਵਾਲੀ ਤਸਵੀਰ ਅਸੀਂ ਪੰਜਾਬ ਵਿਚੋਂ ਹੀ ਲਿਆਉਂਦੇ ਹਾਂ, ਜਿੱਥੇ ਗੀਤਾਂ ਤੇ ਵਤੀਰਿਆਂ ਸਮੇਤ ਭਾਰੂ ਕਲਚਰ ਵਿਚ ਗੋਰੇ ਰੰਗ ਦੀ ਕਾਲੇ ਰੰਗ 'ਤੇ ਝੰਡੀ ਝੁਲਦੀ ਹੈ। ਇੱਧਰਲੇ ਕਾਲੇ ਲੋਕਾਂ ਨੂੰ ਤਾਂ ਅਸੀਂ ਪੰਜਾਬ ਵਿਚ ਕਥਿਤ 'ਚਮਾਰਾਂ', 'ਚੂੜ੍ਹਿਆਂ' ਦੇ ਲੇਬਲਾਂ ਥੱਲੇ ਜੀਅ ਰਹੇ ਲੋਕਾਂ ਤੋਂ ਵੀ ਹੀਣੇ ਸਮਝਦੇ ਹਾਂ; ਗੈਰ-ਗੋਰੇ ਲੋਕਾਂ ਬਾਰੇ ਸਾਡੇ ਇਸ ਵਤੀਰੇ ਦਾ ਮੁਹਾਂਦਰਾ ਇੱਧਰਲੇ ਚਿੱਟੇ ਸੁਪਰੀਮਿਕਿਸਟਾਂ (white supremacists) ਦੀ ਸੋਚ ਨਾਲ ਮਿਲਦਾ-ਜੁਲਦਾ ਹੀ ਹੈ। ਹੀਣੇ ਨਾ ਪੰਜਾਬ ਦੇ ਕਾਲੇ ਹਨ, ਨਾ ਇਹ ਇੱਧਰਲੇ ਕਾਲੇ; ਹੀਣੀ ਸਾਡੀ ਗੁਲਾਮੀ ਸੋਚ ਹੈ, ਜੋ ਇਨ੍ਹਾਂ ਨੂੰ ਹੀਣੇ ਸਮਝਦੀ ਹੈ।

ਸੋ, ਆਪਣੇ ਆਪ ਨੂੰ ਗੋਰਿਆਂ ਨਾਲੋਂ ਹੀਣੇ ਤੇ ਕਾਲਿਆਂ ਨਾਲੋਂ ਉਤਮ ਸਮਝਣ ਦੀ ਗੁਲਾਮ ਸੋਚ ਤੇ ਵਤੀਰਾ ਅਸੀਂ ਇਸ ਦੇਸ਼ ਨੂੰ ਆਉਂਦੇ ਸਮੇਂ ਪੰਜਾਬ ਤੋਂ ਹੀ ਲੈ ਆਉਂਦੇ ਹਾਂ, ਜਿੱਥੇ ਇਹ ਗੁਲਾਮ ਸੋਚ ਸਾਨੂੰ ਦੂਜੇ ਪੰਜਾਬੀਆਂ ਵਾਂਗ ਹੀ ਵਿਰਸੇ ਵਿਚ ਮਿਲੀ ਸੀ, ਉਸ ਮਾਹੌਲ ਤੋਂ ਜਿਸ ਵਿਚ ਅਸੀਂ ਜੰਮੇ ਪਲੇ ਸਾਂ। ਉਸੇ ਮਾਹੌਲ ਤੋਂ, ਜਿਸ ਅੰਦਰ ਗੁਰੂਆਂ, ਭਗਤਾਂ ਤੇ ਸੂਫੀਆਂ ਵਲੋਂ ਚਲਾਈ ਗਈ ਪੰਜਾਬ ਜਾਗ੍ਰਿਤੀ ਲਹਿਰ ਤੋਂ ਸਦੀਆਂ ਪਿੱਛੋਂ ਵੀ ਜਾਤ-ਪਾਤ ਦਾ ਭੇਦ-ਭਾਵ ਬਰਕਰਾਰ ਹੈ, ਮੁਗਲ ਹਕੂਮਤ ਤੇ ਅੰਗਰੇਜ਼ਾਂ ਦੀ ਲੰਬੀ ਗੁਲਾਮੀ ਪਿੱਛੋਂ ਸਾਡੀਆਂ ਰੂਹਾਂ ਵਿਚ ਅਜੇ ਵੀ ਗੁਲਾਮੀ ਦੀ ਰਹਿੰਦ-ਖੂੰਹਦ ਭਰੀ ਹੋਈ ਹੈ ਤੇ ਸੋਚ ਵਿਚ ਸਰਦਾਰੀ ਕਲਗੀਆਂ ਝੁਲਦੀਆਂ ਹਨ। ਗੁਲਾਮੀ ਦੀ ਰਹਿੰਦ-ਖੂੰਹਦ ਨੂੰ ਜਾਰੀ ਰੱਖਣ ਵਿਚ ਇਸ ਤੱਥ ਨੇ ਹਿੱਸਾ ਪਾਇਆ ਹੈ ਕਿ ਅੰਗਰੇਜ਼ ਦੇ ਜਾਣ ਪਿੱਛੋਂ ਪੰਜਾਬ ਸਣੇ ਭਾਰਤ ਵਿਚ ਰਾਜਨੀਤਕ ਤੇ ਸਮਾਜਕ ਪ੍ਰਬੰਧ ਦੀਆਂ ਅਮਲੀ ਤੇ ਵਿਹਾਰਕ ਬਾਰੀਕੀਆਂ ਵਿਚ, ਜੇ ਬਿਲਕੁਲ ਨਹੀਂ, ਤਾਂ ਕਾਫੀ ਤਬਦੀਲੀ ਨਾ ਆਈ। ਕੌਮ ਨੂੰ ਲੰਬੀ ਗੁਲਾਮੀ ਪਿਛੋਂ ਕਿਸੇ ਰੂਪ ਵਿਚ ਉਚਿਤ ਬਾਅਦ-ਗੁਲਾਮੀ ਥੈਰਪੀ ਨਹੀਂ ਮਿਲੀ। ਉਂਜ, ਗੁਲਾਮੀ ਦੀ ਇਹ ਕਸਰ ਸਿਰਫ ਸਾਨੂੰ ਹੀ ਹੈ। ਇੱਧਰ ਜੰਮੀ-ਪਲੀ ਤੇ ਇੱਧਰ ਸਕੂਲਾਂ-ਕਾਲਜਾਂ ਵਿਚ ਪੜ੍ਹੀ ਲਿਖੀ ਸਾਡੀ ਬਾਹਲੀ ਔਲਾਦ, ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਾਡੀ ਸੋਚ ਦੀ ਗੁਲਾਮੀ 'ਚੋਂ ਬਾਹਰ ਨਿਕਲ ਜਾਂਦੀ ਹੈ। ਉਹ ਆਪਣੇ ਸਮੇਤ ਕਾਲੇ, ਮੈਕਸੀਕਨ, ਚੀਨੇ, ਜਪਾਨੀ ਆਦਿ ਲੋਕਾਂ ਨੂੰ ਵੀ ਗੋਰਿਆਂ ਵਾਂਗ ਅਮਰੀਕਨ ਸਮਝਦੀ ਹੈ।

ਪੰਜਾਬੀ ਅਖਬਾਰਾਂ ਵਿਚ ਇਨ੍ਹਾਂ ਮੁਜਾਹਰਿਆਂ ਦੇ ਪ੍ਰਸੰਗ ਵਿਚ ਉਠਾਇਆ ਗਿਆ ਦੂਜਾ ਨੁਕਤਾ ਜੋ ਧਿਆਨ ਦੀ ਮੰਗ ਕਰਦਾ ਹੈ, ਤੇ ਵੱਖ ਵੱਖ ਰੂਪਾਂ ਵਿਚ ਉਠਾਇਆ ਗਿਆ ਹੈ, ਉਹ ਹੈ, ਅਮਰੀਕੀ ਲੋਕਾਂ ਵਾਂਗ ਭਾਰਤੀ ਲੋਕ ਅਨਿਆਂ ਵਿਰੁੱਧ ਕਿਉਂ ਨਹੀਂ ਉਠਦੇ? ਮਿਸਾਲ ਵਜੋਂ ਉਘੇ ਸਿਆਸੀ ਚਿੰਤਕ ਸੁਹਾਸ ਪਲੀਸ਼ਕਰ ਨੇ ਇੱਕ ਲੇਖ ਵਿਚ ਸਵਾਲ ਪੁੱਛਿਆ ਹੈ ਕਿ ਕਦੋਂ ਭਾਰਤੀ ਲੋਕ ਵੱਖ ਵੱਖ ਧਰਮਾਂ, ਜਾਤਾਂ ਤੇ ਜਮਾਤਾਂ ਦੇ ਲੋਕਾਂ ਨਾਲ ਹੁੰਦੇ ਅਨਿਆਂ ਤੇ ਜ਼ੁਲਮ ਵਿਰੁੱਧ ਜਾਰਜ ਫਲਾਇਡ ਦੇ ਸਬੰਧ ਵਿਚ ਉਠੇ ਵਿਦਰੋਹ ਵਾਂਗ ਹੀ ਸੜਕਾਂ 'ਤੇ ਉਤਰ ਆਉਣਗੇ? ਜਿਵੇਂ ਪਿਛੇ ਵਰਣਨ ਕੀਤਾ ਹੈ ਕਿ ਅਮਰੀਕੀ ਕੌਮ ਦੀਆਂ ਨੀਂਹਾਂ ਵਿਚ ਹੋਰ ਨਿੱਕ-ਸੁੱਕ ਤੋਂ ਇਲਾਵਾ ਭਰੇ ਪਏ ਹਨ-ਪ੍ਰਬੋਧਨ ਲਹਿਰ ਦੇ ਆਦਰਸ਼-ਤਰਕ, ਮਾਨਵਵਾਦ, ਵਿਗਿਆਨ ਤੇ ਪ੍ਰਗਤੀ। ਹੋਰ ਨਿੱਕ-ਸੁੱਕ ਤੋਂ ਇਲਾਵਾ ਇਹੀਓ ਆਦਰਸ਼ ਉਸ ਮਾਹੌਲ 'ਚ ਘੁਲੇ ਹੋਏ ਹਨ, ਜਿਸ ਵਿਚ ਬੰਦਾ ਜੰਮ-ਪਲ ਕੇ ਜਵਾਨ ਹੁੰਦਾ ਹੈ, ਅਮਰੀਕੀ ਸਮਾਜ 'ਚ। ਇਨ੍ਹਾਂ ਆਦਰਸ਼ਾਂ 'ਤੇ ਬਹਿਸ ਕਿਸੇ ਨਾ ਕਿਸੇ ਰੂਪ ਵਿਚ ਚੱਲਦੀ ਰਹਿੰਦੀ ਹੈ, ਲੋਕਲ ਅਤੇ ਕੌਮੀ ਪੱਧਰਾਂ 'ਤੇ।

ਇੰਜ ਇਨ੍ਹਾਂ ਆਦਰਸ਼ਾਂ 'ਤੇ ਹਮਲਾ ਜਦ ਟਿਪਿੰਗ ਪੁਆਇੰਟ ਨੂੰ ਪਹੁੰਚ ਜਾਵੇ, ਤਾਂ ਕੁਦਰਤੀ ਤੌਰ 'ਤੇ ਉਸ ਹਮਲੇ ਦਾ ਸੰਗਠਿਤ ਜਾਂ ਆਪ-ਮੁਹਾਰਾ ਵਿਰੋਧ ਵੀ ਉਠ ਖੜ੍ਹਾ ਹੁੰਦਾ ਹੈ। ਇੱਕ ਹੋਰ ਨੋਟ ਕਰਨ ਵਾਲੀ ਖਾਸ ਗੱਲ ਹੈ ਕਿ ਤਰਕ, ਮਾਨਵਵਾਦ ਤੇ ਵਿਗਿਆਨ ਦੇ ਆਦਰਸ਼ ਸਮੂਹਿਕ ਤੌਰ 'ਤੇ ਬੰਦੇ ਦੀ ਸੋਚ ਨੂੰ 'ਅੱਜ' 'ਤੇ ਕੇਂਦ੍ਰਿਤ ਕਰ ਦਿੰਦੇ ਤੇ ਭਵਿੱਖ-ਮੁਖੀ ਬਣਾ ਦਿੰਦੇ ਹਨ; ਪ੍ਰਗਤੀ ਦਾ ਆਦਰਸ਼ ਤਾਂ ਭਵਿੱਖ-ਮੁਖੀ ਸੋਚ ਤੋਂ ਬਿਨਾ ਸਮਝਿਆ ਵੀ ਨਹੀਂ ਜਾ ਸਕਦਾ। ਅਜਿਹੇ ਮਾਹੌਲ ਜਾਂ ਸਮਾਜ ਵਿਚ ਅੱਗੇ ਵਧਣ (ਤਰੱਕੀ ਕਰਨ) ਲਈ ਬੰਦੇ ਅਤੇ ਸੰਸਥਾਵਾਂ ਦੀ ਲੋੜ ਤੇ ਮਜਬੂਰੀ ਬਣ ਜਾਂਦੀ ਹੈ ਕਿ ਉਹ ਅੱਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਅੱਜ ਦੇ ਹਾਲਾਤ ਦੇ ਸੰਦਰਭ ਵਿਚ ਕਰਨ ਅਤੇ ਉਨ੍ਹਾਂ ਦੇ ਹੱਲ ਲੱਭਣ ਲਈ ਵਿਗਿਆਨਕ ਤੇ ਭਵਿੱਖ-ਮੁਖੀ ਸੋਚ ਤੇ ਪਹੁੰਚ ਅਪਨਾਉਣ।

ਬਿਨਾ ਸ਼ੱਕ, ਅਮਰੀਕੀ ਸਮਾਜ ਤੇ ਭਾਰਤੀ ਸਮਾਜ ਦਾ ਵਿਕਾਸ ਵੱਖ ਵੱਖ ਤਰ੍ਹਾਂ ਦਾ ਰਿਹਾ ਹੈ। ਪ੍ਰਾਚੀਨ ਭਾਰਤੀ ਫਲਸਫੇ ਵਿਚ ਹੋਰ ਧਾਰਮਿਕ ਮੱਤਾਂ ਦੇ ਮੁਕਾਬਲੇ ਕੱਟੜਪੰਥੀ ਯਾਨਿ ਆਰਥੋਡਾਕਸ, ਹਿੰਦੂ ਫਲਸਫਾ ਭਾਰੂ ਰਿਹਾ ਹੈ, ਤੇ ਵਿਗਿਆਨ ਲਗਭਗ ਗੈਰ-ਹਾਜ਼ਰ। ਇਸ ਫਲਸਫੇ ਨੇ ਭਾਰਤੀ ਸਮਾਜ ਨੂੰ ਦੋ ਸਭ ਤੋਂ ਘਾਤਕ ਮਰਜ਼ਾਂ ਦਿੱਤੀਆਂ, ਜੋ ਅੱਜ ਵੀ ਭਾਰਤੀ ਸਮਾਜ ਦੀਆਂ ਮੁੱਖ ਚਾਲਕ ਸ਼ਕਤੀਆਂ ਵਿਚੋਂ ਹਨ। ਇਹ ਮਰਜ਼ਾਂ ਹਨ: ਜਾਤ-ਪਾਤ ਤੇ ਭੂਤ-ਮੁਖੀ ਸੋਚ। 'ਪਹਿਲਾਂ ਸੱਤਯੁੱਗ ਸੀ; ਤ੍ਰੇਤੇ ਤੇ ਦੁਆਪਰ ਪਿਛੋਂ ਹੁਣ ਕਲਯੁੱਗ ਹੈ', ਭਾਵ ਬੀਤਾ ਸਮਾਂ ਅੱਜ ਤੇ ਭਵਿੱਖ ਨਾਲੋਂ ਵਧੀਆ ਸੀ। ਅਜਿਹੀਆਂ ਹੋਰ ਹਿੰਦੂ ਫਲਸਫੇ ਵਿਚਲੀਆਂ ਪਿਛਲ-ਖੁਰੀ ਧਾਰਨਾਵਾਂ ਨੇ, ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰ-ਹਾਜ਼ਰੀ ਵਿਚ ਭਾਰਤੀ ਲੋਕ ਦੀ ਮਾਨਸਿਕਤਾ ਤੇ ਚਿੰਤਨ ਵਿਚ ਭੂਤ-ਮੁਖੀ ਸੋਚ ਤੇ ਪਹੁੰਚ ਕੁੱਟ ਕੁੱਟ ਕੇ ਭਰ ਦਿੱਤੀ। ਇਹ ਅਜਿਹੀ ਸੋਚ ਤੇ ਪਹੁੰਚ ਹੁੰਦੀ ਹੈ, ਜਿਹਨੂੰ ਰੱਖਣ ਤੇ ਅਪਨਾਉਣ ਵਾਲੇ ਲੋਕ ਬੀਤੇ ਸਮੇਂ ਦੇ ਮਸਲਿਆਂ 'ਤੇ ਲੜਦੇ ਰਹਿੰਦੇ ਹਨ, ਤੇ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਵੀ ਬੀਤੇ ਵਿਚੋਂ ਖੋਜਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਮਾਹੌਲ ਵਿਚ ਫਸੇ ਲੋਕਾਂ ਦਾ ਧਿਆਨ ਅਸਲੀ ਦਰਪੇਸ਼ ਮਸਲਿਆਂ ਤੋਂ ਹਟਾ ਕੇ ਉਨ੍ਹਾਂ ਨੂੰ ਧਾਰਮਿਕ, ਫਿਰਕੂ ਤੇ ਇਲਾਕਾਈ ਮੁੱਦਿਆਂ ਤੇ ਮਸਲਿਆਂ 'ਤੇ ਭੜਕਾ ਕੇ ਆਪਸ ਵਿਚ ਲੜਾ ਦੇਣਾ ਬੜਾ ਆਸਾਨ ਹੁੰਦਾ ਹੈ। ਇਹੀ ਕੰਮ ਭਾਰਤੀ ਹਾਕਮ ਤੇ ਕੁਝ ਧਾਰਮਿਕ/ਫਿਰਕੂ ਜਥੇਬੰਦੀਆਂ ਸਫਲਤਾ ਨਾਲ ਕਰਦੀਆਂ ਆ ਰਹੀਆਂ ਹਨ, ਆਪਣਾ ਉਲੂ ਸਿੱਧਾ ਰੱਖਣ ਲਈ। ਇਹ ਭਾਰਤੀ ਲੋਕਾਂ ਦੀ ਵੱਡੀ ਤ੍ਰਾਸਦੀ ਹੈ। ਇਸ ਤਰ੍ਹਾਂ ਉਹ ਵੱਖ ਵੱਖ ਧਰਮਾਂ, ਜਾਤਾਂ ਤੇ ਜਮਾਤਾਂ ਦੇ ਲੋਕਾਂ ਨਾਲ ਹੁੰਦੇ ਅਨਿਆਂ ਤੇ ਜ਼ੁਲਮ ਦੇ ਖਿਲਾਫ ਵਿਦਰੋਹ ਕਰਨ ਦੀ ਥਾਂ ਇਹ ਕੁਕਰਮ ਕਰ ਰਹੇ ਹਾਕਮਾਂ ਅਤੇ ਧਾਰਮਿਕ/ਫਿਰਕੂ ਜਥੇਬੰਦੀਆਂ ਦੇ ਹੱਥਾਂ ਵਿਚ ਖੇਡ ਜਾਂਦੇ ਹਨ ਤੇ ਇਸ ਦਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਿਕਾਰ ਹੋ ਜਾਂਦੇ ਨੇ।


ਦੂਸਰੀ ਵੱਡੀ ਤ੍ਰਾਸਦੀ ਹੈ ਕਿ ਇਸ ਮਾਹੌਲ ਵਿਚ ਅਗਾਂਹਵਧੂ ਜਾਂ ਪ੍ਰਗਤੀਸ਼ੀਲ ਹੋਣ ਦੀਆਂ ਦਾਅਵੇਦਾਰ ਇਮਾਨਦਾਰ ਪਾਰਟੀਆਂ, ਗਰੁੱਪ ਤੇ ਲਹਿਰਾਂ ਵੀ ਮਸਲਿਆਂ ਨਾਲ ਨਜਿੱਠਦਿਆਂ ਅੱਜ ਦੇ ਹਾਲਾਤ ਦੇ ਸੰਦਰਭ ਵਿਚ ਹੱਲ ਲੱਭਣ ਲਈ ਵਿਗਿਆਨਕ ਤੇ ਭਵਿੱਖ-ਮੁਖੀ ਦੀ ਥਾਂ ਅਚੇਤ ਜਾਂ ਸੁਚੇਤ ਤੌਰ 'ਤੇ ਅਕਸਰ ਭੂਤਮੁਖੀ ਸੋਚ ਤੇ ਪਹੁੰਚ ਅਪਨਾ ਜਾਂਦੇ ਹਨ। ਜਦੋਂ ਪ੍ਰਗਤੀਸ਼ੀਲ ਜਥੇਬੰਦੀਆਂ ਸਮੇਤ ਲੋਕ ਸਦੀਆਂ ਜਾਂ ਦਹਾਕੇ ਪੁਰਾਣੀਆਂ ਸੋਚਾਂ, ਸਿਧਾਂਤਾਂ ਤੇ ਕੱਟੜਤਾਵਾਂ ਨੂੰ ਛੱਡ ਕੇ ਅੱਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਅੱਜ ਦੇ ਸਥਾਨਕ ਤੇ ਵਿਸ਼ਵ ਹਾਲਾਤ ਦੇ ਸੰਦਰਭ ਵਿਚ ਕਰਨ ਅਤੇ ਉਨ੍ਹਾਂ ਦੇ ਹੱਲ ਲੱਭਣ ਲਈ ਵਿਗਿਆਨਕ ਤੇ ਭਵਿੱਖ-ਮੁਖੀ ਸੋਚ ਤੇ ਪਹੁੰਚ ਅਪਨਾਉਣ ਲੱਗ ਪੈਣਗੇ, ਤਾਂ ਉਹ ਹਰ ਤਰ੍ਹਾਂ ਦੇ ਅਨਿਆਂ ਤੇ ਜ਼ੁਲਮ ਵਿਰੁੱਧ ਸੜਕਾਂ 'ਤੇ ਵੀ ਨਿੱਕਲਣ ਲੱਗ ਪੈਣਗੇ।

###


# ਕਸ਼ਮੀਰ ਵਿਚ ਡੁੱਲ੍ਹਦੇ ਲਹੂ ਦਾ ਦਸਤਾਵੇਜ਼ 'ਲਾਲ ਮੱਕੀ'

ਕਲਾ ਪਰਿਕਰਮਾ

**ਦਾਨੇਸ਼ ਰਾਣਾ ਦੇ ਅੰਗਰੇਜ਼ੀ ਵਿਚ ਲਿਖੇ ਨਾਵਲ 'ਰੈੱਡ ਮੇਜ਼' ਦਾ ਪੰਜਾਬੀ ਅਨੁਵਾਦ 'ਲਾਲ ਮੱਕੀ' ਨਾਂ ਤਹਿਤ ਛਪਿਆ ਹੈ। ਇਸ ਨਾਵਲ ਵਿਚ ਕਸ਼ਮੀਰ ਦੇ ਮੌਜੂਦਾ ਹਾਲਾਤ ਬਾਰੇ ਕਈ ਨੁਕਤਿਆਂ ਤੋਂ ਗੱਲ ਕੀਤੀ ਗਈ ਹੈ, ਪਰ ਇਹ ਨਾਵਲ ਪੜ੍ਹਦਿਆਂ ਤਕਰੀਬਨ ਡੇਢ ਦਹਾਕਾ ਪੰਜਾਬ ਅੰਦਰ ਚੱਲੇ ਖੂਨੀ ਸੰਘਰਸ਼ ਦਾ ਚੇਤਾ ਵੀ ਉਭਰਦਾ ਹੈ।**



'ਨਾਵਲ 'ਲਾਲ ਮੱਕੀ' ਦਾ ਮੁਖੜਾ।



ਅੰਗਰੇਜ਼ੀ 'ਚ ਛਪੇ 'ਰੈੱਡ ਮੇਜ਼' ਦਾ ਮੁਖੜਾ।


ਦਾਨੇਸ਼ ਰਾਣਾ

ਦਾਨੇਸ਼ ਰਾਣਾ ਕਸ਼ਮੀਰ ਕਾਡਰ ਦਾ ਆਈ.ਪੀ.ਐਸ. ਅਫਸਰ ਹੈ। 'ਲਾਲ ਮੱਕੀ' ਉਸ ਦਾ ਅੰਗਰੇਜ਼ੀ ਵਿਚ ਲਿਖਿਆ ਨਾਵਲ ਹੈ ਜਿਸ ਦਾ ਅਨੁਵਾਦ ਸਰਕਾਰੀ ਡਿਗਰੀ ਕਾਲਜ, ਜੰਮੂ ਦੀ ਅਸਿਸਟੈਂਟ ਪ੍ਰੋਫੈਸਰ ਡਾ. ਰਣਧੀਰ ਕੌਰ ਨੇ ਕੀਤਾ ਹੈ। ਇਹ ਨਾਵਲ ਪੜ੍ਹਦਿਆਂ ਤਕਰੀਬਨ ਡੇਢ ਦਹਾਕਾ ਚੱਲੇ ਪੰਜਾਬ ਦੇ ਖੂਨੀ

ਗੁਰਮੀਤ ਕੜਿਆਲਵੀ

ਸੰਘਰਸ਼ ਦੇ ਨਾਲ-ਨਾਲ ਚੱਲਦਾ ਰਿਹਾ ਹਾਂ। ਨਾਵਲ ਵਿਚ ਸਾਰਾ ਕੁਝ ਉਹੀ ਹੈ ਜੋ ਪੰਜਾਬ ਦੇ ਲੋਕਾਂ ਨੇ ਹੰਢਾਇਆ ਹੈ ਅਤੇ ਜੋ ਦਹਾਕਿਆਂ ਤੋਂ ਕਸ਼ਮੀਰ ਦੀ ਧਰਤੀ ਦੇ ਲੋਕ ਹੰਢਾ ਰਹੇ ਹਨ।

ਸਰਹੱਦ ਪਾਰ ਤੋਂ ਆਉਂਦੀ ਸਹਾਇਤਾ, ਤਨਜ਼ੀਮ ਵਿਚ ਭਰਤੀ ਕਰਨ ਲਈ ਨੌਜਵਾਨੀ ਦੇ ਮਨਾਂ ਵਿਚ ਬੀਜਿਆ ਜਾਂਦਾ ਨਫਰਤ ਦਾ ਬੀਜ, ਮੁਜਾਹਿਦਾਂ ਵਲੋਂ ਜ਼ਿਹਨੀ ਅੱਯਾਸ਼ੀ ਲਈ ਵਾਦੀ ਦੀਆਂ ਕੁੜੀਆਂ ਨਾਲ ਕੀਤਾ ਜਾਂਦਾ ਧੱਕਾ, ਫੌਜ, ਪੁਲਿਸ ਤੇ ਹੋਰ ਸੁਰੱਖਿਆ ਬਲਾਂ ਦੇ ਅਫਸਰਾਂ ਦੇ ਸੀਨਿਆਂ 'ਤੇ ਲਟਕਦੇ ਤਮਗੇ, ਇਨ੍ਹਾਂ ਤਮਗਿਆਂ ਲਈ ਬਲਾਂ ਵਲੋਂ ਵਹਾਇਆ ਜਾਂਦਾ ਬੇਗੁਨਾਹ ਖੂਨ, ਮਾਸੂਮ ਨੌਜਵਾਨਾਂ ਨੂੰ ਜਹਾਦੀਆਂ ਨਾਲ ਰਲਣ ਲਈ ਮਜਬੂਰ ਕਰਨ ਦੇ ਕਾਰਨਾਮੇ ਅਤੇ ਜਹਾਦੀਆਂ/ਫੋਰਸਾਂ ਵਲੋਂ ਆਪਣੇ ਸਵਾਰਥ ਤਮਗਿਆਂ ਲਈ ਆਪਣੇ ਹੀ ਸਾਥੀਆਂ ਨੂੰ ਬਲੀ ਦੇ ਬੱਕਰੇ ਬਣਾਉਣ ਦੀ ਦਾਸਤਾਨ। ਇਸ ਨਾਵਲ ਨੇ ਬਹੁਤ ਕੁਝ ਆਪਣੀ ਬੁੱਕਲ ਸਮੇਟ ਲਿਆ ਹੈ।

ਨਾਵਲਕਾਰ ਸਾਨੂੰ ਕਸ਼ਮੀਰ ਦੀਆਂ ਉਨ੍ਹਾਂ ਪਹਾੜੀਆਂ ਵਿਚ ਲੈ ਜਾਂਦਾ ਹੈ ਜਿਹੜੀਆਂ ਦਿਨ ਰਾਤ ਰਾਕਟ ਲਾਂਚਰਾਂ ਅਤੇ ਬੰਬ ਧਮਾਕਿਆਂ ਨਾਲ ਦਹਿਲਦੀਆਂ ਰਹਿੰਦੀਆਂ ਹਨ। ਜਿਥੇ ਰਹਿਮਤ ਉਲਾ ਪੀਰ ਵਰਗੇ ਜਹਾਦੀ, ਭੋਲੇ-ਭਾਲੇ ਲੋਕਾਂ ਨੂੰ ਗੁਮਰਾਹ ਕਰ ਕੇ ਧਰਮ ਲਈ ਜਹਾਦ ਛੇੜਨ ਲਈ ਤਿਆਰ ਕਰਦੇ ਹਨ। ਜਿਥੇ ਸ਼ਕੀਲ ਵਰਗੇ ਨੌਜਵਾਨ ਖੇਡਾਂ ਦੇ ਸ਼ੌਕੀਨ ਨੌਜਵਾਨ ਕ੍ਰਿਕਟ ਦਾ ਬੱਲਾ ਛੱਡ ਕੇ ਕਲਾਸ਼ਨੀਕੋਵ ਚੁੱਕ ਤਨਜ਼ੀਮ ਦੇ ਏਰੀਆ ਕਮਾਂਡਰ ਬਣ ਜਾਂਦੇ ਹਨ। ਜਿਥੇ ਮੇਜਰ ਰਾਠੌਰ ਵਰਗਿਆਂ ਨੂੰ ਆਪਣੀ ਤਰੱਕੀ ਅਤੇ ਬਦਲੀ ਖਾਤਰ ਲਾਸ਼ਾਂ ਚਾਹੀਦੀਆਂ ਹਨ, ਭਾਵੇਂ ਇਹ ਲਾਸ਼ਾਂ ਜਹਾਦੀਆਂ ਦੀਆਂ ਹੋਣ ਜਾਂ ਫਿਰਦੌਸ ਵਰਗੇ ਅਸਲੋਂ ਮਾਸੂਮ ਤੇ ਬੇਕਸੂਰ ਮੁੰਡਿਆਂ ਦੀਆਂ।

ਨਾਵਲਕਾਰ ਨੇ ਦੋਵੇਂ ਪਾਸੇ ਦੀਆਂ ਕਮੀਨਗੀਆਂ ਵੀ ਦਿਖਾਈਆਂ ਹਨ ਤੇ ਮਜਬੂਰੀਆਂ ਵੀ। ਪੁਲਿਸ ਤਸ਼ੱਦਦ ਤੋਂ ਅੱਕੇ ਖਾਲਿਦ ਵਰਗੇ ਜਹਾਦੀਆਂ ਨਾਲ ਜਾ ਰਲਦੇ ਹਨ ਅਤੇ ਜੇ ਦੂਜੇ ਪਾਸੇ ਤਿਮੁਰ ਵਰਗੇ ਜਹਾਦੀਆਂ ਦਾ ਸਾਥ ਛੱਡ ਕੇ ਬਲਾਂ ਨਾਲ ਰਲਦੇ ਹਨ ਤਾਂ ਮੁਸਤਫਾ ਤੇ ਰਾਠੌਰ ਵਰਗੇ ਆਪਣੇ ਖਾਤੇ ਵਿਚ ਮਾਰੇ ਜਹਾਦੀਆਂ ਦਾ ਵਾਧਾ ਕਰਨ ਲਈ ਤਿਮੁਰ ਨੂੰ ਵੀ ਖਤਮ ਕਰ ਦਿੰਦੇ ਹਨ।

'ਲਾਲ ਮੱਕੀ' ਬਹੁਤ ਹੀ ਮਾਰਮਿਕ ਰਚਨਾ ਹੈ। ਕੌਸਰ ਜਾਨ ਦੋ ਜਹਾਦੀਆਂ ਅਤੇ ਇਕ ਸਰਕਾਰੀ ਐਸ.ਪੀ.ਓ. ਦੀ ਮਾਂ ਹੈ। ਕੌਸਰ ਕਸ਼ਮੀਰ ਵਾਦੀ ਦੀ ਪ੍ਰਤੀਕ ਵਜੋਂ ਪੇਸ਼ ਕੀਤੀ ਗਈ ਹੈ। ਦੋਵੇਂ ਪਾਸੇ ਕਸ਼ਮੀਰੀ ਲੋਕਾਂ ਦਾ ਹੀ ਖੂਨ ਡੁੱਲ੍ਹਦਾ ਹੈ। ਕੌਸਰ ਜਾਨ ਨੇ ਇਕ ਮਾਂ ਦੇ ਰੂਪ 'ਚ ਤਿੰਨੇ ਪੁੱਤਾਂ ਦੀ ਕੁਰਬਾਨੀ ਦਿੱਤੀ ਹੈ। ਵਾਦੀ ਦੀਆਂ ਸਾਰੀਆਂ ਮਾਵਾਂ ਹੀ ਪਿਸ ਰਹੀਆਂ ਹਨ।

ਨਾਵਲ ਪੜ੍ਹਦਿਆਂ ਇਹ ਖਿਆਲ ਵਾਰ-ਵਾਰ ਆਉਂਦਾ ਰਿਹਾ ਕਿ ਇਹ ਸਾਰਾ ਕੁਝ ਪੰਜਾਬ ਨੇ ਵੀ ਹੰਢਾਇਆ ਹੈ। ਫਿਰ 'ਲਾਲ ਮੱਕੀ' ਜਿਹਾ ਕੋਈ ਨਾਵਲ ਪੰਜਾਬੀ ਵਿਚ ਕਿਉਂ ਨਹੀਂ ਰਚਿਆ ਗਿਆ। ਕੀ ਪੰਜਾਬੀਆਂ ਕੋਲ ਕੋਈ ਦਾਨੇਸ਼ ਰਾਣਾ ਨਹੀਂ?

## ਕਸ਼ਮੀਰੀਆਂ ਦਾ ਦੁਖਾਂਤ

ਕਸ਼ਮੀਰ ਬਾਰੇ ਹਰ ਕਿਸੇ ਦੀ ਆਪਣੀ ਧਾਰਨਾ ਹੋ ਸਕਦੀ ਹੈ ਪਰ ਹਰ ਕੋਈ ਕਸ਼ਮੀਰ ਬਾਰੇ ਹੋਰ ਜਾਣਨਾ ਚਾਹੁੰਦਾ ਹੈ। ਜੇ ਤੁਸੀਂ ਕਸ਼ਮੀਰ ਦੀ ਸਮੱਸਿਆ ਬਾਰੇ ਇਤਿਹਾਸਕ, ਸਿਧਾਂਤਕ ਲਿਖਤ ਪੜ੍ਹਨਾ ਚਾਹੁੰਦੇ ਹੋ ਤਾਂ ਇਸ ਨਾਵਲ ਵਿਚੋਂ ਤੁਹਾਨੂੰ ਕੁਝ ਨਹੀਂ ਮਿਲਣਾ, ਤੁਸੀਂ ਇਸ 'ਤੇ ਸਮਾਂ ਖਰਾਬ ਨਾ ਕਰੋ। ਜੇ ਤੁਸੀਂ ਕਸ਼ਮੀਰ ਬਾਰੇ ਸਿਰਫ ਇੱਕ ਪੱਖ ਹੀ ਪੜ੍ਹ ਕੇ ਆਪਣੇ ਪਹਿਲੇ ਬਣਾਏ ਇਕਪਾਸੜ ਵਿਚਾਰਾਂ ਨੂੰ ਹੋਰ ਪੱਕਾ ਕਰਨਾ ਚਾਹੁੰਦੇ ਹੋ ਤਾਂ ਵੀ ਇਹ ਨਾਵਲ ਤੁਹਾਡੇ ਕੰਮ ਨਹੀਂ ਆ ਸਕਦਾ। ਜੇ ਤੁਸੀਂ ਕਸ਼ਮੀਰ 'ਚ ਸੰਤਾਪ ਭੋਗ ਰਹੇ ਲੋਕਾਂ ਦੇ ਦਰਦ ਦੇਖਣਾ ਚਾਹੁੰਦੇ ਹੋ ਤਾਂ ਇਹ ਪੜ੍ਹ ਸਕਦੇ ਹੋ।

ਨਾਵਲ ਕੌਸਰ ਜਾਨ ਨਾਂ ਦੀ ਵਿਧਵਾ ਤੇ ਉਹਦੇ ਤਿੰਨ ਪੁੱਤਰਾਂ ਦੁਆਲੇ ਘੁੰਮਦਾ ਹੈ। ਸ਼ਕੀਲ ਏਰੀਆ ਕਮਾਂਡਰ ਬਣਦਾ, ਦੂਜੇ ਖਾਲਿਦ ਨੂੰ ਪੁਲਿਸ ਫੌਜ ਨੇ ਆਪ ਕੁੱਟ-ਕੁੱਟ ਮੁਜਾਹਿਦਾਂ ਨਾਲ ਰਲਣ ਲਈ ਮਜਬੂਰ ਕਰ ਦਿੱਤਾ। ਟਾਊਟ ਗੁਲ ਮੁਹੰਮਦ ਨਫਰਤ ਦੇ ਪਾਤਰ ਦਾ ਮੁਜਹਿਦਾਂ ਨੇ ਸਿਰ ਕਲਮ ਕੀਤਾ। ਰਹਿਮਤਉਲਾ ਪੀਰ ਦੀ ਅੱਯਾਸ਼ੀ, ਛੋਟੀ ਬੱਚੀ ਨਾਲ ਬਲਾਤਕਾਰ, ਫੌਜ ਵਲੋਂ ਬੇਕਸੂਰ ਖਾਲਿਦ 'ਤੇ ਤਸ਼ੱਦਦ ਪਾਠਕ ਨੂੰ ਭਾਵੁਕ ਕਰ ਦਿੰਦੇ ਹਨ।

ਕੌਸਰ ਜਾਨ ਦੇ ਛੋਟੇ ਪੁੱਤਰ ਫਿਰਦੌਸ ਦਾ ਐਸ.ਪੀ.ਓ. ਭਰਤੀ ਹੋਣਾ ਤੇ ਮੇਜਰ ਦੇ ਟਾਰਗਿਟ ਦਾ ਸ਼ਿਕਾਰ ਬਣ ਚੀਥੜਿਆਂ 'ਚ ਬਦਲ ਜਾਣਾ। ਕੈਟ ਤਿਮਰੂ ਵਲੋਂ ਫਿਰਦੌਸ ਨੂੰ ਮਾਰਨਾ ਤੇ ਫਿਰ ਤਿਮਰੂ ਨੂੰ ਫੌਜ ਵੱਲੋਂ ਮਾਰ ਮੁਕਾਬਲੇ ਨੂੰ 'ਸੱਚਾ ਤੇ ਪੱਕਾ' ਬਣਾਉਣਾ ਪਾਠਕ ਨੂੰ ਧੂੜਧੜੀ ਲਿਆ ਦਿੰਦਾ ਹੈ। ਫੌਜ ਦੇ ਆਮ ਨਾਗਰਿਕਾਂ ਨਾਲ ਧੱਕੇ ਨੂੰ ਪੇਸ਼ ਕੀਤਾ ਗਿਆ ਹੈ, ਕਿਵੇਂ ਸਕੂਲੀ ਵਿਦਿਆਰਥੀਆਂ, ਅਧਿਆਪਕਾਂ ਨਾਲ ਫੌਜ ਧੱਕੇਸ਼ਾਹੀ, ਗੁੰਡਾਗਰਦੀ ਹੈ।

ਅਤਿਵਾਦੀਆਂ ਦੇ ਕਾਰਨਾਮਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ, ਆਮ ਲੋਕ ਇਨ੍ਹਾਂ ਦੋ ਪੁੜਾਂ ਵਿਚ ਪਿਸ ਰਹੇ ਹਨ। ਕਲਾਸ਼ਨੀਕੋਵ ਚਾਹੇ ਫੌਜ ਹੱਥ ਹੋਵੇ, ਚਾਹੇ ਅਤਿਵਾਦੀ ਹੱਥ, ਨੁਕਸਾਨ ਆਮ ਲੋਕਾਂ ਦਾ ਹੀ ਹੁੰਦਾ ਹੈ। ਕਿੰਨੀਆਂ ਅੱਧੀਆਂ ਵਿਧਵਾਵਾਂ, ਬੇਸਹਾਰਾ ਮਾਵਾਂ ਇਸ ਦੁਖਾਂਤ ਦੀ ਮਾਰ ਝੱਲ ਰਹੀਆਂ ਹਨ। ਪੰਜਾਬ ਨੇ ਵੀ ਇਹ ਸਾਰਾ ਆਪਣੇ ਪਿੰਡੇ 'ਤੇ ਹੰਡਾਇਆ ਹੈ।

ਕਸ਼ਮੀਰ ਦੇ ਦੁਖਾਂਤਕ ਹਾਲਤ ਨੂੰ ਸਮਝਣ ਲਈ ਇਹ ਪੁਸਤਕ ਤੁਹਾਡੀ ਸਹਾਇਤਾ ਕਰ ਸਕਦੀ ਹੈ। ਪੁਸਤਕ 'ਚ ਤੁਸੀਂ ਇੰਨੇ ਖੁਭ ਜਾਂਦੇ ਹੋ ਕਿ ਪਾਤਰਾਂ ਨਾਲ ਹਮਦਰਦੀ ਹੋਣ ਲਗਦੀ ਹੈ। ਮੇਜਰ ਰਾਠੌਰ ਦੀ ਦੁਬਿਧਾ ਦਿਮਾਗ 'ਤੇ ਬੋਝ ਪਾਉਂਦੀ ਹੈ ਕਿ ਅਫਸਰ, ਫੌਜ, ਕਸ਼ਮੀਰੀ ਮੋਹਰੇ ਹਨ।

**-ਵਰਿੰਦਰ ਦੀਵਾਨਾ**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੁਲਾਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-438



*ਹੱਡ ਭੰਨਵੀਂ ਮਿਹਨਤ ਕਰਕੇ ਰੋਟੀ-ਟੁੱਕ ਚਲਾਉਂਦਾ ਹਾਂ।*
*ਜ਼ਿੰਦਗੀ ਜਿਉਂਦਾ ਆਖੋ ਨਾ ਜੀ, ਮੈਂ ਤਾਂ ਜੂਨ ਹੰਢਾਉਂਦਾ ਹਾਂ।*

## ਕੈਪਸ਼ਨ ਮੁਕਾਬਲਾ-436



ਵਾਂਗ ਪਰਿੰਦੇ ਲਿਖ ਦਿੱਤਾ ਹੈ
ਪਰਦੇਸੀਂ ਚੁਗਣਾ ਦਾਣਾ।
ਸਾਡੇ ਕਰਮੀਂ ਮਿਹਨਤ ਹਿੰਮਤ
ਨਿੱਤ ਕਮਾ ਕੇ ਖਾਣਾ।
ਕਦੇ ਕੋਰੋਨਾ ਲਾ ਕੇ ਠਿੱਬੀ
ਮੋੜ ਦਿੱਤਾ ਸੀ ਘਰਾਂ ਵੱਲ,
ਕੀ ਕਰੀਏ ਢਿੱਡ ਪਵੇ ਨਾ ਝੁਲਕਾ
ਮੁੜੇ ਹਾਂ ਗਰਾਂ ਵੱਲ।
**-ਸੇਵਾ ਸਿੰਘ ਨੂਰਪੁਰੀ**

---

ਮੋਟਰ ਨੇੜੇ ਪੱਲੀ ਉਤੇ ਸਿਰ-ਮੂੰਹ ਲਪੇਟੀ
ਲੰਮੀਆਂ ਤਾਣ ਕੇ ਸੌਂ ਗਏ ਸਾਰੇ।
ਗਾਹੀਆਂ ਵਾਟਾਂ, ਰਾਸ ਨਾ ਆਈਆਂ
ਪਿਛਲੇ ਪੈਰੀਂ ਮੁੜ ਪਏ ਵਿਚਾਰੇ।
ਭੁੱਖ, ਦੁੱਖ 'ਚ ਅੰਨ ਦਾਤੇ ਨੇ ਸਾਂਝੇ,
ਕੀ ਕੀਤਾ ਦੱਸ, ਚੰਦਰੀਏ ਸਰਕਾਰੇ?
**-ਦਵਿੰਦਰ ਕੌਰ**

---

ਔਝੜਾਂ ਭਰੀ ਕਿਰਤੀ ਦੀ ਜ਼ਿੰਦਗੀ
ਮਾਲਕ ਜਿੱਥੇ ਰੱਖੇ, ਉਥੇ ਪੈਂਦਾ ਰਹਿਣਾ।
ਕਰੋਨਾ ਭਜਾਇਆ ਪੈਦਲ ਮਾਤ-ਭੂਮੀ ਵੱਲ
ਰੁਕਾਵਟਾਂ ਰਾਹ ਦੀਆਂ ਨੂੰ ਪਿਆ ਸਹਿਣਾ।
ਸਾਨੂੰ ਕਿਰਤੀਆਂ ਨੂੰ ਚੈਨ ਕਿਥੇ?
ਭੁੱਖ ਅਤੇ ਗਰੀਬੀ ਨੇ
ਮੁੜ ਰੁਜ਼ਗਾਰ ਵੱਲ ਭਜਾਇਆ
ਖੇਤੀ-ਮੋਟਰਾਂ 'ਤੇ ਸਾਡੇ ਬਣੇ ਟਿਕਾਣੇ
ਭੁੰਜੇ ਆਸਣ ਲਾ ਕੇ ਰਾਤਾਂ ਨੂੰ
ਮੱਛਰਾਂ ਖੂਬ ਸਤਾਇਆ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਮਹਾਮਾਰੀ ਦੇ ਡਰ ਤੋਂ ਸਹਿਮੇ
ਮਜਦੂਰਾਂ ਨੂੰ ਘਰ ਯਾਦ ਸਤਾਏ।
ਪਰ ਭੁੱਖਮਰੀ ਦੇ ਫੋਨ ਸੁਨੇਹੇ
ਰਾਮੂ ਹੋਰਾਂ ਨੂੰ ਘਰ ਤੋਂ ਆਏ।
"ਵੇਖਿਓ ਕਿਤੇ, ਕੰਮ ਛੱਡ ਦਿਓ,
ਕਿਰਤ ਹੀ ਪੇਟ ਦੀ ਅੱਗ ਬੁਝਾਏ।"
ਬਦਲੀ, ਵਾਪਿਸ ਜਾਣ ਦੀ ਤਿਆਰੀ
ਮੋਟਰ 'ਤੇ ਫਿਰ ਡੇਰੇ ਲਾਏ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਕੌਣ ਕੋਲ ਦੀ ਲੰਘ ਜਾਵੇ
ਸੁੱਤਿਆਂ ਨੂੰ ਇਹ ਸਾਰ ਕੋਈ ਨਾ।
ਵਿਚ ਪਰਦੇਸਾਂ ਹਾਲ ਜੋ ਪੁੱਛੇ
ਇਨ੍ਹਾਂ ਦਾ ਦਿਲਦਾਰ ਕੋਈ ਨਾ।
ਥੱਕੇ ਟੁੱਟੇ ਕੰਮ ਦੇ ਝੰਬੇ
ਭੁੰਜੇ ਹੀ ਸੌਂ ਜਾਣ ਬੇਚਾਰੇ।
ਚਾਰ ਛਿੱਲੜ ਜੁੜ ਜਾਣ, ਸੋਚ ਕੇ
ਲੱਗਦੇ ਉਠ ਕੇ ਉਸੇ ਕਾਰੇ।
**-ਕੇਵਲ ਸਿੰਘ**
**ਪਿੰਡ ਕਲਾਹੜ, ਲੁਧਿਆਣਾ**
**ਫੋਨ: 91-98764-84032**

---

ਇਕੋ ਮੁਲਖ ਬਾਸ਼ਿੰਦੇ,
ਦੇਸੀ ਅਤੇ ਪਰਦੇਸੀ ਕਹਾਵੇ,
ਗਏ ਸੀ ਰੋਟੀ-ਪਾਣੀ ਦਾ ਜੁਗਾੜ ਕਰਨ
ਪਿਆ ਰੌਲਾ ਕਰੋਨਾ ਮਹਾਮਾਰੀ ਦਾ
ਉਨ੍ਹੀਂ ਪੈਰੀਂ ਮੁੜਨ ਭੱਜ-ਦੌੜ ਪਈ।
ਇਕ ਢਿੱਡ ਭੁੱਖਾ,
ਦੂਜਾ ਆਵਾਜਾਈ ਬੰਦ ਹੋਈ,
ਲਾ ਕਿਆਫੇ ਸੜਕਾਂ, ਰੇਲ ਪਟੜੀਆਂ 'ਚੋਂ
ਤੁਰ ਪਏ ਕਮਰਕੱਸੇ ਕਰ ਕੇ।
ਥੱਕੇ-ਟੁੱਟੇ ਮਾਰੇ ਬਿਪਤਾ ਦੇ
ਰੜੇ ਹੀ ਤਪੜੀ 'ਤੇ
ਨੈਪ ਲੈਣ ਨੂੰ ਮਜਬੂਰ ਹੋਏ।
ਨਾ ਛੱਡਿਆ ਪਿੱਛਾ ਹਕੂਮਤ ਫਿਰ ਵੀ
ਫਾਸਲਾ ਨਹੀਂ ਛੇ ਫੁੱਟ ਦਾ,
ਸੁੱਤੇ ਪਏ ਆਣ ਦਬੋਚੇ।
ਡੰਨ ਲਾ ਪੇਸ਼ ਹੋਣ ਲਈ ਪਰਚੇ ਫੜਾ ਗਏ।
ਕਿਤੇ ਸਮਝ ਮੁਰਦੇ
ਜਿਉਂਦੇ ਹੀ ਨਹੀਂ ਸਾੜ ਦਿੱਤੇ!
**-ਦਰਸ਼ਨਪਾਲ ਦੋਸਾਂਝ**

---

ਕੀ ਪਰਦੇਸੀਆਂ ਦੀ ਜ਼ਿੰਦਗੀ
ਕੀ ਸਾਡਾ ਜੀਣਾ,
ਓਹੀ ਹੋਵੇ ਜੋ ਪਰਮਾਤਮਾ ਚਾਹੁੰਦਾ
ਉਸ ਦੀ ਮਰਜੀ ਤੋਂ ਬਿਨਾ ਕੁਝ ਨਹੀਂ ਹੋਣਾ।
ਗਏ ਸਾਂ ਵਾਪਸ ਵਿਚ ਪਰਿਵਾਰਾਂ
ਦੇਖ ਹਾਲਤ ਉਥੋਂ ਦੀ ਮਾੜੀ।
ਮੁੜ ਆਏ ਹਾਂ ਓਸੇ ਦੇਸ਼
ਜਿੱਥੇ ਕਰਨਾ ਕੰਮ ਤੇ ਦਿਹਾੜੀ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-640-6660**

# ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਬੋਲ-ਬਬੀਹੇ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੌਲਿਕਤਾ ਦੇ ਮੌਲਦੇ ਬੂਟੇ ਦੀ ਬਾਤ ਪਾਉਂਦਿਆਂ ਕਿਆ ਖੂਬ ਕਿਹਾ ਸੀ, "ਮੌਲਿਕਤਾ ਸਦਾ ਜਿਉਂਦੀ। ਹਾਜ਼ਰ-ਨਾਜਰ। ਕਦੇ ਨਹੀਂ ਮਰਦੀ ਅਤੇ ਨਾ ਹੀ ਇਸ ਨੂੰ ਕੋਈ ਮਾਰ ਸਕਦਾ। ਚਾਹੇ ਹਾਲਾਤ, ਸਮਾਜ ਜਾਂ ਚੌਗਿਰਦਾ ਮੌਲਿਕਤਾ ਦੀ ਸੰਘੀ ਘੁੱਟਣ ਲਈ ਪੂਰੀ ਵਾਹ ਲਾਵੇ।...ਮੌਲਿਕਤਾ ਨੂੰ ਮੌਲਣ ਦਿਓ। ਇਸ ਦੀ ਉਡਾਣ ਨੂੰ ਸੀਮਤ ਨਾ ਕਰੋ। ਨਾ ਹੀ ਇਸ ਦੇ ਜਗਦੇ ਚਿਰਾਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰੋ, ਸਗੋਂ ਹਵਾ ਦੀ ਰੁਮਕਣੀ ਇਸ ਦੇ ਨਾਮ ਕਰੋ ਤਾਂ ਕਿ ਮੌਲਿਕਤਾ ਦਾ ਦੀਵਾ ਹਮੇਸ਼ਾ ਜਗਦੇ ਰਹੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੋਲਾਂ ਦੇ ਮੂੰਹ ਵਿਚ ਅਜਿਹੇ ਬੋਲ ਪਾਉਣ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ ਹੈ, ਜਿਨ੍ਹਾਂ ਨਾਲ ਭਾਂਬੜ ਮੱਚਦੇ ਹੋਣ ਜਾਂ ਰਿਸ਼ਤਿਆਂ ਵਿਚ ਤ੍ਰੇੜਾਂ ਪੈਂਦੀਆਂ ਹੋਣ। ਉਹ ਕਹਿੰਦੇ ਹਨ, "ਬੋਲ, ਸੁਹਜਮਈ ਤੇ ਕੁਹਜੇ ਵੀ। ਅਵੈੜੇ ਵੀ ਤੇ ਮਲੂਕ ਵੀ। ਰਸੀਲੇ ਵੀ ਤੇ ਗੁਸੈਲੇ ਵੀ। ਝਗੜਾਲੂ ਵੀ ਤੇ ਸਮਝੌਤਾਵਾਦੀ ਵੀ। ਜਖਮ ਵੀ ਤੇ ਜਖਮਾਂ ਲਈ ਮਰ੍ਹਮ ਵੀ। ਦਰਦਵੰਤੇ ਵੀ ਅਤੇ ਦਰਦ ਦੀ ਦਵਾ ਵੀ। ਦੁੱਖ ਵਿਹਾਜਣੇ ਵੀ ਅਤੇ ਸੁੱਖ ਵਰਤਾਉਣੇ ਵੀ। ਬਹੁਤ ਹੀ ਰੂਪ ਨੇ ਬੋਲਾਂ ਦੇ।...ਬੋਲ ਸੰਕੋਚਵੇਂ, ਸੱਚੇ, ਸੁੱਚੇ, ਸੁੰਦਰ, ਸੰਜੀਦਾ ਅਤੇ ਸਪੱਸ਼ਟ ਹੋਣ ਤਾਂ ਇਨ੍ਹਾਂ ਦੇ ਅਰਥਾਂ ਦੀ ਅਸੀਮਤਾ ਤੇ ਡੂੰਘਾਈ, ਸੁਣਨ ਵਾਲੇ ਲਈ ਬੋਲ-ਬਬੀਹਾ ਹੁੰਦੀ, ਜਿਸ ਦੀ ਪੁਕਾਰ ਸੁਣ ਕੇ ਖੁਦਾ ਵੀ ਦ੍ਰਿਸ਼ਟਮਾਨ ਹੋ ਜਾਂਦਾ।" -ਸੰਪਾਦਕ***

ਬੋਲ, ਭਾਵਾਂ ਦਾ ਅਦਾਨ-ਪ੍ਰਦਾਨ, ਗੱਲਬਾਤ ਦਾ ਸਬੱਬ, ਨਿਜੀ ਭਾਵਨਾਵਾਂ ਦਾ ਪ੍ਰਵਾਹ, ਦਿਲ ਦੀਆਂ ਰਮਜ਼ਾਂ ਨੂੰ ਉਲਥਾਉਣਾ ਅਤੇ ਇਨ੍ਹਾਂ ਨੂੰ 'ਵਾ ਦੇ ਕੰਨੀਂ ਬੰਨ ਕੇ ਸੱਜਣਾਂ ਨੂੰ ਪਹੁੰਚਾਉਣਾ।

ਬੋਲ, ਸਮਾਜਕ ਵਰਤਾਰੇ ਦਾ ਅਹਿਮ ਅੰਗ, ਪਰਿੰਦਿਆਂ ਦੇ ਚੁੰਝ-ਚੋਚਲੇ, ਇਕ ਦੂਜੇ ਨੂੰ ਸੰਦੇਸ਼ ਪਹੁੰਚਾਉਣ ਲਈ ਤਰਕੀਬ, ਤਜਵੀਜ਼ ਅਤੇ ਤਰਜੀਹ। ਬੋਲ, ਖਾਸ ਰਿਦਮ, ਅਨੁਸ਼ਾਸਨ ਅਤੇ ਤਰਤੀਬ ਵਿਚ ਅਰਥਮਈ ਜਦ ਕਿ ਉਗੜੇ-ਦੁੱਗੜੇ ਬੋਲ ਬੇਅਰਥੇ ਹੁੰਦੇ।

ਬੋਲ ਦੀ ਸੁੱਚਤਮਤਾ ਤੇ ਉਤਮਤਾ ਇਸ ਗੱਲ ਦੀ ਗਵਾਹ ਕਿ ਬੋਲ ਕਿਸ ਮੁਖਾਰਬਿੰਦ ਵਿਚੋਂ ਉਚਾਰੇ ਗਏ? ਕਿਸ ਨੂੰ ਮੁਖਾਤਿਬ ਹੋ ਕੇ ਉਚਾਰੇ ਗਏ? ਬੋਲਾਂ ਵਿਚ ਕਿਹੜਾ ਮਕਸਦ ਅਤੇ ਆਸਥਾ? ਬੋਲਾਂ ਦੀ ਤਾਸੀਰ ਇਸ ਗੱਲ 'ਤੇ ਵੀ ਨਿਰਭਰ ਕਰਦੀ ਕਿ ਇਹ ਬੋਲ ਕਿਸ ਸਮੇਂ, ਕਿਹੜੀ ਥਾਂ ਅਤੇ ਕਿਨ੍ਹਾਂ ਹਾਲਤਾਂ ਵਿਚ ਆਪਣੀ ਹੋਂਦ ਪ੍ਰਗਟਾਉਂਦੇ?

ਬੋਲ, ਅਬੋਲ ਤੇ ਅਗਾਧ ਵੀ। ਉਦਾਸ ਵੀ ਤੇ ਹਾਸੇ-ਠੱਠੇ ਨਾਲ ਭਰਪੂਰ ਵੀ। ਗੁੰਮਸੁਦਗੀ ਦੀ ਦੱਸ ਵੀ ਤੇ ਹਾਜ਼ਰੀ ਦਾ ਪਤਾ ਵੀ। ਬੋਲਾਂ ਦੀ ਤਾਸੀਰ, ਤਰਬੀਅਤ ਅਤੇ ਤਰੰਗਾਂ ਵਿਚੋਂ ਹੀ ਇਨ੍ਹਾਂ ਦੇ ਅੰਤਰੀਵ ਵਿਚ ਬੈਠੀ ਸੋਚ-ਸਪੱਸ਼ਟਤਾ ਦਾ ਝਲਕਾਰਾ।

ਬੋਲ, ਸੁਹਜਮਈ ਤੇ ਕੁਹਜੇ ਵੀ। ਅਵੈੜੇ ਵੀ ਤੇ ਮਲੂਕ ਵੀ। ਰਸੀਲੇ ਵੀ ਤੇ ਗੁਸੈਲੇ ਵੀ। ਝਗੜਾਲੂ ਵੀ ਤੇ ਸਮਝੌਤਾਵਾਦੀ ਵੀ। ਜਖਮ ਵੀ ਤੇ ਜਖਮਾਂ ਲਈ ਮਰ੍ਹਮ ਵੀ। ਦਰਦਵੰਤੇ ਵੀ ਅਤੇ ਦਰਦ ਦੀ ਦਵਾ ਵੀ। ਦੁੱਖ ਵਿਹਾਜਣੇ ਵੀ ਅਤੇ ਸੁੱਖ ਵਰਤਾਉਣੇ ਵੀ। ਬਹੁਤ ਹੀ ਰੂਪ ਨੇ ਬੋਲਾਂ ਦੇ।

ਬੋਲ ਜਦ ਚੀਸਾਂ, ਚੀਕ-ਚਿਹਾੜਾ, ਕੁਰਲਾਹਟ, ਕੀਰਨੇ ਜਾਂ ਕੂਕ ਬਣਦੇ ਤਾਂ ਵਕਤ ਦੇ ਪਿੰਡੇ 'ਤੇ ਲਾਸ਼ਾਂ ਪੈਂਦੀਆਂ। ਇਨ੍ਹਾਂ ਦੀ ਚਸਕ ਰੂਹ ਨੂੰ ਲੀਰਾਂ ਕਰਦੀ। ਬੋਲ, ਕਦੇ ਸੱਸੀ ਦੀਆਂ ਥਲ ਵਿਚਲੀਆਂ ਕੂਕਾਂ, ਕਦੇ ਮਿਰਜ਼ੇ ਦੀ ਲਾਸ਼ ਕੋਲ ਕੀਰਨੇ ਪਾਉਂਦਾ ਸਾਹਿਬਾਂ ਦਾ ਵਿਰਲਾਪ, ਕਦੇ ਝਨਾਂ ਵਿਚ ਮਹੀਂਵਾਲ ਨੂੰ ਹਾਕਾਂ ਮਾਰਦੀ ਸੋਹਣੀ ਦਾ ਆਖਰੀ ਤਰਲਾ ਅਤੇ ਕਦੇ ਖੇੜਿਆਂ ਦੀ ਡੋਲੀ ਵਿਚ ਬਹਿ ਕੇ ਰੋਂਦੀ ਹੀਰ ਦੀਆਂ ਭੁੱਬਾਂ ਹੁੰਦੇ। ਇਹ ਬੋਲ ਕਰੁਣਾ ਵਿਚ ਪਸੀਜੇ, ਖਾਰੇ ਪਾਣੀਆਂ 'ਚ ਖੁਰ, ਹੋਠਾਂ 'ਤੇ ਉਕਰਿਆ ਮਰਸੀਆ ਬਣ ਜਾਂਦੇ।

ਬੋਲ, ਵਿਹੜੇ ਵਿਚ ਵਿਛੇ ਸੱਥਰ ਦੀ ਪੀੜ ਫਰੋਲਦੇ, ਆਪਣਿਆਂ ਦੇ ਸਦੀਵੀ ਵਿਛੋੜੇ ਵਿਚ ਪਿੱਘਲ ਕੇ ਕਬਰਾਂ ਨੂੰ ਜਾਂਦੀਆਂ ਰਾਹਾਂ ਧੋਂਦੇ ਅਤੇ ਸਿਵੇ ਵਿਚੋਂ ਉਡਦੀਆਂ ਲਾਟਾਂ ਵਿਚ ਸੜਦੇ ਬੋਲ ਅਵਾਕ ਹੋ ਜਾਂਦੇ। ਇਨ੍ਹਾਂ ਬੋਲਾਂ ਵਿਚ ਬਹੁਤ ਕੁਝ ਗੁੰਮ ਜਾਂਦਾ, ਜੋ ਧੂਣੀ ਦਾ ਧੂੰਆਂ ਬਣ ਕੇ ਜੀਵਨ ਧੁਆਂਖਦਾ।

ਬੋਲ ਲਲਕਾਰੇ, ਜੈਕਾਰੇ, ਵੰਗਾਰਾਂ, ਤਲਵਾਰਾਂ ਅਤੇ ਛਵੀਆਂ ਦੀਆਂ ਚੀਖਦੀਆਂ ਅਵਾਜ਼ਾਂ। ਅਜਿਹੇ ਬੋਲਾਂ ਵਿਚ ਮੂਕ ਹੋ ਜਾਂਦੇ ਧੜਕਦੀਆਂ ਜਿੰਦਾਂ ਦੇ ਸਾਜ਼। ਧਰਤ 'ਤੇ ਵਿਛੀਆਂ ਲਾਸ਼ਾਂ 'ਤੇ ਗਿਰਝਾਂ ਦੀ ਡਾਰ ਮੰਡਰਾਉਂਦੀ। ਚੀਥੜਿਆਂ 'ਚੋਂ ਪ੍ਰਗਟ ਹੁੰਦੀ ਮਨੁੱਖ ਅੰਦਰ ਵੱਸਦੀ ਹੈਵਾਨੀਅਤ, ਜਿਸ ਲਈ ਜਿਉਣ ਨਾਲੋਂ ਮਰਨਾ ਅਤੇ ਮਾਰਨਾ ਹੀ ਜ਼ਿੰਦਗੀ ਦਾ ਦਸਤੂਰ।

ਬੋਲ ਨਿੰਦਿਆ, ਨਕਾਰਾਤਮਕ, ਨਿਰ-ਉਦੇਸ਼ ਅਤੇ ਨਫਰਤੀ ਹੋਣ ਤਾਂ ਬੋਲ, ਬੋਲ ਨਹੀਂ ਸਗੋਂ ਬੋਲਾਂ ਦੀ ਕੁੱਖ ਵਿਚ ਸਾਹਾਂ ਦਾ ਸੰਤਾਪ ਹੁੰਦਾ।

ਬੋਲ ਜਦ ਧਰਮ ਦੀ ਆੜ ਵਿਚ ਨਫਰਤ ਬੀਜਦੇ-ਅਰਦਾਸ, ਆਰਤੀ ਤੇ ਅਜ਼ਾਨ ਦੀ ਤ੍ਰਿਕੜੀ ਵਿਚ ਸੇਹ ਦਾ ਤੱਕਲਾ ਗੱਡਦੇ। ਮਾਨਤਵਤਾ ਦੇ ਮੁੱਖ ਨੂੰ ਬੇਦੋਸ਼ਿਆਂ ਦੇ ਖੂਨ ਵਿਚ ਰੰਗਦੇ ਤਾਂ ਬੋਲ ਖੁਦਕੁਸ਼ੀ ਕਰ ਜਾਂਦੇ, ਕਿਉਂਕਿ ਧਰਮੀ ਬੋਲ ਤਾਂ ਆਪਸੀ ਪ੍ਰੇਮ-ਭਾਵ ਮਿਲਵਰਤਣ ਅਤੇ ਸਹਿ-ਵਰਤਾਰੇ ਦਾ ਸੰਦੇਸ਼ ਹੁੰਦੇ। ਅਧਰਮੀ ਵਰਤਾਰਾ ਤਾਂ ਸਿਰਫ ਅਡੰਬਰੀ ਲੋਕਾਂ ਦੀ ਜ਼ਹਿਰੀਲੀ ਜ਼ਹਿਨੀਅਤ ਦਾ ਨੰਗਾ ਨਾਚ।

ਬੋਲ, ਮਾਂ ਦੀਆਂ ਬੱਚੇ ਨੂੰ ਦਿੱਤੀਆਂ ਲੋਰੀਆਂ, ਬਾਪ ਦੇ ਲਡਾਏ ਲਾਡਾਂ, ਮੇਲੀਆਂ ਦੀਆਂ ਪਾਈਆਂ ਬੋਲੀਆਂ, ਜਾਂਞੀਆਂ ਵਲੋਂ ਸਿੱਠਣੀਆਂ ਦੇ ਹੁੰਗਾਰੇ, ਵੀਰਾਂ ਦੇ ਗੁੱਟਾਂ 'ਤੇ ਬੱਝੀਆਂ ਰੱਖੜੀਆਂ 'ਚ ਭੈਣਾਂ ਦੀ ਅਸੀਸ, ਵਿਆਹ ਸਮੇਂ ਘੋੜੀਆਂ ਤੇ ਸੁਹਾਗ, ਧੀ ਦੇ ਤੋਰਨ ਵਿਚ ਵਿਰਾਗੀ ਮਾਂ ਦੀਆਂ ਲਿਲਕੜੀਆਂ, ਬਾਪ ਦਾ ਘਰ ਛੱਡ ਰਹੀ ਧੀ ਦੀਆਂ ਸਿਸਕੀਆਂ, ਨੂੰਹ ਤੋਂ ਪਾਣੀ ਵਾਰਦੀ ਸੱਸ ਦੀਆਂ ਦੁਆਵਾਂ ਆਦਿ ਦਾ ਰੂਪ ਧਾਰਦੇ ਤਾਂ ਨਵੇਂ ਪਰਿਵਾਰ, ਸਬੰਧਾਂ ਅਤੇ ਸਮਾਜ ਦਾ ਅਰੰਭ ਹੁੰਦਾ, ਜਿਸਨੇ ਭਵਿੱਖ ਦੀ ਸਿਰਜਣਾ ਕਰਨੀ ਹੁੰਦੀ।

ਬੋਲ, ਬੰਦਗੀ ਲਈ ਰਿਆਜ਼, ਬੰਦਿਆਈ ਦਾ ਬਿਹਤਰੀਨ ਅੰਦਾਜ਼, ਭਲਿਆਈ ਦਾ ਭਗਤੀ-ਨਾਦ ਅਤੇ ਅੰਤਰੀਵੀ ਯਾਤਰਾ ਦਾ ਸ਼ੁਭ-ਆਗਾਜ਼। ਬੋਲ-ਸਾਜ਼ ਜਦ ਅਗੰਮੀ ਨਾਦ ਬਣ ਕੇ ਰੂਹ ਵਿਚ ਗੂੰਜਦਾ ਤਾਂ ਬਹੁਤ ਕੁਝ ਮਨੁੱਖ ਨੂੰ ਹਾਸਲ ਹੁੰਦਾ, ਜਿਸ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ।

ਬੋਲ ਜਦ ਸੁੰਨ ਸਮਾਧੀ ਵਿਚ ਜਾਂਦੇ ਤਾਂ ਮਨੁੱਖ ਅੰਤਰੀਵ 'ਚ ਉਤਰਦਾ। ਫਿਰ ਅਬੋਲ ਰਹਿ ਕੇ ਬਹੁਤ ਕੁਝ ਸੁਣਾਈ ਦਿੰਦਾ, ਜਿਸ ਤੋਂ ਜਾਣ ਬੁੱਝ ਕੇ ਅਣਜਾਣ ਬਣਦੇ। ਸਭ ਤੋਂ ਔਖਾ ਹੁੰਦਾ ਏ, ਮਨ ਦੇ ਪਾਕ ਬੋਲਾਂ ਨੂੰ ਸੁਣਨਾ ਅਤੇ ਇਸ ਦੀ ਉਂਗਲ ਫੜ ਕੇ ਜੀਵਨ ਵਿਉਂਤਣਾ। ਸੱਚ ਨਾਲੋਂ ਕੂੜ-ਮਾਰਗੀ ਬਣਨਾ ਅਸਾਨ ਹੁੰਦਾ, ਕਿਉਂਕਿ ਅਸੀਂ ਸਮਾਜ ਦੇ ਗੰਧਲੇਪਣ 'ਚ ਰੰਗੇ, ਖੁਦ ਨੂੰ ਸਫਾਫ ਬਣਾਉਣ ਵੰਨੀਂ ਕਦੇ ਉਤੇਜਿਤ ਹੀ ਨਹੀਂ ਹੁੰਦੇ।

ਬੋਲ ਕਿਤਾਬਾਂ, ਕਲਾ-ਕਿਰਤਾਂ ਵਿਚੋਂ ਵੀ ਉਗਣ ਲਈ ਤਰਲੇ ਲੈਂਦੇ। ਇਨ੍ਹਾਂ ਬੋਲਾਂ ਨੂੰ ਰੂਹ ਵਿਚ ਵਸਾਉਣਾ ਅਤੇ ਇਨ੍ਹਾਂ ਨਾਲ ਆੜੀ ਪਾਉਣਾ, ਸੱਚ ਦੇ ਰਾਹ 'ਤੇ ਚਲਣ ਦਾ ਹੁਨਰ ਆਵੇਗਾ।

ਕਦੇ ਬੱਚਿਆਂ ਨੂੰ ਫੁੱਲਾਂ ਨਾਲ ਗੱਲਾਂ ਕਰਦੇ ਸੁਣਨਾ, ਪਾਲਤੂ ਜਾਨਵਰਾਂ ਨਾਲ ਗੱਲਬਾਤ ਵਿਚ ਰੁੱਝਿਆਂ ਨੂੰ ਵਾਚਣਾ, ਸ਼ਾਇਦ ਬਾਤਚੀਤ ਦੀ ਤੁਹਾਨੂੰ ਸਮਝ ਨਾ ਆਵੇ, ਪਰ ਉਸ ਬੋਲੀ ਨੂੰ ਫੁੱਲ ਅਤੇ ਜਾਨਵਰ ਬਾਖੂਬੀ ਸਮਝਦੇ।

ਹਵਾ ਦੀ ਰੁਮਕਣੀ, ਪੱਤਿਆਂ ਦੀ ਸਰਸਰਹਾਟ, ਬਿਰਖਾਂ 'ਚ ਸੂਕਦੀ ਹਵਾ, ਪਾਣੀਆਂ ਦੀਆਂ ਲਹਿਰਾਂ ਵਿਚਲਾ ਸੰਗੀਤ ਜਾਂ ਪੁਸਤਕ ਦੇ ਵਰਕੇ ਪਰਤਦਿਆਂ ਪੈਦਾ ਹੋਈ ਧੁਨ ਨੂੰ ਸੁਣਨਾ, ਰੂਹ ਨਸ਼ਿਆ ਜਾਵੇਗੀ। ਬਹੁਤ ਕੁਝ ਅਨਾਦੀ ਰੂਪ ਵਿਚ ਹਾਸਲ ਹੋਵੇਗਾ।

ਕਦੇ ਬਗੀਚੀ ਵਿਚ ਭੌਰਿਆਂ, ਤਿਤਲੀਆਂ ਤੇ ਮਧੂ ਮੱਖੀਆਂ ਜਾਂ ਦੀਵੇ ਦੀ ਲਾਟ ਦੁਆਲੇ ਪਤੰਗੇ ਦੇ ਪਰਾਂ ਦੀ ਅਵਾਜ਼ ਸੁਣਨਾ? ਪਤਾ ਲੱਗੇਗਾ ਕਿ ਰੰਗ ਤੇ ਮਹਿਕ ਦੀ ਤਲਾਸ਼ ਦੇ ਕੀ ਅਰਥ ਨੇ? ਸ਼ਹਿਦ ਦੀ ਤਲਾਸ਼ ਕਿਵੇਂ ਕਰੀਦੀ? ਜੀਵਨ ਨਿਛਾਵਰਤਾ ਕੀ ਹੁੰਦੀ?

ਬੋਲ, ਦੋ ਜਣਿਆਂ ਦੀ ਆਪਸੀ ਗੁਫਤਗੂ। ਸੋਚਾਂ, ਸੁਪਨਿਆਂ, ਸਾਧਨਾਂ ਅਤੇ ਸਮਾਧਾਨਾਂ ਦਾ ਵਿਚਾਰ-ਵਟਾਂਦਰਾ। ਹੰਭਲਿਆਂ ਦੀ ਜਨਮਭੂਮੀ।

ਬੋਲ ਜਦ ਕਿਸੇ ਜਰਖੇਜ਼-ਧਰਾਤਲ 'ਚ ਸੁਪਨੇ ਬੀਜਦੇ, ਸਿਰੜ ਤੇ ਪ੍ਰਤੀਬੱਧਤਾ ਦੀ ਜਾਗ ਲਾਉਂਦੇ ਜਾਂ ਮਸਤਕ 'ਤੇ ਸਫਲਤਾਵਾਂ ਦੇ ਨਕਸ਼ ਉਘਾੜਨ ਦਾ ਜ਼ਰੀਆ ਬਣਦੇ ਤਾਂ ਬੋਲ ਆਪਣੀ ਪੁਖਤਗੀ ਅਤੇ ਪ੍ਰੇਰਣਾ ਦਾ ਸਬੂਤ ਬਣਦੇ। ਕਈ ਵਾਰ ਇਕ ਹੀ ਬੋਲ ਮਨੁੱਖੀ ਸਮੁੱਚਤਾ ਨੂੰ ਬਦਲ ਦਿੰਦਾ ਤੇ ਇਕ ਹੀ ਬੋਲ ਕੁਰਾਹੇ ਪਾਉਂਦਾ। ਇਕ ਹੀ ਬੋਲ ਕਾਇਆ-ਕਲਪ ਤੇ ਇਕ ਹੀ ਬੋਲ ਬਰਬਾਦੀ। ਇਕ ਹੀ ਬੋਲ ਕਤਲ ਕਰਵਾਉਂਦਾ ਅਤੇ ਇਕ ਹੀ ਬੋਲ ਜੀਵਨ-ਦਾਨ। ਇਕ ਹੀ ਬੋਲ ਅੰਬਰ-ਤਸ਼ਬੀਹ ਅਤੇ ਇਕ ਹੀ ਬੋਲ ਰਸਾਤਲ-ਗਰਕਣੀ। ਇਕ ਹੀ ਬੋਲ ਖੁਦਕੁਸ਼ੀ ਵੰਨੀਂ ਤੋਰਦਾ ਅਤੇ ਇਕ ਹੀ ਬੋਲ ਜੀਵਨ-ਜੰਗ ਜਿੱਤਣ ਦੀ ਨਿਸ਼ਠਾ। ਇਕ ਹੀ ਬੋਲ ਖਾਲਸਾ ਸਿਰਜਦਾ ਅਤੇ ਇਕ ਹੀ ਬੋਲ ਕੌਮ ਦਾ ਕਲੰਕ। ਇਕ ਹੀ ਬੋਲ ਕਈ ਗ੍ਰੰਥਾਂ ਦੀ ਰਚਨਾ ਕਰਦਾ ਅਤੇ ਇਕ ਹੀ ਬੋਲ ਧਾਰਮਿਕ ਆਸਥਾ ਨੂੰ ਚਕਨਾਚੂਰ ਕਰਦਾ। ਇਕ ਹੀ ਬੋਲ ਅੱਗ ਦੇ ਭਾਂਬੜ ਅਤੇ ਇਕ ਹੀ ਬੋਲ ਪਾਣੀ ਦੀਆਂ ਫੁਹਾਰਾਂ। ਇਕ ਹੀ ਬੋਲ ਰਿਸ਼ਤਿਆਂ ਵਿਚਲੀ ਤ੍ਰੇੜ ਅਤੇ ਇਕ ਹੀ ਬੋਲ ਸਬੰਧਾਂ ਦੀ ਭਰਪਾਈ। ਇਕ ਹੀ ਬੋਲ ਕੁੜੱਤਣਾਂ ਦਾ ਖਾਰਾ ਖੂਹ ਅਤੇ ਇਕ ਹੀ ਬੋਲ ਰਸੀਲੇਪਣ ਦੀ ਧਾਰਾ। ਇਕ ਹੀ ਬੋਲ ਆਪਣਿਆਂ ਤੋਂ ਦੂਰ ਕਰੇਂਦਾ ਅਤੇ ਇਕ ਹੀ ਬੋਲ ਆਪਣਿਆਂ ਦੀ ਗਲਵੱਕੜੀ। ਇਸ ਲਈ ਤਾਂ ਕਹਿੰਦੇ ਨੇ ਸੋਚ-ਸਮਝ ਕੇ ਬੋਲੋ ਇਕ ਹੀ ਬੋਲ ਦੇ ਗਰਭ ਵਿਚ ਬਹੁਤ ਕੁਝ ਛੁਪਿਆ ਹੁੰਦਾ, ਜਿਸ ਨੇ ਭਵਿੱਖ ਨੂੰ ਨਵੀਂ ਤਕਦੀਰ ਦੇਣੀ ਹੁੰਦੀ।

ਮਾਂ-ਬੱਚੇ ਦੇ ਬੋਲਾਂ ਵਿਚ ਕੋਮਲ ਗੱਲਾਂ, ਸੁਪਨਿਆਂ ਦੀ ਤਾਮੀਰਦਾਰੀ, ਤੋਤਲੇ ਬੋਲੇ ਵਿਚੋਂ ਅਣਕਿਆਸੇ ਅਤੇ ਅਣਛੋਹੇ ਅਰਥ ਦੀ ਭਾਲ ਅਤੇ ਮਮਤਾ ਦਾ ਜਲੌਅ। ਮਾਂ-ਬੱਚੇ ਦਰਮਿਆਨ ਆਂਦਰਾਂ ਦੀ ਇਕਜੁੱਟਤਾ ਤੇ ਇਕਸਾਰਤਾ ਦਾ ਅਨੂਠਾ ਸਰੂਪ। ਕੋਈ ਨਹੀਂ ਇਸ ਦਾ ਬਦਲ। ਭੈਣ-ਭਰਾ ਦੇ ਬੋਲਾਂ ਵਿਚ ਸ਼ਰਾਰਤਾਂ, ਰੁੱਸਣ ਅਤੇ ਮਨਾਉਣ ਦੀਆਂ ਅਦਾਵਾਂ, ਚਿੜਾਉਣ ਤੇ ਖਿਝਾਉਣ ਦੀ ਅਵੱਗਿਆ ਅਤੇ ਆਖਰ ਨੂੰ ਇਕ ਦੂਜੇ ਦੇ ਸਾਹੀਂ ਜਿਉਣ ਦਾ ਜਨੂੰਨ। ਬਹੁਤ ਪਾਕੀਜ਼ ਹੁੰਦੀ ਹੈ ਭੈਣ-ਭਰਾ, ਭੈਣ-ਭੈਣ ਜਾਂ ਭਰਾ-ਭਰਾ ਦੀ ਬਚਪਨੀ ਗੱਲਬਾਤ। ਮਿੱਤਰਾਂ ਦੀ ਗੱਲਬਾਤ ਵਿਚ ਹੁੰਦਾ ਹੈ ਖੁੱਲ੍ਹਾਪਣ, ਬੰਦਿਸ਼-ਮੁਕਤ, 'ਵਾਵਾਂ ਨੂੰ ਗੰਢਾਂ ਦੇਣ ਦੀ ਬਿਰਤੀ, ਸੁਪਨੇ ਲੈਣ ਅਤੇ ਜੀਵਨੀ ਰੰਗਤ ਨੂੰ ਸੁਪਨਿਆਂ ਦੀ ਤਕਦੀਰ ਬਣਾਉਣ ਦੀ ਜਿਗਿਆਸਾ। ਇਹ ਸੰਗਤ ਜੇ ਸੁਚਾਰੂ ਮਾਰਗ-ਦਰਸ਼ਨ ਕਰੇ ਤਾਂ ਸਾਰੀ ਉਮਰ ਦੀਆਂ ਸਾਂਝਾਂ। ਇਸ ਮਿਲ-ਬੈਠਣੀ ਵਿਚੋਂ ਹੀ ਨਵੀਆਂ ਉਪਲਬਧੀਆਂ ਅਤੇ ਨਿਵੇਕਲੀਆਂ ਮੰਜ਼ਿਲਾਂ ਦੀ ਪ੍ਰਾਪਤੀ। ਪ੍ਰੇਮੀ ਤੇ ਪ੍ਰੇਮਿਕਾ ਦੇ ਪਿਆਰ-ਪਰੁੱਚੇ ਬੋਲਾਂ ਵਿਚ ਅੰਬਰ ਨੂੰ ਕਲਾਵੇ 'ਚ ਲੈਣ ਅਤੇ ਸੂਹੀ ਰੰਗਤ ਨੂੰ ਮਾਣਨ ਦੀ ਤਮੰਨਾ। ਉਹ ਸੁਪਨਈ ਦੁਨੀਆਂ ਦੇ ਵਾਸੀ, ਪਰ ਜੇ ਇਹ ਸੁਪਨਾ ਸੱਚ ਬਣ ਜਾਵੇ ਤਾਂ ਜ਼ਿੰਦਗੀ ਰੰਗੀਨ, ਵਰਨਾ ਸਾਰੀ ਉਮਰ ਹੀ ਸੁਪਨਿਆਂ ਦੀ ਅਰਥੀ ਢੋਣੀ ਪੈਂਦੀ। ਮਾਂ-ਧੀ ਦੀਆਂ ਗੱਲਾਂ ਵਿਚ ਜੀਵਨ-ਸਿਆਣਪਾਂ ਤੇ ਸਹਿਜ-ਗਿਆਨ ਦੀਆਂ ਬਾਤਾਂ। ਪਿਉ-ਪੁੱਤ ਵਿਚਲੀ ਗੱਲਬਾਤ ਨਰੋਏ ਦਿਸਹੱਦਿਆਂ ਨੂੰ ਸਿਰਜਣ ਦੀ ਪ੍ਰੇਰਨਾ। ਅਧਿਆਪਕ ਤੇ ਸ਼ਿੱਸ਼ ਦਾ ਆਪਸੀ ਸੰਵਾਦ, ਉਚੇਰੀ ਤੇ ਮਿਆਰੀ ਵਿਦਿਆ ਰਾਹੀਂ ਜੀਵਨ ਨੂੰ ਹੋਰ ਖੂਬਸੂਰਤ ਬਣਾਉਣ ਦਾ ਖਬਤ। ਪਤੀ-ਪਤਨੀ ਦੀਆਂ ਗੱਲਾਂ ਪਰਿਵਾਰਕ ਮਸਲਿਆਂ ਦੀਆਂ ਗੁੰਝਲਾਂ ਨੂੰ ਫਰੋਲਣ ਅਤੇ ਖੋਲਣ ਵਿਚ ਹੀ ਗਵਾਚ ਜਾਂਦੀਆਂ। ਉਨ੍ਹਾਂ ਲਈ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਦਾ ਖਿਆਲ ਹੀ ਵਿਸਰ ਜਾਂਦਾ।

***ਸਭ ਤੋਂ ਔਖਾ ਹੁੰਦਾ ਏ, ਮਨ ਦੇ ਪਾਕ ਬੋਲਾਂ ਨੂੰ ਸੁਣਨਾ ਅਤੇ ਇਸ ਦੀ ਉਂਗਲ ਫੜ ਕੇ ਜੀਵਨ ਵਿਉਂਤਣਾ।...ਕਦੇ ਬੱਚਿਆਂ ਨੂੰ ਫੁੱਲਾਂ ਨਾਲ ਗੱਲਾਂ ਕਰਦੇ ਸੁਣਨਾ, ਪਾਲਤੂ ਜਾਨਵਰਾਂ ਨਾਲ ਗੱਲਬਾਤ ਵਿਚ ਰੁੱਝਿਆਂ ਨੂੰ ਵਾਚਣਾ, ਸ਼ਾਇਦ ਬਾਤਚੀਤ ਦੀ ਤੁਹਾਨੂੰ ਸਮਝ ਨਾ ਆਵੇ, ਪਰ ਉਸ ਬੋਲੀ ਨੂੰ ਫੁੱਲ ਅਤੇ ਜਾਨਵਰ ਬਾਖੂਬੀ ਸਮਝਦੇ।***

ਬੋਲ-ਬਾਣੀ ਇਸ 'ਤੇ ਨਿਰਭਰ ਕਰਦੀ ਕਿ ਤੁਸੀਂ ਕਿਸ ਨਾਲ, ਕਿਸ ਬਾਰੇ ਅਤੇ ਕਿਹੜੀ ਸੋਚ ਨੂੰ ਲੈ ਕੇ ਗੱਲ ਕਰ ਰਹੇ ਹੋ? ਪਰ ਬੋਲਣ ਤੋਂ ਪਹਿਲਾਂ ਗੱਲਬਾਤ ਦੇ ਵਿਸ਼ੇ ਬਾਰੇ ਮਨ ਵਿਚ ਸਪੱਸ਼ਟਤਾ ਅਤਿ-ਜਰੂਰੀ। ਅਣਜਾਣੇ ਵਿਚ ਬੋਲੇ ਬੋਲ, 'ਕੇਰਾਂ ਮੂੰਹ ਵਿਚੋਂ ਨਿਕਲਣ 'ਤੇ ਵਾਪਸ ਨਹੀਂ ਪਰਤਦੇ। ਕਈ ਵਾਰ ਤਾਂ ਮੁਆਫੀ ਮੰਗਣ ਦੀ ਨੌਬਤ ਆ ਜਾਂਦੀ।

ਬੋਲ, ਬਹਾਦਰੀ ਵਾਲੇ ਵੀ ਤੇ ਕਾਇਰਤਾ ਵਾਲੇ ਵੀ। ਕਮੀਨਗੀ ਭਰਪੂਰ ਵੀ ਅਤੇ ਖੁਲ੍ਹਦਿਲੇ ਵੀ। ਪੁਰ-ਖਲੂਸ ਵੀ ਅਤੇ ਕਿਰਕਿਰੇ ਵੀ। ਕੜਕ ਵੀ ਅਤੇ ਸਹਿਲ ਵੀ। ਸ਼ੁਕਰਗੁਜਾਰੀ ਵਾਲੇ ਵੀ ਅਤੇ ਅਕ੍ਰਿਤਘਣੇ ਵੀ। ਬੋਲ ਤਾਂ,

ਬੋਲ, ਬੋਲਾਂ ਦੀਆਂ ਪਰਤਾਂ ਹੁੰਦੇ
ਬੋਲ, ਬੋਲਾਂ ਦੀਆਂ ਰਮਜ਼ਾਂ,
ਬੋਲ, ਬੋਲਾਂ ਦੇ ਭਰਮ-ਭੁਲੇਖੇ
ਬੋਲ, ਬੋਲਾਂ ਦੀਆਂ ਸਮਝਾਂ।
ਬੋਲ, ਬੋਲਾਂ 'ਚ ਫੁੱਲ ਉਗਾਉਂਦੇ
ਬੋਲ, ਬੋਲਾਂ 'ਚ ਕੰਡੇ,
ਬੋਲ, ਬੋਲਾਂ ਦੀ ਗਲਵੱਕੜੀ
ਬੋਲ, ਬੋਲਾਂ ਨੂੰ ਵੰਡੇ।
ਬੋਲ, ਬੋਲਾਂ 'ਚ ਉਗਦੇ ਤਾਰੇ
ਬੋਲ, ਬੋਲਾਂ ਦੀ ਸੁਬਾ-ਸਵੇਰਾ,
ਬੋਲ, ਬੋਲਾਂ ਵਿਚਲਾ ਸੂਰਜ
ਬੋਲ, ਬੋਲਾਂ 'ਚ ਅੰਧ-ਘਨੇਰਾ।
ਬੋਲ, ਬੋਲਾਂ ਦੀ ਪੱਤਝੜ ਹੁੰਦੇ
ਬੋਲਾਂ, ਬੋਲਾਂ ਦੇ ਬੋਲ-ਬਹਾਰਾਂ,
ਬੋਲ, ਬੋਲਾਂ ਦੀਆਂ ਰੱਕੜ-ਜੂਹਾਂ
ਬੋਲ, ਖਿੜੀਆਂ ਗੁਲਜ਼ਾਰਾਂ।
ਬੋਲ, ਬੋਲਾਂ 'ਚ ਬਬੀਹਾ ਬੋਲੇ
ਬੋਲ, ਕੋਚਰੀ ਦੀ ਚੀਖ,
ਬੋਲ, ਜੰਗਲੀ ਮੋਰ ਪੈਲਦਾ
ਤੇ ਬੋਲ, ਟਟੀਹਰੀ-ਭੀਖ।
ਬੋਲ, ਬੋਲਾਂ ਦੀਆਂ ਬਾਹਾਂ
ਬੋਲ, ਬੋਲਾਂ ਦੀ ਸੀਰ,
ਬੋਲ, ਬੋਲੀਂ ਚੁੱਪ ਦਾ ਵਾਸਾ
ਬੋਲ ਹੀ ਗਾਉਂਦਾ ਫਕੀਰ।
ਬੋਲ, ਬੋਲਾਂ ਦਾ ਨਾਦੀ ਰਾਗ
ਤੇ ਬੋਲ ਹੀ ਅਗਮ-ਆਗਾਜ਼,
ਬੋਲ, ਮਨ ਦਾ ਬੋਲ-ਪਰਿੰਦਾ
ਬੋਲ ਹੀ ਰੂਹ ਦਾ ਸਾਜ਼।
ਬੋਲ, ਬੋਲਾਂ ਦੀ ਉਧੜੀ ਤਾਣੀ
ਬੋਲ ਹੀ ਸੁਰ ਤੇ ਤਾਲ,
ਬੋਲ, ਬੋਲਾਂ ਦੇ ਬੇਲੇ ਘੁੰਮਣਾ
ਬੋਲ ਹੀ ਖੁਦ ਦੀ ਭਾਲ।
ਬੋਲ, ਸੋਚ-ਧੜਕਣ ਦੀ ਸੂਹ
ਬੋਲ, ਕਰਮ ਦੀ ਹਾਕ,
ਬੋਲ, ਬੋਲਾਂ ਦਾ ਯੋਗ ਕਮਾਉਣਾ
ਬੋਲ ਹੀ ਵਾਕ-ਅਵਾਕ।
ਬੋਲ, ਬੋਲਾਂ ਦਾ ਗੁੰਗਾ ਦਰਦ
ਬੋਲ, ਖਣਕਦੇ ਬੋਲ,
ਬੋਲ ਕਦੇ ਦੂਰੀਆਂ ਬਣਦੇ
ਬੋਲ ਹੀ ਬਹਿੰਦੇ ਕੋਲ।
ਬੋਲ, ਬੋਲਾਂ ਦੀ ਨਿੰਦਿਆ-ਚੁਗਲੀ
ਬੋਲ, ਬੋਲਾਂ ਦੇ ਪਾਪ,
ਬੋਲ ਦੇ ਬੋਲੀਂ ਬੰਦਾ ਬੋਲੇ
ਬੋਲ ਹੀ ਬਣਦੇ ਜਾਪ।
ਬੋਲ, ਬੋਲਾਂ ਨੂੰ ਜਨਮਦੇ
ਬੋਲ, ਬੋਲਾਂ ਦੀਆਂ ਖਬਰਾਂ,
ਬੋਲ, ਬੋਲਾਂ ਦੇ ਸਾਹ ਬਣੇਂਦੇ
ਬੋਲ, ਬੋਲਾਂ ਦੀਆਂ ਕਬਰਾਂ।
ਬੋਲ, ਬੋਲਾਂ ਦੀ ਰੂਹ-ਪਰਵਾਜ਼
ਬੋਲ, ਬੋਲਾਂ ਦੀ ਸੂਹ,
ਬੋਲ, ਬੋਲਾਂ ਦਾ ਮਹਿਕ-ਬਸੇਰਾ
ਬੋਲ ਹੀ ਸੰਦਲੀ ਜੂਹ।
ਬੋਲ, ਬੋਲਾਂ ਦਾ ਬੀਜ-ਪੁੰਗਾਰਾ
ਬੋਲ, ਬੋਲਾਂ ਦੀ ਰੂਹ,
ਬੋਲ, ਬੋਲਾਂ ਦਾ ਜੀਣ ਤੇ ਥੀਣ
ਬੋਲ, ਬੋਲਾਂ ਦੀ ਛੂਹ।
ਬੋਲ, ਬੋਲਾਂ ਦੀ ਸ਼ੁਕਰ-ਸਾਬਰੀ
ਬੋਲ ਹੀ ਸੁਖਨ-ਸਬੂਰੀ,
ਬੋਲ, ਬੋਲਾਂ ਦਾ ਸੁਹਜ-ਸਹਿਜ
ਬੋਲ ਹੀ ਬੋਲ-ਕਸਤੂਰੀ।

ਬੰਦਿਆਂ ਦੇ ਸ਼ੋਰ-ਓ-ਗੁੱਲ ਵਿਚ ਗੁੰਮ ਗਈ ਏ-ਪਰਿੰਦਿਆਂ ਦੀ ਚਹਿਕਣੀ, ਬੋਟਾਂ ਦੀ ਗੁਫਤਗੂ ਅਤੇ ਜੰਗਲੀ ਜਾਨਵਰਾਂ ਦੀ ਦਹਾੜ। ਜਦ ਬੰਦਾ ਘਰ ਵਿਚ ਕੈਦ ਹੁੰਦਾ ਅਤੇ ਸੜਕਾਂ ਸੁੰਨਸਾਨ ਹੁੰਦੀਆਂ ਤਾਂ ਪੰਛੀਆਂ ਤੇ ਜਾਨਵਰਾਂ ਨੂੰ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣਾ ਨਸੀਬ ਹੁੰਦਾ।

ਦੁਨਿਆਵੀ ਸ਼ੋਰ ਵਿਚ ਗਵਾਚ ਗਏ ਸੂਖਮ ਬੋਲ, ਪਿਆਰੀਆਂ ਬੋਲ-ਮਿਲਣੀਆਂ, ਪਿਆਰੇ ਦੇ ਸਾਥ ਦੀ ਸਾਹ-ਤਰੰਗਤਾ ਅਤੇ ਸੱਜਣਾਂ ਦੀ ਬੋਲ-ਛਾਂ 'ਚ ਸੁਸਤਾਉਣਾ।

ਬੋਲ ਜਦ ਸੁਰ ਅਤੇ ਤਾਲ ਵਿਚ ਹੁੰਦੇ ਤਾਂ ਸੰਗੀਤ ਹੁੰਦੇ, ਜੋ ਰੂਹ ਦਾ ਸਕੂਨ, ਖੁਦਾਬੰਦ ਦੀ ਇਨਾਇਤ, ਰੱਬ ਦੀ ਭਗਤੀ ਜਾਂ ਰੂਹ ਨੂੰ ਸ਼ਰਸ਼ਾਰ ਕਰਕੇ, ਖੁਦ ਵਿਚੋਂ ਖੁਦ ਦੀ ਤਲਾਸ਼ ਅਰੰਭਦੇ। ਜਦ ਸੰਗੀਤ ਸ਼ੋਰ ਵੱਲ ਨੂੰ ਉਲਾਰ ਹੁੰਦਾ ਤਾਂ ਗਵਾਚ ਜਾਂਦਾ ਮਨੁੱਖ, ਕਰਤਾਰੀ ਬਿਰਤੀ, ਸੁਹਜ-ਸੰਵਦੇਨਾ ਅਤੇ ਸੁਰਤੀ-ਸਾਧਨਾ।

ਬੋਲ ਜਦ ਮਾਰੂਥਲ ਦੇ ਪਿੰਡੇ 'ਤੇ ਰੇਤ ਦੀਆਂ ਲਹਿਰਾਂ, ਮੀਂਹ ਦੇ ਸੁਰੀਲੇਪਣ ਜਾਂ ਬਿਰਖਾਂ ਦੇ ਟਾਹਣਾਂ ਨਾਲ ਖਹਿੰਦੀ ਪੌਣ ਵਿਚੋਂ ਪੈਦਾ ਹੁੰਦੇ ਤਾਂ ਕੁਦਰਤ ਦੇ ਨਿਆਰੇਪਣ ਅਤੇ ਅਦਭੁੱਤਤਾ ਨਾਲ ਮਨ ਲਬਰੇਜ਼ ਹੋ ਜਾਂਦਾ। ਕੁਦਰਤ ਦੇ ਅੰਗ-ਅੰਗ ਵਿਚ ਵੱਸੀ ਹੈ ਸੰਗੀਤਕ ਬੋਲਾਂ ਦੀ ਰਮਜ਼।

ਬਾਬੇ ਨਾਨਕ ਦੇ ਬੋਲ ਜਦ ਮਰਦਾਨੇ ਦੀ ਰਬਾਬੀ ਸੰਗਤ ਵਿਚ ਫਿਜ਼ਾ ਵਿਚ ਪਿਘਲਦੇ ਤਾਂ ਕਾਇਨਾਤ ਮੰਤਰ-ਮੁਗਧ ਹੋ ਜਾਂਦੀ। ਸਮੁੱਚੀ ਲੋਕਾਈ ਉਨ੍ਹਾਂ ਬੋਲਾਂ ਵਿਚਲੀਆਂ ਮੱਤਾਂ ਨੂੰ ਜੀਵਨ ਵਿਚ ਢਾਲਦੀ, ਨਵੀਆਂ ਰਾਹਾਂ ਸਿਰਜਣਾ ਵਿਚ ਰੁੱਝ ਜਾਂਦੀ।

ਟਿੱਕੀ ਰਾਤ ਵਿਚ ਤਾਰਿਆਂ ਦੇ ਬੋਲ, ਰਾਤ ਦੀ ਸਾਂ ਸਾਂ, ਪਪੀਹੇ ਦੀ ਕੂਕ ਜਾਂ ਕੋਚਰੀ ਦੀ ਹੂਕ ਨੂੰ ਸੁਣਨ ਦੀ ਜਾਚ ਆ ਜਾਵੇ ਤਾਂ ਜੀਵਨ ਦੇ ਰੰਗ-ਬਿਰੰਗੇ ਪਲਾਂ ਨੂੰ ਜਿਉਣ ਦੀ ਜਾਚ ਆ ਜਾਂਦੀ। ਰਾਤ ਨੂੰ ਬੰਦਾ ਚੁੱਪ ਹੋ ਜਾਂਦਾ, ਜਾਨਵਰ ਤੇ ਪਰਿੰਦੇ ਵੀ ਰਾਤ ਨੂੰ ਨੀਂਦ ਦੀ ਆਗੋਸ਼ ਵਿਚ ਚੁੱਪ ਨੂੰ ਮਾਣਦੇ, ਪਰ ਕੁਦਰਤ ਕਦੇ ਵੀ ਨਹੀਂ ਸੌਂਦੀ। ਹਮੇਸ਼ਾ ਜਾਗਦੀ ਤੇ ਜਗਾਉਂਦੀ। ਇਸ ਦੇ ਬੋਲਾਂ ਦੀ ਨਿਰੰਤਰਤਾ ਹੀ ਜਿਉਂਦੇ ਹੋਣ ਦਾ ਸਬੂਤ। ਕੁਦਰਤ ਦੇ ਬੋਲ ਰੂਹ ਦੇ ਸਭ ਤੋਂ ਕਰੀਬ, ਮਾਨਸਿਕ ਭਟਕਣਾ ਲਈ ਟਿਕਾਅ ਤੇ ਦੁਨਿਆਵੀ ਦੌੜ-ਭੱਜ ਤੋਂ ਰਾਹਤ। ਖੁਦ ਦੇ ਕੋਲ ਕੋਲ ਰਹਿਣ ਅਤੇ ਖੁਦ ਸੰਗ ਜਿਉਣ ਦਾ ਬਿਹਤਰੀਨ ਮੌਕਾ। ਕਦੇ ਕਦਾਈਂ ਕੁਦਰਤ ਦੇ ਬੋਲਾਂ ਨਾਲ ਸਾਂਝ ਪਾਉਣੀ, ਜੀਵਨ-ਸੁੱਚਮਤਾ ਹਾਸਲ ਹੋਵੇਗੀ।

ਬੋਲ ਸੰਕੋਚਵੇਂ, ਸੱਚੇ, ਸੁੱਚੇ, ਸੁੰਦਰ, ਸੰਜੀਦਾ ਅਤੇ ਸਪੱਸ਼ਟ ਹੋਣ ਤਾਂ ਇਨ੍ਹਾਂ ਦੇ ਅਰਥਾਂ ਦੀ ਅਸੀਮਤਾ ਤੇ ਡੂੰਘਾਈ, ਸੁਣਨ ਵਾਲੇ ਲਈ ਬੋਲ-ਬਬੀਹਾ ਹੁੰਦੀ, ਜਿਸ ਦੀ ਪੁਕਾਰ ਸੁਣ ਕੇ ਖੁਦਾ ਵੀ ਦ੍ਰਿਸ਼ਟਮਾਨ ਹੋ ਜਾਂਦਾ।

ਬੋਲ ਤਾਂ ਬੋਲ ਹੁੰਦੇ, ਬੋਲਾਂ ਦਾ ਕੀ ਏ। ਬੋਲਾਂ ਵਿਚ ਬੋਲਦਾ ਤਾਂ ਮਨੁੱਖੀ ਜੀਅ ਏ। ਬੋਲਾਂ ਨਾਲ ਜਦ ਕਿਸੇ ਦਾ ਮੂੰਹ ਸੀਅ ਹੁੰਦਾ, ਤਾਂ ਬੋਲਾਂ ਕੋਲੋਂ ਕਹਿ ਨਾ ਸੀਅ ਹੁੰਦਾ। ਬੋਲਾਂ ਨੂੰ ਬੰਦੇ ਦਾ ਮਾਣ ਬਣਾਓ, ਬੋਲਾਂ ਦੀ ਝੋਲੀ ਰਹਿਮਤ ਪਾਓ। ਬੋਲ-ਬਰਕਤਾਂ ਸਮਿਆਂ ਦੇ ਲੇਖੇ ਲਾਓ, ਇਸ ਦੀ ਰੂਹੇ ਕਾਇਨਾਤ ਦੀ ਉਪਮਾ ਗਾਓ ਤਾਂ ਕਿ ਕੁਦਰਤ ਵੀ ਤੁਹਾਨੂੰ ਦੁਆਵਾਂ ਦਿੰਦੀ, ਜੀਵਨ-ਤਲੀ 'ਤੇ ਮਹਿਕ ਦੀ ਮਹਿੰਦੀ ਲਾਵੇ।

# ਪ੍ਰਭਸ਼ਰਨ-ਭਰਾਵਾਂ ਦੀ ਰੌਂਗ ਐਂਟਰੀ: ਸੰਤਾਂ ਦੇ ਅਸਲ ਵਾਰਸ ਹੋਣ ਦਾ ਰੌਲਾ

*'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਪ੍ਰਭਸ਼ਰਨ-ਭਰਾਵਾਂ ਬਾਰੇ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਇਕ ਲਿਖਤ ਛਾਪੀ ਸੀ। ਉਸੇ ਅੰਕ ਵਿਚ ਜੂਨ 1984 ਦੇ ਸਾਕੇ ਬਾਰੇ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਵੀ ਛਾਪੇ ਸਨ, ਜਿਸ ਵਿਚ ਉਨ੍ਹਾਂ ਭਾਰਤੀ ਸਟੇਟ ਤੇ ਸਰਕਾਰ ਦੇ ਨਾਲ-ਨਾਲ ਖੱਬੇ-ਪੱਖੀਆਂ ਨੂੰ ਆਪਣੀ ਕਲਮ ਦੀ ਨੋਕ 'ਤੇ ਰੱਖਿਆ ਸੀ ਅਤੇ ਖੱਬੇ ਵਿਚਾਰਾਂ ਦੇ ਰਾਹੀ ਰਹੇ ਸਿੱਖ ਵਿਦਵਾਨਾਂ 'ਤੇ ਵੀ ਤਨਜ਼ ਕੱਸੀ ਸੀ। ਕਰਮਜੀਤ ਸਿੰਘ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਨਾਲ ਸ਼ੁਰੂ ਹੋਏ ਇਸ ਬਹਿਸ-ਮੁਬਾਹਿਸੇ ਦੌਰਾਨ ਪਿਛਲੇ ਅੰਕਾਂ ਵਿਚ ਅਸੀਂ ਵੱਖ ਵੱਖ ਪ੍ਰਤੀਕਰਮ ਛਾਪ ਚੁਕੇ ਹਾਂ। ਇਸ ਅੰਕ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ, ਡਾ. ਗੁਰਨਾਮ ਕੌਰ ਅਤੇ ਅਮਰਜੀਤ ਸਿੰਘ ਮੁਲਤਾਨੀ ਦੇ ਪ੍ਰਤੀਕਰਮ ਛਾਪ ਰਹੇ ਹਾਂ। ਇਸ ਪ੍ਰਸੰਗ ਵਿਚ ਆਉਂਦੇ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ।-ਸੰਪਾਦਕ*

ਪ੍ਰਭਸ਼ਰਨ ਭਰਾ ਸਿੱਖ ਮਸਲਿਆਂ ਅਤੇ ਚਿੰਤਨ ਬਾਰੇ ਲਿਖਦੇ ਅਤੇ ਬੋਲਦੇ ਆ ਰਹੇ ਹਨ। ਯੂਨੀਵਰਸਿਟੀਆਂ ਦੀ ਉੱਚ ਵਿੱਦਿਆ ਦੇ ਨਾਲ ਨਾਲ ਪੜ੍ਹਨ-ਪੜ੍ਹਾਉਣ ਦੇ ਖੇਤਰ ਨਾਲ ਜੁੜੇ ਹੋਣ ਕਾਰਨ ਕਈ ਚਿਰਾਂ ਤੋਂ ਹੀ ਜਾਪਦਾ ਸੀ ਕਿ ਇਹ ਦੋਵੇਂ ਨੌਜੁਆਨ ਸਿੱਖ ਹਲਕਿਆਂ ਅੰਦਰ ਬੁੱਧੀਜੀਵਆਂ ਵਜੋਂ ਪ੍ਰਵਾਨ ਚੜ੍ਹਨਗੇ। ਕੁੱਝ ਹਫਤਿਆਂ ਤੋਂ ਇਨ੍ਹਾਂ ਦੀਆਂ ਲਿਖਤਾਂ ਵੀ ਵਧੇਰੇ

## ਪ੍ਰਤੀਕਰਮ

**ਹਜ਼ਾਰਾ ਸਿੰਘ, ਮਿਸੀਸਾਗਾ**
ਫੋਨ: 905-795-3428

ਗਿਣਤੀ ਵਿਚ ਆਈਆਂ ਅਤੇ ਆਈਆਂ ਵੀ ਕਈ ਸਵਾਲ ਅਤੇ ਕਈ ਵਿਵਾਦ ਲੈ ਕੇ। ਜਿਸ ਕਾਰਨ ਇਨ੍ਹਾਂ ਨੌਜੁਆਨਾਂ ਦਾ ਸਿੱਖ ਹਲਕਿਆਂ ਅੰਦਰ ਚਰਚਾ ਵੀ ਤੇਜ ਹੋ ਰਿਹਾ ਹੈ। ਇਸ ਚਰਚੇ ਦੌਰਾਨ ਹੀ ਪੱਤਰਕਾਰ ਕਰਮਜੀਤ ਸਿੰਘ ਦਾ ਇੱਕ ਵਿਸ਼ਾਲ ਲੇਖ, 'ਸਿੱਖ ਬੁੱਧੀਜੀਵੀਆਂ ਵਿਚ ਪ੍ਰਭਸ਼ਰਨ ਭਰਾਵਾਂ ਦਾ ਸਥਾਨ ਅਤੇ ਮਹੱਤਤਾ', ਛਪਿਆ। ਕਰਮਜੀਤ ਸਿੰਘ ਹੁਰਾਂ ਦਾ ਇਹ ਲੇਖ ਪ੍ਰਭਸ਼ਰਨ ਭਰਾਵਾਂ ਨੂੰ ਸਿੱਖ ਵਿਹੜੇ ਅੰਦਰ ਬੁੱਧੀਜੀਵਆਂ ਵਜੋਂ ਸਥਾਪਿਤ ਕਰਨ ਲਈ ਕੀਤੀ ਗਈ ਠੋਸ ਹਮਾਇਤ ਹੈ। ਜੇਕਰ ਪ੍ਰਭਸ਼ਰਨ ਭਰਾਵਾਂ ਦੀਆਂ ਲਿਖਤਾਂ ਬਾਰੇ ਮਾਹੌਲ ਵਿਚ ਤਣਾਓ ਨਾ ਹੁੰਦਾ ਤਾਂ ਇਹ ਹਮਾਇਤੀ ਲੇਖ ਹੋਰ ਵੀ ਕਾਰਗਰ ਸਾਬਿਤ ਹੋਣਾ ਸੀ। ਹੁਣ ਇਸ ਲੇਖ ਦਾ ਬਹੁਤਾ ਅਸਰ ਮੌਜੂਦਾ ਵਾਦ-ਵਿਵਾਦ ਵਿਚ ਇੱਕ ਧਿਰ ਨਾਲ ਡਟ ਕੇ ਖਲੋਣ ਤੱਕ ਮਹਿਦੂਦ ਹੋ ਕੇ ਰਹਿ ਜਾਏਗਾ।

ਪਿਛਲੇ ਕੁੱਝ ਵਰ੍ਹਿਆਂ ਤੋਂ ਪ੍ਰਭਸ਼ਰਨ ਭਰਾ ਸਿੱਖ ਹਲਕਿਆਂ ਅੰਦਰ ਬੁੱਧੀਜੀਵੀਆਂ ਵਜੋਂ ਸਥਾਪਿਤ ਹੋਣ ਲਈ ਮਿਹਨਤ ਅਤੇ ਯਤਨ ਕਰਦੇ ਆ ਰਹੇ ਹਨ ਅਤੇ ਕਰਮਜੀਤ ਸਿੰਘ ਹੁਰਾਂ ਵਾਂਗ ਬਹੁਤ ਸਾਰੇ ਹੋਰ ਲੋਕ ਵੀ ਇਨ੍ਹਾਂ ਨੌਜੁਆਨਾਂ ਨੂੰ ਸਿੱਖ ਪਲੇਟਫਾਰਮ ਤੇ ਸਿੱਖ ਬੁੱਧੀਜੀਵੀਆਂ ਵਾਂਗ ਸਥਾਪਿਤ ਹੋਇਆ ਵੇਖਣ ਦੇ ਚਾਹਵਾਨ (ਸਨ) ਹਨ। ਪਰ ਇਹ ਵਿਦਵਾਨ ਆਪਣਾ ਨਰੋਆ, ਤਾਜ਼ਾ ਅਤੇ ਖੁਸ਼ਬੂਦਾਰ ਬਿਰਤਾਂਤ ਪੇਸ਼ ਕਰਕੇ ਸਥਾਪਿਤ ਹੋਣ ਦੀ ਥਾਂ ਪਹਿਲਾਂ ਤੋਂ ਸਥਾਪਿਤ ਹੋਏ ਵਿਦਵਾਨਾਂ ਨੂੰ ਕੂੜਾ ਦੱਸ ਕੇ ਹੂੰਝਣ ਲੱਗ ਪਏ। ਜਿਸ ਤਰ੍ਹਾਂ ਇਹ ਵਿਦਵਾਨ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਸੁਰਜੀਤ ਪਾਤਰ, ਦਲਬੀਰ ਸਿੰਘ ਅਤੇ ਅਜਮੇਰ ਸਿੰਘ ਨੂੰ ਝੰਬ ਕੇ ਆਪਣੇ ਲਈ ਮੈਦਾਨ ਵਿਹਲਾ ਕਰਨ ਲੱਗ ਪਏ, ਉਹ ਤਰੀਕਾ ਬਹੁਤਾ ਕਾਰਗਰ ਨਹੀਂ। ਆਮ ਸਾਧਾਰਨ ਲੋਕਾਂ ਦਾ ਖਿਆਲ ਹੈ ਕਿ ਕਿਸੇ ਲਕੀਰ ਨੂੰ ਮਿਟਾਉਣ ਨਾਲੋਂ ਆਪਣੀ ਲਕੀਰ ਵੱਡੀ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਪਰ ਇੱਥੇ ਪਹਿਲੀਆਂ ਲਕੀਰਾਂ ਮਿਟਾਉਣ ਤੇ ਜ਼ੋਰ ਜਿਆਦਾ ਜਾਪਦਾ ਹੈ। ਮਿਸਾਲ ਵਜੋਂ ਡਾ: ਢਿੱਲੋਂ ਬਾਰੇ (ਕਾਫੀ ਸਮਾਂ ਪਹਿਲਾਂ) ਇਹ ਕਹਿਣਾ ਕਿ ਉਸਨੂੰ ਨਾਂ ਅੰਗਰੇਜ਼ੀ ਆਉਂਦੀ ਹੈ ਨਾਂ ਪੰਜਾਬੀ। ਅਜਮੇਰ ਸਿੰਘ ਨੂੰ ਅਨਪੜ੍ਹ ਅਤੇ ਜਾਅਲਸਾਜ਼ ਕਹਿਣਾ। ਇਹ ਵਿਦਵਾਨ ਆਪਣੀਆਂ ਲਿਖਤਾਂ ਪੇਸ਼ ਕਰਦੇ, ਲੋਕ ਆਪੇ ਫੈਸਲਾ ਕਰ ਲੈਂਦੇ ਕਿ ਕੌਣ



ਪ੍ਰਭਸ਼ਰਨਬੀਰ ਸਿੰਘ

ਅਨਪੜ੍ਹ ਹੈ ਅਤੇ ਕੌਣ ਵਿਦਵਾਨ। 4 ਜੁਲਾਈ ਦੇ 'ਪੰਜਾਬ ਟਾਈਮਜ਼' 'ਚ 'ਸਾਲ 84 ਦਾ ਘਲੂਘਾਰਾ: ਬਿਰਤਾਂਤਕ ਹਿੰਸਾ' ਸਿਰਲੇਖ ਵਾਲੇ ਆਪਣੇ ਅਹਿਮ ਲੇਖ ਵਿਚ ਉਹ ਟਕਸਾਲੀ ਧਿਰਾਂ ਦੇ ਸਤਿਕਾਰਤ 'ਭਾਅ ਜੀ' ਦਲਬੀਰ ਸਿੰਘ ਅਤੇ 'ਭਾਈ' ਅਜਮੇਰ ਸਿੰਘ ਨੂੰ 'ਪੁਰਾਣੇ ਸਿੱਕੇਬੰਦ ਕਾਮਰੇਡ' ਦਸਦਿਆਂ ਉਨ੍ਹਾਂ ਉਪਰ ਸੰਤਾਂ ਦੇ ਸੁਪਨੇ ਨੂੰ ਅੰਦਰੋਂ ਸਾਬੋਤਾਜ ਕਰਨ ਦਾ ਗੰਭੀਰ ਇਲਜ਼ਾਮ ਲਗਾਉਂਦੇ ਹਨ। ਪਰ ਇਹ ਸਤਰਾਂ ਪੜ੍ਹ ਕੇ ਬਹੁਤ ਹਾਸਾ ਆਉਂਦਾ ਹੈ ਕਿ ਜਿਨ੍ਹਾਂ ਹਿਮਾਲੀਅਨ ਉਚਾਈਆਂ ਤੇ ਆਪਣੀਆਂ ਪੁਸਤਕਾਂ ਅਤੇ ਅਨੇਕਾਂ ਪ੍ਰਵਚਨਾਂ ਰਾਹੀਂ ਸੰਤ ਭਿੰਡਰਾਂ ਵਾਲਿਆਂ ਨੂੰ ਇਹ ਦੋਵੇਂ ਕਾਮਰੇਡ ਪਹਿਲਾਂ ਹੀ ਪਹੁੰਚਾਈ ਬੈਠੇ ਹਨ-ਪ੍ਰਭਸ਼ਰਨ ਭਰਾ ਉਨ੍ਹਾਂ ਨੂੰ ਹੋਰ ਉਪਰ ਕਿੱਥੇ ਪਹੁੰਚਾ ਦੇਣਗੇ? ਉਂਜ ਪੰਥਕ ਪਿੜ ਵਿਚ ਜਾਣੇ-ਪਛਾਣੇ ਲੋਕਾਂ ਨੂੰ ਖਦੇੜਨ ਲਈ ਉਨ੍ਹਾਂ ਨੂੰ ਖਾਲਿਸਤਾਨ ਵਿਰੋਧੀ ਜਾਂ ਖਾਲਿਸਤਾਨ ਖਿਲਾਫ ਸਾਜਿਸ਼ਕਾਰ ਵਜੋਂ ਪੇਸ਼ ਕਰਨ ਦਾ ਜੋ ਪੈਂਤੜਾ ਲਿਆ ਗਿਆ, ਇਹ ਕੋਈ ਨਵਾਂ ਨਹੀਂ ਹੈ। ਸਿੱਖਾਂ ਵਿਚ ਆਪਣੇ ਰਾਜਸੀ ਵਿਰੋਧੀਆਂ ਨੂੰ ਏਜੰਸੀਆਂ ਦਾ ਏਜੰਟ ਕਹਿ ਕੇ ਭੰਡਣ ਦੀ ਰੀਤ ਬਹੁਤ ਪੁਰਾਣੀ ਹੈ। ਹੁਣ ਬੁੱਧੀਜੀਵੀਆਂ ਵੱਲੋਂ ਇਸੇ ਖੁੰਢੇ ਹਥਿਆਰ ਦੀ ਵਰਤੋਂ ਦਲਬੀਰ ਸਿੰਘ ਅਤੇ ਅਜਮੇਰ ਸਿੰਘ ਨੂੰ ਖਾਲਿਸਤਾਨ ਵਿਰੋਧੀ ਸਾਬਿਤ ਕਰਨ ਲਈ ਕਰ



ਪ੍ਰਭਸ਼ਰਨਦੀਪ ਸਿੰਘ

ਲਈ ਗਈ। ਪ੍ਰਭਸ਼ਰਨ ਭਰਾਵਾਂ ਵੱਲੋਂ ਦਲਬੀਰ ਸਿੰਘ ਅਤੇ ਅਜਮੇਰ ਸਿੰਘ ਨੂੰ ਖਾਲਿਸਤਾਨ ਦਾ ਐਲਾਨ ਅੱਗੇ ਪੁਆਉਣ ਵਾਲੇ ਸਾਜਿਸ਼ਕਾਰ ਦੱਸ ਕੇ ਪੰਥ ਨੂੰ ਪੰਥਕ ਨਿਸ਼ਾਨੇ ਤੋਂ ਥਿੜਕਾਉਣ ਵਾਲੇ ਦੱਸਿਆ ਜਾ ਰਿਹਾ ਹੈ। ਭਲਾ ਜੇ 26 ਜਨਵਰੀ 1986 ਨੂੰ ਖਾਲਿਸਤਾਨ ਦਾ ਐਲਾਨ ਹੋ ਵੀ ਜਾਂਦਾ ਤਾਂ ਕੀ ਹੋ ਜਾਣਾ ਸੀ ਜੋ 29 ਅਪਰੈਲ ਵਾਲੇ ਐਲਾਨ ਤੋਂ ਬਾਅਦ ਨਹੀ ਹੋਇਆ?

ਹੋਰ ਲੋਕਾਂ ਵਾਂਗ ਇਹ ਵਿਦਵਾਨ ਭਰਾ ਵੀ, 'ਜਿਸ ਦਿਨ ਦਰਬਾਰ ਸਾਹਿਬ ਤੇ ਹਮਲਾ ਹੋਇਆ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ', ਵਰਗੀ ਧਾਰਨਾ ਨੂੰ ਸੰਤ ਜਰਨੈਲ ਸਿੰਘ ਦਾ ਪੰਥ ਲਈ ਗਿਆਰਵੇਂ (ਜਾਂ ਬਾਰਵੇਂ) ਗੁਰੂ ਵਜੋਂ ਕੀਤੇ ਹੁਕਮ ਵਜੋਂ ਪੇਸ਼ ਕਰਦੇ ਹਨ। ਇਸ ਕਥਨ ਦੀ ਬੇਦਰੇਗ ਵਰਤੋਂ ਨੇ ਸਿੱਖਾਂ ਨੂੰ ਸਿਆਸੀ ਮੈਦਾਨ ਵਿਚੋਂ ਖਾਰਿਜ ਕਰਨ ਵਿਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਰਵਾਇਤੀ ਅਕਾਲੀ ਦਲ ਦੇ ਬਦਲ ਵੱਜੋਂ ਜਦ ਵੀ ਕੋਈ ਸਿਆਸੀ ਜਮਾਤ ਉਸਾਰਨ ਦੀ ਗੱਲ ਚਲਦੀ ਤਾਂ ਇਸ ਕਥਨ ਦੇ ਹਵਾਲੇ ਨਾਲ ਖਾਲਿਸਤਾਨ ਲੈਣ ਵਾਲੇ ਸਭ ਕੁੱਝ ਤਾਰ-ਤਾਰ ਕਰ ਦਿੰਦੇ। ਇਹ ਵਿਦਵਾਨ ਭਰਾ ਇਸ ਦੀ ਵਰਤੋਂ ਵਿਦਵਤਾ ਦੇ ਖੇਤਰ ਨੂੰ ਸਾਫ ਕਰਨ ਲਈ ਕਰ ਰਹੇ ਹਨ। ਮੇਰੀ ਸਮਝ ਅਨੁਸਾਰ ਸੰਤ ਜਰਨੈਲ ਸਿੰਘ ਦਾ ਇਹ ਕਥਨ ਉਸ ਸਮੇਂ ਉਸ ਖਿਲਾਫ ਪੈਦਾ ਹੋ



ਕਰਮਜੀਤ ਸਿੰਘ

ਰਹੇ ਮਹੌਲ ਵਿਚ ਆਪਣੇ ਬਚਾਅ ਲਈ ਕਹੀ ਗਈ ਇੱਕ ਦਾਅ-ਪੇਚਕ ਗੱਲ ਸੀ ਨਾਂ ਕਿ ਭਵਿੱਖ ਦਾ ਪ੍ਰੋਗਰਾਮ। ਬੁਰਛਾਗਰਦ ਬਿਰਤੀਆਂ ਵੱਲੋਂ ਇਸ ਕਥਨ ਨੂੰ ਖਰੇ ਅਤੇ ਖੋਟੇ ਪਛਾਨਣ ਦੀ ਕਸਵੱਟੀ ਮਿਥ ਦਿੱਤਾ ਗਿਆ। ਇਹੋ ਕਸਵੱਟੀ ਹੁਣ ਬੌਧਿਕ ਖੇਤਰ ਵਿਚ ਵਰਤੀ ਜਾ ਰਹੀ ਹੈ। ਜੋ ਲੋਕ ਇਹ ਸਮਝਦੇ ਸਨ (ਹਨ) ਕਿ ਹਮਲਾ ਹੋਣ ਤੋਂ ਬਾਅਦ ਖਾਲਿਸਤਾਨ ਦੀ ਜੰਗ ਛਿੜ ਗਈ, ਉਹ ਜਾਂ ਅਨਾੜੀ ਹਨ ਜਾਂ ਚਾਲਾਕ। ਖਾਲਿਸਤਾਨ ਦੀ ਲੜਾਈ ਸਿੱਖ 6 ਜੂਨ 1984 ਨੂੰ ਸ਼ਾਮ 5 ਵਜੇ ਤੱਕ ਹਾਰ ਗਏ ਸਨ। ਬਾਅਦ ਵਿਚ ਜੋ ਹੋਇਆ ਇਹ ਉਸ ਲੜਾਈ ਚੋਂ ਬਚੀ ਤਾਕਤ ਨੂੰ ਖੁਰਦ ਬੁਰਦ ਕਰਨ ਦਾ ਖੇਲ ਸੀ। ਯਾਦ ਰਹੇ ਰੋਟੀ ਪਕਾਉਣ ਦਾ ਕੰਮ ਨਿੱਬੜ ਜਾਣ ਤੋਂ ਬਾਅਦ ਵੀ ਤੰਦੂਰ ਕਈ ਘੰਟੇ ਗਰਮ ਰਹਿੰਦਾ ਹੈ। ਜੁਗਤੀ ਲੋਕ ਇਸ ਗਰਮੀ ਨੂੰ ਵੀ ਲੋੜ ਅਨੁਸਾਰ ਪਾਣੀ ਵਗੈਰਾ ਗਰਮ ਕਰਨ ਲਈ ਵਰਤ ਲੈਂਦੇ ਹਨ ਪਰ ਅਣਜਾਣਪੁਣੇ ਕਾਰਨ ਵਿਹਲੇ ਤੰਦੂਰ ਚੋਂ ਉਡੇ ਫਲੂਹੇ ਨੁਕਸਾਨ ਵੀ ਕਰ ਦਿੰਦੇ ਹਨ। ਜੂਨ 1984 ਤੋਂ ਬਾਅਦ ਬਚੀ ਤਾਕਤ ਜੇ ਜੁਗਤ ਨਾਲ ਵਰਤੀ ਜਾਂਦੀ ਤਾਂ ਉਹ ਰਵਾਇਤੀ ਸਿਆਸਤ ਦਾ ਬਦਲ ਬਣ ਸਕਦੀ ਸੀ। ਪਰ ਇਹ ਤਾਕਤ ਫਲੂਹਿਆਂ ਵਾਂਗ ਉਡ ਕੇ ਹੋਰ ਨੁਕਸਾਨ ਕਰ ਗਈ। ਨਵੇਂ ਵਿਦਵਾਨ ਇਸ ਨੂੰ ਸੰਤ ਜਰਨੈਲ ਸਿੰਘ ਵੱਲੋਂ ਵਰਤਾਇਆ ਅੱਲੋਕਾਰਾ ਵਰਤਾਰਾ ਕਹਿ ਰਹੇ ਹਨ। ਪਰ ਬਿਨਾਂ ਕਿਸੇ ਤਿਆਰੀ ਦੇ ਜਿਨ੍ਹਾਂ ਕੁੰਦਰਾਂ ਵਿਚ ਪੰਥ ਨੂੰ ਫਸਾ ਦਿੱਤਾ ਗਿਆ ਉਸ ਲਈ ਜਿੰਮੇਵਾਰ ਕੌਣ ਹੈ? ਇਹ ਗੱਲ ਅਜਮੇਰ ਸਿੰਘ ਸਮੇਤ ਕੋਈ ਵੀ ਵਿਦਵਾਨ ਕਰਨ ਨੂੰ ਰਾਜ਼ੀ ਨਹੀ ਹੈ।

ਖੈਰ! ਜੇਕਰ ਪ੍ਰਭਸ਼ਰਨ ਭਰਾ ਆਪਣੀ ਵਿਦਵਤਾ ਦੀ ਖੁਸ਼ਬੂ ਲੈ ਕੇ ਪੰਥਕ ਵਿਹੜੇ ਵਿਚ ਜ਼ਰਾ ਕੁ ਸਹਿਜ ਨਾਲ ਪੈਰ ਪਾਉਂਦੇ ਤਾਂ ਚੰਗਾ ਹੋਣਾ ਸੀ। ਪਰ ਇਨ੍ਹਾਂ ਦੇ ਗਿਆਨ ਦੀ ਖੜਗ ਦੀ ਲਿਸ਼ਕ ਨਜ਼ਰ ਪੈਣ ਤੋਂ ਪਹਿਲਾਂ ਹੀ ਇਨ੍ਹਾਂ ਵੱਲੋਂ ਦੂਸਰਿਆਂ ਉਪਰ ਦੋਸ਼ਾਂ, ਊਜਾਂ ਅਤੇ ਚਿੱਕੜ ਉਛਾਲੀ ਵਰਗੇ ਕਾਰਨਾਮਿਆਂ ਦਾ ਘੜਮੱਸ ਮਚ ਗਿਆ ਹੈ। ਇਸੇ ਘੜਮੱਸ ਦਾ ਹੀ ਨਤੀਜਾ ਹੈ ਕਿ ਜਿੱਥੇ ਇਹ ਭਰਾ ਦੂਸਰਿਆਂ ਨੂੰ ਅਨਪੜ੍ਹ, ਜਾਅਲਸਾਜ਼, ਪੰਥਕ ਨਿਸ਼ਾਨੇ ਤੋਂ ਥਿੜਕੇ ਜਾਂ ਥਿੜਕਾਉਣ ਵਾਲੇ ਦੱਸ ਰਹੇ ਹਨ, ਉਥੇ ਇਨ੍ਹਾਂ ਉਪਰ ਵੀ ਮੋੜਵੇਂ ਦੋਸ਼ਾਂ ਦੀ ਝੜੀ ਲੱਗ ਗਈ ਹੈ। ਕਿਸੇ ਸਮੇ ਇਨ੍ਹਾਂ ਡਾ: ਗੁਰਦਰਸ਼ਨ ਸਿੰਘ ਢਿੱਲੋਂ ਬਾਰੇ ਬੁਰਾ-ਭਲਾ ਲਿਖਿਆ ਸੀ। ਡਾ. ਢਿੱਲੋਂ ਇਨ੍ਹਾਂ ਭਰਾਵਾਂ ਬਾਰੇ ਆਰ ਐਸ ਐਸ ਦੇ ਹੱਥ ਠੋਕੇ ਹੋਣ ਦੀਆਂ ਦੁਹਾਈਆਂ ਦੇ ਰਿਹਾ ਹੈ। ਇੱਥੇ ਹੀ ਬੱਸ ਨਹੀਂ ਇਨ੍ਹਾਂ ਭਰਾਵਾਂ ਉਪਰ ਵਿਦੇਸ਼ੀ ਵਿਦਵਾਨਾਂ ਦੀ ਉਸ ਲਾਈਨ ਵਿਚ ਖੜ੍ਹੇ ਹੋਣ ਦੇ ਦੋਸ਼ ਹਨ, ਜੋ ਸਿੱਖੀ ਨੂੰ ਜੜ੍ਹੋਂ ਉਖਾੜਨ ਲਈ ਲੱਕ ਬੰਨ੍ਹੀ ਫਿਰਦੇ ਹਨ। ਮਿਸਾਲ ਵਜੋਂ ਡ: ਢਿੱਲੋਂ ਅਮਰੀਕਨ ਸਕਾਲਰ ਅਰਵਿੰਦਰਪਾਲ ਸਿੰਘ ਮੰਡੇਰ ਦਾ ਹਵਾਲਾ ਦਿੰਦੇ ਹਨ। ਪ੍ਰਭਸਰਨ ਭਰਾ ਮੰਡੇਰ ਦੇ ਹਮਾਇਤੀ ਹਨ ਅਤੇ ਡਾ. ਢਿੱਲੋਂ ਉਸਦੀ ਲਿਖਤ ਨੂੰ ਜ਼ਹਿਰ ਆਖ ਕੇ ਰੱਦ ਕਰਨ ਦੇ ਨਾਲ ਨਾਲ ਸਿੱਖਾਂ ਨੂੰ ਐਸੇ ਦੁਸ਼ਮਣਾਂ ਤੋਂ ਸਾਵਧਾਨ ਕਰਨ ਦੀਆਂ ਅਪੀਲਾਂ ਕਰ ਰਿਹਾ ਹੈ।

ਸ. ਕਰਮਜੀਤ ਸਿੰਘ ਹੁਰਾਂ ਨੇ ਤਾਂ ਹਮਾਇਤ ਕਰਦਿਆਂ ਪ੍ਰਭਸ਼ਰਨ ਭਰਾਵਾਂ ਦਾ ਸਿੱਖ ਬੁੱਧੀਜੀਵੀਆਂ ਵਿਚ ਸਥਾਨ ਅਤੇ ਮਹੱਤਤਾ ਦੀ ਗੱਲ ਕੀਤੀ ਹੈ। ਪਰ ਜਿਵੇਂ ਸ਼ੁਰੂਆਤ ਹੀ ਦੋਸ਼ਾਂ ਅਤੇ ਮੋੜਵੇਂ ਦੋਸ਼ਾਂ ਤੋਂ ਹੋਈ ਹੈ, ਉਸ ਤੋਂ ਲਗਦਾ ਹੈ ਕਿ ਅਗਲਾ ਬਹੁਤ ਸਾਰਾ ਸਮਾਂ ਦੋਸ਼ ਲਾਉਣ ਅਤੇ ਲਾਹੁਣ ਵਿਚ ਹੀ ਖਚਤ ਹੋਏਗਾ। ਕਿੰਨਾ ਚੰਗਾ ਹੁੰਦਾ ਜੇ ਗੱਲ ਕਿਸੇ ਸਾਰਥਿਕ ਵਿਚਾਰ ਵੱਲ ਤੁਰਦੀ। ਇੰਜ ਲਗਦਾ ਹੈ ਜਿਵੇਂ ਪੰਥਕ ਸਟੇਜ 'ਤੇ ਪ੍ਰਭਸ਼ਰਨ ਭਰਾਵਾਂ ਦੀ ਐਂਟਰੀ ਹੀ ਰੌਂਗ ਹੋ ਗਈ ਹੋਵੇ।

# ਖਾਲਿਸਤਾਨ ਇਕ ਬੇਲੋੜੀ ਬਹਿਸ; ਇਕ ਮ੍ਰਿਗ ਤ੍ਰਿਸ਼ਨਾ

ਪੰਜਾਬ ਟਾਈਮਜ਼ ਦੇ ਪਿਛਲੇ ਅੰਕਾਂ ਵਿਚ ਇੱਕ ਵਾਰ ਫਿਰ ਆਜ਼ਾਦ ਸਿੱਖ ਹੋਮਲੈਂਡ ਜਾਂ ਖਾਲਿਸਤਾਨ ਦੀ ਹਮਾਇਤ ਕਰਦੀਆਂ ਦਲੀਲਾਂ ਨਾਲ ਵਿਦਵਾਨ ਪ੍ਰਭਸ਼ਰਨ-ਭਰਾਵਾਂ 'ਤੇ ਇਨ੍ਹਾਂ ਦੀ ਹੀ ਸੋਚ ਦੇ ਧਾਰਨੀ ਸ. ਕਰਮਜੀਤ ਸਿੰਘ ਹੁਰਾਂ ਦੇ ਲੇਖ ਪੜ੍ਹਨ ਨੂੰ ਮਿਲੇ ਹਨ, ਪਰ ਨਾਲ ਹੀ ਇਸ ਸੰਵੇਦਨਸ਼ੀਲ ਮੁੱਦੇ ਬਾਰੇ ਜਮੀਨੀ ਅਤੇ ਹਕੀਕੀ

**ਹਰਜੀਤ ਦਿਓਲ, ਬਰੈਂਪਟਨ**
ਫੋਨ: 905-676-9242

ਪੱਧਰ 'ਤੇ ਸੱਚਾਈ ਨਾਲ ਰੂਬਰੂ ਕਰਾਉਂਦਿਆਂ ਸ. ਕਮਲਜੀਤ ਸਿੰਘ, ਸ. ਹਜਾਰਾ ਸਿੰਘ, ਸ. ਬਲਕਾਰ ਸਿੰਘ, ਸ. ਪ੍ਰੀਤਮ ਸਿੰਘ ਕੁਮੇਦਾਨ ਅਤੇ ਸ. ਹਰਚਰਨ ਸਿੰਘ ਪਰਹਾਰ ਵਰਗੇ ਚਿੰਤਕਾਂ ਦੇ ਵਿਰੋਧੀ ਵਿਚਾਰ ਵੀ ਇਸ ਅਖਬਾਰ ਵਿਚ ਸਥਾਨ ਪਾ ਚੁਕੇ ਹਨ। ਇਹ ਸਭ ਪੜ੍ਹਦਿਆਂ ਜਾਪਦਾ ਹੈ ਕਿ ਪ੍ਰਭਸ਼ਰਨ-ਭਰਾਵਾਂ ਨੂੰ ਅਸਹਿਮਤੀ ਰੱਖਣ ਵਾਲੇ ਵਿਦਵਾਨਾਂ ਦੁਆਰਾ ਉਠਾਏ ਸਵਾਲਾਂ ਦਾ ਜਵਾਬ ਦੇਣ 'ਚ ਕੋਈ ਦਿਲਚਸਪੀ ਨਹੀਂ ਹੈ, ਸਗੋਂ ਦਿਲਚਸਪੀ ਹੈ ਸਿਰਫ ਆਪਣੇ ਪੁਰਾਣੇ ਸਾਥੀ ਸਿੱਖ ਚਿੰਤਕ ਸ. ਅਜਮੇਰ ਸਿੰਘ ਦੀ ਆਲੋਚਨਾ ਕਰਨ 'ਚ, ਜਿਨ੍ਹਾਂ ਖੁਲ੍ਹ ਕੇ ਖਾਲਿਸਤਾਨੀ ਐਲਾਨਨਾਮੇ ਦਾ

**ਪ੍ਰਭਸ਼ਰਨ-ਭਰਾਵਾਂ ਨੇ ਪਾਇਆ ਸਿੱਖ ਚਿੰਤਕ ਨੂੰ ਘੇਰਾ**

ਸਮਰਥਨ ਨਹੀਂ ਕੀਤਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸੋਚ ਨਾਲ ਵਿਸ਼ਵਾਸਘਾਤ ਕੀਤਾ ਹੈ। ਸ. ਅਜਮੇਰ ਸਿੰਘ ਦੀਆਂ ਯੂਟਿਊਬ ਉਪਰ ਪਈਆਂ ਅਣਗਿਣਤ ਟੇਪਾਂ ਵਿਚ ਸਿੱਖ ਚਿੰਤਕ ਨੇ ਸੰਤ ਭਿੰਡਰਾਂਵਾਲਿਆਂ ਨੂੰ ਪਹਿਲਾਂ ਹੀ ਸੱਤਵੇਂ ਅਸਮਾਨ ਚਾੜ੍ਹਿਆ ਹੋਇਆ ਹੈ। ਪ੍ਰਭਸ਼ਰਨ ਭਰਾ ਸੰਤਾਂ ਨੂੰ ਹੋਰ ਉਪਰ ਕੀ ਲੈ ਜਾਣਗੇ?

ਆਪਣੀ ਅਗਲੀ ਗੱਲ ਮੈਂ ਇਸ ਹਫਤੇ ਦੇ ਪੰਜਾਬ ਟਾਈਮਜ਼ 'ਚ ਛਪੀ ਸ. ਅਮਰਜੀਤ ਸਿੰਘ ਮੁਲਤਾਨੀ ਦੀ ਲਿਖਤ 'ਸਿੱਖ ਹੋ? ਤਾਂ ਕਿਤੇ ਵੀ ਕੁਝ ਗਲਤ ਵੇਖੋ ਜ਼ਰੂਰ ਬੋਲੋ' (ਇਫ ਯੂ ਸੀ ਸਮਥਿੰਗ, ਸੇ ਸਮਥਿੰਗ) ਦੇ ਹਵਾਲੇ ਨਾਲ ਸ਼ੁਰੂ ਕਰਾਂਗਾ। ਸ. ਮੁਲਤਾਨੀ ਨੇ ਕਿਹੈ ਕਿ ਬਾਬੇ ਨਾਨਕ ਨੇ ਵੀ ਜਿੱਥੇ ਗਲਤ ਵੇਖਿਆ ਉਸ ਬਾਰੇ ਨਾ ਸਿਰਫ ਬੋਲਿਆ, ਸਗੋਂ ਸਭ ਨੂੰ ਉਸ 'ਗਲਤ' ਬਾਰੇ ਸੁਚੇਤ ਵੀ ਕੀਤਾ। ਪਰ ਅੱਜ ਉਸੇ ਬਾਬੇ ਨਾਨਕ



ਅਜਮੇਰ ਸਿਘ

ਦਾ ਸਿੱਖ ਕਿਸੇ ਸਹਿਮ ਤਹਿਤ ਸਮਕਾਲੀ ਸਿੱਖਾਂ ਦੇ ਗਲਤ ਕਦਮਾਂ ਵਿਰੁੱਧ ਅਵਾਜ਼ ਉਠਾਉਣ ਤੋਂ ਕਤਰਾਉਂਦਾ ਨਜਰੀਂ ਪੈਂਦਾ ਹੈ। ਇਹ ਸੌ ਫੀਸਦੀ ਦਰੁਸਤ ਹੈ ਕਿ ਸਿੱਖ ਸੰਘਰਸ਼ ਦੇ ਗਲਤ ਰਾਹੇ ਪੈ ਜਾਣ ਉਪਰੰਤ ਵੀ ਆਮ ਲੋਕ ਮੂਕ ਦਰਸ਼ਕ ਬਣੇ ਰਹੇ, ਕਿਉਂਕਿ ਮਾਹੌਲ ਸਹਿਮ ਅਤੇ ਦਹਿਸ਼ਤ ਦਾ ਬਣਾ ਦਿੱਤਾ ਗਿਆ ਸੀ। ਹਿੰਦੂ-ਸਿੱਖ ਪਾੜੇ ਨੂੰ ਵਧਾਇਆ ਗਿਆ। ਬੜੀ ਵਿਉਂਤਬੰਦੀ ਨਾਲ ਪਾਵਨ ਦਰਬਾਰ ਸਾਹਿਬ ਦੀ ਮੋਰਚੇਬੰਦੀ ਕਰ ਜੰਗੇ-ਮੈਦਾਨ ਵਿਚ ਤਬਦੀਲ ਕਰ ਦਿੱਤਾ ਗਿਆ। ਸਹਿਮਤੀ ਨਾ ਰੱਖਣ ਵਾਲਿਆਂ ਦੇ ਸੋਧੇ ਲੱਗਦੇ ਰਹੇ। ਵਿਦਵਾਨ ਪ੍ਰਭਸ਼ਰਨਬੀਰ ਤੇ ਹੋਰ ਸੱਜਣ ਪਤਾ ਨਹੀਂ ਕਿਉਂ ਇਨ੍ਹਾਂ ਘਟਨਾਵਾਂ ਵੱਲੋਂ ਅੱਖਾਂ ਮੀਟ ਗੱਲ ਦਰਬਾਰ ਸਾਹਿਬ 'ਤੇ ਹਮਲੇ ਤੋਂ ਹੀ ਸ਼ੁਰੂ ਕਰਦੇ ਹਨ। ਸ਼ਾਇਦ ਇਹ ਘਟਨਾਵਾਂ ਉਨ੍ਹਾਂ ਦੀਆਂ ਦਲੀਲਾਂ ਨੂੰ ਕਮਜੋਰ ਕਰਦੀਆਂ ਹੋਣ। ਆਪਣੇ ਪੱਖ ਨੂੰ ਮਜਬੂਤ ਕਰਨ ਲਈ ਰਾਈ ਦਾ ਪਹਾੜ ਬਣਾ ਦਿੱਤਾ ਜਾਂਦਾ ਹੈ ਜਾਂ ਫੇਰ ਲੋੜ ਅਨੁਸਾਰ ਪਹਾੜ ਨੂੰ ਰਾਈ ਸਾਬਤ ਕਰ ਦਿੱਤਾ ਜਾਂਦਾ ਹੈ; ਪਰ ਜਨਾਬ ਵਿਵੇਕਸ਼ੀਲ ਅਤੇ ਈਮਾਨਦਾਰ ਪਹੁੰਚ ਤੋਂ ਬਿਨਾ ਕੋਈ ਮਸਲਾ ਹਲ ਨਹੀਂ ਹੁੰਦਾ। ਹਾਂ, ਜੇ ਮਸਲਿਆਂ ਨੂੰ ਧੁਖਦਾ ਰੱਖਣ ਲਈ ਇਹ ਕੁਝ ਕੀਤਾ ਜਾ ਰਿਹੈ ਤਾਂ ਗੱਲ ਹੋਰ ਹੈ। 'ਰਾਜ ਕਰੇਗਾ ਖਾਲਸਾ' ਜਾਂ 'ਖਾਲਸੇ ਦੇ ਬੋਲਬਾਲੇ' ਵਰਗੇ ਫਿਕਰੇ ਜਜ਼ਬਾਤ ਨੂੰ ਹਵਾ ਦੇਣ ਲਈ ਵਾਰ ਵਾਰ ਵਰਤੇ ਜਾਂਦੇ ਹਨ, ਪਰ ਕਿਉਂ ਨਹੀਂ ਸਮਝਣ ਦਾ ਯਤਨ ਕੀਤਾ ਜਾਂਦਾ ਕਿ ਖਾਲਸਾ ਦਾ ਮਤਲਬ 'ਖਾਲਿਸ' ਹੈ, ਜੋ ਭ੍ਰਿਸ਼ਟਤੰਤਰ ਅਤੇ ਕੂੜ ਮੁਕਤ ਹੋਵੇ। ਕੀ ਮੇਰੇ ਵੀਰ ਇਹ ਦਾਅਵਾ ਕਰ ਸਕਦੇ ਹਨ ਕਿ ਉਨ੍ਹਾਂ ਦੇ ਸੁਪਨਿਆਂ ਦਾ ਰਾਜ ਸਤਯੁਗ ਹੋਵੇਗਾ ਤੇ ਸਭ ਨਾਲ ਇਨਸਾਫ ਹੋਵੇਗਾ। ਹਿੰਦੂਆਂ ਦੀ ਗੱਲ ਛੱਡੋ, ਜਿੱਥੇ ਅੱਧਿਓਂ ਵੱਧ ਸਹਿਜਧਾਰੀ ਸਿੱਖ ਆਬਾਦੀ ਨੂੰ ਦੁੱਧ ਵਿਚੋਂ ਮੱਖੀ ਵਾਂਗ ਕੱਢ ਪਤਿਤ ਦਾ ਦਰਜਾ ਦੇ ਲਾਂਭੇ ਕਰ ਦਿੱਤਾ ਗਿਆ ਹੋਵੇ, ਉਥੇ ਸਭ ਨਾਲ ਬਰਾਬਰੀ ਦੀ ਕੀ ਆਸ ਰੱਖੀ ਜਾ ਸਕਦੀ ਹੈ? ਕੀ ਧਰਮ ਆਧਾਰਤ ਪਾਕਿਸਤਾਨ 'ਪਾਕ' (ਖਾਲਿਸ) ਇਸਲਾਮੀ ਰਾਜ ਬਣ ਸਕਿਆ?

'ਪੰਜਾਬ ਟਾਈਮਜ਼' ਦੇ ਹੀ ਸਫਿਆਂ 'ਤੇ ਮੁਸਲਿਮ ਬੁੱਧੀਜੀਵੀ ਡਾ. ਇਕਤਿਦਾਰ ਚੀਮਾ ਅਤੇ ਜਨਾਬ ਅਫਜਲ ਅਹਿਸਨ ਰੰਧਾਵਾ ਆਦਿ ਸਿੱਖ ਸੰਘਰਸ਼ ਦੀ ਬੜੀ ਹਮਾਇਤ ਕਰਦੇ ਨਜ਼ਰ ਆਉਂਦੇ ਹਨ, ਕਦੇ ਉਨ੍ਹਾਂ ਪਾਕਿਸਤਾਨ ਵਿਚ ਅਹਿਮਦੀਆਂ ਅਤੇ ਬਲੋਚਾਂ ਨਾਲ ਹੁੰਦੇ ਵਿਤਕਰੇ ਦਾ ਵਿਰੋਧ ਕੀਤਾ। ਪਾਕਿਸਤਾਨ ਦੁਆਰਾ ਬੰਗਲਾ ਦੇਸ਼ 'ਚ ਲੱਖਾਂ ਬੰਗਾਲੀਆਂ ਨਾਲ ਹੋਏ ਤਸ਼ੱਦਦ ਬਾਰੇ ਚਿੰਤਾ ਜਾਹਰ ਕੀਤੀ? ਜਾਂ ਫੇਰ ਭਾਰਤ ਵਿਰੋਧ ਇਨ੍ਹਾਂ ਦਾ ਵੀ ਲੁਕਵਾਂ ਏਜੰਡਾ ਹੈ। ਜੇ ਕੋਈ ਠੋਸ ਹਕੀਕਤ ਨਾਲ ਰੂਬਰੂ ਹੋਣਾ ਲੋਚਦਾ ਹੈ ਤਾਂ ਪਤਾ ਕਰ ਸਕਦਾ ਹੈ ਕਿ ਭਾਰਤ ਵਸਦੇ ਮੁਸਲਮਾਨ ਕਿਸੇ ਕੀਮਤ 'ਤੇ ਵੀ ਪਾਕਿਸਤਾਨ ਜਾ ਵਸਣ ਦੇ ਚਾਹਵਾਨ ਨਹੀਂ। ਕੁਲ ਸਿੱਖ ਆਬਾਦੀ ਦਾ ਇੱਕ ਵੱਡਾ ਹਿੱਸਾ ਸਾਰੇ ਭਾਰਤ ਵਿਚ ਰੰਗੀ ਵਸ ਰਿਹਾ ਹੈ, ਜਿਨ੍ਹਾਂ ਦੇ ਉਜਾੜੇ ਬਾਰੇ ਕਿਉਂ ਇੱਕ ਲਫਜ਼ ਵੀ ਨਹੀਂ ਬੋਲਿਆ ਜਾਂਦਾ?

ਵੀਅਤਨਾਮੀ ਜੁਝਾਰੂਆਂ ਨੇ ਸ਼ਕਤੀਸ਼ਾਲੀ ਅਮਰੀਕਾ ਦਾ ਲੰਮਾ ਸਮਾਂ ਮੁਕਾਬਲਾ ਕਰਕੇ ਆਜ਼ਾਦੀ ਪ੍ਰਾਪਤ ਕੀਤੀ, ਕਿਉਂਕਿ ਉਹ ਬਿਨਾ

*(ਬਾਕੀ ਅਗਲੇ ਸਫੇ 'ਤੇ)*

# ਦੁਸ਼ਵਾਰੀਆਂ ਨਾਲ ਜੂਝਦੇ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੇ ਭਾਵੁਕ ਉਲਾਰ

ਅਮਰਜੀਤ ਸਿੰਘ ਗਰੇਵਾਲ ਨਾ ਸਿਰਫ ਇੱਕ ਬਹੁਤ ਹੀ ਸੁਲਝੇ ਹੋਏ, ਦਾਨਿਸ਼ਵਰ ਤੇ ਡੂੰਘੀ ਸੋਚ ਅਪਨਾਏ ਸਮੇਂ ਦੀ ਨਬਜ਼ ਨੂੰ ਪਛਾਣਨ ਵਾਲੇ ਚਿੰਤਕ ਹਨ, ਸਗੋਂ ਉਹ ਪੰਜਾਬ ਵਿਚ ਰਹਿੰਦਿਆਂ, ਵਿਚਰਦਿਆਂ ਗਾਹੇ-ਬਗਾਹੇ ਪੰਜਾਬ ਅਤੇ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਬਹੁਤ ਨੀਝ ਨਾਲ ਘੋਖਦੇ ਰਹਿੰਦੇ ਹਨ ਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਤਲਾਸ਼ਣ ਦੀ ਕੋਸ਼ਿਸ਼ ਵੀ ਕਰਦੇ ਹਨ। ਉਹ ਪੰਜਾਬ ਦੀ ਤ੍ਰਾਸਦੀ ਨੂੰ ਬਹੁਤ ਨੇੜਿਓਂ ਅਨੁਭਵ ਕਰ ਰਹੇ ਹਨ-ਇਹ ਤ੍ਰਾਸਦੀ

## ਪ੍ਰਤੀਕਰਮ

ਡਾ. ਗੁਰਨਾਮ ਕੌਰ, ਕੈਨੇਡਾ

ਭਾਵੇਂ ਨਸ਼ਿਆਂ ਰਾਹੀਂ ਨੌਜੁਆਨ ਪੀੜ੍ਹੀ ਦੀ ਤਬਾਹੀ ਦੇ ਰੂਪ ਵਿਚ ਹੋਵੇ, ਭਾਵੇਂ ਕਿਸਾਨੀ ਦੀ ਬਰਬਾਦੀ ਅਤੇ ਖੁਦਕੁਸ਼ੀਆਂ, ਬੇਰੁਜ਼ਗਾਰੀ ਦੀ ਸਮੱਸਿਆ ਖਾਸ ਕਰਕੇ ਪੜ੍ਹੀ-ਲਿਖੀ ਨੌਜੁਆਨ ਪੀੜ੍ਹੀ ਦਾ ਬੇਰੁਜ਼ਗਾਰ ਹੋਣਾ ਅਤੇ ਜਾਂ ਫਿਰ ਇਨ੍ਹਾਂ ਸਮੱਸਿਆਵਾਂ ਦੀ ਜਕੜ ਤੋਂ ਨਿਜਾਤ ਪਾਉਣ ਲਈ ਬਾਹਰਲੇ ਮੁਲਕਾਂ ਵੱਲ ਪੰਜਾਬੀ ਨੌਜੁਆਨਾਂ ਦੀ ਦੌੜ। ਉਨ੍ਹਾਂ ਸੁਰਜੀਤ ਪਾਤਰ ਦੀ ਕਵਿਤਾ ਰਾਹੀਂ ਖੂਬ ਸਮਝਾਇਆ ਹੈ,

ਇਹ ਜਿਹੜੇ
ਨਸ਼ਿਆਂ ਦੇ ਉਡਣ-ਖਟੋਲੇ ਵਿਚ ਬੈਠ ਜਾਂਦੇ
ਉਨ੍ਹਾਂ ਨੇ ਵੀ
ਬੱਸ ਏਥੋਂ ਜਾਣ ਦਾ ਹੀ ਰਾਹ ਜਾਣੀ ਲੱਭਿਆ।

ਇਹ ਇੱਕ ਕੌੜੀ ਸੱਚਾਈ ਹੈ ਕਿ ਜਦੋਂ ਕੋਈ ਨੌਜੁਆਨ ਨਸ਼ਿਆਂ ਦੀ ਦਲਦਲ ਵੱਲ ਤੁਰਦਾ ਹੈ, ਕੋਈ ਕਿਸਾਨ ਖੁਦਕੁਸ਼ੀ ਕਰਦਾ ਹੈ ਜਾਂ ਕੋਈ ਬੱਚਾ ਆਪਣੀ ਕਿਸਮਤ ਅਜਮਾਉਣ ਲਈ ਵਿਦੇਸ਼ਾਂ ਵੱਲ ਦੌੜ ਲਾਉਂਦਾ ਹੈ ਤਾਂ ਇਹ ਸਾਰਾ ਭਾਣਾ ਪੰਜਾਬ ਦੇ ਮੌਜੂਦਾ ਤ੍ਰਾਸਦਿਕ ਹਾਲਾਤ ਤੋਂ ਬਚਣ ਲਈ ਜਾਂ ਭੱਜ ਜਾਣ ਕਾਰਨ ਹੀ ਵਾਪਰਦਾ ਹੈ। ਸ. ਗਰੇਵਾਲ ਨੇ ਆਪ ਹੀ ਜ਼ਿਕਰ ਕੀਤਾ ਹੈ ਕਿ "ਕੇਵਲ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਅਤੇ ਨਸ਼ਿਆਂ ਅਤੇ ਨਸ਼ਿਆਂ ਵਿਚ ਦਮ ਤੋੜ ਰਹੀ ਨੌਜੁਆਨ ਪੀੜ੍ਹੀ ਹੀ ਨਹੀਂ, ਪੰਜਾਬ ਵਿਚ ਫੈਲ ਰਹੇ ਜੁਰਮ, ਪ੍ਰਦੂਸ਼ਣ, ਬੇਰੁਜ਼ਗਾਰੀ, ਨਾਬਰਾਬਰੀ, ਭ੍ਰਿਸ਼ਟਾਚਾਰ ਅਤੇ ਸਮਾਜਕ ਕਦਰਾਂ-ਕੀਮਤਾਂ ਨੂੰ ਲੱਗਣ ਵਾਲਾ ਖੋਰਾ ਆਦਿ ਪੰਜਾਬ ਦੇ ਉਸ ਸੰਕਟ ਦੀਆਂ ਅਲਾਮਤਾਂ ਹਨ, ਜਿਸ ਕਾਰਨ 'ਚਲੋ ਏਥੋਂ ਚੱਲੀਏ' ਦਾ ਸਮੂਹ ਗਾਨ ਗਾ ਰਿਹਾ ਪੰਜਾਬ ਆਖਦਾ ਹੈ, ਵੇਚ ਕੇ ਸਿਆੜ ਚਾਰ, ਕਰ ਕੇ ਜੁਗਾੜ ਕੋਈ, ਚੱਲ ਏਥੋਂ ਚੱਲੀਏ।"

ਸ. ਗਰੇਵਾਲ ਅਨੁਸਾਰ ਕਵਿਤਾ ਅਖੀਰ 'ਚ ਇਹ ਸੁਆਲ ਛੱਡ ਜਾਂਦੀ ਹੈ ਕਿ ਪੰਜਾਬ ਦੀ ਧਰਤੀ ਨੂੰ ਮੁੜ ਤੋਂ ਵਸਣ ਯੋਗ ਅਤੇ ਰਸਣ ਯੋਗ ਕਿਵੇਂ ਬਣਾਇਆ ਜਾਵੇ? ਇਸੇ ਸਵਾਲ ਦਾ ਹੱਲ



ਅਮਰਜੀਤ ਸਿੰਘ ਗਰੇਵਾਲ

ਲੱਭਣ ਲਈ ਉਨ੍ਹਾਂ ਨੇ ਪਹਿਲਾਂ ਉਸ ਸੰਕਟ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੀਆਂ ਅਲਾਮਤਾਂ ਦਾ ਸੁਰਜੀਤ ਪਾਤਰ ਦੀ ਇਸ ਕਵਿਤਾ ਵਿਚ ਜ਼ਿਕਰ ਕੀਤਾ ਗਿਆ ਹੈ। ਫਿਰ ਉਨ੍ਹਾਂ ਨੇ ਇਨ੍ਹਾਂ ਅਲਾਮਤਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਨੂੰ ਵਿਸ਼ਵ ਪ੍ਰਸੰਗ ਵਿਚ ਦੇਖਣ ਤੇ ਘੋਖਣ ਦੀ ਅਤੇ ਇਨ੍ਹਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਹੈ।

'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਪੜ੍ਹਿਆ ਹੀ ਹੈ ਕਿ ਸ. ਗਰੇਵਾਲ ਨੇ ਪੰਜਾਬ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਦਾ ਹੱਲ ਇਸ ਤੱਥ ਵਿਚ ਕੱਢਿਆ ਹੈ ਕਿ "ਵਿਦਿਅਕ ਸੁਧਾਰਾਂ ਬਿਨਾ ਨਹੀਂ ਬਚੇਗਾ ਪੰਜਾਬ" ਅਤੇ ਇਸ ਸਿੱਟੇ 'ਤੇ ਪਹੁੰਚਣ ਲਈ ਉਨ੍ਹਾਂ ਨੇ ਪੂਰੇ ਤਿੰਨ ਲੇਖਾਂ 'ਪੰਜਾਬ ਦੇ ਪੁਨਰ-ਨਿਰਮਾਣ ਦਾ ਉਤਰ-ਪੂੰਜੀਵਾਦੀ ਏਜੰਡਾ', 'ਪੂੰਜੀ ਦੇ ਯੁੱਗ ਵਿਚ ਗਿਆਨ ਅਤੇ ਤਕਨੀਕ ਦਾ ਰੋਲ' ਅਤੇ 'ਬੇਚੈਨ ਪੰਜਾਬ: ਤੇਜ਼ ਤਬਦੀਲੀ ਬਨਾਮ ਪਿੰਡ ਵਲ ਵਾਪਸੀ' ਰਾਹੀਂ ਇਸ ਨੂੰ ਘੋਖਿਆ, ਖੰਗਾਲਿਆ ਹੈ। ਇਨ੍ਹਾਂ ਤਿੰਨਾਂ ਲੇਖਾਂ ਰਾਹੀਂ ਸਮੱਸਿਆਵਾਂ ਦੀ ਜੜ੍ਹ ਤੱਕ ਪਹੁੰਚਣ ਅਤੇ ਇਨ੍ਹਾਂ ਨੂੰ ਵਿਦਿਅਕ ਢਾਂਚੇ ਵਿਚ ਸੁਧਾਰ ਕਰਕੇ ਇਸ ਨੂੰ ਸਮੇਂ ਦਾ ਹਾਣੀ ਬਣਾ ਕੇ ਪੰਜਾਬ ਦੀ ਦਸ਼ਾ ਕਿਵੇਂ ਸੁਧਾਰੀ ਜਾ ਸਕਦੀ ਹੈ, ਵੱਲ ਲੇਖਕ ਨੇ ਪੂਰੀ ਦਿਆਨਤਦਾਰੀ ਨਾਲ ਸੁਝਾ ਦਿੱਤੇ ਹਨ।

ਇਹ ਲੇਖ ਜਿੱਥੇ ਆਤਮਾ ਨੂੰ ਝੰਜੋੜਦੇ ਹਨ, ਉਥੇ ਆਸ ਦੀ ਕਿਰਨ ਵੀ ਜਗਾਉਂਦੇ ਹਨ ਕਿ ਅਜੇ ਵੀ ਵਕਤ ਹੈ ਕਿ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਪੰਜਾਬ ਲਈ ਪ੍ਰੇਮ ਅਤੇ ਦਰਦ ਰੱਖਣ ਵਾਲੇ ਹਰ ਪੰਜਾਬੀ ਦੇ ਮਨ ਵਿਚੋਂ ਸ਼ੁਕਰਾਨੇ ਦੇ ਬੋਲ ਅਜਿਹੇ ਬੁੱਧੀਜੀਵੀਆਂ ਲਈ ਜ਼ਰੂਰ ਨਿਕਲਦੇ ਹਨ, ਜੋ ਨਸ਼ਿਆਂ ਦੀ ਮਾਰ ਨਾਲ ਪੰਜਾਬ ਦੀ ਤਬਾਹ ਹੋ ਰਹੀ ਨੌਜੁਆਨ ਪੀੜ੍ਹੀ ਅਤੇ ਬਰਬਾਦੀ ਦੇ ਕੰਢੇ 'ਤੇ ਖੜੀ ਨਿਰਾਸ਼ ਹੋ ਕੇ ਖੁਦਕੁਸ਼ੀਆਂ ਵੱਲ ਰੁੱਖ ਕਰ ਰਹੀ ਪੰਜਾਬ ਦੀ ਕਿਸਾਨੀ ਦੇ ਦੁੱਖ ਨੂੰ ਸਮਝਣ ਅਤੇ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। 'ਪੰਜਾਬ ਟਾਈਮਜ਼' ਵਧਾਈ ਦਾ ਪਾਤਰ ਹੈ, ਅਜਿਹੇ ਦਾਨਿਸ਼ਵੰਦਾਂ ਦੀਆਂ ਲੇਖਣੀਆਂ ਦੇ ਦਰਸ਼ਨ ਦੀਦਾਰੇ ਕਰਾਉਣ ਲਈ।

1947 ਦੀ ਵੰਡ ਨੇ ਪੰਜਾਬ ਦਾ ਕਰੀਬ 60% ਖੇਤਰ ਪਾਕਿਸਤਾਨ ਵਾਲੇ ਪਾਸੇ ਕਰ ਦਿੱਤਾ ਤੇ ਚਾਲੀ ਕੁ ਪ੍ਰਤੀਸ਼ਤ ਹਿੰਦੁਸਤਾਨ ਵਿਚ ਰਹਿ ਗਿਆ। ਇਸ ਵੰਡ ਨਾਲ ਜਿੱਥੇ ਲੱਖਾਂ ਦੀ ਸੰਖਿਆ ਵਿਚ ਪੰਜਾਬੀਆਂ ਦਾ ਉਜਾੜਾ ਹੋਇਆ, ਜਾਨਾਂ ਗਈਆਂ, ਇੱਜਤਾਂ ਮਿੱਟੀ-ਘੱਟੇ ਰੁਲੀਆਂ, ਉਥੇ ਹੀ ਪੰਜਾਬੀ ਖਾਸ ਕਰਕੇ ਸਿੱਖ ਕਿਸਾਨਾਂ ਨੂੰ ਆਪਣੇ ਭਰੇ-ਭੁਕੰਨੇ ਘਰਾਂ ਦੇ ਨਾਲ ਨਾਲ ਜਰਖੇਜ਼ ਜ਼ਮੀਨਾਂ ਵੀ ਛੱਡ ਕੇ ਆਉਣੀਆਂ ਪਈਆਂ। 1947 ਦੀ ਵੰਡ ਨਾਲ ਜਰਖੇਜ਼ ਜਮੀਨ ਗਈ ਅਤੇ 1966 ਵਿਚ ਪੰਜਾਬੀ 'ਸੂਬੀ' ਬਣਨ ਨਾਲ ਸਾਰੀ ਸਨਅਤ ਨਵੇਂ ਬਣੇ ਸੂਬੇ ਹਰਿਆਣੇ ਅਤੇ ਟੂਰਿਸਟ ਸਨਅਤ ਹਿਮਾਚਲ ਪ੍ਰਦੇਸ਼ ਵਿਚ ਚਲੀ ਗਈ। ਇਹੀ ਨਹੀਂ, ਪੰਜਾਬੀ ਬੋਲਦੇ ਇਲਾਕੇ ਵੀ ਇਨ੍ਹਾਂ ਦੋਹਾਂ ਨਵੇਂ ਬਣੇ ਸੂਬਿਆਂ ਵਿਚ ਚਲੇ ਗਏ। ਪੰਜਾਬ ਆਪਣੇ ਸਾਰੇ ਅਸਾਸੇ, ਦਰਿਆਈ ਪਾਣੀ, ਸਮੇਤ ਲਾਹੌਰ ਦੇ ਥਾਂ ਨਵੀਂ ਬਣੀ ਰਾਜਧਾਨੀ ਚੰਡੀਗੜ੍ਹ ਗੁਆ ਕੇ ਰਹਿ ਗਿਆ ਅਟਾਰੀ ਤੋਂ ਲੈ ਕੇ ਸ਼ੰਭੂ ਬਾਰਡਰ ਤੱਕ। ਇਸ ਨਵੀਂ ਬਣੀ 'ਸੂਬੀ' ਲਈ ਕੇਂਦਰ ਸਰਕਾਰ ਦੇ ਨਾਲ ਨਾਲ ਅਕਾਲੀ ਦਲ ਬਰਾਬਰ ਦਾ ਜ਼ਿੰਮੇਵਾਰ ਹੈ, ਕਿਉਂਕਿ ਉਨ੍ਹਾਂ ਨੂੰ ਰਾਜ ਕਰਨ ਲਈ ਸਿੱਖ ਬਹੁ-ਗਿਣਤੀ ਵਾਲਾ ਏਨਾ ਕੁ ਹੀ ਖੇਤਰ ਚਾਹੀਦਾ ਸੀ। ਇਹ ਵੱਖਰੀ ਗੱਲ ਹੈ ਕਿ ਰਾਜ ਉਨ੍ਹਾਂ ਨੂੰ ਫਿਰ ਵੀ ਉਸੇ ਪਾਰਟੀ ਦੀ ਹਮਾਇਤ ਨਾਲ ਕਰਨਾ ਪੈਂਦਾ ਰਿਹਾ ਹੈ, ਜੋ ਸਿਧਾਂਤਕ ਤੌਰ 'ਤੇ ਪੰਜਾਬ ਦੇ ਹੱਕਾਂ ਅਤੇ ਪੰਜਾਬੀ ਸੂਬੇ ਦੀ ਵਿਰੋਧੀ ਰਹੀ ਹੈ।

ਸ. ਪ੍ਰੀਤਮ ਸਿੰਘ ਕੁਮੇਦਾਨ ਵੀ ਪੰਜਾਬ ਦੇ ਪਾਣੀਆਂ ਦੇ ਮਸਲੇ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਬਾਖੂਬੀ ਸਮਝਦੇ ਹਨ। ਉਨ੍ਹਾਂ ਨੇ 20 ਜੂਨ ਦੇ 'ਪੰਜਾਬ ਟਾਈਮਜ਼' ਵਿਚ ਆਪਣੇ ਲੇਖ 'ਖਾਲਿਸਤਾਨ ਬਾਰੇ ਕੁਝ ਸਵਾਲ' ਵਿਚ "ਅਖਬਾਰਾਂ ਵਿਚ ਛਪੀਆਂ ਰਿਪੋਰਟਾਂ ਮੁਤਾਬਿਕ ਅਮਰੀਕਾ ਆਧਾਰਿਤ ਸੰਸਥਾ 'ਸਿੱਖਸ ਫਾਰ ਜਸਟਿਸ'



ਪ੍ਰੀਤਮ ਸਿੰਘ ਕੁਮੇਦਾਨ

ਲੰਡਨ ਵਿਚ 12 ਅਗਸਤ 2018 ਨੂੰ ਪਾਕਿਸਤਾਨ ਦੇ ਭਾਰਤ ਤੋਂ ਵੱਖ ਹੋਣ ਦੇ ਨਕਸ਼ੇ ਕਦਮ 'ਤੇ ਖਾਲਿਸਤਾਨ ਦੀ ਪ੍ਰਾਪਤੀ ਦੇ ਉਦੇਸ਼ ਨੂੰ ਲੈ ਕੇ ਰਾਇਸ਼ੁਮਾਰੀ 'ਰੈਫਰੈਂਡਮ 2020' ਕਰ ਰਹੀ ਹੈ" ਦੇ ਸਬੰਧ ਵਿਚ ਕੁਝ ਸਵਾਲ ਸਾਹਮਣੇ ਰੱਖੇ ਹਨ ਅਤੇ ਮੰਗ ਕੀਤੀ ਹੈ ਕਿ "ਇਹ ਇਸ ਸੰਸਥਾ ਅਤੇ ਖਾਲਿਸਤਾਨ ਦੇ ਹੋਰ ਹਮਾਇਤੀਆਂ ਦਾ ਫਰਜ਼ ਬਣਦਾ ਕਿ ਉਹ ਪਹਿਲਾਂ, ਹੁਣੇ ਹੀ, ਦੁਨੀਆਂ ਭਰ ਦੇ ਸਿੱਖਾਂ ਤੇ ਹੋਰ ਲੋਕਾਂ ਨੂੰ ਆਜ਼ਾਦ ਖਾਲਿਸਤਾਨ ਰਾਜ ਦੀ ਪ੍ਰਾਪਤੀ ਤੋਂ ਮਗਰੋਂ ਖਾਲਿਸਤਾਨ ਅਤੇ ਇਸ ਦੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਸੰਭਾਵੀ ਮੁਸ਼ਕਿਲਾਂ ਤੇ ਔਖਿਆਈਆਂ ਬਾਰੇ ਦੱਸਣ ਅਤੇ ਇਹ ਵੀ ਦੱਸਣ ਕਿ ਖਾਲਿਸਤਾਨ ਉਨ੍ਹਾਂ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਕਿਵੇਂ ਹੱਲ ਕਰੇਗਾ?" ਸੰਭਾਵੀ ਮੁਸ਼ਕਿਲਾਂ ਅਤੇ ਸਮੱਸਿਆਵਾਂ ਦੀ ਲਿਸਟ ਵਿਚ:

"ਇਲਾਕਾਈ ਵੰਡ, ਵੰਡ ਦਾ ਢੰਗ-ਤਰੀਕਾ, ਆਬਾਦੀ ਦਾ ਆਦਾਨ-ਪ੍ਰਦਾਨ, ਹਾਈਡਲ ਬਿਜਲੀ, ਥਰਮਲ ਬਿਜਲੀ, ਨਤੀਜਾ, ਉਦਯੋਗ, ਆਵਾਜਾਈ, ਸਿੰਜਾਈ, ਅਨਾਜ, ਜਲ ਸਪਲਾਈ, ਪਾਕਿਸਤਾਨ ਨਾਲ ਸਬੰਧ," ਦਾ ਜ਼ਿਕਰ ਕਰਕੇ ਉਨ੍ਹਾਂ ਨੇ "ਸਿੱਖਸ ਫਾਰ ਜਸਟਿਸ ਨੂੰ ਬੇਨਤੀ" ਕੀਤੀ ਹੈ ਕਿ "ਕਿਰਪਾ ਕਰ ਕੇ ਕਿਸੇ ਇਕ ਵੀ ਔਖਿਆਈ ਦਾ ਹੱਲ ਦੱਸੋ ਜਾਂ ਫਿਰ ਇਹ ਤਮਾਸ਼ਾ ਬੰਦ ਕਰ ਦਿਉ ਅਤੇ ਆਪਣੇ ਗੁਰੂਆਂ ਕੋਲੋਂ ਮੁਆਫੀ ਮੰਗ ਲਉ, ਜਿਵੇਂ ਅਸੀਂ ਰੋਜ਼ ਅਰਦਾਸ ਕਰਦੇ ਹਾਂ" 'ਅਬ ਕੀ ਬਾਰ ਬਖਸਿ ਬੰਦੇ ਕਉ' ਅਤੇ ਮੁੜ ਕਦੇ ਉਵੇਂ ਨਾ ਕਹਿਉ। ਅਮਰੀਕਾ ਪਰਤਣ 'ਤੇ ਸਾਰੀ ਦੁਨੀਆਂ ਨੂੰ ਦੱਸੋ, ਜਿਵੇਂ ਕਬੀਰ ਸਾਹਿਬ ਗੁਰਬਾਣੀ 'ਚ ਆਖਦੇ ਹਨ, "ਕਬੀਰਾ ਨਾ ਹਮ ਕੀਆ ਨ ਕਰਹਿਗੇ ਨਾ ਕਰ ਸਕੈ ਸਰੀਰੁ॥"

ਸ. ਪ੍ਰੀਤਮ ਸਿੰਘ ਕੁਮੇਦਾਨ ਅਨੁਸਾਰ ਇਨ੍ਹਾਂ ਸੱਸਿਆਵਾਂ ਦਾ ਹੱਲ ਦੱਸਣਾ ਇਨ੍ਹਾਂ ਲੋਕਾਂ ਦਾ ਨੈਤਿਕ ਫਰਜ਼ ਹੈ। ਮੈਂ ਸਮਝਦੀ ਹਾਂ ਕਿ ਇਹ ਸਿਰਫ ਨੈਤਿਕ ਫਰਜ਼ ਹੀ ਨਹੀਂ, ਸਗੋਂ ਆਮ ਸਿੱਖਾਂ ਪ੍ਰਤੀ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਜੇ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਨਹੀਂ ਨਿਭਾ ਸਕਦੇ ਤਾਂ ਪਹਿਲਾਂ ਹੀ ਇੱਕ ਪੀੜ੍ਹੀ ਖਾੜਕੂਵਾਦ ਅਤੇ ਦੂਜੀ ਪੀੜ੍ਹੀ ਨਸ਼ਿਆਂ ਦੀ ਭੇਟ ਚੜ੍ਹਾ ਚੁਕੇ, ਤੇ ਜਿਵੇਂ ਅਮਰਜੀਤ ਗਰੇਵਾਲ ਨੇ ਆਪਣੇ ਲੇਖਾਂ ਵਿਚ ਜ਼ਿਕਰ ਕੀਤਾ ਹੈ, ਪਹਿਲਾਂ ਹੀ ਅਨੇਕ ਦੁਸ਼ਵਾਰੀਆਂ ਨਾਲ ਜੂਝ ਰਹੇ ਪੰਜਾਬੀਆਂ ਨੂੰ ਹੋਰ ਬਲਦੀ ਦੇ ਬੂਥੇ ਦੇਣ ਦਾ ਕੋਈ ਹੱਕ ਨਹੀਂ ਹੈ। ਉਹ ਖੁਦ ਤਾਂ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਮੁਲਕਾਂ ਵਿਚ ਮੌਜਾਂ ਮਾਣ ਰਹੇ ਹਨ ਪਰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨਾਲ ਤਾਂ ਪੰਜਾਬ ਵਿਚ ਵਸਦੇ ਸਿੱਖ ਜੂਝ ਰਹੇ ਹਨ ਅਤੇ ਇਨ੍ਹਾਂ ਦੀ ਕਰਨੀਆਂ ਦੇ ਨਤੀਜੇ ਵੀ ਹਿੰਦੁਸਤਾਨ ਵਿਚ ਰਹਿ ਰਹੇ ਸਿੱਖਾਂ ਨੂੰ ਹੀ ਭੁਗਤਣੇ ਪੈਂਦੇ ਹਨ।

ਕਰਮਜੀਤ ਸਿੰਘ ਦੇ "ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ" ਦੇ ਉਤਰ ਵਿਚ ਡਾ. ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਹਾਕਮ ਸਿੰਘ, ਹਰਚਰਨ ਸਿੰਘ ਪਰਹਾਰ, ਕਮਲਜੀਤ ਸਿੰਘ ਬਾਸੀ, ਹਜ਼ਾਰਾ ਸਿੰਘ ਅਤੇ ਕਈ ਹੋਰ ਵਿਦਵਾਨਾਂ ਨੇ ਆਪਣੇ ਪ੍ਰਤੀਕਰਮ ਵਿਚ ਸਵਾਲ ਉਠਾਏ ਹਨ। ਕਰਮਜੀਤ ਸਿੰਘ ਨੇ ਕਿਸੇ ਦਾ ਵੀ ਕੋਈ ਉਤਰ ਦਿੱਤੇ ਬਿਨਾ ਅਗਲਾ ਲੇਖ ਲਿਖ ਦਿੱਤਾ ਹੈ। ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦੇਣਾ ਕਰਮਜੀਤ ਲਈ ਔਖਾ ਨਹੀਂ ਹੋਣਾ ਚਾਹੀਦਾ। ਪਹਿਲਾ ਪ੍ਰਸ਼ਨ ਹੱਲ ਕੀਤੇ ਬਿਨਾ ਅੱਗੇ ਵਧਣਾ ਮੁਸ਼ਕਿਲ ਵੀ ਹੁੰਦਾ ਹੈ ਅਤੇ ਦਰੁਸਤ ਵੀ ਨਹੀਂ ਹੁੰਦਾ। ਬਿਹਤਰ ਹੈ ਕਿ ਸਿੱਖਾਂ ਪ੍ਰਤੀ ਆਪਣੀ ਨੈਤਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ ਕਰਮਜੀਤ ਸਿੰਘ ਅੱਗੇ ਤੁਰਨ ਤੋਂ ਪਹਿਲਾਂ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦੇਣ। ਜ਼ਮੀਨੀ ਹਕੀਕਤਾਂ ਅਤੇ ਭਾਵੁਕ ਉਲਾਰ ਵਿਚ ਬਹੁਤ ਫਰਕ ਹੁੰਦਾ ਹੈ।

# ਸਿੱਖ ਹੀ 'ਸਿੱਖ ਫਲਸਫੇ' ਤੋਂ ਕਿਉਂ ਦੂਰ ਹੋ ਰਹੇ ਨੇ?

'ਪੰਜਾਬ ਟਾਈਮਜ਼' ਦੇ 4 ਜੁਲਾਈ ਦੇ ਅੰਕ ਵਿਚ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਪ੍ਰਭਸ਼ਰਨ-ਭਰਾਵਾਂ ਬਾਰੇ ਇਕ ਵੱਡਾ ਲੇਖ ਛਪਿਆ ਹੈ। ਲੇਖ ਅਨੁਸਾਰ ਵੱਡੇ ਭਰਾਤਾ ਪ੍ਰਭਸ਼ਰਨਦੀਪ ਸਿੰਘ ਅੰਗਰੇਜ਼ੀ ਵਿਚ ਐਮ. ਏ. ਹਨ ਅਤੇ ਲੰਡਨ ਵਿਚ ਹੀ ਉਨ੍ਹਾਂ ਨੇ ਧਰਮ ਵਿਸ਼ੇ 'ਤੇ ਵੀ ਐਮ. ਏ. ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਆਕਸਫੋਰਡ ਯੂਨੀਵਰਸਿਟੀ ਵਿਚ ਆਪਣੇ ਵਿਸ਼ੇ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਬਾਰੇ ਡਾਕਟਰ ਆਫ ਫਿਲਾਸਫੀ ਦਾ ਥੀਸਸ ਵੀ ਹਾਲ ਹੀ ਵਿਚ ਜਮ੍ਹਾਂ ਕਰਵਾਇਆ ਹੈ। ਉਹ ਆਦਰਸ਼ਵਾਦ ਨਾਲ ਜੁੜੇ ਜਰਮਨ ਫਿਲਾਸਫਰ ਹੀਗਲ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਉਨ੍ਹਾਂ ਨੇ 26 ਜਨਵਰੀ 1986 ਦੇ 'ਸਰਬੱਤ ਖਾਲਸਾ' ਵਿਚ ਪੱਤਰਕਾਰ ਦਲਬੀਰ ਸਿੰਘ ਤੇ ਸਾਥੀਆਂ ਦੇ ਰੋਲ ਬਾਰੇ ਸੋਸ਼ਲ ਮੀਡੀਏ 'ਤੇ ਪੋਸਟ ਪਾਈ ਸੀ, ਜਿਸ ਵਿਚ ਕਰਮਜੀਤ ਸਿੰਘ ਅਨੁਸਾਰ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਤੇ ਗੁਰਬਚਨ ਸਿੰਘ 'ਦੇਸ਼ ਪੰਜਾਬ' ਵਾਲੇ ਸ਼ਾਮਲ ਹੋਏ। ਅਜਮੇਰ ਸਿੰਘ 'ਤੇ ਵੀ ਚਰਚਾ ਹੋਈ।

'ਪੰਜਾਬ ਟਾਈਮਜ਼' ਵਿਚ ਲਿਖੇ ਲੇਖ ਵਿਚ ਉਨ੍ਹਾਂ ਨੇ ਸਾਰੇ ਘਟਨਾਕ੍ਰਮ ਨੂੰ ਆਪਣੇ ਨੁਕਤੇ-ਨਿਗਾਹ ਨਾਲ ਤਰਤੀਬ ਦਿੱਤੀ ਹੈ। ਇਸੇ ਲੇਖ ਵਿਚ ਉਨ੍ਹਾਂ ਨੇ ਪੱਤਰਕਾਰ ਦਲਬੀਰ ਸਿੰਘ ਨੂੰ ਬੜੇ ਲੰਮੇ ਹੱਥੀਂ ਲਿਆ ਹੈ। ਇਕ ਕਿਸਮ ਨਾਲ ਲਹਿਰ ਨੂੰ ਸਾਬੋਤਾਜ ਕਰਨ ਦਾ ਦੋਸ਼ੀ ਗਰਦਾਨਿਆ ਹੈ ਅਤੇ ਖਾਲਿਸਤਾਨ ਦੇ ਐਲਾਨ ਵਿਚ ਅੜਿੱਕਾ ਦੱਸਿਆ ਹੈ। ਉਨ੍ਹਾਂ ਨੇ ਉਸ ਵੇਲੇ ਦਰਪੇਸ਼ ਭਾਰਤੀ ਹਕੂਮਤ ਦੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਵੀ ਆਪਣੀ ਨਿਸ਼ਾਨਦੇਹੀ ਦੇ ਦਾਇਰੇ 'ਚ ਲਿਆਂਦਾ ਹੈ।

ਛੋਟੇ ਭਰਾਤਾ ਪ੍ਰਭਸ਼ਰਨਬੀਰ ਸਿੰਘ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਲੈਕਚਰਾਰ ਹਨ। ਉਨ੍ਹਾਂ ਨੇ ਵੀ ਪੀਐਚ. ਡੀ. ਕੀਤੀ ਹੋਈ ਹੈ। ਪ੍ਰਭਸ਼ਰਨਬੀਰ ਸਿੰਘ ਨੇ 20ਵੀਂ ਸਦੀ ਦੇ ਪ੍ਰਸਿੱਧ ਫਿਲਾਸਫਰ ਮਾਰਟਨ ਹੈਗਰ ਨੂੰ ਆਪਣੇ ਅਧਿਐਨ ਦਾ ਕੇਂਦਰ ਬਿੰਦੂ ਬਣਾਇਆ ਹੋਇਆ ਹੈ। ਇਸੇ ਦਿਸ਼ਾ ਵਿਚ ਉਨ੍ਹਾਂ ਦਾ ਖੋਜ ਪੱਤਰ ਵੀ ਇਕ ਕੌਮਾਂਤਰੀ ਜਰਨਲ ਵਿਚ ਛਪਣ ਲਈ ਚੁਣਿਆ ਗਿਆ ਹੈ। ਹੈਡੇਗਰ ਕੰਟੀਨੈਂਟਲ ਫਿਲਾਸਫੀ ਦੇ ਇਤਿਹਾਸ ਦਾ ਵੱਡਾ ਥੰਮ੍ਹ ਮੰਨਿਆ ਜਾ ਰਿਹਾ ਹੈ।

ਕਰਮਜੀਤ ਸਿੰਘ ਨੇ ਇਸ ਲੇਖ ਵਿਚ ਧਰਮ-ਯੁੱਧ ਅਤੇ ਚੁਰਾਸੀ ਦੇ ਦੌਰ ਦੇ ਦਿਨਾਂ ਦਾ ਵਿਸਤ੍ਰਿਤ ਜ਼ਿਕਰ ਕੀਤਾ ਹੈ। ਪੱਤਰਕਾਰ ਦਲਬੀਰ ਸਿੰਘ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਕੀਤੀ ਪੇਸ਼ੀਨਗੋਈ ਦਾ ਵੀ ਜ਼ਿਕਰ ਕੀਤਾ ਹੈ, ਜੋ ਉਨ੍ਹਾਂ ਅਨੁਸਾਰ ਸੱਚ ਸਾਬਤ ਹੋਈ। ਇਸੇ ਹੀ ਲੇਖ ਵਿਚ ਪੱਤਰਕਾਰ ਕਰਮਜੀਤ ਸਿੰਘ ਸਿੱਖ ਸੰਘਰਸ਼ ਦੇ ਸੰਦਰਭ ਵਿਚ ਯੂਨਾਨੀ ਦੁਖਾਂਤ ਦਾ ਜ਼ਿਕਰ ਕਰਦਾ ਹੈ ਕਿ ਦਿੱਬ ਦ੍ਰਿਸ਼ਟੀ ਵਾਲੇ ਲੋਕ ਕਿਵੇਂ ਪਹਿਲਾਂ ਹੀ ਭਵਿੱਖ ਵਿਚ ਹੋਣ ਵਾਲੀਆਂ ਸ਼ਹੀਦੀਆਂ ਬਾਰੇ ਅਗਾਊਂ ਹੀ ਜਾਣ ਜਾਂਦੇ ਹਨ। ਯੂਨਾਨੀ ਨਾਇਕ ਤੇ ਉਸ ਦੇ ਗਿਣਤੀ ਦੇ ਜੁਝਾਰੂ ਸਾਥੀਆਂ ਵੱਲੋਂ ਦਰਸਾਏ ਸਿਦਕ ਤੇ ਦ੍ਰਿੜਤਾ ਨਾਲ ਲੜੀ ਲੜਾਈ ਦੇ ਆਇਨੇ ਵਿਚੋਂ ਉਹ ਖਾੜਕੂ ਲਹਿਰ ਨੂੰ ਵੇਖਦਾ ਹੈ!

ਇਸ ਸੰਦਰਭ ਵਿਚ ਸਾਨੂੰ ਹਰ ਆਮ ਸਿੱਖ ਨੂੰ ਉਸ ਦੇ ਸਮਾਜਕ ਤੇ ਆਰਥਕ ਪੱਖ ਤੋਂ ਵਾਚਣਾ ਬਣਦਾ ਹੈ। ਹਰ ਸਿੱਖ ਭਾਵੇਂ ਉਹ ਕਿਸੇ ਫਿਰਕੇ ਨਾਲ ਸਬੰਧਿਤ ਹੋਵੇ, ਉਨ੍ਹਾਂ ਦਾ ਪੂਰਾ ਸਮਰਥਨ ਹਰ ਲਹਿਰ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਸਿੱਖਾਂ ਵਿਚ ਫਿਰਕੂਵਾਦ ਦਾ ਫੈਲਾਓ ਦਿਨ ਦੇ ਚਾਨਣੇ ਜਿਹਾ ਸੱਚ ਹੈ ਤੇ ਸਾਨੂੰ ਕਬੂਲਣਾ ਵੀ ਚਾਹੀਦਾ ਹੈ। ਜੇ ਫਿਰਕੂਵਾਦ ਨਾ ਹੁੰਦਾ ਤਾਂ ਪਿੰਡਾਂ ਵਿਚ ਇਕ ਤੋਂ ਵੱਧ ਗੁਰਦੁਆਰੇ ਇਕ ਦੂਜੇ ਦੇ ਵਿਰੋਧ ਵਿਚ ਸੁਭਾਇਮਾਨ ਨਾ ਹੁੰਦੇ। ਹਰ ਸਿੱਖ ਕੀ ਚਾਹੁੰਦਾ ਹੈ ਅਤੇ ਉਸ ਨੂੰ ਸਮਾਜਕ ਤੇ ਆਰਥਕ ਪੱਧਰ 'ਤੇ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਰਪੇਸ਼ ਹਨ? ਉਨ੍ਹਾਂ ਦੇ ਸਰਬ ਪ੍ਰਵਾਨਿਤ ਹੱਲ ਕੀ ਹੋ ਸਕਦੇ ਹਨ? ਕਿਵੇਂ ਸਾਰੀ ਕੌਮ ਨੂੰ ਇਕਮੁੱਠ ਰੱਖਿਆ ਜਾ ਸਕਦਾ ਹੈ? ਨਵੇਂ ਦੇਸ਼ ਦੀ ਪ੍ਰਾਪਤੀ ਕੋਈ ਸੌਖਾ ਕੰਮ ਨਹੀਂ, ਪ੍ਰਾਪਤੀ ਪਿਛੋਂ ਉਸ ਦੀ ਲੰਮੇ ਸਮੇਂ ਲਈ ਸਥਾਪਤੀ, ਆਦਿ ਕਈ ਮੁੱਦਿਆਂ ਵਿਚੋਂ ਅਹਿਮ ਹੈ, ਜਿਨ੍ਹਾਂ 'ਤੇ ਸਾਰੀ ਸਿੱਖ ਕੌਮ (ਘੱਟੋ ਘੱਟ 80%) ਇਕਮੁੱਠ ਤੇ ਇਕਸੁਰ ਵਿਚ ਹੋਵੇ?

ਸ਼ਾਇਦ ਵਿਸਤ੍ਰਿਤ ਵਿਚਾਰ-ਵਟਾਂਦਰੇ ਅਤੇ ਖਾੜਕੂ ਸਫਾਂ ਵਿਚ ਤਾਲਮੇਲ ਦੀ ਘਾਟ ਰਹੀ ਹੋਏਗੀ; ਨਹੀਂ ਤਾਂ ਲੱਖਾਂ ਸਿੱਖ ਨੌਜਵਾਨਾਂ ਦੀ ਸ਼ਹਾਦਤ ਅਜਾਈਂ ਨਾ ਜਾਂਦੀ। ਇੱਥੇ ਇਹ ਗੱਲ ਤਾਂ ਸਪਸ਼ਟ ਹੈ ਕਿ ਖਾੜਕੂ ਲਹਿਰ ਨੂੰ ਸਿੱਖਾਂ ਦੀ ਬਹੁ ਗਿਣਤੀ ਦਾ ਸਮਰਥਨ ਪ੍ਰਾਪਤ ਨਹੀਂ ਸੀ, ਜੋ ਅਤਿ ਜ਼ਰੂਰੀ ਸੀ। ਸਾਨੂੰ ਚਾਹੀਦਾ ਹੈ ਕਿ ਅਸੀਂ ਪਿਛੋਕੜ ਵਿਚ ਹੋਏ ਸੰਘਰਸ਼ਾਂ 'ਤੇ ਨਿੱਠ ਕੇ ਵਿਚਾਰ ਕਰੀਏ। ਦੁਨੀਆਵੀ ਨਿਜ਼ਾਮ ਵਿਚ ਦਿਨ ਪ੍ਰਤੀ ਦਿਨ ਵਿਚਾਰ ਧਾਰਾਵਾਂ ਅਨੁਸਾਰ ਰਾਜਨੀਤਕ ਬਦਲਾਓ ਆ ਰਹੇ ਹਨ। ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਹੀ ਵਿਚਾਰਧਾਰਾ ਹੋਂਦ ਵਿਚ ਆਉਣੀ ਚਾਹੀਦੀ ਹੈ।

ਸਾਨੂੰ ਇੱਕ ਗੱਲ ਤਾਂ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ, ਸਿੱਖਾਂ ਦੀ ਹਰ ਸਮੱਸਿਆ ਦਾ ਹੱਲ ਗੁਰੂ ਨਾਨਕ ਦੇ ਫਲਸਫੇ ਵਿਚ ਲੁਕਿਆ ਹੋਇਆ ਹੈ। ਗੁਰੂ ਨਾਨਕ ਦੇ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਫਲਸਫੇ 'ਤੇ ਬਹੁਤ ਹੀ ਵਿਸਤ੍ਰਿਤ ਖੋਜ ਕਰਨ ਦੀ ਲੋੜ ਹੈ ਤੇ ਫਿਰ ਇਸ 'ਤੇ ਵਿਸ਼ਾਲ ਅਤੇ ਵਿਆਪਕ ਪੱਧਰ 'ਤੇ ਵਿਚਾਰ ਕਰਨ ਦੀ ਲੋੜ ਹੈ। 'ਕਿਰਤ ਕਰਨ, ਵੰਡ ਛਕਣ, ਨਾਮ ਜਪਣ' ਨੂੰ ਅੱਜ ਤੱਕ ਸਿੱਖਾਂ ਨੇ ਉਸ ਵਿਸ਼ਾਲ ਤੇ ਵਿਸਤ੍ਰਿਤ ਸੰਦਰਭ ਵਿਚ ਵਿਚਾਰਿਆ ਹੀ ਨਹੀਂ, ਜਿਸ ਦਾ ਉਹ ਹੱਕਦਾਰ ਹੈ। ਇਹ ਸਿਰਫ ਕੁਝ ਆਮ ਜਿਹੇ ਸ਼ਬਦ ਨਹੀਂ ਹਨ; ਜੇ ਗੁਰੂ ਨਾਨਕ ਦੇ ਮੁੱਖੋਂ ਉਚਰੇ ਹਨ ਤਾਂ ਇਹ ਕੋਈ ਆਮ ਗੱਲ ਨਹੀਂ।

ਗੁਰੂ ਨਾਨਕ ਸਾਹਿਬ ਜਿਹਾ ਨਾ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਦੁਨੀਆਂ ਵਿਚ ਆਇਆ ਹੈ, ਜਿਸ ਨੇ ਆਮ ਇਨਸਾਨ ਦੇ ਜਾਮੇ ਵਿਚ ਸਮੇਂ ਦੇ ਸਾਸ਼ਕਾਂ ਨੂੰ ਲਲਕਾਰਿਆ ਹੋਵੇ? ਜਿਸ ਨੇ ਆਪਣੇ ਘਰ ਹਿੰਦੁਸਤਾਨ ਅਤੇ ਆਪਣੇ ਪੈਦਾਇਸ਼ੀ ਹਿੰਦੂ ਧਰਮ ਹੀ ਨਹੀਂ, ਸਗੋਂ ਹਜ਼ਾਰਾਂ ਮੀਲ ਯਾਤਰਾਵਾਂ ਕਰਕੇ, ਦੁਰਾਡੇ ਦੇਸ਼ਾਂ ਵਿਚ ਉਸ ਵੇਲੇ ਮੰਨੇ ਜਾਂਦੇ ਹੋਰਨਾਂ ਸਮਕਾਲੀ ਧਰਮਾਂ ਵਿਚ ਕਰਤੇ ਦੀ ਸੁੰਦਰ ਕਿਰਤ 'ਮਨੁੱਖ' ਉਤੇ ਧਰਮ ਦੇ ਨਾਂ 'ਤੇ ਹੋ ਰਹੀਆਂ ਜ਼ਿਆਦਤੀਆਂ ਖਿਲਾਫ ਅਵਾਜ਼ ਬੁਲੰਦ ਕੀਤੀ ਤੇ ਸਹੀ ਮਾਰਗ ਦਰਸਾਇਆ।

ਅੱਜ ਸੈਂਕੜੇ ਸਾਲ ਬੀਤ ਜਾਣ ਪਿਛੋਂ ਵੀ ਉਨ੍ਹਾਂ ਦੇਸ਼ਾਂ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੇ ਵੇਰਵੇ ਤੇ ਯਾਦਗਾਰਾਂ ਮੌਜੂਦ ਹਨ, ਪਰ ਬਾਬਾ ਨਾਨਕ ਦੇ ਆਪਣੇ ਹੀ ਦੇਸ਼ ਭਾਰਤ ਵਿਚ ਸਿੱਖਾਂ ਦਾ ਉਸ ਦੇ ਫਲਸਫੇ 'ਤੇ ਯਕੀਨ ਨਹੀਂ ਰਿਹਾ? ਉਸ ਦੇ ਰੌਸ਼ਨ ਦਿਮਾਗ ਸਿੱਖਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਹੋਰਨਾਂ ਫਿਲਾਸਫਰਾਂ ਦੀ ਸੋਚ ਨੂੰ ਖੰਘਾਲਣਾ ਪੈ ਰਿਹਾ ਹੈ?

## ਖਾਲਿਸਤਾਨ ਇਕ ਬੇਲੋੜੀ ਬਹਿਸ; ਇਕ ਮ੍ਰਿਗ ਤ੍ਰਿਸ਼ਨਾ

(ਪਿਛਲੇ ਸਫੇ ਦੀ ਬਾਕੀ)

ਕਿਸੇ ਭੇਦ ਭਾਵ ਇੱਕ ਸਪਸ਼ਟ ਉਦੇਸ਼ ਲੈ ਆਪਣੇ ਲੋਕਾਂ ਲਈ ਲੜੇ, ਇਸ ਲਈ ਵੀਅਤਨਾਮੀ ਜਨਤਾ ਨੇ ਤਹਿ ਦਿਲੋਂ ਉਨ੍ਹਾਂ ਦਾ ਸਾਥ ਦਿੱਤਾ; ਪਰ ਪੰਜਾਬ 'ਚ ਹਿੰਦੂ ਅਤੇ ਉਦਾਰਵਾਦੀ ਸਿੱਖਾਂ ਦੀਆਂ ਭਾਵਨਾਵਾਂ ਦਰਕਿਨਾਰ ਕਰ ਡੰਡੇ ਦੇ ਜੋਰ ਧਰਮੀ ਕੱਟੜਤਾ ਨੂੰ ਹਵਾ ਦਿੱਤੀ ਗਈ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਦੁਨੀਆਂ ਬੜੀ ਤੇਜ ਰਫਤਾਰ ਨਾਲ 'ਏਕੀਕਰਣ' ਦੇ ਰੁਝਾਨ ਨਾਲ ਇੱਕ ਗਲੋਬਲ ਪਿੰਡ ਵਿਚ ਤਬਦੀਲ ਹੋਣ ਵੱਲ ਵਧ ਰਹੀ ਹੈ, ਜਿੱਥੇ ਧਰਮ ਆਧਾਰਤ ਹੋਰ ਵੰਡੀਆਂ ਇਨਸਾਨੀਅਤ ਦੇ ਹੱਕ ਵਿਚ ਨਹੀਂ। 'ਸਭੈ ਸਾਂਝੀਵਾਲਤਾ' ਦਾ ਸੁਨੇਹਾ ਤਾਂ ਇਹੀ ਸੰਦੇਸ਼ ਦਿੰਦਾ ਹੈ। ਆਓ, ਵਖਰੇਵਿਆਂ ਤੋਂ ਉਪਰ ਉਠ ਕੇ ਇੱਕ ਚੰਗੇ ਇਨਸਾਨ ਬਣਨ ਦਾ ਯਤਨ ਕਰੀਏ ਅਤੇ ਸੰਸਾਰ ਨੂੰ ਇੱਕ ਸੁਖਾਵੇਂ ਭਵਿਖ ਵੱਲ ਲੈ ਜਾਣ ਦੇ ਭਾਗੀਦਾਰ ਬਣੀਏ।

# ਪਾਤਾਲਾ ਪਾਤਾਲ ਲਖ ਆਗਾਸਾ ਆਗਾਸ

## ਗੁਰਬਾਣੀ ਗਿਆਨ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਜਦੋਂ ਕੋਈ ਸਾਧਾਰਨ ਸਿੱਖ ਜਾਂ ਸਿੱਖ ਵਿਦਵਾਨ, ਪੁਜਾਰੀ ਜਾਂ ਪ੍ਰਚਾਰਕ, ਗੁਰੂ ਸਾਹਿਬ ਦੀ ਤੁਕ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਪੜ੍ਹਦਾ ਜਾਂ ਸੁਣਦਾ ਹੈ, ਉਸ ਦੇ ਚਿਹਰੇ ਤੇ ਸੰਤੁਸ਼ਟੀ ਦੇ ਅਜੀਬ ਭਾਵ ਉਭਰ ਆਉਂਦੇ ਹਨ। ਉਹ ਸਮਝਦਾ ਹੈ ਕਿ ਗੁਰੂ ਸਾਹਿਬ ਛੋਟੀਆਂ-ਮੋਟੀਆਂ ਗੱਲਾਂ ਵਿਚ ਨਹੀਂ ਪੈਂਦੇ, ਸਗੋਂ ਪਾਤਾਲਾਂ ਤੇ ਆਗਾਸਾਂ ਤੋਂ ਵੀ ਦੂਰ ਦੀ ਸੋਚਦੇ ਹਨ। ਇਸ ਦੇ ਨਾਲ ਉਹ ਇਹ ਵੀ ਸੋਚਦੇ ਹਨ ਕਿ ਅਣਗਿਣਤ ਪਾਤਾਲਾਂ ਤੇ ਆਗਾਸਾਂ ਦੀ ਗੱਲ ਦੱਸ ਕੇ ਗੁਰੂ ਸਾਹਿਬ ਨੇ ਕੁਦਰਤ ਦੀ ਅਸਲ ਨਬਜ਼ 'ਤੇ ਹੱਥ ਰੱਖਿਆ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਇਸ ਤੁਕ ਨਾਲ ਉਹ ਅਧਿਆਤਮਵਾਦ ਨੂੰ ਵਿਗਿਆਨਕ ਤੱਥਾਂ 'ਤੇ ਸਥਾਪਤ ਕਰ ਰਹੇ ਹਨ। ਇਸ ਲਈ ਜੇ ਉਨ੍ਹਾਂ ਨੂੰ ਪੁੱਛੋ ਕਿ ਕੀ ਜਪੁਜੀ ਵਿਗਿਆਨਕ ਬਾਣੀ ਹੈ ਤਾਂ ਸਭ ਹਾਂ-ਪੱਖੀ ਉਤਰ ਦਿੰਦੇ ਹੋਏ ਇਸ ਤੁਕ ਦਾ ਹਵਾਲਾ ਜਰੂਰ ਦੇਣਗੇ। ਉਨ੍ਹਾਂ ਲਈ ਇਹ ਹਵਾਲਾ ਗੁਰੂ ਸਾਹਿਬ ਦੀ ਬਹੁਤ ਵੱਡੀ ਵਿਗਿਆਨਕ ਉਪਲਬਧੀ ਹੈ, ਜੋ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਾਇੰਟੀਫਿਕ ਬਣਾਉਂਦੀ ਹੈ। ਸ਼ਾਇਦ ਉਨ੍ਹਾਂ ਨੂੰ ਲਗਦਾ ਹੋਵੇ ਕਿ ਬਹੁ-ਪਰਤੀ ਆਕਾਸ਼ਾਂ ਪਤਾਲਾਂ ਦਾ ਪਤਾ ਕੇਵਲ ਉਨ੍ਹਾਂ ਨੂੰ ਹੀ ਸੀ, ਕਿਸੇ ਹੋਰ ਨੂੰ ਨਹੀਂ।

ਪਰ ਇੱਦਾਂ ਨਹੀਂ ਹੈ। ਉਨ੍ਹਾਂ ਦੀ ਵਿਗਿਆਨਕਤਾ ਇਸ ਤੁਕ ਦੇ ਕਥਨ ਵਿਚ ਨਹੀਂ, ਸਗੋਂ ਇਸ ਦੇ ਵਰਤਣ ਦੀ ਮੌਲਿਕਤਾ ਵਿਚ ਹੈ। ਜਿਨ੍ਹਾਂ ਲੱਖਾਂ ਤਾਰਿਆਂ ਦੇ ਆਸਮਾਨਾਂ ਦੀ ਉਹ ਗੱਲ ਕਰਦੇ ਪ੍ਰਤੀਤ ਹੁੰਦੇ ਹਨ, ਉਨ੍ਹਾਂ ਬਾਰੇ ਤਾਂ ਮੱਨੁਖ ਨੂੰ ਬਹੁਤ ਪਹਿਲਾਂ ਤੋਂ ਪਤਾ ਸੀ। ਸਾਇੰਸ ਦੇ ਇਤਿਹਾਸ ਵਿਚ ਤਾਰਾ ਵਿਗਿਆਨ ਹੀ ਸਭ ਤੋਂ ਪੁਰਾਣਾ ਹੈ। ਦੂਜੇ ਨੰਬਰ 'ਤੇ ਰੇਖਾ-ਗਣਿਤ ਅਤੇ ਤੀਜੇ 'ਤੇ ਜੀਵ ਵਿਗਿਆਨ ਆਉਂਦਾ ਹੈ। ਵਿਗਿਆਨ ਦੀਆਂ ਇਹ ਸ਼ਾਖਾਵਾਂ ਬਨਾਵਟੀ ਨਹੀਂ, ਅਮਲੀ (Practical) ਹਨ ਅਤੇ ਮਨੁੱਖ ਦੀ ਲੋੜ ਮੁਤਾਬਿਕ ਪੈਦਾ ਹੋਈਆਂ ਹਨ। ਤਦੇ ਹੀ ਤਾਂ ਕਹਿੰਦੇ ਹਨ ਕਿ ਲੋੜ ਕਾਢ ਦੀ ਮਾਂ ਹੈ। ਗੁਰੂ ਸਾਹਿਬ ਤੋਂ ਹਜਾਰਾਂ ਸਾਲ ਪਹਿਲਾਂ ਜੋਤਿਸ਼ ਸਾਸ਼ਤਰ, ਜਿਸ ਨੂੰ 'ਵੈਦਿਕ ਜੋਤਿਸ਼' ਕਹਿੰਦੇ ਹਨ, ਹੋਂਦ ਵਿਚ ਆ ਚੁਕਾ ਸੀ। ਇਸ ਤੋਂ ਵੀ ਸਦੀਆਂ ਪਹਿਲਾਂ ਇਹ ਗਿਆਨ ਮਿਸਰ ਤੇ ਯੂਨਾਨ ਵਿਚ ਪ੍ਰਫੁਲਿਤ ਹੋ ਚੁਕਾ ਸੀ। 380 ਬੀ. ਸੀ. ਵਿਚ ਲਿਖੀ ਪੁਸਤਕ ਰਿਪਬਲਿਕ (The Republic) ਵਿਚ ਪਲੈਟੋ ਕਹਿੰਦਾ ਹੈ ਕਿ ਚੰਗੇ ਰਾਜ ਦੇ ਸਾਸ਼ਕ ਨੂੰ ਜੋਤਿਸ਼ ਜਰੂਰ ਆਉਣਾ ਚਾਹੀਦਾ ਹੈ ਤੇ ਉਸ ਦੀ ਕੈਬਨਿਟ ਵਿਚ ਇਕ ਜੋਤਿਸ਼ ਦਾ ਮੰਤਰੀ ਵੀ ਹੋਣਾ ਜਰੂਰੀ ਹੈ। ਉਹ ਇਹ ਵੀ ਲਿਖਦਾ ਹੈ ਕਿ ਹਰ ਵਧੀਆ ਰਾਜ ਵਿਚ ਇਕ ਨੌਕਚਰਨਲ ਕੌਂਸਲ (Nocturnal Council) ਵੀ ਹੋਣੀ ਚਾਹੀਦੀ ਹੈ, ਜੋ ਰਾਜ ਦੀ ਖੁਸ਼ਹਾਲੀ ਲਈ ਦਿਨ ਰਾਤ ਗ੍ਰਹਿ-ਚਾਲਾਂ 'ਤੇ ਨਿਗਰਾਨੀ ਰੱਖੇ ਤੇ ਸਲਾਹ ਦੇਵੇ। ਭਾਰਤ ਵਿਚ ਸਿਕੰਦਰ ਦੇ ਥਾਪੇ ਯੁਨਾਨੀ ਸਾਸ਼ਕ ਸਲਿਊਕਸ ਦੇ ਰਾਜ ਵੇਲੇ ਵੈਦਿਕ ਤੇ 'ਸਿਯਾਨਾ' ਭਾਵ ਪੱਛਮੀ ਜੋਤਿਸ਼ ਨੇ ਆਪਸ ਵਿਚ ਬਹੁਤ ਕੁਝ ਸਿੱਖਿਆ-ਸਿਖਾਇਆ। ਅਰਬੀ-ਫਾਰਸੀ ਜਾਣਦੇ ਮੁਸਲਮਾਨ ਰਾਜੇ ਆਪ ਇਸ ਇਲਮ ਵਿਚ ਸ਼ੌਕ ਰੱਖਦੇ ਸਨ। ਮੱਧ ਕਾਲੀ ਭਾਰਤ ਵਿਚ ਇਹ ਆਪਣੀਆਂ ਸਿਖਰਾਂ 'ਤੇ ਸੀ। ਇਸ ਲਈ ਪਿਛਲੀ ਪਉੜੀ ਵਿਚ ਜਦੋਂ ਗੁਰੂ ਸਾਹਿਬ ਸ੍ਰਿਸ਼ਟੀ ਦੇ ਜਨਮ ਸਮੇਂ ਦੇ ਮੁੱਖ ਵੇਰਵਿਆਂ ਜਿਵੇਂ ਤਿੱਥ, ਵਾਰ, ਰੁਤ, ਮਾਹ ਤੇ ਵਕਤ ਦੀ ਗੱਲ ਕਰਦੇ ਸਨ, ਉਹ ਜੋਤਿਸ਼ ਦੀ ਸ਼ਬਦਾਵਲੀ ਵਰਤ ਰਹੇ ਸਨ। ਇਹ ਨਹੀਂ ਹੋ ਸਕਦਾ ਕਿ ਉਨ੍ਹਾਂ ਨੂੰ ਜੋਤਿਸ਼ ਦਾ ਪਤਾ ਹੋਵੇ, ਪਰ ਗ੍ਰਹਿਆਂ, ਸਿਤਾਰਿਆਂ ਤੇ ਪੁਲਾੜ ਦਾ ਪਤਾ ਨਾ ਹੋਵੇ। ਇਸ ਲਈ ਗੁਰੂ ਸਾਹਿਬ ਵਲੋਂ ਪੁਰਾਤਨ ਤੱਥਾਂ ਦਾ ਹਵਾਲਾ ਦੇਣਾ ਹੀ ਕਿਸੇ ਠੋਸ ਜਾਣਕਾਰੀ ਦੇਣ ਨਾਲੋਂ ਵੱਧ ਵਿਗਿਆਨਕ ਤੇ ਅਹਿਮ ਹੈ।

ਇਸ ਦੀ ਵਿਗਿਆਨਕਤਾ ਇਸ ਗੱਲ ਵਿਚ ਹੈ ਕਿ ਗੁਰੂ ਸਾਹਿਬ ਨੇ ਸ੍ਰਿਸ਼ਟੀ ਦੇ ਜਨਮ ਦਾ ਮੁੱਦਾ ਕਿਸੇ ਧਾਰਮਿਕ ਉਲੇਖ ਤੋਂ ਨਹੀਂ ਉਠਾਇਆ ਤੇ ਨਾ ਹੀ ਕਿਸੇ ਪੈਗੰਬਰੀ ਵਿਖਿਆਨ ਤੋਂ। ਉਨ੍ਹਾਂ ਨੇ ਇਸ ਨੂੰ ਇਸ ਦੇ ਪ੍ਰਕ੍ਰਿਤਿਕ ਤੱਥਾਂ ਤੋਂ ਉਠਾਇਆ ਤੇ ਤਰਕ-ਸੰਗਤ ਢੰਗ ਨਾਲ ਪੇਸ਼ ਕੀਤਾ। ਹਿੰਦੂ, ਇਸਾਈ ਤੇ ਇਸਲਾਮੀ ਧਾਰਮਿਕ ਗ੍ਰੰਥਾਂ ਵਿਚ ਬ੍ਰਹਿਮੰਡ ਰਚਨਾ ਦੇ ਵੱਖ ਵੱਖ ਸਿਧਾਂਤ ਦਿੱਤੇ ਹੋਏ ਸਨ। ਜੇ ਉਹ ਚਾਹੁੰਦੇ ਤਾਂ ਉਨ੍ਹਾਂ ਵਿਚੋਂ ਇਕ ਨੂੰ ਸਵਿਕਾਰ ਕਰ ਲੈਂਦੇ ਜਾਂ ਉਨ੍ਹਾਂ ਵਾਂਗੂੰ ਹੀ ਆਪਣਾ ਕੋਈ ਹਵਾਈ ਸਿਧਾਂਤ ਘੜ ਲੈਂਦੇ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਤੱਥਾਂ ਤੋਂ ਹਟ ਕੇ ਬਣਾਏ ਸਿੱਧਾਂਤ ਦੀ ਕੋਈ ਮਹੱਤਤਾ ਨਹੀਂ। ਵਿਗਿਆਨ ਦੇ ਪਿਤਾਮਾ ਅਰਸਤੂ ਦੇ ਸਮੇਂ ਤੋਂ ਹੀ ਤੱਥਾਂ ਨੂੰ ਵਿਗਿਆਨ ਦਾ ਪਹਿਲਾ ਆਧਾਰ ਮੰਨਿਆ ਜਾਂਦਾ ਹੈ। ਜੇ ਗੁਰੂ ਸਾਹਿਬ ਅਜਿਹਾ ਨਾ ਕਰਦੇ ਤਾਂ ਉਨ੍ਹਾਂ ਦੇ ਵਿਚਾਰਾਂ ਨੂੰ ਅੱਜ ਵਿਗਿਆਨਕ ਕੋਈ ਨਾ ਕਹਿੰਦਾ। ਇਸ ਲਈ ਉਨ੍ਹਾਂ ਦੀ ਇਹ ਵਿਗਿਆਨਕ ਸੂਝ-ਬੂਝ ਤੇ ਦਲੇਰੀ ਹੀ ਸੀ ਕਿ ਉਨ੍ਹਾਂ ਨੇ ਸਮਕਾਲੀ ਧਰਮਾਂ ਦੇ ਸੁਣੇ-ਸੁਣਾਏ, ਮਨ-ਘੜ੍ਹਤ ਤੇ ਤੱਥਹੀਣ ਵਿਚਾਰਾਂ ਨੂੰ ਝੂਠ ਦਾ ਪਲੰਦਾ ਦੱਸਿਆ ਤੇ ਗਣਿੱਤੀ ਢੰਗ ਰਾਹੀਂ ਤੱਥਾਂ ਦੀ ਖੋਜ ਨੂੰ ਆਪਣੇ ਸਿੱਖੀ ਸਿੱਧਾਂਤ ਦਾ ਆਧਾਰ ਬਣਾਇਆ।

ਗੁਰੂ ਸਾਹਿਬ ਦੇ ਸਮੇਂ ਵਿਚ ਵਿਗਿਆਨ ਹਾਲੇ ਵਿਕਸਿਤ ਨਹੀਂ ਸੀ ਹੋਇਆ। ਉਸ ਵੇਲੇ ਤਾਂ ਲੋਕਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਧਰਤੀ ਗੋਲ ਹੈ। ਉਹ ਸਮਝਦੇ ਸਨ ਕਿ ਧਰਤੀ ਚਪਟੀ ਹੈ ਤੇ ਇਹ ਬਿਨਾ ਕਿਸੇ ਹੱਦ ਦੇ ਚਾਰੇ ਪਾਸੇ ਫੈਲੀ ਹੋਈ ਹੈ। ਕਈ ਯੂਰਪੀਅਨ ਕਹਿੰਦੇ ਸਨ ਕਿ ਐਂਧ-ਮਹਾਸਾਗਰ ਦੇ ਉਸ ਪਾਰ ਧਰਤੀ ਦਾ ਅੰਤ ਹੈ। ਉਥੋਂ ਪਰੇ ਡੂੰਘੀ ਖਾਈ (Abyss) ਹੈ, ਜਿਸ ਦੇ ਕਿਨਾਰਿਓਂ ਤਿਲਕਿਆ ਮਨੁੱਖ ਧਰਤੀ ਤੋਂ ਨੀਚੇ ਡਿਗ ਪੈਂਦਾ ਹੈ ਤੇ ਉਸ ਦਾ ਪਤਾ ਨਹੀਂ ਚਲਦਾ। ਜਿੰਨੇ ਮੂੰਹ, ਉਨੀਆਂ ਗੱਲਾਂ ਸਨ। ਉਦੋਂ ਇਹ ਵੀ ਨਹੀਂ ਸੀ ਪਤਾ ਕਿ ਧਰਤੀ ਇਕ ਗ੍ਰਹਿ ਹੈ, ਜੋ ਦੂਜੇ ਗ੍ਰਹਿਆਂ ਵਾਂਗ ਸੂਰਜ ਦੁਆਲੇ ਘੁੰਮਦਾ ਹੈ। ਕੂਪਰਨੀਕਸ (1473-1542), ਜਿਸ ਨੇ ਇਹ ਸਿਧਾਂਤ ਦਿੱਤਾ, ਗੁਰੂ ਸਾਹਿਬ ਦਾ ਸਮਕਾਲੀ ਸੀ। ਉਸ ਨੂੰ ਧਾਰਮਿਕ ਬੇਅਦਬੀ ਦੇ ਦੋਸ਼ ਵਿਚ ਕੈਥੋਲਿਕ ਚਰਚ ਨੇ ਕੈਦ ਕਰਵਾ ਦਿੱਤਾ। ਇਸ ਤੋਂ ਸੌ ਸਾਲ ਪਿੱਛੋਂ ਜਦੋਂ ਗੈਲੀਲਿਓ ਨੇ ਉਸੇ ਸੱਚ ਨੂੰ ਦੁਹਰਾਇਆ, ਉਸ ਨੂੰ ਵੀ ਧਰਮ ਖਿਲਾਫ ਕੁਫਰ ਬੋਲਣ ਦੇ ਦੋਸ਼ ਵਿਚ ਚਰਚ ਨੇ ਉਮਰ ਕੈਦ ਕਰਵਾ ਦਿੱਤੀ। ਵਿਗਿਆਨ ਦੀ ਪ੍ਰਬਲ ਗਵਾਹੀ ਸਵੀਕਾਰਦਿਆਂ ਉਸ ਖਿਲਾਫ ਲਾਇਆ ਇਹ ਦੋਸ਼ ਚਰਚ ਨੂੰ ਤਿੰਨ ਸੌ ਸਾਲਾਂ ਬਾਅਦ ਵਾਪਸ ਲੈਣਾ ਪਿਆ ਸੀ।

ਉਕਤ ਦੋਹਾਂ ਵਿਗਿਆਨੀਆਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਇਸ ਗੱਲ 'ਤੇ ਟਿਕਿਆ ਹੈ ਕਿ ਉਨ੍ਹਾਂ ਨੇ ਧਰਮ ਦੀ ਅਵਾਜ਼ ਅਣਸੁਣੀ ਕਰ ਕੇ ਆਪਣੀ ਖੋਜ ਅਨੁਸਾਰ ਸੁਤੰਤਰ ਸਿੱਟੇ ਕੱਢੇ ਸਨ। ਗੁਰੂ ਸਾਹਿਬ ਆਪਣੇ ਆਸੇ ਮੁਤਾਬਿਕ ਇਨ੍ਹਾਂ ਵਿਗਿਆਨਕਾਂ ਜਿਹੇ ਵਿਸ਼ੇਸ਼ਗੀ ਨਹੀਂ ਸਨ। ਉਹ ਅਸਮਾਨੀ ਪਿੰਡਾਂ ਦੀ ਗਿਣਤੀ-ਮਿਣਤੀ ਤੇ ਸ਼ਕਲ ਆਕਾਰਾਂ ਦੇ ਚੱਕਰ ਵਿਚ ਨਹੀਂ ਪਏ। ਉਨ੍ਹਾਂ ਨੇ ਇਨ੍ਹਾਂ ਤੱਥਾਂ ਤੋਂ ਉਪਰ ਉਠ ਕੇ ਪੂਰੀ ਕਾਇਨਾਤ ਦੇ ਮੁੱਢ ਤੇ ਰਚਨਾ ਦੀ ਗੱਲ ਕੀਤੀ। ਇਹ ਮੁੱਦਾ ਹਾਲੇ ਉਸ ਵੇਲੇ ਦੇ ਵਿਗਿਆਨੀਆਂ ਦਾ ਸਰੋਕਾਰ ਨਹੀਂ ਸੀ ਬਣਿਆ, ਤਾਂ ਵੀ ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਇਨ੍ਹਾਂ ਵਿਗਿਆਨੀਆਂ ਵਾਂਗ ਹੀ ਵਿਗਿਆਨਕ ਰਿਹਾ। ਉਨ੍ਹਾਂ ਨੇ ਵੀ ਪੁਰਾਤਨ ਸਾਸ਼ਤਰਾਂ ਤੇ ਕਤੇਬਾਂ 'ਤੇ ਟੇਕ ਨਾ ਰੱਖਦਿਆਂ 'ਲਿਖੇ ਲੇਖੇ' ਭਾਵ ਪ੍ਰਮਾਣਿਤ ਤੱਥਾਂ ਦੀ ਗਵਾਹੀ 'ਤੇ ਨਿਰਭਰ ਕਰਨ ਦੀ ਗੱਲ ਕੀਤੀ। ਉਨ੍ਹਾਂ ਦੀ ਪਹੁੰਚ ਦੇ ਨਾਲ ਨਾਲ ਉਨ੍ਹਾਂ ਦਾ ਖੋਜ ਢੰਗ ਵੀ ਸਮੇਂ ਅਨੁਸਾਰ ਢੁਕਵਾਂ ਸੀ। ਉਸ ਵੇਲੇ ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਸੰਸਾਰ ਕਦੋਂ ਬਣਿਆ ਤੇ ਕਿਵੇਂ ਬਣਿਆ? ਸ੍ਰਿਸ਼ਟੀ ਰਚਨਾ ਵੇਲੇ ਦਾ ਅਜਿਹਾ ਕੋਈ ਵਿਅਕਤੀ ਵੀ ਜਿਉਂਦਾ ਨਹੀਂ ਸੀ, ਜੋ ਇਸ ਬਾਰੇ ਕੁਝ ਜਾਣਦਾ ਹੋਵੇ। ਇਸ ਬਾਰੇ ਕੋਈ ਲਿਖਤੀ ਸਬੂਤ ਵੀ ਮੌਜੂਦ ਨਹੀਂ ਸੀ, ਜੋ ਜਾਣਕਾਰੀ ਦਾ ਆਧਾਰ ਬਣ ਸਕੇ। ਥੋੜੇ ਬਹੁਤ ਲਿਖੇ ਲੇਖ ਵੀ ਨਸ਼ਟ ਹੋ ਚੁਕੇ ਸਨ। ਇੰਨੀ ਪੁਰਾਣੀ ਗਵਾਹੀ ਕਿਸੇ ਤਰ੍ਹਾਂ ਵੀ ਖੜ੍ਹੀ ਨਹੀਂ ਰਹਿੰਦੀ। ਗੁਰੂ ਸਾਹਿਬ ਨੇ ਕਿਸੇ ਲਿਖਤੀ ਸਬੂਤ ਜਾਂ ਅੱਖੀਂ ਦੇਖੀ ਗਵਾਹੀ ਤੋਂ ਬਿਨਾ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਇਹ ਆਪਣੇ ਆਪ ਵਿਚ ਇਕ ਵਿਗਿਆਨ-ਮਿਜ਼ਾਜੀ ਵਾਲੀ ਗੱਲ ਸੀ।

ਪਰ ਤੱਥਾਂ ਸਬੂਤਾਂ ਦੀ ਅਣਹੋਂਦ ਵਿਚ ਵੀ ਉਨ੍ਹਾਂ ਨੇ ਇਹ ਮੁੱਦਾ ਗਵਾਇਆ ਨਹੀਂ। ਜੇ ਉਹ ਕਹਿ ਦਿੰਦੇ ਕਿ ਬ੍ਰਹਿਮੰਡ ਸਿਰਜਣਾ ਦਾ ਤਾਂ ਪਤਾ ਨਹੀਂ ਲੱਗ ਸਕਦਾ ਤਾਂ ਐਗਨਾਸਟਿਕ (Agnostic) ਅਖਵਾਉਂਦੇ ਤੇ ਝੂਠੇ ਨਿਕਲਦੇ। ਸਗੋਂ ਉਨ੍ਹਾਂ ਨੇ ਕਿਹਾ ਕਿ ਇਸ ਦਾ ਪਤਾ ਇਸ ਦੇ ਬਣਾਉਣ ਵਾਲੇ ਨੂੰ ਹੀ ਹੈ। ਇਹ ਕਹਿ ਕੇ ਉਨ੍ਹਾਂ ਨੇ ਆਪਣੇ ਆਸ਼ਾਵਾਦੀ ਹੋਣ ਦਾ ਸਬੂਤ ਦਿੱਤਾ ਤੇ ਵਿਗਿਆਨਕ ਖੋਜ ਦਾ ਰਾਹ ਖੁਲ੍ਹਾ ਰੱਖਿਆ। ਵਿਸ਼ਲੇਸ਼ਣ ਕਰੀਏ ਤਾਂ ਇਸ ਕਥਨ ਦੇ ਦੋ ਅਰਥ ਹੋ ਸਕਦੇ ਹਨ। ਪਹਿਲਾ, ਬਣਾਉਣ ਵਾਲਾ ਸੱਚੀ-ਮੁੱਚੀ ਇੱਥੇ ਹਾਜ਼ਰ ਸੀ। ਉਸ ਨੂੰ ਪਤਾ ਸੀ ਕਿ ਬ੍ਰਹਿਮੰਡ ਕਿਵੇਂ ਬਣਾਉਣਾ ਹੈ। ਸ਼ਾਇਦ ਉਸ ਨੇ ਪਹਿਲਾਂ ਵੀ ਕਈ ਬ੍ਰਹਿਮੰਡ ਬਣਾਏ ਹੋਣ ਤੇ ਉਸ ਨੂੰ ਇਕ ਹੋਰ ਬਣਾਉਣ ਦੀ ਕੋਈ ਮਜ਼ਬੂਰੀ ਪੈ ਗਈ ਹੋਵੇ, ਪਰ ਇਸ ਨੂੰ ਬਣਾਉਣ ਪਿੱਛੋਂ ਉਹ ਇਸ ਨੂੰ ਹੁਕਮਾਂ ਜਾਂ ਨਿਯਮਾਂ ਸਹਾਰੇ ਛੱਡ ਕੇ ਇੱਥੋਂ ਚਲਾ ਗਿਆ। ਕਿੱਥੇ ਗਿਆ, ਕੁਝ ਪਤਾ ਨਹੀਂ! ਭਗਤਾਂ ਨੇ ਪਿਆਰ ਤੇ ਸ਼ਰਧਾ ਨਾਲ ਬਹੁਤ ਅਰਜੋਈਆਂ ਕੀਤੀਆਂ, ਪਰ ਉਹ ਮੁੜ ਨਹੀਂ ਆਇਆ। ਭਗਤ ਵਿਰਾਗ ਵਿਚ ਬਾਵਰੇ (Paranoid) ਹੋ ਗਏ ਤੇ ਉਨ੍ਹਾਂ ਨੂੰ ਉਸ ਦੇ ਭਾਉਲੇ (Apparitions) ਪੈਣ ਲੱਗੇ, ਪਰ ਉਸ ਨੇ ਪ੍ਰਵਾਹ ਨਾ ਕੀਤੀ। ਭਗਤਾਂ ਨੇ ਖਲਕਤ ਨੂੰ ਗਰੀਬੀ, ਭੁੱਖ-ਮਰੀ ਤੇ ਬੇਇਨਸਾਫੀ ਤੋਂ ਬਚਾਉਣ ਲਈ ਵਾਸਤੇ ਪਾ ਪਾ ਗ੍ਰੰਥ ਲਿਖੇ, ਪਰ ਉਸ ਨੇ ਇਕ ਨਾ ਸੁਣੀ। ਕਈਆਂ ਨੇ ਸੁਰਾਗ ਦਿੱਤਾ ਕਿ ਉਹ ਗਿਆ ਕਿਤੇ ਨਹੀਂ, ਆਪਣੀ ਰਚਨਾ ਦੇ ਵਿਚ ਹੀ ਛੁਪਿਆ ਹੋਇਆ ਹੈ, ਪਰ ਉਹ ਉਥੋਂ ਵੀ ਨਾ ਲੱਭਾ। ਭਗਤ ਸਮਝ ਹੀ ਨਾ ਸਕੇ ਕਿ ਇੰਡਾ ਵੱਡਾ ਕਰਤਾ ਰਚਨਾ ਵਿਚ ਕਿਵੇਂ ਸਮਾ ਸਕਦਾ ਹੈ, ਭਾਵ ਹਾਥੀ ਜਿਹਾ ਜੀਵ ਕੀੜੀ ਵਿਚ ਕਿਵੇਂ ਵੜ ਸਕਦਾ ਹੈ। ਸਿਆਣਾ ਕਹਾਉਣ ਵਾਲਾ ਮਨੁੱਖ ਕੋਈ ਹੋਰ ਵਿਕਲਪ (Alternative) ਨਾ ਸੋਚ ਸਕਿਆ, ਭਾਵ ਇਕੋ ਗੱਲ 'ਤੇ ਅੜਿਆ ਰਿਹਾ ਕਿ ਸਾਧੂ ਭੇਸ ਵਿਚ ਲੁਕੇ ਪਰਮਾਤਮਾ ਨੂੰ ਲੱਭ ਕੇ ਹਟਣਾ ਹੈ, ਭਾਵੇਂ ਰਹਿੰਦੀ ਦੁਨੀਆਂ ਤੀਕ ਤਪਸਿਆ ਕਿਉਂ ਨਾ ਕਰਨੀ ਪਵੇ।

ਸਭ ਤੋਂ ਵਿੱਲਖਣ ਗੱਲ ਤਾਂ ਸਭ ਅਜੋਕੇ ਸਿੱਖ ਵਿਦਵਾਨ ਉਦੋਂ ਕਰਦੇ ਹਨ, ਜਦੋਂ ਉਹ "ਵੱਡਾ ਆਖੀਐ" ਦੇ ਅਰਥ ਰੱਬ ਨੂੰ "ਵੱਡਾ ਆਖੋ" ਕਰਦੇ ਹਨ। ਜੇ ਗੁਰੂ ਸਾਹਿਬ ਚਾਹੁੰਦੇ ਵੀ ਹੋਣਗੇ ਤਾਂ ਵੀ ਇੱਦਾਂ ਉਹ ਨਾ ਕਰਦੇ। ਉਹ ਕੁਦਰਤ ਦੀਆਂ ਅਥਾਹ ਵਡਿਆਈਆਂ ਨੂੰ ਹੀ ਉਸ ਦੀ ਮਹਾਨਤਾ ਦਾ ਪ੍ਰਤੀਕ ਸਮਝਦੇ।

ਪਰ ਗੁਰੂ ਸਾਹਿਬ ਲਈ ਇਹ ਅਰਥ ਪ੍ਰਮਾਣਿਤ ਨਹੀਂ ਸੀ। ਉਨ੍ਹਾਂ ਕੋਲ ਦੂਜੇ ਅਰਥਾਂ ਵਾਲਾ ਵਿਕਲਪ ਸੀ, ਜੋ ਵਧੇਰੇ ਯਥਾਰਥਕ ਤੇ ਵਿਗਿਆਨਕ ਸੀ। ਇਸ ਅਨੁਸਾਰ ਕਰਤਾ ਗਿਆ ਕਿਤੇ ਨਹੀਂ, ਉਹ ਇੱਥੇ ਹੀ ਹੈ, ਇੱਥੇ ਹੀ ਸੀ ਤੇ ਇੱਥੇ ਹੀ ਰਹੇਗਾ; ਪਰ ਉਸ ਦਾ ਰੂਪ ਹੋਰ ਹੈ। ਉਹ ਰਚਨਾ ਵਿਚ ਰਚਿਆ ਹੋਇਆ ਨਹੀਂ ਹੈ, ਸਗੋਂ ਆਪ ਹੀ ਰਚਨਾ ਹੈ। ਉਸ ਨੇ ਸੰਸਾਰ ਨੂੰ ਸਿਰਜਿਆ ਨਹੀਂ, ਸਗੋਂ ਹਰ ਪਲ ਸਿਰਜ ਰਿਹਾ ਹੈ। ਉਹ ਕਿਸੇ ਦੇ ਬੁਲਾਏ ਆਉਂਦਾ ਨਹੀਂ, ਕਿਸੇ 'ਤੇ ਤਰਸ ਨਹੀਂ ਕਰਦਾ, ਕਿਸੇ ਦੀ ਅਰਜ ਨਹੀਂ ਸੁਣਦਾ ਤੇ ਕਿਸੇ ਨਾਲ ਪਿਆਰ ਨਹੀਂ ਕਰਦਾ। ਉਹ ਉਦਾਸੀਨ ਹੈ, ਭਾਵ ਨਿਰਭਉ ਤੇ ਨਿਰਵੈਰ ਹੈ। ਉਹ ਨਿਰਭਉ ਤੇ ਨਿਰਵੈਰ ਇਸ ਲਈ ਨਹੀਂ ਕਿ ਉਹ ਸਿਪਾਹੀ ਵੀ ਹੈ ਤੇ ਸੰਤ ਵੀ ਹੈ, ਸਗੋਂ ਇਸ ਲਈ ਕਿ ਉਹ ਅਜੂਨੀ ਹੈ, ਨਿਰਜਿੰਦ ਹੈ ਤੇ ਨਿਰਜੀਵ ਹੈ। ਅਜੂਨੀ ਰਹਿ ਕੇ ਹੀ ਉਹ ਸੰਸਾਰ ਨੂੰ ਸਿਰਜਦਾ ਹੈ ਤੇ ਹਰ ਪਲ ਅਪਡੇਟ ਕਰਦਾ ਰਹਿੰਦਾ ਹੈ। ਇਸ ਦੀ ਟੁੱਟ-ਭੱਜ, ਮੀਂਹ-ਹਨੇਰੀ, ਤੁਫਾਨ, ਤਬਾਹੀ, ਜਨਮ-ਮੌਤ ਆਦਿ ਹੀ ਇਸ ਦੀਆਂ ਸਿਰਜਣ ਪ੍ਰਕ੍ਰਿਆਵਾਂ ਹਨ। ਉਹ ਆਪ ਹੀ ਬ੍ਰਹਿਮੰਡ ਹੈ, ਆਪ ਹੀ ਸਿਰਜਣਹਾਰ ਤੇ ਆਪ ਹੀ ਇਸ ਦਾ ਰੂਪ। ਜਿਵੇਂ ਲੱਕੜ ਸੁੱਕ ਕੇ ਮੁੜ ਜਾਂਦੀ ਹੈ ਤੇ ਟੋਕੇ ਦਾ ਤਲ ਸੁਕਣ ਬਾਅਦ ਤ੍ਰੇੜਾਂ ਖਾ ਜਾਂਦਾ ਹੈ, ਤਿਵੇਂ ਹੀ ਇਹ ਬ੍ਰਹਿਮੰਡ ਆਪਣੇ ਰੂਪ ਨੂੰ ਆਪ ਸਿਰਜ ਰਿਹਾ ਹੈ। ਮਨੁੱਖ ਉਸ ਨੂੰ ਹਰ ਵੇਲੇ ਮਿਲਦਾ ਹੈ, ਅਰਥਾਤ ਉਸ ਵਿਚ ਹੀ ਸੌਂਦਾ ਹੈ ਤੇ ਉਸ ਵਿਚ ਹੀ ਜਾਗਦਾ ਹੈ, ਪਰ ਉਸ ਨੂੰ ਪਛਾਣਦਾ ਨਹੀਂ। ਮਨੁੱਖ ਆਪ ਹੀ ਕੁਦਰਤ ਹੈ ਤੇ ਆਪ ਹੀ ਕਰਤਾ ਹੈ, ਪਰ ਇਸ ਦਵੰਧ ਨੂੰ ਉਹ ਸਮਝਦਾ ਨਹੀਂ। ਉਹ ਸਵਾਰਥ ਤੇ ਆਰਾਮ ਭਾਲਦਾ ਹੈ, ਗਿਆਨ ਨਹੀਂ। ਉਹ ਸਿਰਫ ਮੰਨਣਾ ਜਾਣਦਾ ਹੈ, ਮਨਨ ਨਹੀਂ। ਉਹ ਅੰਧ-ਵਿਸ਼ਵਾਸੀ ਹੈ ਤੇ ਅਗਿਆਨੀ ਵੀ।

ਗੁਰੂ ਸਾਹਿਬ ਦੀ ਇਸ ਧਾਰਨਾ ਮੁਤਾਬਿਕ ਬ੍ਰਹਿਮੰਡ ਰਚਨਾ ਦਾ ਕੋਈ ਚਸ਼ਮਦੀਦ ਗਵਾਹ ਜਾਂ ਲਿਖਤੀ ਸਬੂਤ ਨਹੀਂ ਹੈ, ਪਰ ਫਿਰ ਵੀ ਇਹ ਸਭ ਕੁਝ ਕਿਵੇਂ ਨਾ ਕਿਵੇਂ ਬਣਿਆ ਤਾਂ ਹੈ! ਜੇ ਕਿਸੇ ਹੋਰ ਨੂੰ ਨਹੀਂ, ਉਸ ਕੋਰੇ ਸੱਚ ਨੂੰ ਤਾਂ ਪਤਾ ਹੀ ਹੈ ਕਿ ਇਸ ਦੀ ਰਚਨਾ ਕਿਵੇਂ ਹੋਈ ਸੀ। ਕੁਝ ਨਿਸ਼ਾਨ ਤਾਂ ਉਸ ਸਿਰਜਣਾਤਮਕ ਘਟਨਾ ਨੇ ਛੱਡੇ ਹੋਣਗੇ, ਜੋ ਉਸ ਦੀ ਗਵਾਹੀ ਭਰਦੇ ਹੋਣਗੇ। ਜੇ ਉਸ ਵਿਧੀ ਦੀ ਛਾਪ ਕਿਤੇ ਮਿਲ ਜਾਵੇ ਤਾਂ ਉਸ ਅਲੌਕਿਕ ਭੇਤ ਬਾਰੇ ਕੁਝ ਜਾਣਿਆ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਉਹ 'ਛਾਪ' ਆਪ ਹੀ ਜਾਣਦੀ ਹੈ, ਭਾਵ ਆਪ ਹੀ ਇਸ ਗੁੱਝੇ ਭੇਦ ਦੀ ਜਾਣਕਾਰੀ ਨੂੰ ਆਪਣੇ ਵਿਚ ਸੰਭਾਲੀ ਬੈਠੀ ਹੈ। ਫਿਰ ਤਾਂ ਉਸ ਛਾਪ ਦੇ ਨਿਸ਼ਾਨਾਂ ਨੂੰ ਪਛਾਣ ਕੇ ਹੀ ਇਹ ਅਹਿਮ ਗਿਆਨ ਹਾਸਲ ਕੀਤਾ ਜਾਣਾ ਚਾਹੀਦਾ ਹੈ। ਇਹ ਵਿਕਲਪ ਖੋਜ ਦਾ ਰਸਤਾ ਖੋਲ੍ਹਦਾ ਹੈ। ਇਸ ਲਈ ਖੋਜ ਵਿਗਿਆਨ ਹੈ ਤੇ ਵਿਗਿਆਨ ਖੋਜ ਦੀ ਵਿਧੀ ਹੈ। ੴ ਇਨ੍ਹਾਂ ਦਾ ਸਾਂਝਾ ਸੂਤਰ ਹੈ।

ਭਾਵੇਂ ਉਸ ਵੇਲੇ ਇਸ ਸੰਕਲਪ ਦੀ ਕੋਈ ਸਾਰਥਿਕ ਰੂਪ ਰੇਖਾ ਨਹੀਂ ਸੀ ਬਣੀ ਤਾਂ ਵੀ ਗੁਰੂ ਸਾਹਿਬ ਨੇ ਇਸ ਨੂੰ ਆਪਣੀ ਸੋਚ ਦਾ ਆਧਾਰ ਬਣਾਇਆ। ਵਿਗਿਆਨ ਦੀ ਉਨਤੀ ਨਾਲ ਇਹ ਸੰਕਲਪ ਤੇਜੀ ਨਾਲ ਯਥਾਰਥ ਵਿਚ ਬਦਲਿਆ। ਉਨ੍ਹਾਂ ਤੋਂ ਕੋਈ ਢਾਈ ਸੌ ਸਾਲਾਂ ਬਾਅਦ ਸੰਨ 1803 ਵਿਚ ਜਾਨ ਡਾਲਟਨ ਨੇ ਐਟਮ ਦੀ ਦੱਸ ਪਾਈ, 1896 ਵਿਚ ਰੇਡੀਓ ਐਕਟੀਵਿਟੀ ਦਾ ਪਤਾ ਚੱਲਿਆ, 1913 ਵਿਚ ਐਟਮਾਂ ਦੇ ਆਈਸੋਟੋਪਸ ਦੀ ਹੋਂਦ ਸਾਹਮਣੇ ਆਈ, 1934 ਵਿਚ ਕਾਰਬਨ ਆਈਸੋਟੋਪਸ ਤੇ ਉਨ੍ਹਾਂ ਦੀ ਰੇਡੀਓਐਕਟੀਵਿਟੀ ਲੱਭੀ ਗਈ ਅਤੇ 1946 ਵਿਚ ਅਮਰੀਕਾ ਦੇ ਵਿਲਰਡ ਲਿਬੀ (Willard Libby) ਨੇ ਕਾਰਬਨ ਡੇਟਿੰਗ ਦਾ ਫਾਰਮੂਲਾ ਲੱਭ ਲਿਆ। ਇਸ ਨਾਲ ਪੁਰਾਤਨ ਜੀਵਾਂ ਤੇ ਬਨਸਪਤੀ ਦੇ ਅਵਸ਼ੇਸ਼ਾਂ ਤੋਂ ਉਨ੍ਹਾਂ ਦੀ ਉਮਰ ਜਾਂ ਪੁਰਾਤਨਤਾ ਲੱਭੀ ਜਾ ਸਕਦੀ ਹੈ।

ਵਿਗਿਆਨੀਆਂ ਨੇ ਲੱਭਿਆ ਕਿ ਕਾਰਬਨ ਵਿਚ ਸਾਧਾਰਨ ਐਟਮ ਦਾ ਭਾਰ 12 ਹੁੰਦਾ ਹੈ, ਪਰ ਇਸ ਦੇ ਕੁਝ ਐਟਮਾਂ ਦਾ ਭਾਰ 14 ਹੈ। ਰੇਡੀਓ ਐਕਟੀਵਿਟੀ ਕਾਰਨ 14 ਭਾਰ ਵਾਲੇ ਐਟਮ ਹੌਲੀ ਹੌਲੀ 12 ਭਾਰ ਵਾਲੇ ਬਣਦੇ ਰਹਿੰਦੇ ਹਨ ਤੇ ਇਨ੍ਹਾਂ ਦੀ ਗਿਣਤੀ ਨਿਯਮਬੱਧ ਢੰਗ ਨਾਲ ਘਟਦੀ ਜਾਂਦੀ ਹੈ। ਨਿਯਮ ਅਨੁਸਾਰ ਇਹ ਗਿਣਤੀ ਜੀਵ ਜਾਂ ਬਨਸਪਤੀ ਦੇ ਮਰਨ ਤੋਂ 5750 ਸਾਲਾਂ ਬਾਅਦ ਘਟ ਕੇ ਅੱਧੀ ਰਹਿ ਜਾਂਦੀ ਹੈ। ਅਰਥਾਤ ਜੇ ਕਿਸੇ ਪੁਰਾਣੀ ਲੱਕੜ ਦੇ ਟੁਕੜੇ ਜਾਂ ਜਾਨਵਰ ਦੀ ਹੱਡੀ ਵਿਚ ਸ਼ੁਰੂ ਨਾਲੋਂ ਅੱਧੇ ਆਇਸੋਟੋਪ ਰਹਿ ਗਏ ਹੋਣ ਤਾਂ ਸਮਝੋ ਉਹ 5750 ਸਾਲ ਪੁਰਾਣੀ ਹੈ। ਇਸ ਢੰਗ ਨਾਲ ਪੰਜਾਹ ਹਜ਼ਾਰ ਸਾਲ ਤਕ ਦੇ ਪੁਰਾਣੇ ਅਵਸ਼ੇਸ਼ਾਂ ਦੀ ਉਮਰ ਦਾ ਪਤਾ ਲੱਗ ਸਕਦਾ ਹੈ। ਇਸ ਤੋਂ ਪੁਰਾਣੀਆਂ ਵਸਤਾਂ ਦੀ ਉਮਰ ਜਾਂਚਣ ਲਈ ਯੂਰੇਨੀਅਮ (50 ਬਿਲੀਅਨ ਸਾਲ) ਤੇ ਥੋਰੀਅਮ (141 ਬਿਲੀਅਨ ਸਾਲ) ਦਾ ਇਸਤੇਮਾਲ ਹੋਣ ਲੱਗਾ। ਇਸ ਨਿਸ਼ਾਨਦੇਹੀ ਅਨੁਸਾਰ ਧਰਤੀ ਨੂੰ ਬਣਿਆਂ 4.543 ਬਿਲੀਅਨ ਸਾਲ ਹੋ ਗਏ ਹਨ ਤੇ ਬ੍ਰਹਿਮੰਡ ਨੂੰ ਬਣਿਆਂ 13.8 ਬਿਲੀਅਨ ਸਾਲ। ਭਾਵ ਸ੍ਰਿਸ਼ਟੀ ਦੇ ਬਣਨ ਤੋਂ ਕਰੀਬ ਸਾਢੇ ਨੌਂ ਬਿਲੀਅਨ ਸਾਲ ਤੀਕ ਧਰਤੀ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। ਇਹ ਪਿਛਲੇ ਸਾਢੇ ਚਾਰ ਸੌ ਬਿਲੀਅਨ ਸਾਲਾਂ ਦੀ ਹੀ ਖੇਡ ਹੈ ਕਿ ਇਹ ਗ੍ਰਹਿ ਉਤਪਨ ਹੋਇਆ, ਠੰਡਾ ਹੋਇਆ, ਬਾਰਸ਼ਾਂ ਹੋਈਆਂ, ਬਨਸਪਤੀ ਹੋਈ, ਜੀਵ ਹੋਏ ਤੇ ਜੀਵਾਂ ਨੇ ਮਨੁੱਖੀ ਸ਼ਕਲ ਤੇ ਅਕਲ ਅਖਤਿਆਰ ਕੀਤੀ।

ਇਸ ਤਰ੍ਹਾਂ ਗੁਰੂ ਸਾਹਿਬ ਦੇ ਵਿਗਿਆਨੀ 'ਸਿੱਖਾਂ' ਨੇ ਜਪੁਜੀ ਦੀ 22ਵੀਂ ਪਉੜੀ ਦੀ ਤੁਕ 'ਨਾਨਕ ਵਡਾ ਆਖੀਐ ਆਪੇ ਜਾਣੈ ਆਪੁ' ਦੇ ਆਸ਼ਾਵਾਦੀ ਭਾਵ ਨੂੰ ਸਾਕਾਰ ਕਰ ਦਿਖਾਇਆ। ਇਹ ਪੂਰੀ ਪਉੜੀ ਤੇ ਇਸ ਦੀ ਮੋਟੀ ਵਿਆਖਿਆ ਹੇਠ ਲਿਖੇ ਅਨੁਸਾਰ ਹੈ,

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥

ਇਸ ਪਉੜੀ ਦੇ ਅਰਥ ਇਸ ਤੋਂ ਉਪਰਲੀ ਭਾਵ 21ਵੀਂ ਪਉੜੀ ਨਾਲ ਜੁੜੇ ਹੋਏ ਹਨ। ਉਸ ਪਉੜੀ ਵਿਚ ਗੁਰੂ ਸਾਹਿਬ ਨੇ ਦੱਸਿਆ ਹੈ ਕਿ ਧਾਰਮਿਕ ਗਿਆਨੀਆਂ ਦੀ ਇਸ ਸੰਸਾਰ ਬਾਰੇ ਜਾਣਕਾਰੀ ਬਹੁਤ ਹੀ ਸੱਤਹੀ ਹੈ। ਉਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਕਿ ਸ੍ਰਿਸ਼ਟੀ ਕਦੋਂ ਬਣੀ, ਫਿਰ ਵੀ ਉਹ ਤੀਰਥ ਅਸ਼ਨਾਨਾਂ ਦੇ ਫਲਾਂ ਬਾਰੇ ਝੂਠੇ ਦਾਅਵੇ ਕਰਦੇ ਹਨ। ਇਸ ਪਉੜੀ ਵਿਚ ਉਹ ਅੱਗੇ ਸਮਝਾਉਂਦੇ ਹਨ ਕਿ ਪਤਾ ਉਨ੍ਹਾਂ ਨੂੰ ਇਹ ਵੀ ਨਹੀਂ ਕਿ ਇਹ ਕਿਵੇਂ ਬਣੀ ਤੇ ਇਸ ਦਾ ਪਸਾਰਾ ਕਿੰਨਾ ਕੁ ਹੈ। ਇਸ ਦੇ ਲੱਖਾਂ ਆਕਾਸ਼ ਤੇ ਲੱਖਾਂ ਹੀ ਪਾਤਾਲ ਹਨ, ਜਿਨ੍ਹਾਂ ਵਿਚੋਂ ਇਸ ਦੀ ਹੱਦ ਭਾਲਦੇ ਭਾਲਦੇ ਵੇਦ ਥੱਕ ਗਏ ਹਨ। ਆਖਰ ਇਹ ਇਸ ਦੇ ਮੁੱਢ ਵਜੋਂ ਇਕ ਚਕਰਵਾਤ ਵਲ ਇਸ਼ਾਰਾ ਕਰਦੇ ਹਨ। ਅਠਾਰਾਂ ਹਜ਼ਾਰ ਹੋਰ ਅਹਿਮ ਮੰਨੀਆਂ ਜਾਂਦੀਆਂ ਕਿਤਾਬਾਂ ਭਾਵ ਧਾਰਮਿਕ ਗ੍ਰੰਥ ਇਕ ਧਾਤ ਭਾਵ ਇਕ ਮੂਲ ਤੱਤ ਨੂੰ ਮੁੱਢ ਮੰਨਦੇ ਹਨ। ਲਿਖਣ ਨੂੰ ਤਾਂ ਹੋਰਾਂ ਨੇ ਵੀ ਬਹੁਤ ਕੁਝ ਲਿਖਿਆ ਹੈ, ਪਰ ਉਸ ਬਾਰੇ ਕੀ ਲਿਖੀਏ, ਉਹ ਲੇਖਾ ਤਾਂ ਬਰਬਾਦ ਹੋ ਚੁਕਾ ਹੈ। ਹੇ ਨਾਨਕ, ਵੱਡੀ ਗੱਲ ਆਖੀਏ ਭਾਵ ਮੁੱਕਦੀ ਗੱਲ ਕਹੀਏ, ਇਸ ਦਾ ਸਿਰਜਣਹਾਰ ਆਪ ਹੀ ਸਭ ਕੁਝ ਜਾਣਦਾ ਹੈ।

ਅਧਿਆਤਮਵਾਦੀ ਟੀਕਾਕਾਰ ਇਸ ਪਉੜੀ ਦੇ ਅਰਥ ਇਸ ਤੋਂ ਪੂਰਬਲੀਆਂ ਪਉੜੀਆਂ ਤੋਂ ਨਿਖੇੜ ਕੇ ਕਰਦੇ ਹਨ। ਉਹ ਨਹੀਂ ਦੱਸਦੇ ਕਿ ਪੂਰਾ ਜਪੁਜੀ ਇਕ ਸੂਤ ਹੈ, ਭਾਵ ਇਕੋ ਸਿਧਾਂਤ ਨੂੰ ਲੈ ਕੇ ਰਚਿਆ ਹੋਇਆ ਹੈ ਅਤੇ ਇਸ ਦੇ ਸਾਰੇ ਭਾਗ ਉਸ ਸਿਧਾਂਤ ਦਾ ਇਜ਼ਹਾਰ ਕਰਦੇ ਹਨ। ਉਹ ਤਾਂ ਹਰ ਸ਼ਬਦ ਤੇ ਹਰ ਤੁਕ ਵਿਚੋਂ ਪ੍ਰਭੂ ਦੀ ਭਾਲ ਕਰਦੇ ਹਨ ਤੇ ਮਨੁੱਖ ਦਾ ਉਸ ਨਾਲ ਮੇਲ ਕਰਵਾਉਣ ਲਈ ਤਤਪਰ ਰਹਿੰਦੇ ਹਨ। ਮਿਸਾਲ ਵਜੋਂ ਉੱਘੇ ਵਿਦਵਾਨ ਭਾਈ ਵੀਰ ਸਿੰਘ ਇਸ ਦਾ ਟੀਕਾ ਕਰਦੇ ਲਿਖਦੇ ਹਨ,

"ਹੇਠਾਂ ਪਤਾਲਾਂ (ਤੋਂ ਪਰੇ ਹੋਰ) ਪਾਤਾਲ ਹਨ, (ਉਪਰ) ਅਕਾਸ਼ਾਂ (ਤੇ ਪਰੇ ਹੋਰ) ਆਕਾਸ਼ ਹਨ ਤੇ ਏਹ ਆਕਾਸ਼ ਪਤਾਲ ਲਖਾਂ ਹਨ। (ਇਨ੍ਹਾਂ ਦੇ ਓੜਕ ਅਰਥਾਤ) ਅੰਤ ਦੀ ਭਾਲ ਕਰਦੇ ਕਰਦੇ ਓੜਕ ਨੂੰ ਥਕ ਗਏ (ਭਾਲ ਕਰਨ ਵਾਲੇ) (ਤਾਂ) ਵੇਦਾਂ ਨੇ ਇਕ ਗੱਲ ਆਖੀ (ਜੋ ਚੌਥੀ ਸਤਰ ਵਿਚ ਦੱਸੀ ਹੈ)। ਹਜ਼ਾਰਾਂ (ਰਿਖੀ, ਮੁਨੀ, ਉਲਮਾਵ), ਅਠਾਰਾਂ (ਪੁਰਾਣ, ਤੇ ਚਾਰ) ਕਤੇਬਾਂ (ਬੀ) ਇਕੋ ਮੂਲਕ ਗੱਲ ਕਹਿੰਦੀਆਂ ਹਨ-(ਕਿ ਜੇ) ਲੇਖਾ ਹੋ ਸਕੇ ਤਾਂ (ਲੇਖਾ) ਲਿਖ ਦੇਈਏ, ਲੇਖੇ ਕਰਦਿਆਂ (ਤਾਂ) ਨਾਸ਼ ਹੋ ਜਾਂਦਾ ਹੈ। (ਗੁਰੂ) ਨਾਨਕ (ਦੇਵ ਜੀ ਦਾ ਸਿੱਧਾਂਤ ਇਹ ਹੈ ਕਿ ਕਰਨਹਾਰ ਕੀਤੀ ਹੋਈ ਤੋਂ ਵੱਡਾ ਹੈ (ਉਹ) ਆਪ ਨੂੰ (ਤੇ ਆਪਣੀ ਕੀਤੀ ਹੋਈ ਨੂੰ) ਆਪ ਹੀ ਜਾਣਦਾ ਹੈ, (ਤਾਂ ਤੇ ਉਸ ਨੂੰ) ਵੱਡਾ ਕਹੋ (ਜੋ ਤੁਸੀਂ ਕੀਤੀ ਹੋਈ ਤੋਂ ਉਚੇ ਹੋ ਕੇ ਕਰਤਾ ਨੂੰ ਪ੍ਰਾਪਤ ਹੋ ਸਕੋ)।"

ਇਹ ਟੀਕਾਕਾਰ ਇਸ ਪਉੜੀ ਨੂੰ ਇਕ ਅਜਿਹੀ ਅੱਡ ਵਿੱਢ (stand alone) ਲਿਖਤ ਮੰਨਦਾ ਹੈ, ਜਿਸ ਦਾ ਕਿਸੇ ਬ੍ਰਾਹਮਣਵਾਦੀ ਕਰਮਕਾਂਡ ਨਾਲ ਕੋਈ ਤਾਲੁਕ ਨਾ ਹੋਵੇ। ਉਸ ਅਨੁਸਾਰ ਇਹ ਪਰਮਾਤਮਾ ਦੀ ਪ੍ਰਸ਼ੰਸਾ ਵਿਚ ਲਿਖੀ ਗਈ ਹੈ ਤੇ ਇਸ ਦਾ ਮਨੋਰਥ ਹੈ ਕਿ ਸਮੂਹ ਸਿੱਖ ਸ਼ਰਧਾਲੂਆਂ ਨੂੰ ਰੱਬ ਨੂੰ ਮਿਲਣਾ ਹੈ। ਜਾਹਰ ਹੈ ਕਿ ਇਹ ਟੀਕਾਕਾਰ ਗੁਰੂ ਸਾਹਿਬ ਦੇ ਪਹਿਲੀ ਪਉੜੀ ਵਿਚ ਅੰਕਤ ਮਨੁੱਖ ਦੇ ਸਚਿਆਰਾ ਬਣਨ ਭਾਵ ਸੱਤ ਨੂੰ ਭਾਲਣ ਦੇ ਉਦੇਸ਼ ਨੂੰ ਨਜ਼ਰ ਅੰਦਾਜ਼ ਕਰ ਗਿਆ ਹੈ। ਇਹ ਵੀ ਹੋ ਸਕਦਾ ਹੈ ਕਿ ਇਸ ਵਿਦਵਾਨ ਨੇ ਗੁਰਬਾਣੀ ਵਿਆਕਰਣ ਪੜ੍ਹ ਕੇ ਸਚਿਆਰਾ ਤੇ ਸਚਿਆਰ ਦੇ ਵੱਖੋ ਵੱਖ ਅਰਥ ਕਰ ਲਏ ਹੋਣ ਤੇ ਸਚਿਆਰ ਦਾ ਅਰਥ ਪ੍ਰਭੂ ਪ੍ਰਾਪਤੀ ਕਰ ਲਿਆ ਹੋਵੇ! ਪਰ ਦੂਜੀ ਗੱਲ ਇਹ ਵੀ ਹੈ ਕਿ ਜੇ ਉਸ ਨੇ ਸੱਚੀ ਮੁੱਚੀ ਗੁਰਬਾਣੀ ਵਿਆਕਰਣ ਵਲ ਧਿਆਨ ਦਿੱਤਾ ਹੁੰਦਾ ਤਾਂ ਉਹ "ਇਕ ਵਾਤ" ਉਤੇ ਹੀ ਅਟਕਿਆ ਰਹਿੰਦਾ। ਉਹ ਇਸੇ ਦੁਬਿਧਾ ਵਿਚ ਫਸਿਆ ਰਹਿੰਦਾ ਕਿ "ਵਾਤ" ਇਕ ਵਚਨ ਹੈ ਜਾਂ ਬਹੁਵਚਨ। ਅਖਰ "ਤ" ਦੇ ਪੈਰ ਔਂਕੜ ਨਾ ਹੋਣ ਕਰਕੇ ਇਹ ਬਹੁਵਚਨ ਹੈ ਤੇ ਅੱਗੇ ਇਕ ਲਿਖਿਆ ਹੋਣ ਕਰਕੇ ਇਕ ਵਚਨ। ਗੁਰਬਾਣੀ ਵਿਆਕਰਣ ਤੋਂ ਉਹ ਮੁਨਕਰ ਵੀ ਨਹੀਂ ਸੀ ਹੋ ਸਕਦਾ ਕਿਉਂਕਿ ਪ੍ਰੋ. ਸਾਹਿਬ ਸਿੰਘ ਦੀ ਪੁਸਤਕ ਦੀ ਲਿਖਤੀ ਪ੍ਰੋੜਤਾ ਉਸ ਨੇ ਕੀਤੀ ਹੋਈ ਹੈ। ਇਸ ਤਰ੍ਹਾਂ ਉਹ ਗੁਰਬਾਣੀ ਵਿਆਖਿਆ ਦੀ ਕੋਈ "ਗਲਤ ਪਿਰਤ" ਪੈਣ ਦੇ ਡਰੋਂ ਸਹਿਮਿਆ ਰਹਿੰਦਾ ਤੇ ਕੁਝ ਵੀ ਨਾ ਲਿਖ ਪਾਉਂਦਾ!

ਸਭ ਤੋਂ ਵਿਲਖਣ ਗੱਲ ਤਾਂ ਸਭ ਅਜੋਕੇ ਸਿੱਖ ਵਿਦਵਾਨ ਉਦੋਂ ਕਰਦੇ ਹਨ, ਜਦੋਂ ਉਹ "ਵੱਡਾ ਆਖੀਐ" ਦੇ ਅਰਥ ਰੱਬ ਨੂੰ "ਵੱਡਾ ਆਖੋ" ਕਰਦੇ ਹਨ। ਜੇ ਗੁਰੂ ਸਾਹਿਬ ਚਾਹੁੰਦੇ ਵੀ ਹੋਣਗੇ ਤਾਂ ਵੀ ਇੱਦਾਂ ਉਹ ਨਾ ਕਰਦੇ। ਉਹ ਕੁਦਰਤ ਦੀਆਂ ਅਥਾਹ ਵਡਿਆਈਆਂ ਨੂੰ ਹੀ ਉਸ ਦੀ ਮਹਾਨਤਾ ਦਾ ਪ੍ਰਤੀਕ ਸਮਝਦੇ ਤੇ ਇਸ ਪਿੱਛੋਂ ਵੱਡਾ ਕਹਿਣ ਨੂੰ ਵਿਅਰਥ ਸਮਝਦੇ। ਦੂਜਿਆਂ ਤੋਂ ਵੱਡਾ ਕਹਾਉਣ ਲਈ ਵਾਰ ਵਾਰ ਵੱਡਾ ਕਹਿਣਾ ਭਗਤੀ ਭਾਵ ਨੂੰ ਉਤਸ਼ਾਹਿਤ ਕਰਦਾ ਹੈ, ਜੋ ਉਨ੍ਹਾਂ ਦੀ ਤਰਕ ਵਿਵੇਕੀ ਪਹੁੰਚ ਤੋਂ ਉਲਟ ਹੈ। ਇਸ ਲਈ ਇਸ ਦਾ ਅਰਥ ਸੰਖੇਪ ਜਾਂ ਮੁੱਕਦੀ ਗੱਲ ਕਰਨਾ ਹੀ ਹੈ।

# ਨਿਰਗੁਨ ਸਰਗੁਨ ਨਿਰੰਕਾਰ ਦਾ ਵਿਗਿਆਨਕ ਸੱਚ

ਗੁਰਬਾਣੀ ਵਿਚ ਪਰਮਾਤਮਾ ਦੇ ਤਿੰਨ ਰੂਪਾਂ ਦਾ ਜ਼ਿਕਰ ਮਿਲਦਾ ਹੈ। 'ਨਿਰੰਕਾਰ' ਸ਼ਬਦ 35 ਵਾਰ ਵਰਤਿਆ ਗਿਆ ਹੈ। ਜਨਮ ਸਾਖੀਆਂ ਵਿਚ ਬਾਬੇ ਨਾਨਕ ਨੂੰ 'ਨਾਨਕ ਨਿਰੰਕਾਰੀ' ਕਿਹਾ ਗਿਆ ਹੈ (ਧਿਆਨ ਰੱਖਣਾ ਅੱਜ ਕੱਲ੍ਹ 'ਨਕਲੀ ਨਿਰੰਕਾਰੀ' ਵੀ ਪੈਦਾ ਹੋ ਚੁਕੇ ਹਨ, ਜੋ ਆਪਣੇ ਗੁਰੂ ਨੂੰ ਬਾਬੇ ਨਾਨਕ ਤੋਂ ਵੀ ਮਹਾਨ ਦੱਸਦੇ ਹਨ)। 'ਨਿਰਗੁਨ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ 29 ਵਾਰ ਆਇਆ ਹੈ ਅਤੇ 'ਸਰਗੁਨ' ਅਤੇ 'ਨਿਰਗੁਨ' ਇਕੱਠੇ 6 ਵਾਰ ਹੀ ਆਉਂਦੇ ਹਨ। ਨਿਰਗੁਨ ਅਤੇ ਸਰਗੁਨ ਭਾਰਤੀ ਧਾਰਮਿਕ ਪਰੰਪਰਾ ਦਾ ਹਿੱਸਾ ਹਨ, ਪਰ 'ਨਿਰੰਕਾਰ' ਸ਼ਬਦ ਦੀ ਵਰਤੋਂ ਬਾਬੇ ਨਾਨਕ ਨੇ ਹੀ ਪਹਿਲੀ ਵਾਰ ਆਪਣੀ ਬਾਣੀ ਵਿਚ ਕੀਤੀ ਹੈ।

**ਹਰਦੇਵ ਸਿੰਘ ਵਿਰਕ**
**ਫੋਨ: 91-94175-533470**
hardevsingh.virk@gmail.com

ਵਿਗਿਆਨ ਦੀ ਰੋਸ਼ਨੀ ਵਿਚ ਇਨ੍ਹਾਂ ਸ਼ਬਦਾਂ ਨੂੰ ਸਮਝਣ ਤੋਂ ਪਹਿਲਾਂ ਅਸੀਂ ਇਨ੍ਹਾਂ ਦੀ ਗੁਰਬਾਣੀ ਵਿਚ ਹੋਈ ਵਰਤੋਂ ਬਾਰੇ ਜਾਣੀਏ। ਸੁਖਮਨੀ ਸਾਹਿਬ ਦੀ ਬਾਣੀ 'ਚ ਤਿੰਨੇ ਸ਼ਬਦ ਇਕੱਠੇ ਹੀ ਆਉਂਦੇ ਹਨ,

ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ॥
(ਗੁਰੂ ਗ੍ਰੰਥ ਸਾਹਿਬ, ਮ: 5, ਪੰਨਾ 290)

ਨਿਰੰਕਾਰ ਪ੍ਰਭੂ ਦੀ ਪਰਿਭਾਸ਼ਾ ਵੀ ਮਿਲਦੀ ਹੈ। ਨਿਰੰਕਾਰ ਇੱਕ ਹੈ, ਜਿਸ ਨੂੰ ੴ ਕਿਹਾ ਗਿਆ ਹੈ। ਇੱਕ ਤੋਂ ਅਨੇਕ ਹੋਣ ਲਈ ਨਿਰੰਕਾਰ ਨਿਰਗੁਣ ਰੂਪ ਤੋਂ ਸਰਗੁਣ ਰੂਪ ਧਾਰ ਲੈਂਦਾ ਹੈ। ਬ੍ਰਹਿਮੰਡ ਦੀ ਰਚਨਾ ਦਾ ਮੂਲ ਮਨੋਰਥ ਨਿਰਗੁਣ ਤੋਂ ਸਰਗੁਣ ਹੋਣਾ ਹੈ,

ਨਿਰੰਕਾਰ ਆਕਾਰ ਆਪਿ
ਨਿਰਗਨ ਸਰਗੁਨ ਏਕ॥
ਏਕਹ ਏਕ ਬਖਾਨਨੋ ਨਾਨਕ ਏਕ ਅਨੇਕ॥
(ਮ:5, ਪੰਨਾ 250)

ਨਿਰਗੁਣ ਤੋਂ ਸਰਗੁਣ ਹੋਣ ਦੀ ਪ੍ਰਕ੍ਰਿਆ ਹੀ ਰਚਨਾ ਦਾ ਮੂਲ ਕਾਰਨ ਹੈ,

ਨਿਰਗੁਣ ਤੇ ਸਰਗੁਨ ਦ੍ਰਿਸਟਾਰੰ॥
ਸਗਲ ਭਾਤਿ ਕਰ ਕਰਹਿ ਉਪਾਇਓ॥
(ਮ: 5, ਪੰਨਾ 250)

---

ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ॥
(ਮ: 5, ਪੰਨਾ 827)

---

ਨਿਰਗੁਨ ਕਰਤਾ ਸਰਗੁਨ ਕਰਤਾ॥
ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥
(ਮ: 5, ਪੰਨਾ 862)

ਵਿਗਿਆਨਕ ਪੱਖ: ਵਿਗਿਆਨੀਆਂ ਨੇ ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਨੂੰ ਸਮਝਣ ਲਈ ਸਿਧਾਂਤਕ ਮਾਡਲ ਘੜੇ, ਜੋ ਬਹੁਤ ਗੁੰਝਲਦਾਰ ਹਿਸਾਬੀ-ਕਿਤਾਬੀ ਗਿਣਤੀਆਂ-ਮਿਣਤੀਆਂ 'ਤੇ ਆਧਾਰਿਤ ਸਨ। ਇਨ੍ਹਾਂ ਮਾਡਲਾਂ ਦੀ ਘੋਖ 20ਵੀਂ ਸਦੀ ਵਿਚ ਹੋਈ ਅਤੇ ਪਤਾ ਲੱਗਾ ਕਿ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਦੀ ਅਵਸਥਾ ਦਾ ਕਿਆਸ ਕਰਨਾ ਨਾ-ਮੁਮਕਿਨ ਹੈ, ਜਿਸ ਨੂੰ ਗੁਰਬਾਣੀ ਵਿਚ 'ਸੁੰਨ' ਅਵਸਥਾ ਕਿਹਾ ਗਿਆ ਹੈ। ਭੌਤਿਕ ਵਿਗਿਆਨੀ ਇਸ ਨੂੰ ਸਿੰਗੂਲੈਰਿਟੀ (ਸਿੰਗੁਲਅਰ-ਟਿ) ਕਹਿੰਦੇ ਹਨ ਅਤੇ ਇਸ ਨੁਕਤੇ 'ਤੇ ਉਨ੍ਹਾਂ ਦੇ ਗਿਆਨ ਨੂੰ ਤਾਲਾ ਲੱਗ ਜਾਂਦਾ ਹੈ। ਬਾਬੇ ਨਾਨਕ ਦੀ ਬਾਣੀ ਇਸ 'ਸੁੰਨ' ਅਵਸਥਾ ਦੇ ਭੇਦ ਖੋਲ੍ਹਦੀ ਹੈ। ਪਦਾਰਥਕ ਜਗਤ ਦੀ ਖੋਜ ਤੋਂ ਸਿੱਧ ਹੋ ਗਿਆ ਕਿ ਜਦੋਂ ਅਸੀਂ ਮਾਦੇ ਦੇ ਅਸਥੂਲ ਰੂਪ ਤੋਂ ਸੂਖਮ ਰੂਪ ਵੱਲ ਜਾਂਦੇ ਹਾਂ ਤਾਂ ਇਹ ਸਰਗੁਣ ਤੇ ਨਿਰਗੁਣ ਦੇ ਦਵੰਦ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ। ਦਿਸਦੇ ਸੰਸਾਰ ਨੂੰ ਸਰਗੁਣ ਸਰੂਪ ਮੰਨਿਆ ਗਿਆ ਹੈ ਅਤੇ ਅਣਦਿਸਦੇ ਸੂਖਮ ਕਣਾਂ ਨੂੰ ਨਿਰਗੁਣ ਨਾਲ ਤੁਲਨਾ ਕਰ ਸਕਦੇ ਹਾਂ। ਗੁਰਬਾਣੀ ਵਿਚ ਨਿਰਗੁਣ ਤੋਂ ਸਰਗੁਣ ਜਾਂ ਸੂਖਮ ਤੋਂ ਅਸਥੂਲ ਹੋਣ ਬਾਰੇ ਜ਼ਿਕਰ ਮਿਲਦਾ ਹੈ, ਜਦਕਿ ਵਿਗਿਆਨਕ ਖੋਜ ਅਸਥੂਲ ਤੋਂ ਸੂਖਮ ਵੱਲ ਜਾ ਰਹੀ ਹੈ,

ਰਵਿ ਰਹਿਆ ਸਰਬਤ ਠਾਈ
ਸੂਖਮੋ ਅਸਥੂਲ॥ (ਮ: 5, ਪੰਨਾ 987)

---

ਨਾਨਕ ਸੋ ਸੂਖਮ ਸੋਈ ਅਸਥੂਲੁ॥
(ਮ: 5, ਪੰਨਾ 281)

19ਵੀਂ ਸਦੀ ਦੇ ਅਖੀਰ 'ਤੇ (1899 ਈਸਵੀ) ਜਰਮਨੀ ਦੇ ਭੌਤਿਕ ਵਿਗਿਆਨੀ ਮੈਕਸ ਪਲਾਂਕ ਨੇ ਇਕ ਇਨਕਲਾਬੀ ਸਿਧਾਂਤ ਪੇਸ਼ ਕੀਤਾ, ਜਿਸ ਨੂੰ 'ਕੁਆਂਟਮ ਸਿਧਾਂਤ' ਕਿਹਾ ਜਾਂਦਾ ਹੈ। ਆਈਨਸਟਾਈਨ ਨੇ ਇਸ ਸਿਧਾਂਤ ਦੀ ਪ੍ਰਯੋਗਿਕ ਪੜਚੋਲ ਰਾਹੀਂ ਇਸ ਦੀ ਪ੍ਰੋੜਤਾ ਕਰ ਦਿਤੀ ਅਤੇ ਨੋਬਲ ਪੁਰਸਕਾਰ ਹਾਸਲ ਕੀਤਾ। ਇਸ ਦਾ ਮੁੱਖ ਮੁੱਦਾ ਇਹ ਸੀ ਕਿ ਪਦਾਰਥਕ ਜਗਤ ਦਾ ਜੋ ਪਰਪੰਚ ਤਰੰਗਾਂ ਰਾਹੀਂ ਸਮਝਿਆ ਜਾਂਦਾ ਸੀ, ਉਹ ਅਧੂਰਾ ਸੱਚ ਹੈ, ਪੂਰਨ ਸੱਚ ਜਾਣਨ ਲਈ ਕੁਆਂਟਮ ਸਿਧਾਂਤ ਦੀ ਵਰਤੋਂ ਲਾਜ਼ਮੀ ਹੈ। ਮਿਸਾਲ ਵਜੋਂ ਪ੍ਰਕਾਸ਼ (ਰੇਡੀਏਸ਼ਨ) ਸਦੀਆਂ ਤੋਂ ਤਰੰਗ ਸਿਧਾਂਤ ਨਾਲ ਸਮਝਿਆ-ਸਮਝਾਇਆ ਜਾਂਦਾ ਰਿਹਾ ਹੈ, ਪਰ ਮੈਕਸ ਪਲਾਂਕ ਨੇ ਸਿੱਧ ਕਰ ਦਿੱਤਾ ਕਿ ਇਹ ਪੂਰਨ ਸੱਚ ਨਹੀਂ। ਪੂਰਾ ਸੱਚ ਜਾਣਨ ਲਈ ਤਰੰਗ ਤੇ ਕੁਆਂਟਮ ਸਿਧਾਂਤ-ਦੋਵੇਂ ਹੀ ਜ਼ਰੂਰੀ ਹਨ। ਇਸ ਦੁਬਿਧਾ ਨੇ ਨਵੀਂ ਖੋਜ ਨੂੰ ਹੋਰ ਪ੍ਰਫੁਲਤ ਕੀਤਾ।

ਫਰਾਂਸ ਦੇ ਇਕ ਵਿਗਿਆਨੀ (ਲੂਈ ਡੀ ਬਰਾਏ) ਨੇ ਇਸ ਤੋਂ ਅੱਗੇ ਹੋਰ ਕਦਮ ਪੁੱਟਿਆ ਅਤੇ ਪੇਸ਼ੀਨਗੋਈ ਕੀਤੀ ਕਿ ਮਾਦੇ ਦੇ ਸੂਖਮ ਕਣ ਵੀ ਤਰੰਗ ਰੂਪ ਵਿਚ ਵਿਚਰਦੇ ਹਨ। ਸੋ ਇਹ ਮਨੌਤ ਮੈਕਸ ਪਲਾਂਕ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਬਰਾਬਰ ਸੀ। ਮੈਕਸ ਪਲਾਂਕ ਨੇ ਤਰੰਗ ਦੀ ਥਾਂ ਕੁਆਂਟਮ ਸਿਧਾਂਤ ਦੀ ਪੇਸ਼ਕਸ਼ ਕੀਤੀ, ਜਦਕਿ ਲੂਈ ਡੀ ਬਰਾਏ ਨੇ ਕਣਾਂ (ਕੁਆਂਟਾ) ਨੂੰ ਤਰੰਗ ਰੂਪ ਵਿਚ ਪੇਸ਼ ਕੀਤਾ। ਪ੍ਰਯੋਗਾਂ ਰਾਹੀਂ ਦੋਵੇਂ ਸਿਧਾਂਤ ਸਥਾਪਿਤ ਹੋ ਚੁਕੇ ਹਨ ਅਤੇ ਇਹ ਮੰਨਿਆ ਜਾ ਰਿਹਾ ਹੈ ਕਿ ਸਥੂਲ ਅਤੇ ਸੂਖਮ ਜਗਤ ਦੇ ਭੇਦ (ਰਹੱਸ) ਜਾਣਨ ਲਈ ਤਰੰਗ ਅਤੇ ਕੁਆਂਟਮ ਸਿਧਾਂਤ ਦੋਵੇਂ ਹੀ ਜ਼ਰੂਰੀ ਹਨ।

ਜੇ ਪਦਾਰਥਕ ਜਗਤ ਵਿਚ 'ਦਵੰਦ' ਪੈਦਾ ਹੋ ਚੁਕਾ ਹੈ ਅਤੇ ਪੂਰਨ ਸੱਚ ਜਾਣਨਾ ਇਕ ਸਮੱਸਿਆ ਬਣ ਗਈ ਹੈ ਤਾਂ ਇਸ ਦਾ ਹੱਲ ਕਿਥੋਂ ਲੱਭੀਏ? ਮੇਰੀ ਨਿਜੀ ਰਾਏ ਹੈ ਕਿ ਇਹ ਦਵੰਦ ਨਿਰੰਕਾਰ ਦਾ ਪੈਦਾ ਕੀਤਾ ਹੋਇਆ ਹੈ ਅਤੇ ਇਸ ਦੀ ਸਮਝ ਬ੍ਰਹਮ ਗਿਆਨ ਰਾਹੀਂ ਮਿਲ ਜਾਂਦੀ ਹੈ। ਨਿਰੰਕਾਰ ਦੇ ਨਿਰਗੁਣ ਅਤੇ ਸਰਗੁਣ ਸਰੂਪ, ਤਰੰਗ ਅਤੇ ਕੁਆਂਟਮ ਸਿਧਾਂਤ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਨਿਰਗੁਣ ਸਰੂਪ ਸ਼ਕਤੀ ਦਾ ਸੋਮਾ ਤਰੰਗ ਰੂਪ ਮੰਨਿਆ ਜਾ ਸਕਦਾ ਹੈ ਅਤੇ ਪਦਾਰਥਕ ਜਗਤ ਉਸ ਦਾ ਸਰਗੁਣ ਸਰੂਪ, ਜਿਸ ਵਿਚ ਮਨੁੱਖ ਅਤੇ ਬ੍ਰਹਿਮੰਡ ਦੇ ਸਾਰੇ ਅਕਾਰ ਸ਼ਾਮਲ ਹਨ। ਬਾਣੀ ਦਾ ਗਿਆਨ ਪਦਾਰਥਕ ਜਗਤ ਤੋਂ ਸੂਖਮ ਜਗਤ ਵੱਲ ਲੈ ਜਾਂਦਾ ਹੈ ਅਤੇ ਇਸ ਪ੍ਰਕ੍ਰਿਆ ਨੂੰ ਸਮਝਣ ਵਿਚ ਵਿਗਿਆਨ ਦੀ ਸੇਧ ਸਹਾਈ ਹੋਵੇਗੀ। ਨਿਰੰਕਾਰ ਦੇ ਤਰੰਗ ਰੂਪ ਬਾਰੇ ਗੁਰਬਾਣੀ 'ਚੋਂ ਸਪਸ਼ਟ ਗਵਾਹੀ ਮਿਲ ਜਾਂਦੀ ਹੈ,

ਪਸਰਿਓ ਆਪਿ ਹੋਇ ਅਨਤ ਤਰੰਗ॥
ਲਖੇ ਨ ਜਾਹਿ ਪਾਰਪ੍ਰਬਹਮ ਕੇ ਰੰਗ॥
(ਮ: 5, ਪੰਨਾ 275)

---

## ਸੰਪਾਦਕ ਦੀ ਡਾਕ

# 'ਗੁਰਬਾਣੀ ਤੇ ਮੁਹਾਵਰੇ'

**ਮਾਣਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 27 ਜੂਨ 2020 ਦੇ ਅੰਕ ਵਿਚ 'ਗੁਰਬਾਣੀ ਤੇ ਮੁਹਾਵਰੇ' ਲੇਖ ਵਿਚ ਲੇਖਕ ਨੇ ਗੁਰਬਾਣੀ ਵਿਚ ਆਏ ਮੁਹਾਵਰਿਆਂ ਦੀ ਵਰਤੋਂ ਨੂੰ ਜੀਵਨ ਵਿਚ ਵਰਤ ਕੇ ਬਾਣੀ ਨੂੰ ਚੇਤੇ ਰੱਖਣ ਦੀ ਵਧੀਆ ਗੱਲ ਕੀਤੀ ਹੈ। ਸੁਣ-ਸੁਣਾ ਕੇ ਗੁਰਬਾਣੀ ਦੇ ਮੁਹਾਵਰਿਆਂ ਦਾ ਗਲਤ ਉਚਾਰਨ ਕਰਨਾ ਚੰਗੀ ਪਿਰਤ ਨਹੀਂ ਹੈ ਅਤੇ ਨਾ ਹੀ ਸੁਣੇ-ਸੁਣਾਏ ਮੁਹਾਵਰਿਆਂ ਨੂੰ ਅਸਲ ਲਿਖਤ ਨਾਲ ਮੇਲੇ ਤੋਂ ਬਿਨਾ ਛਾਪਣਾ ਚੰਗੀ ਗੱਲ ਹੈ। ਲੇਖਕ ਨੇ ਸਹੀ ਮੌਕੇ 'ਤੇ ਗੁਰਬਾਣੀ ਦਾ ਸਹੀ ਉਚਾਰਣ ਕਰਨ ਤੇ ਜ਼ੋਰ ਦਿੱਤਾ ਹੈ, ਜੋ ਚੰਗੀ ਸੋਚ ਹੈ। ਲੇਖਕ ਨੇ ਲਿਖਿਆ ਹੈ, "ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਦੇ ਸਹੀ ਮੌਕੇ 'ਤੇ ਸਹੀ ਉਚਾਰਨ ਰਾਹੀਂ ਵਰਤਣ ਦੀ ਆਦਤ ਪਾਈਏ...।"

ਲੇਖਕ ਵਲੋਂ ਗੁਰਬਾਣੀ ਦੀਆਂ ਬਹੁਤੀਆਂ ਤੁਕਾਂ ਸਹੀ ਲਗਾਂ-ਮਾਤਰਾਂ ਨਾਲ ਨਹੀਂ ਲਿਖੀਆਂ ਗਈਆਂ। ਜਾਪਦਾ ਹੈ, ਲੇਖਕ ਨੇ ਯਾਦ ਸ਼ਕਤੀ ਨਾਲ ਅਜਿਹਾ ਕੀਤਾ ਹੈ, ਅਸਲ ਲਿਖਤ ਨੂੰ ਸਾਹਮਣੇ ਨਹੀਂ ਰੱਖਿਆ। ਜੇ ਲੇਖਕ ਨੇ ਗੁਰਦੁਆਰੇ ਵਿਚ ਸੇਵਾਦਾਰ ਵਜੋਂ ਕੰਮ ਸੰਭਾਲਿਆ ਹੋਇਆ ਹੈ ਤਾਂ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਆਪਣੇ ਅਹੁਦੇ ਅਨੁਸਾਰ ਗੁਰਬਾਣੀ ਦੀ ਲਿਖਤ ਨੂੰ ਜ਼ਰੂਰ ਸੋਧ ਕੇ ਲਿਖਦੇ। ਇਹ ਲੇਖ ਲੇਖਕ ਦੀ ਨੁਕਤਾਚੀਨੀ ਨਹੀਂ, ਸਗੋਂ ਗੁਰਬਾਣੀ ਦਾ ਮੌਲਿਕ ਦਰਜਾ ਉਚਾ ਰੱਖਣ ਹਿੱਤ ਹੀ ਹੈ। ਲੇਖ 'ਚੋਂ ਕੁਝ ਤੁਕਾਂ ਦੀਆਂ ਮਿਸਾਲਾਂ ਲੈ ਕੇ ਅਸਲ ਨਾਲ ਮੇਲ ਕੇ ਦੇਖਣ ਤੇ ਇਉਂ ਪਤਾ ਲੱਗਦਾ ਹੈ,

(ੳ) ਅਸਲ ਤੁਕ ਹੈ, ਮੂਰਖੁ ਰਾਵਨੁ ਕਿਆ ਲੇ ਗਇਆ॥ (ਪੰਨਾ 1158)

ਅਰਥ: ਰਾਵਨ ਮੂਰਖ ਸੀ, ਦੱਸੋ ਉਹ ਮਰਨ ਸਮੇਂ ਕੀ ਨਾਲ ਲੈ ਗਿਆ?

ਲੇਖਕ ਵਲੋਂ ਲਿਖੀ, ਮੂਰਖ ਰਾਵਨੁ ਕਿਆ ਲੇ ਗਇਆ॥

ਅਰਥ: ਹੇ ਮੂਰਖ ਪ੍ਰਾਣੀ! ਰਾਵਣ ਕੀ ਨਾਲ ਲੈ ਗਿਆ?

ਵਿਚਾਰ: ਗੁਰਬਾਣੀ ਵਿਆਕਰਣ ਅਨੁਸਾਰ ਅਸਲ ਤੁਕ ਵਿਚ 'ਮੂਰਖੁ' ਸ਼ਬਦ 'ਰਾਵਨੁ' ਸ਼ਬਦ ਦਾ ਵਿਸ਼ੇਸ਼ਣ ਹੈ ਅਤੇ ਲੇਖ ਵਿਚ ਲਿਖੀ ਤੁਕ ਵਿਚ 'ਮੂਰਖ' ਸੰਬੰਧਨ ਕਾਰਕ ਵਿਚ ਹੈ, ਜਿਸ ਕਰ ਕੇ ਅਰਥਾਂ ਵਿਚ ਅੰਤਰ ਪੈ ਗਿਆ ਹੈ।

(ਅ) ਅਸਲ ਤੁਕ ਹੈ, "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ (ਪੰਨਾ 470)

ਲੇਖਕ ਵਲੋਂ ਲਿਖੀ ਤੁਕ ਹੈ, 'ਨੀਵੈ ਸੁ ਗਉਰਾ ਹੋਇ।' ਗੁਰਬਾਣੀ ਵਿਆਕਰਣ ਅਨੁਸਾਰ 'ਨਿਵੈ' ਸ਼ਬਦ ਦਾ ਅਰਥ ਹੈ, ਜੋ ਨਿਵਦਾ ਜਾਂ ਝੁਕਦਾ ਹੈ; ਗਉਰਾ-ਭਾਰਾ; ਪਰ ਗੁਰਬਾਣੀ ਵਿਚ ਕਿਤੇ ਵੀ 'ਨੀਵੈ' ਸ਼ਬਦ ਨਹੀਂ ਹੈ।

(ੲ) ਅਸਲ ਤੁਕ ਹੈ, "ਗੰਢੁ ਪਰੀਤੀ ਮਿਠੇ ਬੋਲ॥" (ਪੰਨਾ 143)

ਲੇਖਕ ਵਲੋਂ ਲਿਖੀ ਇਹ ਤੁਕ ਹੈ, 'ਗੰਢ ਪਰੀਤੀ ਮਿੱਠੇ ਬੋਲ।' ਲੇਖਕ ਨੇ ਗੰਢੁ ਸ਼ਬਦ ਨੂੰ ਗੰਢ ਅਤੇ ਮਿਠੇ ਸ਼ਬਦ ਨੂੰ ਮਿੱਠੇ ਲਿਖਿਆ ਹੈ। ਗੁਰਬਾਣੀ ਲਿਖਣ ਲੱਗਿਆਂ ਅੱਧਕ ਦਾ ਚਿੰਨ੍ਹ ਨਹੀਂ ਵਰਤਿਆ ਜਾ ਸਕਦਾ, ਬੋਲਣ ਵਿਚ ਹੀ ਵਰਤਿਆ ਜਾਂਦਾ ਹੈ। ਗੁਰਬਾਣੀ ਵਿਆਕਰਣ ਅਨੁਸਾਰ ਗੰਢੁ ਸ਼ਬਦ ਇੱਕ ਵਚਨ ਹੈ ਤੇ ਗੰਢ ਸ਼ਬਦ ਬਹੁ ਵਚਨ ਹੈ। ਗੰਢੁ ਦਾ ਅਰਥ ਹੈ- ਸਬੰਧ, ਗਾਂਢਾ ਅਤੇ ਗੰਢ ਦਾ ਅਰਥ ਹੈ, ਗੰਢਾਂ। ਅਸਲ ਤੁਕ ਦੇ ਅਰਥ ਹਨ- ਮਿੱਠੇ ਬੋਲ ਬੋਲਿਆਂ ਪਿਆਰ ਦਾ ਸਬੰਧ ਬਣਦਾ ਹੈ। (ਨੋਟ: ਗੰਢੁ ਸ਼ਬਦ ਇਸਤਰੀ ਲਿੰਗ ਹੁੰਦਿਆਂ ਵੀ ਪੁਲਿੰਗ ਰੂਪ (ਉਕਾਰਾਂਤ ਹੋਣ 'ਤੇ) ਵਿਚ ਲਿਖਿਆ ਹੋਇਆ ਹੈ, ਕਿਉਂਕਿ ਇਸ ਸ਼ਬਦ ਦਾ ਔਕੜ ਮੂਲਕ ਹੈ। ਗੁਰੁ ਸ਼ਬਦ ਤੋਂ ਗੁਰ ਕਾ ਤਾਂ ਬਣ ਸਕਦਾ ਹੈ, ਪਰ ਗੰਢੁ ਸ਼ਬਦ ਤੋਂ ਗੰਢ ਕਾ ਨਹੀਂ ਬਣ ਸਕਦਾ।)

(ਸ) ਅਸਲ ਤੁਕ ਹੈ, "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥" (ਪੰਨਾ 470); ਲੇਖ ਵਿਚ ਲਿਖੀ ਤੁਕ ਹੈ, 'ਮਿੱਠਤ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ।' ਗੁਰਬਾਣੀ ਵਿਆਕਰਣ ਅਨੁਸਾਰ 'ਮਿਠਤੁ' ਇੱਕ ਵਚਨ ਹੈ ਅਤੇ ਮਿਠਤ' ਬਹੁ ਵਚਨ ਹੈ, ਤਤੁ ਸ਼ਬਦ ਇੱਕ ਵਚਨ ਹੈ ਅਤੇ ਤਤ ਸ਼ਬਦ ਬਹੁ ਵਚਨ ਹੈ। ਇਸ ਤੋਂ ਬਿਨਾ ਅੱਧਕ ਦੀ ਵਰਤੋਂ ਨਿਰਮੂਲ ਹੈ।

(ਹ) ਅਸਲ ਤੁਕ ਹੈ, "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥" (ਪੰਨਾ 473); ਲੇਖ ਵਿਚ ਇਸ ਨੂੰ 'ਨਾਨਕ ਫਿਕੈ ਬੋਲੀਏ ਤਨੁ ਮਨੁ ਫਿਕਾ ਹੋਇ' ਕਰ ਕੇ ਲਿਖਿਆ ਗਿਆ ਹੈ। ਗੁਰਬਾਣੀ ਵਿਆਕਰਣ ਅਨੁਸਾਰ ਸਹੀ ਸ਼ਬਦ 'ਬੋਲਿਐ' ਦਾ ਅਰਥ ਹੈ ਬੋਲਣ ਨਾਲ, ਜਿਵੇਂ, 'ਸੁਣਿਐ' ਦਾ ਅਰਥ ਹੈ ਸੁਣਨ ਨਾਲ, 'ਪੜਿਐ' ਦਾ ਅਰਥ ਹੈ ਪੜ੍ਹਨ ਨਾਲ ਅਤੇ ਲੇਖ ਵਿਚ ਲਿਖੇ 'ਬੋਲੀਏ' ਸ਼ਬਦ ਦਾ ਅਰਥ ਹੈ- ਬੋਲਣਾ ਚਾਹੀਦਾ ਹੈ ਅਤੇ ਪ੍ਰਕਰਣ ਅਨੁਸਾਰ ਢੁੱਕਦਾ ਨਹੀਂ। ਗੁਰੂ ਜੀ ਇਹ ਨਹੀਂ ਕਹਿੰਦੇ ਕਿ ਫਿੱਕਾ ਬੋਲਣਾ ਚਾਹੀਦਾ ਹੈ (ਲੇਖਕ ਦੀ ਲਿਖੀ ਤੁਕ ਤਾਂ ਇਹੀ ਅਰਥ ਕੱਢਦੀ ਹੈ ਕਿ ਫਿੱਕਾ ਬੋਲਣਾ ਚਾਹੀਦਾ ਹੈ)। ਗੁਰੂ ਜੀ ਤਾਂ ਕਹਿੰਦੇ ਹਨ, ਫਿੱਕੇ ਵਚਨ ਬੋਲਣ ਨਾਲ ਤਨ ਅਤੇ ਮਨ ਫਿੱਕੇ (ਰੁੱਖੇ ਵਿਹਾਰ ਵਾਲੇ) ਹੋ ਜਾਂਦੇ ਹਨ। ਗੁਰਬਾਣੀ ਨੂੰ ਬੇਧਿਆਨੀ ਨਾਲ ਲਿਖਣਾ ਅਤੇ ਬੋਲਣਾ ਇਸ ਦੇ ਸਹੀ ਅਰਥਾਂ ਤੋਂ ਦੂਰ ਲੈ ਜਾਂਦਾ ਹੈ।

(ਕ) ਅਸਲ ਤੁਕ ਹੈ, "ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥" (ਪੰਨਾ 469); ਲੇਖ ਵਿਚ ਲਿਖੀ ਬਦਲਵੀਂ ਤੁਕ ਹੈ, 'ਦੁਖ ਦਾਰੂ ਸੁਖ ਰੋਗ ਭਇਆ।' ਲੇਖਕ ਨੇ ਲਿਖਤ ਵਿਚ ਤਿੰਨ ਮਾਤਰਾਂ ਛੱਡ ਦਿੱਤੀਆਂ ਹਨ। ਗੁਰੂ ਜੀ ਨੇ ਦੁਖੁ, ਸੁਖੁ, ਰੋਗੁ-ਤਿੰਨੇ ਸ਼ਬਦ ਇੱਕ ਵਚਨ ਵਜੋਂ ਲਿਖੇ ਹਨ, ਜਦੋਂ ਕਿ ਲੇਖ ਵਿਚ ਲਿਖੇ ਇਹ ਤਿੰਨੇ ਸ਼ਬਦ ਬਹੁ ਵਚਨ ਬਣ ਗਏ ਹਨ। ਭਇਆ ਸ਼ਬਦ ਇਹ ਨਿਰਣਾ ਕਰਦਾ ਹੈ ਕਿ ਇਹ ਤਿੰਨੇ ਸ਼ਬਦ ਇੱਕ ਵਚਨ ਹਨ।

(ਖ) ਅਸਲ ਤੁਕ ਹੈ, "ਕਾਮੁ ਕ੍ਰੋਧੁ ਕਾਇਆ ਕੋ ਗਾਲੈ॥" (ਪੰਨਾ 932); ਪਰ ਲੇਖ ਵਿਚ ਲਿਖੀ ਬਦਲਵੀਂ ਤੁਕ ਹੈ, 'ਕਾਮ ਕ੍ਰੋਧ ਕਾਇਆ ਕੋ ਗਾਲੈ।' ਗੁਰਬਾਣੀ ਵਿਆਕਰਣ ਅਨੁਸਾਰ ਗੁਰੂ ਜੀ ਨੇ ਕਾਮੁ ਅਤੇ ਕ੍ਰੋਧੁ ਸ਼ਬਦਾਂ ਨੂੰ ਇੱਕ ਵਚਨ ਵਿਚ ਵਰਤਿਆ ਹੈ, ਪਰ ਲੇਖਕ ਵਲੋਂ ਲਿਖੇ ਅਨੁਸਾਰ ਇਨ੍ਹਾਂ ਦਾ ਬਹੁ ਵਚਨ ਰੂਪ ਵਰਤਿਆ ਗਿਆ ਹੈ, ਜੋ ਉਚਿਤ ਨਹੀਂ ਹੈ।

(ਗ) ਅਸਲ ਤੁਕ ਹੈ, "ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥" ਲੇਖ ਵਿਚ ਇਹ ਤੁਕ ਬਦਲਵੀਂ ਲਿਖੀ ਹੈ, 'ਮਨ ਪ੍ਰਦੇਸੀ ਜੇ ਥੀਏ।' ਦੋਹਾਂ ਤੁਕਾਂ ਦੀ ਤੁਲਨਾ ਕਰ ਕੇ ਦੇਖੀਏ ਤਾਂ ਲੇਖ ਵਿਚ ਮਨੁ ਨੂੰ ਮਨ, ਪਰਦੇਸੀ ਨੂੰ ਪ੍ਰਦੇਸੀ, ਥੀਐ ਨੂੰ ਥੀਏ ਲਿਖ ਕੇ ਲੇਖ ਵਿਚ ਸ਼ਬਦਾਂ ਦਾ ਵਿਆਕਰਣਕ ਸਰੂਪ ਬਦਲਿਆ ਗਿਆ ਹੈ। ਬਦਲੇ ਵਿਆਕਰਣਕ ਸਰੂਪਾਂ ਦੇ ਅਰਥ ਸਹੀ ਨਹੀਂ ਹੁੰਦੇ।

(ਘ) ਅਸਲ ਤੁਕ ਹੈ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" (ਪੰਨਾ 62); ਲੇਖ ਵਿਚ ਇਹ ਬਦਲਵੇਂ ਰੂਪ ਵਿਚ ਲਿਖੀ ਹੈ, 'ਸਚਹੁ ਉਰੈ ਸਭੁ ਕੋ।'

(ਙ) ਅਸਲ ਤੁਕ ਹੈ, "ਮਰਣੁ ਲਿਖਾਇ ਮੰਡਲ ਮਹਿ ਆਏ॥" (ਪੰਨਾ 685)

ਅਜਿਹੀਆਂ ਹੀ ਦੋ ਹੋਰ ਤੁਕਾਂ ਪੰਨਾ 1022 ਅਤੇ 876 ਉਤੇ ਵੀ ਹਨ। ਜੋ ਤੁਕ ਲੇਖ ਵਿਚ ਲਿਖੀ ਗਈ ਹੈ, ਉਹ ਗੁਰਬਾਣੀ ਵਿਚ ਕਿਤੇ ਵੀ ਨਹੀਂ ਹੈ। ਦੇਖੋ ਲੇਖ ਵਿਚ ਬਦਲ ਕੇ ਲਿਖੀ ਤੁਕ, 'ਮਰਣੁ ਲਿਖਾਇ ਮੰਡਪੁ ਪੇ ਆਏ'। ਮੰਡਲ ਸ਼ਬਦ ਦਾ ਅਰਥ ਹੈ, ਜਗਤ ਅਤੇ ਮੰਡਪੁ ਸ਼ਬਦ ਦਾ ਅਰਥ ਹੈ, ਸ਼ਾਮਿਆਨਾ। ਮੌਤ ਲਿਖਾ ਕੇ ਕਿਹੜੇ ਸ਼ਾਮਿਆਨੇ ਵਿਚ ਆ ਗਏ? ਵਿਆਕਰਣ ਅਨੁਸਾਰ ਮੰਡਪੁ ਸ਼ਬਦ 'ਪੇ' ਸ਼ਬਦ ਦੀ ਵਰਤੋਂ ਕਾਰਨ ਉਕਾਰਾਂਤ (ਮੰਡਪ) ਹੋਣਾ ਸੀ। ਜੇ ਸ਼ਬਦਾਂ ਦੇ ਵਿਆਕਰਣਕ ਸਰੂਪ ਬਦਲਨਗੇ ਤਾਂ ਅਰਥ ਸਹੀ ਨਹੀਂ ਹੋ ਸਕਣਗੇ।

(ਚ) ਅਸਲ ਤੁਕ ਹੈ, "ਜਿਨ੍ ਕੀ ਚੀਰੀ ਦਰਗਹ ਪਾਟੀ...॥" (ਪੰਨਾ 418) ਲੇਖ ਵਿਚ ਜਿਨ੍ ਦੀ ਥਾਂ ਉਤੇ ਜਿਨ ਛਪਿਆ ਹੈ। ਜਿਨ੍ ਦਾ ਅਰਥ ਹੈ ਜਿਨ੍ਹਾਂ ਦੀ ਅਤੇ ਜਿਨ ਦਾ ਅਰਥ ਹੈ, ਜਿਨ/ਭੂਤਾਂ ਦੀ। 'ਨ' ਅੱਖਰ ਦੇ ਪੈਰੀਂ ਅੱਧੇ 'ਹ' ਦਾ ਚਿੰਨ੍ਹ ਹੈ। ਚੀਨ ਅਤੇ ਚੀਨ੍ਹ, ਬੰਨ ਅਤੇ ਬੰਨ੍ਹ, ਸੰਨ ਅਤੇ ਸੰਨ੍ਹ ਆਦਿਕ ਇੱਕੋ ਜਿਹੇ ਅਰਥ ਨਹੀਂ ਰੱਖਦੇ।

(ਛ) ਅਸਲ ਤੁਕ ਹੈ, "ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥" (ਪੰਨਾ 1412); ਲੇਖ ਵਿਚ ਰਜਿ ਸ਼ਬਦ ਦੀ ਥਾਂ 'ਰਜ' ਛਪਿਆ ਹੈ, ਜੋ 'ਰਜਿ' ਸ਼ਬਦ ਦੇ ਕਾਰਦੰਤਕ ਰੂਪ ਦਾ ਵਿਗਾੜ ਹੈ। ਰਜਿ ਦਾ ਅਰਥ ਹੈ, ਰੱਜ ਕੇ ਜਦੋਂ ਕਿ ਰਜ ਸ਼ਬਦ ਦਾ ਇਹ ਅਰਥ ਨਹੀਂ ਬਣਦਾ। ਰਜ ਸ਼ਬਦ ਦਾ ਅਰਥ ਚਰਨ-ਧੂੜ ਹੁੰਦਾ ਹੈ (ਧਨੁ ਨਹੀ ਬਾਛਹਿ ਸੁਰਗ ਨ ਆਛਹਿ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ (ਪੰਨਾ 251)

ਲੇਖ ਵਿਚ ਲਿਖੇ 'ਲਿਖਿਆ ਲੇਖ ਨ ਮਿਟਈ' ਵਿਚ ਲੇਖ ਦੀ ਥਾਂ ਲੇਖੁ ਸ਼ਬਦ ਹੈ, 'ਰੂਪੈ ਕਾਮੇ ਦੋਸਤੀ ਵਿਚ' ਵਿਚ ਕਾਮੇ ਸ਼ਬਦ ਦੀ ਥਾਂ ਕਾਮੈ ਸ਼ਬਦ ਸਹੀ ਹੈ, 'ਨਾਨਕ ਚਿੰਤਾ ਮਤਿ ਕਰੋ' ਵਿਚ ਕਰੋ ਦੀ ਥਾਂ ਕਰਹੁ ਸ਼ਬਦ, 'ਜਲ ਮਹਿ ਜੰਤ ਉਪਾਇਅਨ' ਵਿਚ ਉਪਾਇਅਨ ਦੀ ਥਾਂ ਉਪਾਇਅਨੁ ਸਹੀ ਹੈ, 'ਜਿਸ ਗ੍ਰਿਹ ਬਹੁਤ ਤਿਸੇ ਗ੍ਰਹ ਚਿੰਤਾ' ਤੁਕ ਦੀ ਥਾਂ ਸਹੀ ਤੁਕ ਹੈ, "ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥" ਜਿਨ੍ਹਾਂ ਦੀ ਤੁਲਨਾ ਕਰੀਏ ਤਾਂ ਲੇਖ ਵਿਚ ਇਸ ਤੁਕ ਦੀਆਂ ਪੰਜ ਮਾਤਰਾਂ ਸਹੀ ਨਹੀਂ ਪਾਈਆਂ ਗਈਆਂ, 'ਦੀਨ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ' ਵਿਚ ਦੀਨ ਸ਼ਬਦ ਵਾਧੂ ਹੈ, 'ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ' ਵਿਚ 'ਠੰਡਾ' ਦੀ ਥਾਂ ਠੰਢਾ ਸ਼ਬਦ ਸਹੀ ਹੈ।

ਭੁੱਲ-ਚੁੱਕ ਦੀ ਖਿਮਾ।

*-ਕਸ਼ਮੀਰਾ ਸਿੰਘ (ਪ੍ਰੋ.)*
*ਫੋਨ: 801-414-0171*

---

## ਗੁਰਬਾਣੀ ਗਿਆਨ

# ਖਿਨ ਮਹਿ ਥਾਪਿ ਉਥਾਪਨਹਾਰਾ

ੴ **ਸਤਿਗੁਰ ਪ੍ਰਸਾਦਿ॥**
ਰਾਮਕਲੀ ਮਹਲਾ ੫॥
ਮਨ ਮਾਹਿ ਜਾਪਿ ਭਗਵੰਤੁ॥
ਗੁਰਿ ਪੂਰੈ ਇਹੁ ਦੀਨੋ ਮੰਤੁ॥
ਮਿਟੇ ਸਗਲ ਭੈ ਤ੍ਰਾਸ॥
ਪੂਰਨ ਹੋਈ ਆਸ॥
ਸਫਲ ਸੇਵਾ ਗੁਰਦੇਵਾ॥
ਕੀਮਤਿ ਕਿਛੁ ਕਹਣੁ ਨ ਜਾਈ
ਸਾਚੇ ਸਚੁ ਅਲਖ ਅਭੇਵਾ॥ ਰਹਾਉ॥
ਕਰਨ ਕਰਾਵਨ ਆਪਿ॥
ਤਿਸ ਕਉ ਸਦਾ ਮਨ ਜਾਪਿ॥
ਤਿਸ ਕੀ ਸੇਵਾ ਕਰਿ ਨੀਤ॥
ਸਚੁ ਸਹਜੁ ਸੁਖੁ ਪਾਵਹਿ ਮੀਤ॥
ਸਾਹਿਬੁ ਮੇਰਾ ਅਤਿ ਭਾਰਾ॥
ਖਿਨ ਮਹਿ ਥਾਪਿ ਉਥਾਪਨਹਾਰਾ॥
ਤਿਸੁ ਬਿਨੁ ਅਵਰੁ ਨ ਕੋਈ॥
ਜਨ ਕਾ ਰਾਖਾ ਸੋਈ॥
ਕਰਿ ਕਿਰਪਾ ਅਰਦਾਸਿ ਸੁਣੀਜੈ॥
ਅਪਣੇ ਸੇਵਕ ਕਉ ਦਰਸਨੁ ਦੀਜੈ॥
ਨਾਨਕ ਜਾਪੀ ਜਪੁ ਜਾਪੁ॥
ਸਭ ਤੇ ਊਚ ਜਾ ਕਾ ਪਰਤਾਪੁ॥

ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਰਾਹੀਂ ਮਨੁੱਖਤਾ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਜਿਸ ਮਨੁੱਖ ਨੂੰ ਪੂਰੇ ਸਤਿਗੁਰ ਨੇ ਇਹ ਉਪਦੇਸ਼ ਦਿੱਤਾ ਕਿ ਆਪਣੇ ਮਨ ਵਿਚ ਸਦਾ ਮਿਹਰਬਾਨ ਪ੍ਰਭੂ ਦਾ ਨਾਮ ਜਪਿਆ ਕਰ, ਉਸ ਮਨੁੱਖ ਦੇ ਸਾਰੇ ਡਰ ਭੈਅ ਮੁਕ ਜਾਂਦੇ ਹਨ ਅਤੇ ਉਸ ਦੀ ਹਰ ਆਸ ਪੂਰੀ ਹੋ ਜਾਂਦੀ ਹੈ; ਆਉ ਉਸ ਮਾਲਕ ਪ੍ਰਭੂ ਦਾ ਨਾਮ ਜਪੀਏ।

ਰਹਾਉ ਦੀ ਪੰਕਤੀ ਵਿਚ ਪੰਚਮ ਪਾਤਸ਼ਾਹ ਬਖਸ਼ਿਸ਼ ਕਰਦੇ ਹਨ, ਹੇ ਭਾਈ! ਉਸ ਸਭ ਤੋਂ ਵੱਡੇ ਦੇਵਤੇ ਪ੍ਰਭੂ ਪਰਮੇਸ਼ਰ ਦੀ ਸੇਵਾ ਹੀ ਸਫਲ ਹੈ ਅਤੇ ਫਲ ਦੇਣ ਵਾਲੀ ਹੈ। ਸਚੁ, ਸਦਾ ਹੀ ਕਾਇਮ ਰਹਿਣ ਵਾਲਾ; ਅਲਖ, ਜਿਸ ਦੇ ਸਰੂਪ ਦਾ ਸਹੀ ਬਿਆਨ ਨਾ ਕੀਤਾ ਜਾ ਸਕੇ; ਅਭੇਵਾ, ਜਿਸ ਦਾ ਭੇਤ ਨਾ ਪਾਇਆ ਜਾ ਸਕੇ, ਉਸ ਸਦਾ ਅਟੱਲ ਰਹਿਣ ਵਾਲੇ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ, ਉਹ ਸਾਡਾ ਸਭ ਦਾ ਮਾਲਕ ਹੈ।

ਗੁਰਦੇਵ ਉਸ ਸਗਲੀ ਸ੍ਰਿਸ਼ਟੀ ਦੇ ਮਾਲਕ ਪ੍ਰਭੂ ਉਸਤਤਿ ਕਰਦੇ ਆਖਦੇ ਹਨ, ਹੇ ਭਾਈ! ਜੋ ਪ੍ਰਭੂ ਆਪ ਸਭ ਕੁਝ ਕਰਨ ਯੋਗ ਹੈ ਅਤੇ ਹੋਰਨਾਂ ਕੋਲੋਂ ਵੀ ਕਰਵਾ ਸਕਣ ਦੇ ਸਮਰੱਥ ਹੈ, ਤੂੰ ਉਸ ਦਾ ਸਿਮਰਨ ਕਰਿਆ ਕਰ, ਉਸ ਮਿਹਰਬਾਨ ਪਿਤਾ ਦੀ ਸੇਵਾ ਭਗਤੀ ਕਰਿਆ ਕਰ, ਫਿਰ ਤੂੰ ਸੱਚਾ ਅਟੱਲ ਸੁਖ ਮਾਣੇਂਗਾ, ਤੂੰ ਆਤਮਕ ਅਡੋਲਤਾ ਪ੍ਰਾਪਤ ਕਰ ਲਵੇਂਗਾ।

ਗੁਰਦੇਵ ਮਿਹਰ ਕਰਦੇ ਕਹਿੰਦੇ ਹਨ, ਹੇ ਭਾਈ! ਉਹ ਸਾਹਿਬ ਮੇਰਾ ਮਾਲਕ ਪ੍ਰਭੂ ਬਹੁਤ ਗੰਭੀਰ ਹੈ, ਉਹ ਇਕ ਖਿਨ ਵਿਚ ਪੈਦਾ ਕਰਕੇ ਨਾਸ ਭੀ ਕਰ ਸਕਦਾ ਹੈ, ਉਹ ਮਿਹਰਬਾਨ ਭੀ ਹੈ ਅਤੇ ਆਪਣੇ ਸੇਵਕ ਦੀ ਆਪ ਹੀ ਰੱਖਿਆ ਭੀ ਕਰਦਾ ਹੈ; ਉਸ ਮਾਲਕ ਤੋਂ ਬਿਨਾ ਹੋਰ ਕੋਈ ਰੱਖਿਆ ਕਰ ਸਕਣ ਵਾਲਾ ਭੀ ਨਹੀ ਹੈ, ਉਸ ਦਾ ਸਿਮਰਨ ਕਰਿਆ ਕਰ।

ਸ਼ਬਦ ਦੇ ਅਖੀਰ ਵਿਚ ਉਸ ਮਿਹਰਬਾਨ ਪ੍ਰਭੂ ਅੱਗੇ ਜੋਦੜੀ ਕਰਦੇ ਆਖਦੇ ਹਨ, ਹੇ ਨਾਨਕ! ਜਿਸ ਪ੍ਰਭੂ ਦਾ ਤੇਜ, ਬਲ ਸਭ ਤੋਂ ਉਚਾ ਹੈ, ਉਸ ਮਾਲਕ ਦੇ ਦਰ 'ਤੇ ਅਰਦਾਸ ਕਰ ਅਤੇ ਆਖ ਹੇ ਪ੍ਰਭੂ ਕਿਰਪਾ ਕਰ ਕੇ ਮੇਰੀ ਅਰਜੋਈ ਸੁਣੋ ਅਤੇ ਆਪਣੇ ਸੇਵਕ ਨੂੰ ਦਰਸ਼ਨ ਦੇਹ, ਮੈਂ ਤੇਰਾ ਸੇਵਕ ਸਦਾ ਹੀ ਤੇਰਾ ਨਾਮ ਜਪਦਾ ਰਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*


# ਯਾਰਾਂ ਦੀ ਮਸੀਤ ਵੱਖਰੀ-2

***ਪੰਜਾਬ ਦੇ ਜੰਮੇ-ਪਲੇ ਅਤੇ ਲੰਡਨ (ਵਲਾਇਤ) ਵਿਚ ਵੱਸਣ ਵਾਲੇ ਅਮੀਨ ਮਲਿਕ ਦਾ ਸਦੀਵੀ ਵਿਛੋੜਾ ਦੁੱਖ ਦੇਣ ਵਾਲਾ ਹੈ। ਉਹਦੇ ਅੰਦਰ ਆਪਣਾ ਪੰਜਾਬ ਆਬਾਦ ਸੀ ਅਤੇ ਇਹ ਹਰ ਵਕਤ ਮੌਲਦਾ-ਵਿਗਸਦਾ ਰਹਿੰਦਾ ਸੀ। ਉਹਨੇ ਆਪਣੀਆਂ ਕਹਾਣੀਆਂ ਦੇ ਹਰ ਕਿਰਦਾਰ ਨੂੰ ਅੰਦਰੋਂ-ਬਾਹਰੋਂ ਇਸ ਤਰ੍ਹਾਂ ਫਰੋਲਿਆ ਕਿ ਪਾਠਕ ਨੂੰ ਇਸ ਕਿਰਦਾਰ ਨਾਲ ਅਪਣੱਤ ਹੋ ਜਾਂਦੀ ਹੈ। ਉਸ ਨੂੰ ਯਾਦ ਕਰਦਿਆਂ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦਾ ਇਕ ਲੰਮਾ ਲੇਖ ਛਾਪ ਰਹੇ ਹਾਂ, ਜਿਸ ਦੀ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਆਰਿਫ ਉਨ੍ਹਾਂ ਦਿਨਾਂ ਵਿਚ ਨਵਾਂ-ਨਵਾਂ ਬਾਲਾਂ ਨੂੰ ਲੈ ਕੇ ਪਾਕਿਸਤਾਨੋਂ ਲੰਦਨ ਅਇਆ ਸੀ। ਨਾ ਇਸ ਦੇਸ਼ (ਇੰਗਲੈਂਡ) ਦੀ ਚਮਕ ਨੇ ਅਜੇ ਉਸ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਸਨ ਤੇ ਨਾ ਹੀ ਉਸ ਦਾ ਦਿਲ ਚਾਂਦੀ ਦੇ ਰੁਪਏ ਜਿਹਾ ਸਖਤ ਹੋਇਆ ਸੀ। ਮਾਇਆ ਦਾ ਮੋਤੀਆ ਅਜੇ ਅੱਖਾਂ ਵਿਚ ਨਹੀਂ ਸੀ ਉਤਰਿਆ ਤੇ ਨਾ ਹੀ ਦੀਦੇ ਬੇਦੀਦੇ ਹੋਏ ਸਨ। ਮੁਨੀਰ ਦੀ ਮਾਂ ਦਾ ਅਫੋਸਸ ਕੀਤਾ ਤੇ ਵੇਲਾ ਅੱਗੇ ਨੂੰ ਲੈ ਤੁਰਿਆ।

ਕਈ ਦਿਨਾਂ ਪਿੱਛੋਂ ਇਕ ਦਿਨ ਮੁਨੀਰ ਦੇ ਮੋਢਿਆਂ 'ਤੇ ਘਾਹ ਕੱਟਣ ਵਾਲੀ ਮਸ਼ੀਨ ਰੱਖੀ ਮੁਨੀਰ ਦੀ ਮਾਂ ਆ ਗਈ। ਆਰਿਫ ਇਹ ਵੇਖ ਕੇ ਇਸ ਲਈ ਦੁਖੀ ਹੋਇਆ ਕਿ ਬਾਦਸ਼ਾਹਵਾਂ ਨੂੰ ਵੀ ਵਖਤ ਪੈ ਜਾਣ ਤਾਂ ਉਹ ਪਾਰ ਲੰਘਣ ਲਈ ਬਚੇ ਸਕੇ ਅੱਗੇ ਵੀ ਹੱਥ ਜੋੜ ਦਿੰਦੇ ਨੇ। ਉਹਨੇ ਸੋਚਿਆ ਕਿ ਅੰਗਰੇਜ਼ ਕੱਲ੍ਹ ਵੀ ਹਾਕਮ ਸੀ ਤੇ ਅੱਜ ਵੀ ਇਨ੍ਹਾਂ ਦੀ ਗੁਲਾਮੀ ਵਿਚ ਰੋਟੀ ਖਾਣ ਆਏ ਹਾਂ। ਮੁਕੱਦਰ ਹਰ (ਹਾਰ) ਜਾਣ ਤਾਂ ਗੁਲਾਮਾਂ ਦੇ ਦਰ ਉਤੇ ਵੀ ਦਸਤਕ ਦੇਣੀ ਪੈਂਦੀ ਹੈ ਅਤੇ ਗੁਲਾਮਾਂ ਦਾ ਘਾਹ ਵੀ ਕੱਟਣਾ ਪੈ ਜਾਂਦਾ ਹੈ। ਜਮੀਲਾ ਅਤੇ ਆਰਿਫ ਨੇ ਬੜਾ ਡੱਕਿਆ, ਪਰ ਮੁਨੀਰ ਨੇ ਧੱਕੋ-ਧੱਕੀ ਲਾਅਨ ਵਿਚ ਮਸ਼ੀਨ ਫੇਰੀ ਅਤੇ ਘਾਹ ਇਕੱਠਾ ਕਰ ਕੇ ਬੋਰੀ ਵਿਚ ਪਾ ਦਿੱਤਾ। ਬੰਦੇ ਦਾ ਅੰਦਰ ਜਿਉਂਦਾ ਹੋਵੇ ਤਾਂ ਇੰਜ ਦੀਆਂ ਨਿੱਕੀਆਂ-ਨਿੱਕੀਆਂ ਮਿਹਰਬਾਨੀਆਂ ਨੂੰ ਵੀ ਅਹਿਸਾਸ ਉਤੇ ਪਹਾੜ ਦਾ ਭਾਰ ਮਹਿਸੂਸ ਕਰਦਾ ਏ। ਵੈਸੇ ਵੀ ਭਲਾਈ ਕਰਨ ਵਾਲੇ ਦਾ ਅਹਿਸਾਨ ਨਾ ਮੰਨੋ ਤਾਂ ਉਹ ਅੱਗੇ ਤੋਂ ਭਲਾਈ ਵਲੋਂ ਹੱਥ ਖਿੱਚ ਲੈਂਦਾ ਹੈ। ਸਲਵਾਰ-ਕੁੜਤਾ ਪਾ ਕੇ ਸਿਰ ਉਪਰ ਚੁੰਨੀ ਲਈ ਬੈਠੀ ਮੁਨੀਰ ਦੀ ਗੋਰੀ ਮਾਂ ਦੇ ਸਿਰ ਉਪਰ ਵੀਰ ਵਾਂਗ ਪਿਆਰ ਦੇ ਕੇ ਆਰਿਫ ਨੇ ਆਖਿਆ, "ਮੀਣਾ! ਤੂੰ ਆਪਣੇ ਸਿਰ ਉਤੇ ਕਿਸੇ ਅਹਿਸਾਸ ਦੀ ਪੰਡ ਨਾ ਚੁੱਕ ਫਿਰ। ਅਸਾਂ ਜੋ ਵੀ ਕੀਤਾ ਏ, ਉਹਦਾ ਰਿਸ਼ਤਾ ਇਨਸਾਨੀਅਤ ਨਾਲ ਹੈ। ਹਮਦਰਦੀ ਦੇ ਸ਼ਬਦ ਸੁਣ ਕੇ ਮੁਨੀਰ ਦੀ ਮਾਂ ਦੀਆਂ ਖੂਬਸੂਰਤ ਬਿੱਲੀਆਂ ਅੱਖਾਂ ਵਿਚੋਂ ਦੋ ਮੋਟੇ-ਮੋਟੇ ਅੱਥਰੂ ਉਹਦੀ ਝੋਲੀ ਵਿਚ ਡਿੱਗ ਪਏ। ਜਦੋਂ ਦਾਮਨ ਸੱਖਣਾ ਹੋ ਜਾਵੇ ਤਾਂ ਖਾਲੀ ਝੋਲੀ ਵਿਚ ਹੰਝੂਆਂ ਦੀ ਖੈਰ ਹੀ ਪੈਂਦੀ ਏ! ਹਾਸੇ ਪ੍ਰਾਹੁਣੇ ਬਣ ਜਾਣ ਤਾਂ ਦਿਲ ਦੇ ਵਿਹੜੇ ਵਿਚ ਹਾਵਾਂ ਹੀ ਕਿੱਕਲੀ ਪਾਉਂਦੀਆਂ ਨੇ। ਖੁਸ਼ੀਆਂ ਡੋਲੀ ਚੜ੍ਹ ਜਾਣ ਤਾਂ ਉਸ ਘਰ ਵਿਚ ਨਿਤ ਨਵਾਂ ਗਮ ਖਾਰੇ ਚੜ੍ਹਦਾ ਏ। ਮੁਨੀਰ ਦੀ ਮਾਂ ਨੂੰ ਧੱਕੋ-ਧੱਕੀ ਰੋਟੀ ਖਵਾ ਕੇ ਜਮੀਲਾ ਬੂਹੇ ਤੱਕ ਛੱਡਣ ਗਈ, ਪਰ ਮੁਨੀਰ ਦੀ ਮਾਂ ਦਾ ਮੂੰਹ ਵੇਖ ਕੇ ਇੰਜ ਲੱਗਦਾ ਸੀ, ਜਿਵੇਂ ਉਸ ਨੂੰ ਕਿਸੇ ਗੱਲ ਦੇ ਉਬਾਕ ਆਣ ਪੈਂਦੇ ਨੇ। ਉਹ ਆਪਣੇ ਅੰਦਰ ਕਿਸੇ ਗੱਲ ਨੂੰ ਡੱਕ-ਡੱਕ ਰੱਖਦੀ ਅਤੇ ਕਰਨ ਤੋਂ ਡਰਦੀ ਸੀ।



ਅਮੀਨ ਮਲਿਕ

ਆਖਰ ਉਸ ਨੇ ਅੱਖਾਂ ਨੀਵੀਆਂ ਕਰ ਕੇ ਜਮੀਲਾ ਕੋਲੋਂ ਇੱਕ ਗੱਲ ਦੀ ਆਗਿਆ ਲੈ ਕੇ ਆਖਿਆ, "ਜੇ ਤੁਸੀਂ ਕਬੂਲ ਕਰ ਲਵੋ ਤਾਂ ਮੁਨੀਰ ਨੂੰ ਸੱਟ ਫੇਟ ਲੱਗਣ ਦਾ ਜੋ ਹਰਜਾਨਾ ਸਰਕਾਰ ਕੋਲੋਂ ਮਿਲਿਆ ਹੈ, ਮੈਂ ਉਸ ਵਿਚੋਂ ਤੁਹਾਨੂੰ ਵੀ ਕੁਝ ਦੇਣਾ ਚਾਹੁੰਦੀ ਹਾਂ।" ਲੋੜਾਂ ਭਾਵੇਂ ਕਿੰਨਾ ਵੀ ਮੂੰਹ ਅੱਡੀ ਬੈਠੀਆਂ ਸਨ, ਪਰ ਆਰਿਫ ਦੀ ਆਨ, ਅਣਖ ਅਤੇ ਗੈਰਤ ਨੇ ਅਜੇ ਲੋਈ ਨਹੀਂ ਸੀ ਲਾਹੀ। ਉਹ ਥੋੜ੍ਹਾ ਜਿਹਾ ਮੁਸਕਰਾ ਕੇ ਮੁਨੀਰ ਦੇ ਮੋਢੇ ਉਪਰ ਹੱਥ ਰੱਖ ਕੇ ਆਖਣ ਲੱਗਾ, "ਵੇਖ ਬੇਟਾ, ਅਸੀਂ ਪਾਕਿਸਤਾਨੀ ਜ਼ਰੂਰ ਹਾਂ, ਪਰ ਸਾਡੇ ਕੋਲ ਧੀਆਂ-ਭੈਣਾਂ ਨੂੰ ਦੇਣ ਲਈ ਕੁਝ ਨਾ ਹੋਵੇ ਤਾਂ ਲਈਦਾ ਵੀ ਕੁਝ ਨਹੀਂ।" ਇਹ ਗੱਲ ਸੁਣ ਕੇ ਉਹ ਦੋਵੇਂ ਚੁੱਪ-ਚਾਪ ਚਲੇ ਗਏ।

ਵਾਹਵਾ ਹੀ ਦਿਹਾੜੇ ਲੰਘ ਗਏ ਸਨ ਤੇ ਮੁਨੀਰ ਦੀ ਮਾਂ ਵਲੋਂ ਕੋਈ ਖੈਰਤ ਸੁਰਤ ਨਾ ਆਈ। ਆਰਿਫ ਵੀ ਇਸ ਦੇਸ਼ ਦੀ ਠੇਡੇ ਖਾਂਦੀ ਭੀੜ ਵਿਚ ਵੜ ਕੇ ਬਾਲਾਂ ਨੂੰ ਇਲਮ ਦੀ ਪੌੜੀ ਚਾੜ੍ਹਦਾ ਹੋਇਆ ਰੋਟੀ ਪਿੱਛੇ ਦੌੜਦਾ ਬੜੀ ਦੂਰ ਚਲਾ ਗਿਆ। ਮੋਮੀ ਨੇ ਵੀ ਡਿਗਰੀ ਕਰ ਕੇ ਟੀਚਿੰਗ ਲਈ ਬੀ.ਟੀ. ਵਿਚ ਦਾਖਲਾ ਲੈ ਲਿਆ। ਦੂਜੇ ਦੋ ਨਿੱਕੇ ਬਾਲ ਵੀ ਕਾਲਜ ਵਿਚ ਟੁਰ ਗਏ ਸਨ।

ਸਭ ਕੁਝ ਭੁੱਲ ਗਿਆ ਸੀ, ਪਰ ਇੱਕ ਦਿਹਾੜੇ ਸ਼ਾਮ ਵੇਲੇ ਆਰਿਫ ਦਾ ਬੂਹਾ ਖੜਕਿਆ ਤੇ ਮੁਨੀਰ ਦੀ ਮਾਂ ਬਾਹਰ ਖਲੋਤੀ ਪਾਲੇ ਨਾਲ ਕੱਛਾਂ ਵਿਚ ਹੱਥ ਦਿੱਤੇ ਕੰਬ ਰਹੀ ਸੀ। ਉਸ ਦੇ ਤੇੜ ਸਲਵਾਰ ਪਜਾਮੇ ਜਾਂ ਪਤਲੂਨ ਨਾਲ ਮਿਲਦੀ-ਜੁਲਦੀ ਕੋਈ ਸ਼ੈਅ ਸੀ। ਗਲ ਅਧੋਰਾਣਾ ਜਿਹਾ ਸਵੈਟਰ ਤੇ ਹੋਰ ਕੁਝ ਨਾ। ਉਹਦਾ ਲਿਬਾਸ ਉਸ ਦੇ ਹਾਲਾਤ ਨੂੰ ਨੰਗਾ ਕਰ ਰਿਹਾ ਸੀ। ਉਸ ਦਾ ਪੀਲਾ ਜਿਹਾ ਰੰਗ ਅਤੇ ਮਾੜਾ ਜਿਹਾ ਜੁੱਸਾ ਵੇਖ ਕੇ ਇੰਜ ਲੱਗਦਾ ਸੀ, ਜਿਵੇਂ ਕੋਈ ਜ਼ਿੰਦਗੀ ਨਾਲ ਹੱਥ ਮਿਲਾ ਕੇ ਬਰੂਹਾਂ ਵਿਚ ਖੜ੍ਹਾ ਹੋਵੇ। ਇਵੇਂ ਉਹ ਪ੍ਰਾਹੁਣੀ ਜਿਹੀ ਹੀ ਲੱਗਦੀ ਸੀ, ਇਸ ਦੁਨੀਆਂ ਦੇ ਮੇਲੇ ਦੀ। ਉਹ ਆਪਣੀ ਜਵਾਨੀ ਨੂੰ ਚਾਰ ਦਿਹਾੜੇ ਹੋਰ ਵੀ ਡੱਕ ਸਕਦੀ ਸੀ, ਪਰ ਇਸ ਦੇਸ਼ ਵਿਚ ਰਹਿ ਕੇ ਵੀ ਤਮਾਸ਼ਬੀਨੀ ਤੋਂ ਵਾਕਫ ਨਾ ਹੋ ਸਕੀ। ਇਸ ਮੁਲਕ ਵਿਚ ਤਾਂ ਖਾਵੰਦ ਮਰਨ ਪਿੱਛੋਂ ਗੋਰੀਆਂ ਦੋ ਦਿਹਾੜੇ ਸਾਟਨ ਦਾ ਖੂਬਸੂਰਤ ਕਾਲਾ ਜੋੜਾ ਪਾ ਕੇ ਸੋਗ ਦਾ ਟਸ਼ਨ ਕਰਦੀਆਂ ਨੇ, ਤੀਜੇ ਦਿਹਾੜੇ ਹੀ ਪੱਬ ਵਿਚ ਕਿਸੇ ਨੂੰ ਹੈਲੋ ਕੀਤਾ ਤੇ ਖਾਵੰਦ ਦੀ ਮੌਤ ਨੂੰ ਗਲਾਸ ਵਿਚ ਘੋਲ ਕੇ ਪੀ ਲਿਆ ਅਤੇ ਮੌਤ ਵਾਲੇ ਸਦਮੇ ਨੂੰ ਸਿਗਰਟ ਦੇ ਸਦਮੇ ਵਿਚ ਉਡਾ ਛੱਡਿਆ। ਜਿਥੇ ਵੀ ਧੂਣੀ ਧੁਖੀ, ਉਥੇ ਹੀ ਪਿਆਰ ਦਾ ਸੇਕਾ ਲਾ ਲਿਆ। ਕਰਾਂ-ਪੈਰਾਂ ਤੋਂ ਰਹਿ ਕੇ ਸ਼ੀਸ਼ੇ ਨੂੰ ਦੋ ਚਾਰ ਫੱਕੜ ਤੋਲ ਕੇ ਅੰਦਰ ਬਹਿ ਜਾਂਦੀਆਂ ਨੇ। ਇਸ ਦੇ ਉਲਟ ਮੁਨੀਰ ਦੀ ਮਾਂ ਅੱਜ ਵੀ ਆਪਣੇ ਚਲਾਣਾ ਕਰ ਗਏ ਖਾਵੰਦ ਦੀ ਯਾਦ ਨੂੰ ਚੁੰਨੀ ਪੱਲੇ ਬੰਨ੍ਹ ਕੇ ਹਯਾਤੀ ਗੁਜ਼ਾਰ ਰਹੀ ਸੀ!

ਜਮੀਲਾ ਨੇ ਬੜੇ ਪਿਆਰ ਅਤੇ ਹਮਦਰਦੀ ਨਾਲ ਉਸ ਨੂੰ ਅੰਦਰ ਬਿਠਾਇਆ, ਤੇ ਉਹ ਸ਼ੋਹਦੀ ਮੁਜਰਮਾਂ ਵਾਂਗ ਚੁਪ-ਚਾਪ ਨੀਵੀਂ ਪਾ ਕੇ ਬਹਿ ਗਈ। ਵੇਲਾ ਮਿਹਰਬਾਨ ਨਾ ਰਹੇ ਤਾਂ ਹਰ ਲਮਹਾ ਬੰਦੇ ਕੋਲੋਂ ਹਿਸਾਬ ਮੰਗਦਾ ਏ। ਵਰਤ ਬੇ-ਹਿਸਾਬੀਆਂ ਕਰ ਜਾਏ ਤਾਂ ਜ਼ਿੰਦਗੀ ਨੂੰ ਬੇਵਜ੍ਹਾ ਵਿਆਜ ਤਾਰਨਾ ਪੈਂਦਾ ਏ। ਮੁਨੀਰ ਦੀ ਮਾਂ ਨੂੰ ਛੇਤੀ ਨਾਲ ਗਰਮ-ਗਰਮ ਚਾਹ ਦੀ ਪਿਆਲੀ ਫੜਾ ਕੇ ਮੋਮੀ ਦੀ ਮਾਂ ਹੰਝੂਆਂ ਦੇ ਹੜ੍ਹ ਨੂੰ ਹੱਥ ਦਿੰਦੀ-ਦਿੰਦੀ ਹਾਰ ਗਈ। ਉਹ ਅੱਥਰੂ ਲੁਕਾਉਂਦੀ-ਲੁਕਾਉਂਦੀ ਆਖਣ ਲੱਗੀ, "ਆਰਿਫ ਸਾਹਿਬ! ਕਿਸੇ ਨੇ ਸਾਨੂੰ ਗੋਰੇ ਜਾਣ ਕੇ ਗਲ ਨਾ ਲਾਇਆ ਤੇ ਕਿਸੇ ਨੇ ਪਾਕਿਸਤਾਨੀ ਨਾਲ ਵਿਆਹ ਕਰਨ ਵਾਲਾ ਮੁਸਲਮਾਨ ਆਖ ਕੇ ਗਲੋਂ ਲਾਹ ਛੱਡਿਆ। ਅਸੀਂ ਮੁਕੱਦਰ ਦੀ ਭੋਇੰ ਵਿਚ ਉਗੇ ਹੋਏ ਅਜਿਹੇ ਰੁੱਖ ਬਣ ਗਏ, ਜਿਸ ਨੂੰ ਬਾਲਾਂ ਰੋੜੇ ਮਾਰੇ ਅਤੇ ਬੱਕਰੀਆਂ ਪੱਤੇ ਖਾ ਗਈਆਂ। ਮੇਰੇ ਪੁੱਤ ਦਾ ਨਾ ਕੋਈ ਯਾਰ, ਨਾ ਭਰਾ। ਇੱਕ ਭੈਣ ਸੀ, ਜੋ ਜੰਮਦੀ ਹੀ ਮਾਨਸਿਕ ਮਰੀਜ਼ ਹੈ। ਉਸ ਵਿਚਾਰੀ ਨੂੰ ਨਾ ਕੋਈ ਗਮ, ਨਾ ਖੁਸ਼ੀ। ਸ਼ਾਇਦ ਚੰਗਾ ਹੀ ਹੋਇਆ, ਕਿਉਂਕਿ ਅਕਲਾਂ ਮਰ ਜਾਣ ਤਾਂ ਬੰਦਾ ਸੌਖਾ ਜਿਉਂਦਾ ਹੈ। ਸੋਚਾਂ ਦੀ ਸੂਈ ਦਾ ਨੱਕਾ ਭੁਰ ਜਾਏ ਤਾਂ ਜ਼ਿੰਦਗੀ ਦਾ ਨੰਗਾ ਸੀਵਣ ਦਾ ਗਮ ਮੁੱਕ ਜਾਂਦਾ ਹੈ।"

"ਆਰਿਫ ਸਾਹਿਬ! ਤੁਹਾਡੇ ਹਾਲਾਤ ਤਾਂ ਸਾਡੇ ਜਿਹੇ ਨਹੀਂ, ਪਰ ਆਦਤ ਪਤਾ ਨਹੀਂ ਸਾਡੇ ਨਾਲ ਕਿਉਂ ਮੇਲੇ ਖਾਂਦੀ ਹੈ। ਸਾਨੂੰ ਤਾਂ ਵੇਲੇ ਨੇ ਥੱਲੇ ਲੱਗ ਕੇ ਜਿਉਣਾ ਸਿਖਾ ਦਿੱਤਾ, ਪਰ ਤੁਸੀਂ ਰੱਬੋਂ ਹੀ ਫੁੱਲੇ ਹੋਏ ਰੁੱਖ ਵਾਂਗ ਝੁਕੇ ਹੋਏ ਹੋ।"

ਇਹ ਗੱਲ ਆਖ ਕੇ ਮੁਨੀਰ ਦੀ ਮਾਂ ਕੁਝ ਆਖਦੀ-ਆਖਦੀ ਚੁੱਪ ਹੋ ਗਈ। ਆਰਿਫ ਨੇ ਹੌਂਸਲਾ ਹਿੰਮਤ ਦੇ ਕੇ ਅੱਗੇ ਟੋਰਿਆ ਤੇ ਛੰਮ-ਛੰਮ ਰੋਂਦੀ ਹੋਈ ਆਖਣ ਲੱਗੀ, "ਆਰਿਫ ਸਾਹਿਬ! ਮੇਰੀ ਬਿਮਾਰੀ ਨੇ ਆਪਣਾ ਹੁਕਮ ਸੁਣਾ ਦਿੱਤਾ ਹੈ। ਗਮ ਮਰਨ ਦਾ ਨਹੀਂ, ਗਮ ਤਾਂ ਮੁਨੀਰ ਦੀ ਜ਼ਿੰਦਗੀ ਦਾ ਹੈ। ਉਹ ਜਵਾਨ ਵੀ ਹੋ ਗਿਆ ਹੈ ਤੇ ਅਗਲੇ ਸਾਲ ਐਮ.ਏ. ਵੀ ਕਰ ਲਵੇਗਾ, ਪਰ ਇਸ ਦੁਨੀਆਂ ਵਿਚ ਉਸ ਦਾ ਕੋਈ ਵੀ ਨਹੀਂ। ਨਾ ਉਹ ਗੋਰਿਆਂ ਜਿਹਾ ਅਤੇ ਨਾ ਪਾਕਿਸਤਾਨੀਆਂ ਨਾਲ ਦਾ। ਵਕਤ ਅਤੇ ਹਾਲਾਤ ਨੇ ਉਸ ਨੂੰ ਏਨਾ ਕੁ ਸ਼ਰੀਫ ਬਣਾ ਦਿੱਤਾ ਏ ਕਿ ਇਹ ਦੁਨੀਆਂ ਹੁਣ ਉਹਦੇ ਵਾਲੀ ਰਹੀਂ ਹੀ ਨਹੀਂ।" ਇਹ ਗੱਲ ਆਖ ਕੇ ਉਹ ਬਿਲਕੁਲ ਚੁੱਪ ਹੋ ਗਈ। ਆਰਿਫ ਨੇ ਉਹਦੇ ਸਿਰ ਉਪਰ ਵੱਡੇ ਭਰਾਵਾਂ ਵਾਂਗ ਹੱਥ ਫੇਰ ਕੇ ਉਸ ਨੂੰ ਅੱਗੇ ਟੋਰਿਆ ਤਾਂ ਮੁਨੀਰ ਦੀ ਮਾਂ ਆਖਣ ਲੱਗੀ, "ਤੁਸੀਂ ਮੇਰੇ ਭੈਣ ਭਰਾ ਜੇ। ਜੇ ਬੁਰਾ ਨਾ ਲੱਗੇ ਤਾਂ ਮਿੰਨਤ ਕਰਾਂਗੀ ਕਿ ਮੋਮੀ ਦਾ ਰਿਸ਼ਤਾ ਮੁਨੀਰ ਨਾਲ ਕਰ ਕੇ ਮੇਰੀ ਮੌਤ ਨੂੰ ਸੁਖਾਲੀ ਕਰ ਦਿਉ। ਮੈਂ ਮੌਤ ਦੀ ਪੀੜ ਤਾਂ ਸਹਿ ਲਵਾਂਗੀ ਪਰ ਪੁੱਤਰ ਦਾ ਗਮ ਛਾਤੀ ਉਪਰ ਰੱਖ ਕੇ ਜਾਣਾ ਬੜਾ ਹੀ ਔਖਾ ਹੋਵੇਗਾ।"

***ਮਰਨ ਵਾਲੀ ਦੀ ਇਸ ਆਖਰੀ ਇੱਛਾ ਨੂੰ ਰੱਦ ਕਰਨਾ ਬੜਾ ਹੀ ਔਖਾ ਸੀ, ਪਰ ਇਸ ਖਾਹਿਸ਼ ਨੂੰ ਪੂਰਾ ਕਰਨਾ ਸਮਾਜੀ ਜੰਗ ਲੜਨ ਵਾਲੀ ਗੱਲ ਸੀ। ਲੋਕ ਭਲਾਈ ਜਾਂ ਸਮਾਜ ਸੁਧਾਰ ਦਾ ਪ੍ਰਚਾਰ ਕਰ ਕੇ ਗੱਲਾਂ ਦੀ ਗੁਲਕੰਦ ਬਣਾਉਣਾ ਬੜਾ ਸੌਖਾ ਹੈ ਪਰ ਇਨ੍ਹਾਂ ਗੱਲਾਂ ਉਤੇ ਅਮਲ ਕਰ ਕੇ ਸਾਰੇ ਅੰਗ ਸਾਕ, ਬਰਾਦਰੀ ਅਤੇ ਸਮਾਜ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਜਿਉਣਾ ਬੜਾ ਔਖਾ ਹੈ। ਇਥੋਂ ਤੱਕ ਕਿ ਆਰਿਫ ਜਿਹੇ ਸਮਾਜੀ ਬਾਗੀ ਦੇ ਵੀ ਥੰਮ੍ਹ ਥਿੜਕ ਗਏ ਸਨ।***



*ਲੰਡਨ ਦਾ ਇਕ ਦਿਲਕਸ਼ ਨਜ਼ਾਰਾ ਜਿਥੇ ਇਸ ਲੇਖ ਵਿਚ ਆਏ ਟੱਬਰ ਰਹਿੰਦੇ ਹਨ।*

ਮਰਨ ਵਾਲੀ ਦੀ ਇਸ ਆਖਰੀ ਇੱਛਾ ਨੂੰ ਰੱਦ ਕਰਨਾ ਬੜਾ ਹੀ ਔਖਾ ਸੀ, ਪਰ ਇਸ ਖਾਹਿਸ਼ ਨੂੰ ਪੂਰਾ ਕਰਨਾ ਸਮਾਜੀ ਜੰਗ ਲੜਨ ਵਾਲੀ ਗੱਲ ਸੀ। ਲੋਕ ਭਲਾਈ ਜਾਂ ਸਮਾਜ ਸੁਧਾਰ ਦਾ ਪ੍ਰਚਾਰ ਕਰ ਕੇ ਗੱਲਾਂ ਦੀ ਗੁਲਕੰਦ ਬਣਾਉਣਾ ਬੜਾ ਸੌਖਾ ਹੈ, ਪਰ ਇਨ੍ਹਾਂ ਗੱਲਾਂ ਉਤੇ ਅਮਲ ਕਰ ਕੇ ਸਾਰੇ ਅੰਗ ਸਾਕ, ਬਰਾਦਰੀ ਅਤੇ ਸਮਾਜ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਜਿਉਣਾ ਬੜਾ ਔਖਾ ਹੈ। ਇਥੋਂ ਤੱਕ ਕਿ ਆਰਿਫ ਜਿਹੇ ਸਮਾਜੀ ਬਾਗੀ ਦੇ ਵੀ ਥੰਮ੍ਹ ਥਿੜਕ ਗਏ ਸਨ। ਉਸ ਨੇ ਘਬਰਾ ਕੇ ਜਮੀਲਾ ਵਲ ਸਵਾਲੀਆਂ ਨਜ਼ਰਾਂ ਨਾਲ ਵੇਖਿਆ ਤਾਂ ਜਮੀਲਾ ਇੰਜ ਹੱਥ ਪੈਰ ਮਾਰਨ ਲੱਗ ਪਈ, ਜਿਵੇਂ ਅਚਾਨਕ ਕਿਸੇ ਨੇ ਡੂੰਘੇ ਪਾਣੀ ਵਿਚ ਧੱਕਾ ਦੇ ਦਿੱਤਾ ਹੋਵੇ। ਇਹ ਸੂਲੀ ਉਤੇ ਟੰਗ ਦੇਣ ਵਾਲੀ ਘੜੀ ਟਪਾਣ ਲਈ ਆਰਿਫ ਨੇ ਗੋਂਗਲੂਆਂ ਤੋਂ ਮਿੱਟੀ ਝਾੜਦਿਆਂ ਮੁਨੀਰ ਦੀ ਮਾਂ ਨੂੰ ਚਾਹ ਪਾਣੀ ਪਿਆ ਕੇ ਹੌਂਸਲਾ ਦਿੱਤਾ ਤੇ ਉਸ ਨੂੰ ਦੋਚਿਤੀ ਜਿਹੀ ਹਾਲਾਤ ਵਿਚ ਵਾਪਸ ਭੇਜ ਦਿੱਤਾ।

ਮੁਨੀਰ ਦੀ ਮਾਂ ਉਠ ਕੇ ਗਈ ਤੇ ਕਮਰੇ ਵਿਚ ਚੁੱਪ ਬੈਠ ਗਈ। ਆਰਿਫ ਕੁਝ ਦੇਰ ਦਿਲ ਦੀ ਸੱਚਾਈ ਅਤੇ ਦੁਨੀਆਂ ਦੇ ਸਮਾਜੀ ਤਾਅਨੇ ਸਹਿੰਦਾ ਰਿਹਾ। ਫਿਰ ਉਹ ਜਮੀਲਾ ਨੂੰ ਮੁਖਾਤਬ ਹੋ ਕੇ ਆਖਣ ਲੱਗਾ, "ਮੋਮੀ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਇਸ ਰਿਸ਼ਤੇ ਵਿਚ ਹਰਜ ਵੀ ਕੋਈ ਨਹੀਂ। ਆਖਰ ਧੀਆਂ ਨੂੰ ਇਕ ਦਿਨ ਟੋਰਨਾ ਹੀ ਹੁੰਦਾ ਹੈ।" ਇਹ ਗੱਲਾਂ ਸੁਣ ਕੇ ਜਮੀਲਾ ਇਨਸਾਨਾਂ ਦੀ ਬੁੱਕਲ ਵਿਚੋਂ ਨਿਕਲ ਕੇ ਸਮਾਜ ਦਾ ਚੋਲਾ ਪਾ ਕੇ ਆਖਣ ਲੱਗੀ, "ਕੋਈ ਕਰਨ ਵਾਲੀ ਗੱਲ ਕਰੋ। ਤੁਹਾਡੇ ਰਿਸ਼ਤੇਦਾਰਾਂ ਦਾ ਤਾਂ ਪਤਾ ਨਹੀਂ, ਪਰ ਲੰਦਨ ਵਿਚ ਮੇਰੇ ਛੇ ਭਰਾ-ਭਰਜਾਈਆਂ ਤੇ ਮਾਂ ਵੀ ਵਸਦੀ ਹੈ। ਉਹ ਕੀ ਆਖਣਗੇ ਕਿ ਨਾ ਜਾਤ, ਨਾ ਬਰਾਦਰੀ ਦਾ ਪਤਾ ਅਤੇ ਨਾ ਹੀ ਕਿਸੇ ਮਜ਼ਹਬ ਦਾ ਨਖੇੜਾ। ਅੱਗੋਂ ਮੇਰੇ ਭਰਾਵਾਂ ਕਈ ਵੇਰਾਂ ਰਿਸ਼ਤਾ ਮੰਗਿਆ, ਪਰ ਮੈਂ ਲੱਤ ਨਾ ਲਾਈ। ਉਤੋਂ ਲੋਕੀਂ ਵੀ ਸਾਰੇ ਤੋਇ-ਤੋਇ ਕਰਨਗੇ ਕਿ ਇਨ੍ਹਾਂ ਨੂੰ ਕੋਈ ਨਹੀਂ ਸੀ ਲੱਭਾ?"

ਆਪਣੀ ਅਕਲ ਮੂਜਬ ਜਮੀਲਾ ਨੇ ਆਪਣਾ ਮੁਕੱਦਮਾ ਬੜੀਆਂ ਠੋਸ ਦਲੀਲਾਂ ਨਾਲ ਲੜਿਆ ਅਤੇ ਸਮਾਜ ਦੀ ਤੋਪ ਬੜੇ ਸੋਹਣੇ ਢੰਗ ਨਾਲ ਚਲਾਈ। ਅੱਗੋਂ ਆਰਿਫ ਸਮਾਜੀ ਅਤਿਵਾਦ ਦਾ ਵੈਰੀ ਮੁੱਢੋਂ ਹੀ ਬਾਗੀ ਖਿਆਲਾਂ ਦਾ ਮਾਲਕ ਸੀ। ਉਹ ਆਖਣ ਲੱਗਾ, "ਮੋਮੀ ਦੇ ਰਿਸ਼ਤੇ ਨੂੰ ਛੱਡ ਕੇ ਆਮ ਗੱਲ ਕਰਾਂ ਤੇ ਜ਼ਰਾ ਤੂੰ ਸੋਚ ਕਿ ਇਨਸਾਨਾਂ ਵਿਚ ਮੁਸਲਮਾਨ ਅਤੇ ਮੁਸਲਮਾਨਾਂ ਵਿਚ ਇਨਸਾਨ ਕਿੰਨੇ ਕੁ ਹਨ? ਰਸਮਾਂ ਰਿਵਾਜਾਂ ਅਤੇ ਸਮਾਜਾਂ ਦੀ ਪੂਜਾ ਕਰਨ ਵਾਸਤੇ ਇਹ ਲੋਕ ਕੁੱਤੇ ਅੱਗੇ ਖੀਰ ਪਾ ਦਿੰਦੇ ਹਨ, ਪਰ ਮਨ ਦੀ ਮੁਰਾਦ ਮੁਕੱਦਰ ਨਾਲ ਹੀ ਮਿਲਦੀ ਏ। ਪੰਡਿਤ ਕਈ ਦਿਨ ਮਾਲਾ ਦੇ ਮਣਕੇ ਫੇਰ ਕੇ ਸ਼ੁਭ ਘੜੀ ਅਤੇ ਕੁੰਡਲੀ ਕੱਢ ਕੇ ਵਿਆਹ ਦੀ ਖੁਸ਼ਖਬਰੀ ਸੁਣਾਉਂਦਾ ਹੈ। ਮੌਲਵੀ ਆਪਣੀ ਤਸਬੀਹ ਦੇ ਦਾਣੇ ਫੇਰ ਕੇ ਲੰਮੀਆਂ-ਲੰਮੀਆਂ ਦੁਆਵਾਂ ਮੰਗ ਕੇ ਬੜੀਆਂ ਬਰਕਤਾਂ ਸ਼ਾਮਲ ਕਰ ਕੇ ਨਿਕਾਹ ਪੜ੍ਹਦਾ ਹੈ, ਪਰ ਇਹ ਸ਼ੁਭ ਘੜੀਆਂ, ਕੁੰਡਲੀਆਂ ਅਤੇ ਲੰਮੀਆਂ-ਲੰਮੀਆਂ ਦੁਆਵਾਂ ਵਿਚੇ ਹੀ ਰਹਿ ਜਾਂਦੀਆਂ ਨੇ। ਢਾਈ ਦਿਨ ਨਹੀਂ ਲੰਘਦੇ ਕਿ ਕਈ ਵੇਰਾਂ ਕੁੜੀ ਉਜੜ ਕੇ ਘਰ ਆ ਬੈਠਦੀ ਏ। ਹੁਣ ਮੌਲਵੀ ਨੂੰ ਮਾਰੀਏ ਕਿ ਪੰਡਿਤ ਨੂੰ ਫੇਰੀਏ? ਉਹ ਕੁੰਡਲੀ ਏਨੀ ਕੁਲਿਹਣੀ ਕਿਉਂ ਹੋ ਗਈ? ਬਾਕੀ ਰਿਹਾ ਸਮਾਜ, ਸੋ ਇਸ ਬੁੱਸੇ ਹੋਏ ਸਮਾਜ ਨਾਲ ਰੁੱਸ ਜਾਣ ਦਾ ਗਮ ਕਿਉਂ ਕਰੀਏ? ਇਸ ਉਲੀ ਲੱਗੇ ਸਮਾਜ ਦੀ ਚਾਟੀ ਤੋਂ ਲੀੜਾ ਲਾਹ ਦੇਣਾ ਚਾਹੀਦਾ ਹੈ ਕਿ ਉਸ ਨੂੰ ਅਕਲ ਦੀ ਹਵਾ ਲੱਗੇ। ਇਹ ਸਮਾਜ ਦੇ ਦਿੱਤੇ ਹੋਏ ਦਾਜ ਦੀ ਅੱਗ ਹੈ ਕਿ ਇਨਸਾਨੀਅਤ ਵੈਣ ਪਾਉਂਦੀ ਰਹੀ ਅਤੇ ਅਮੀਰ-ਗਰੀਬ ਜਾਂ ਜਾਤ-ਪਾਤ ਦੀ ਤਕਸੀਮ ਕਹਿਕਹੇ ਮਾਰਦੀ ਰਹੀ।

ਆਰਿਫ ਦੀਆਂ ਗੱਲਾਂ ਸੁਣ ਕੇ ਜਮੀਲਾ ਠਿੰਬਰ ਤਾਂ ਗਈ, ਪਰ ਦੁਨੀਆਂਦਾਰੀ ਦੀ ਉਚੀ ਕੰਧ ਟੱਪਣਾ ਵੀ ਬੜਾ ਔਖਾ ਸੀ। ਉਹ ਆਖਣ ਲੱਗੀ, "ਘੱਟੋ-ਘੱਟ ਰਿਸ਼ਤਾ ਮਿਲਦਾ ਜੁਲਦਾ ਜਾਂ ਵਾਰੇ ਵਿਚ ਆਉਂਦਾ ਹੋਵੇ ਤਾਂ ਫਿਰ ਕੋਈ ਗੱਲ ਨਹੀਂ।" ਆਰਿਫ ਨੂੰ ਪਤਾ ਲੱਗ ਗਿਆ ਕਿ ਜਮੀਲਾ ਕੋਲ ਦਾਰੂ ਸਿੱਕਾ ਤਾਂ ਮੁੱਕ ਗਿਐ, ਪਰ ਮੋਰਚਾ ਛੱਡਣ ਨੂੰ ਜੀਅ ਨਹੀਂ ਕਰਦਾ। ਉਸ ਨੇ ਹੱਸ ਕੇ ਜਮੀਲਾ ਨੂੰ ਆਖਿਆ, "ਤੂੰ ਹੀ ਦੱਸ ਕਿ ਤੇਰਾ ਮੇਰਾ ਕੀ ਮਿਲਦਾ ਸੀ? ਤੂੰ ਲੂਚੇ ਦੀ ਡਾਲੀ ਤੇ ਮੈਂ ਕਰੀਰ ਦਾ ਕੰਡਾ। ਤੂੰ ਸ਼ਹਿਰ ਵਿਚ ਜੰਮੀ ਤੇ ਲੰਦਨ ਵਿਚ ਜਵਾਨ ਹੋਈ। ਮੈਂ ਜੁੱਲੀ ਵਿਚ ਜੰਮਿਆ ਤੇ ਦਾਈ ਨੇ ਭੜੋਲੀ ਵਿਚ ਸੇਕਾ ਲਵਾ ਕੇ ਪਲੰਗੀਰੀ ਉਪਰ ਸੁੱਟ ਦਿੱਤਾ। ਬਾਰਾਂ ਤੇਰਾਂ ਵਰ੍ਹੇ ਤੇਰੇ ਪਿੱਛੇ ਰਿਹਾ। ਤੇਰੀਆਂ ਭਾਬੀਆਂ ਨੇ ਭਾਨੀਆਂ ਮਾਰੀਆਂ ਅਤੇ ਆਖਦੀਆਂ ਰਹੀਆਂ, ਇਹ ਪਾਕਿਸਤਾਨ ਜਾ ਕੇ ਭੁੱਖੀ ਮਰੇਗੀ। ਨਾ ਮੁੰਡੇ ਦੀ ਜਾਤ-ਪਾਤ ਦਾ ਪਤਾ, ਨਾ ਉਸ ਦਾ ਅੱਗਾ ਪਿੱਛਾ। ਇਸ ਲਈ ਦੁਨੀਆਂਦਾਰੀ ਜਾਂ ਸਮਾਜ ਵਲ ਜਾਈਏ ਤਾਂ ਤੇਰੇ ਮੇਰੇ ਟੇਸ਼ਨ ਹੀ ਵੱਖਰੇ ਸਨ, ਪਰ ਹੁਣ ਵੇਖ ਲੈ, ਗੱਡੀ ਦੇ ਇੱਕੋ ਹੀ ਡੱਬੇ ਵਿਚ ਬੈਠੇ ਕਿੱਡਾ ਸੋਹਣਾ ਢੋਲਾ ਗਾ ਰਹੇ ਹਾਂ।" ਦੋ ਚਾਰ ਗੱਲਾਂ ਹੋਰ ਹੋਈਆਂ, ਪਰ ਆਖਰ ਆਰਿਫ ਨੇ ਜਮੀਲਾ ਨੂੰ ਆਪਣੇ ਅੱਡੇ ਉਤੇ ਲੈ ਆਂਦਾ। ਦੁਨੀਆਂ, ਸਮਾਜ, ਮਜ਼ਹਬ ਅਤੇ ਅੰਗਾਂ, ਸਾਕਾਂ ਤੋਂ ਬਗਾਵਤ ਕਰ ਕੇ ਪੱਕੀ ਪਕਾ ਲਈ ਕਿ ਮੋਮੀ ਨੂੰ ਪੁੱਛ ਕੇ ਉਸ ਦੀ ਸ਼ਾਦੀ ਮੁਨੀਰ ਨਾਲ ਕਰ ਦਿੱਤੀ ਜਾਏ।

ਜਮੀਲਾ ਦੇ ਮਾਪਿਆਂ ਨੂੰ ਭਿਣਕ ਪਈ ਤਾਂ ਉਨ੍ਹਾਂ ਵਿਸ ਘੋਲੀ, ਪਰ ਬਾਗੀ ਆਰਿਫ ਨੇ ਰਿਸ਼ਤੇਦਾਰੀਆਂ ਨੂੰ ਨੋਕ ਉਤੇ ਰੱਖ ਕੇ ਇਨਸਾਨੀ ਸਾਕਾਂ ਨੂੰ ਉਤਮ ਜਾਣਿਆ।

ਮੁਨੀਰ ਐਮ.ਏ. ਕਰ ਕੇ ਬੈਂਕ ਵਿਚ ਚਲਾ ਗਿਆ। ਮੋਮੀ ਬੀ.ਏ., ਬੀ.ਟੀ. ਕਰ ਕੇ ਸਕੂਲੇ ਪੜ੍ਹਾ ਰਹੀ ਸੀ। ਮੁਨੀਰ ਦੀ ਮਾਂ ਕੈਂਸਰ ਵਾਰਡ ਵਿਚ ਲੰਮੀ ਪਈ ਜ਼ਿੰਦਗੀ ਦਾ ਕੋਈ ਕਰਜ਼ ਉਤਾਰ ਰਹੀ ਸੀ।

ਜਮੀਲਾ ਦੀ ਮਾਂ ਨੇ ਇਕ ਦਿਨ ਆਰਿਫ ਨੂੰ ਆਖਰੀ ਹੱਥ ਪੱਲਾ ਮਾਰਦਿਆਂ ਆਖਿਆ, "ਵੇ ਬੱਚਿਆ, ਮੇਰੀ ਧੀ ਤਾਂ ਤੈਨੂੰ ਮੱਕਾ ਜਾਣ ਕੇ ਤੇਰੇ ਹਰ ਹੁਕਮ ਨੂੰ ਸਜਦਾ ਕਰ ਦਿੰਦੀ ਏ, ਪਰ ਤੂੰ ਹੀ ਕੋਈ ਮੱਤ ਕਰ। ਇਸ ਰਿਸ਼ਤੇ ਵਿਚ ਮੇਰਾ ਕੋਈ ਵੀ ਪੁੱਤਰ ਰਾਜ਼ੀ ਨਹੀਂ ਤੇ ਮੈਂ ਪੁੱਤਰਾਂ ਨੂੰ ਨਹੀਂ ਛੱਡ ਸਕਦੀ।" ਆਰਿਫ ਨੇ ਆਖਿਆ, "ਅੰਮਾ ਜੀ, ਮੈਂ ਵੀ ਇਨਸਾਨੀਅਤ ਦੀ ਬਾਂਹ ਨਹੀਂ ਛੱਡ ਸਕਦਾ। ਕਿਸੇ ਨੂੰ ਪੁੱਤਰ ਪਿਆਰੇ ਤੇ ਕਿਸੇ ਨੂੰ ਇਨਸਾਨੀਅਤ।"

ਜਨਵਰੀ ਦੀ ਇਕ ਉਦਾਸ ਜਿਹੀ ਸਰਦ ਸ਼ਾਮ ਨੂੰ ਆਰਿਫ ਦੇ ਘਰ ਜਮੀਲਾ ਦੇ ਇਕ ਭਰਾ ਅਤੇ ਪੰਜ-ਸੱਤ ਦੋਸਤਾਂ ਦੀ ਮੌਜੂਦਗੀ ਵਿਚ ਮੋਮੀ ਅਤੇ ਮੁਨੀਰ ਦਾ ਨਿਕਾਹ ਪੜ੍ਹਿਆ ਗਿਆ। ਦੁਨੀਆਂਦਾਰੀ ਦਾ ਕੋਈ ਪਾਖੰਡ ਨਹੀਂ ਸੀ। ਨਾ ਮੇਲ ਆਇਆ ਅਤੇ ਨਾ ਰਿਵਾਜਾਂ ਦੀ ਹਨੇਰੀ ਜੰਜ ਆਈ। ਫਿਰ ਉਸੇ ਰਾਤ ਆਰਿਫ, ਜਮੀਲਾ, ਮੁਨੀਰ ਅਤੇ ਮੋਮੀ ਵਿਆਹ ਦੇ ਲੀੜਿਆਂ ਵਿਚ ਹੀ ਹਸਪਤਾਲ ਦੇ ਕੈਂਸਰ ਵਾਰਡ ਵਿਚ ਗਏ। ਮੁਨੀਰ ਦੀ ਮਾਂ ਨੇ ਆਪਣੀ ਇੱਛਾ ਨੂੰ ਮਹਿੰਦੀ ਲੱਗੀ ਵੇਖੀ। ਉਸ ਚੁੱਪ ਲੱਗੀ ਦੁਖਿਆਰੀ ਨੇ ਨਿੰਮ੍ਹਾ ਜਿਹਾ ਮੁਸਕਰਾ ਕੇ ਆਪਣੀ ਉਂਗਲੀ ਰੱਬ ਵਲ ਕੀਤੀ। ਨਾਲ ਹੀ ਉਸ ਦੀਆਂ ਅੱਖਾਂ ਵਿਚੋਂ ਦੋ ਮੋਟੇ-ਮੋਟੇ ਅੱਥਰੂ ਸਿਰਹਾਣੇ ਉਤੇ ਡਿੱਗ ਪਏ। ਫਿਰ ਨਾ ਹਾਸਾ ਰਿਹਾ, ਨਾ ਅੱਥਰੂ। ਥੋੜ੍ਹੇ ਹੀ ਦਿਨਾਂ ਬਾਅਦ ਮੁਨੀਰ ਦੀ ਮਾਂ ਵੀ ਚਲੀ ਗਈ, ਜਿੱਥੇ ਕੋਈ ਵੀ ਜਾ ਕੇ ਨਹੀਂ ਮੁੜਿਆ।

ਅਖੀਰ ਉਤੇ ਪਾਠਕਾਂ ਨੂੰ ਦੱਸਦਾ ਜਾਵਾਂ ਕਿ ਇਹ ਸਾਰਾ ਕੁਝ ਨਾ ਕਥਾ, ਨਾ ਕਹਾਣੀ; ਨਾ ਦਾਸਤਾਂ ਅਤੇ ਨਾ ਹੀ ਅਫਸਾਨਾ ਹੈ। ਇਸ ਦੇ ਅਸਲ ਪਾਤਰ ਕੁਜ ਇੰਜ ਹਨ। ਆਰਿਫ ਦਾ ਨਾਂ ਅਮੀਨ ਮਲਿਕ, ਜਮੀਲਾ ਦਾ ਨਾਂ ਰਾਣੀ ਮਲਿਕ। ਇਨ੍ਹਾਂ ਦੀ ਧੀ ਮੋਮੀ ਦਾ ਨਾਂ ਤਯੀਬਾ ਅਤੇ ਮੁਨੀਰ ਦਾ ਅਸਲ ਨਾਂ ਸਲਮਾਨ ਹੈ। ਸਵਾਲ ਬੜੇ ਹੋਣਗੇ, ਪਰ ਮੈਂ ਇਕੋ ਹੀ ਗੱਲ ਕਰਾਂਗਾ ਕਿ ਮੈਂ ਅੰਦਰੋਂ ਬਾਹਰੋਂ ਇਕ ਹਾਂ। ਅੱਜ ਮੇਰੀ ਧੀ ਤਯੀਬਾ ਅਤੇ ਸਲਮਾਨ ਲੰਦਨ ਦੇ ਬਾਰਕਿੰਗ ਮੁਹੱਲੇ ਵਿਚ ਰੱਬ ਦੀ ਮਿਹਰ ਨਾਲ ਰਾਜ਼ੀ ਖੁਸ਼ੀ ਵਸਦੇ ਹਨ। ਅੱਠ ਮਹੀਨੇ ਦੀ ਦੋਹਤੀ ਲੈਲਾ ਨੂੰ ਮੈਂ ਤੇ ਰਾਣੀ ਪਹਿਲੇ ਦਿਨ ਤੋਂ ਹੀ ਆਪਣੇ ਘਰ ਲੈ ਆਏ ਹਾਂ ਕਿ ਇਸ ਮਿੱਠੇ ਮੇਵੇ ਵਿਚੋਂ ਧੀ ਦੀ ਖੁਸ਼ਬੋ ਆਉਂਦੀ ਰਹੇ।

***(ਸਮਾਪਤ)***

ਰਾਜਸਥਾਨੀ ਲੋਕ ਕਹਾਣੀਆਂ-2




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਚੂਹੇ ਦੀ ਸੌਦੇਬਾਜ਼ੀ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਚੂਹੇ ਦੀ ਸੌਦੇਬਾਜ਼ੀ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ, ਜਿਸ ਵਿਚ ਜ਼ਿੰਦਗੀ ਦੀ ਲਗਾਤਾਰਤਾ ਬਾਰੇ ਗੱਲ ਕੀਤੀ ਗਈ ਹੈ। -ਸੰਪਾਦਕ***

ਚੂਹਿਆਂ ਦੀ ਟੋਲੀ ਲਕੀਰ ਵਾਹ ਕੇ ਕਬੱਡੀ ਖੇਡ ਰਹੀ ਸੀ। ਇੱਕ ਚੂਹੇ ਦੀ ਪੂਛ ਬਹੁਤੀ ਲੰਮੀ। ਹਰ ਕੋਈ ਉਸ ਨੂੰ ਫਟਾਫਟ ਫੜ ਲੈਂਦਾ, ਇਉਂ ਉਹ ਵਾਰ-ਵਾਰ ਬਾਜ਼ੀ ਹਾਰਦਾ। ਉਸ ਦੇ ਸਾਥੀ ਅੱਕ ਗਏ, ਕਹਿਣ ਲੱਗੇ, "ਤੂੰ ਪਹਿਲਾਂ ਆਪਣੀ ਪੂਛ ਕਟਵਾ ਕੇ ਆ, ਫੇਰ ਖਿਲਾਵਾਂਗੇ। ਨਹੀਂ ਫੇਰ ਆਪਣੇ ਘਰ ਜਾਹ।" ਚੂਹੇ ਨੂੰ ਗੱਲ ਬੜੀ ਬੁਰੀ ਲੱਗੀ। ਦੌੜ ਲਾਈ ਅਤੇ ਤਰਖਾਣ ਦੇ ਘਰ ਗਿਆ, ਜਾ ਕੇ ਕਿਹਾ, "ਰਾਮ ਰਾਮ ਖਾਤੀ ਭਾਈ। ਮੇਰੀ ਪੂਛ ਬਹੁਤ ਲੰਮੀ ਹੈ, ਇਹਨੂੰ ਕੁਝ ਕੱਟ ਈ ਦੇਹ।"

ਤਰਖਾਣ ਨੇ ਪੂਰੀ ਗੱਲ ਧਿਆਨ ਨਾਲ ਸੁਣੀ ਵੀ ਨਹੀਂ, ਬਹੋਲਾ ਚੁੱਕਿਆ, ਟੱਕ ਕਰ ਕੇ ਉਸ ਦੀ ਪੂਛ ਵੱਢ ਦਿੱਤੀ। ਭੱਜਾ-ਭੱਜਾ ਸਾਥੀਆਂ ਕੋਲ ਗਿਆ। ਸਭ ਨੇ ਦੇਖਿਆ, ਉਸ ਦੀ ਪੂਛ ਦੇ ਜ਼ਖਮ ਵਿਚੋਂ ਖੂਨ ਵਗ ਰਿਹਾ ਸੀ। ਬੋਲੇ, "ਚੂਹੇ ਭਾਈ! ਇਹ ਤਾਂ ਬੁਰਾ ਹੋਇਆ। ਜਾਹ ਭੱਜ ਕੇ ਫੇਰ ਮਿਸਤਰੀ ਕੋਲ ਜਾਹ, ਮਰ ਜਾਏਂਗਾ ਨਹੀਂ ਤਾਂ, ਪੂਛ ਜੁੜਵਾ ਲਿਆ।"

ਚੂਹਾ ਤਰਖਾਣ ਦੇ ਘਰ ਗਿਆ, ਕਹਿੰਦਾ, "ਖਾਤੀ ਓ ਖਾਤੀ, ਖੂਨ ਬਹੁਤ ਜ਼ਿਆਦਾ ਵਗਣ ਲੱਗੈ, ਮੇਰੀ ਪੂਛ ਜੋੜ ਈ ਦੇਹ।" ਕੰਮ ਕਰਦਾ ਕਰਦਾ ਬੇਧਿਆਨਾ ਤਰਖਾਣ ਕਹਿੰਦਾ, "ਮੈਂ ਤੇਰੀ ਪੂਛ ਕੋਈ ਸੰਭਾਲ ਕੇ ਰੱਖੀ ਹੋਈ ਹੈ? ਕੱਟ ਕੇ ਉਥੇ ਕਚਰੇ ਵਿਚ ਵਗਾਹ ਦਿੱਤੀ ਸੀ, ਕਾਂ ਆਇਆ ਤੇ ਚੁੱਕ ਕੇ ਲੈ ਗਿਆ।"

ਚੂਹਾ ਹਠ ਕਰਨ ਲੱਗਾ, "ਜਿਥੋਂ ਮਰਜ਼ੀ ਲਿਆ ਕੇ ਦੇਹ, ਜਿਵੇਂ ਮਰਜ਼ੀ ਕਰ, ਪੂਛ ਤਾਂ ਮੈਨੂੰ ਚਾਹੀਦੀ ਓ ਚਾਹੀਦੀ ਹੈ। ਤੈਂ ਧਿਆਨ ਕਿਉਂ ਨੀ ਰੱਖਿਆ?"

ਖਾਤੀ ਕੀ ਪਰਵਾਹ ਕਰਦਾ? ਕਿਹਾ, "ਪੂਛ ਪਾਛ ਤਾਂ ਹੁਣ ਹੈ ਨ੍ਹੀਂ ਮੇਰੇ ਕੋਲ, ਕੋਈ ਲੱਕੜ ਤਿੰਬੜ ਲਿਜਾਣੀ ਐ ਤਾਂ ਲੈ ਜਾ, ਬਥੇਰੀਆਂ ਪਈਆਂ ਨੇ। ਨਹੀਂ ਫੇਰ ਤੇਰੀ ਮਰਜ਼ੀ।"

ਚੂਹਾ ਹੋਰ ਕੀ ਕਰਦਾ? ਇੱਕ ਲੱਕੜ ਚੁੱਕ ਕੇ ਤੁਰ ਪਿਆ।

ਜਾਂਦੇ-ਜਾਂਦੇ ਦੇਖਿਆ, ਇੱਕ ਬੁੱਢੀ ਆਪਣੇ ਸਿਰ ਦੇ ਵਾਲ ਪੁਟ-ਪੁਟ ਕੇ ਚੁਲ੍ਹੇ ਵਿਚ ਬਾਲਦੀ ਤੇ ਰੋਟੀ ਪਕਾ ਰਹੀ। ਚੂਹੇ ਨੇ ਕਿਹਾ, "ਓ ਕਮਲੀ ਮਾਂ, ਤੂੰ ਕਿਉਂ ਕੇਸ ਪੁੱਟੀ ਜਾਨੀ ਐਂ? ਲੈ ਇਹ ਲੱਕੜ ਦਿੰਨਾ ਤੈਨੂੰ। ਚੁਲ੍ਹੇ ਵਿਚ ਡਾਹ ਤੇ ਆਰਾਮ ਨਾਲ ਰੋਟੀਆਂ ਪਕਾ।" ਖੁਸ਼ ਹੋ ਕੇ ਬੁੱਢੀ ਨੇ ਲੱਕੜ ਚੁੱਲ੍ਹੇ ਵਿਚ ਦੇ ਦਿੱਤੀ ਤੇ ਰੋਟੀਆਂ ਪਕਾਈਆਂ। ਲੱਕੜ ਜਲ ਗਈ। ਚੂਹਾ ਬੋਲਿਆ, "ਮਾਂ ਹੁਣ ਰੋਟੀਆਂ ਪੱਕ ਗਈਆਂ, ਮੇਰੀ ਲੱਕੜ ਮੈਨੂੰ ਵਾਪਸ ਦੇਹ।" ਬੁੱਢੀ ਨੇ ਕਿਹਾ, "ਲੱਕੜ ਤਾਂ ਤੇਰੀ ਜਲ ਗਈ, ਉਸੇ ਨਾਲ ਤਾਂ ਰੋਟੀਆਂ ਪਕਾਈਆਂ ਨੇ! ਹੁਣ ਤਾਂ ਰਾਖ ਬਾਕੀ ਹੈ, ਰਾਖ ਲੈ ਜਾ।" ਚੂਹੇ ਨੇ ਜ਼ਿੱਦ ਕੀਤੀ, "ਨਾ ਨਾ, ਮੈਨੂੰ ਤਾਂ ਲੱਕੜ ਚਾਹੀਦੀ ਐ। ਲੱਕੜ ਦੇਹ ਮੇਰੀ।"

ਮਾਈ ਨੇ ਕਿਹਾ, "ਲੱਕੜ ਲੁੱਕੜ ਤਾਂ ਨਹੀਂ ਰਹੀ ਹੁਣ, ਲਿਜਾਣੀ ਐ ਇੱਕ ਰੋਟੀ ਬੇਸ਼ੱਕ ਲੈ ਜਾਹ।" ਚੂਹੇ ਨੇ ਮੋਟੀ ਜਿਹੀ ਰੋਟੀ ਚੁੱਕ ਲਈ ਤੇ ਬੁੱਢੀ ਨੂੰ ਰਾਮ-ਰਾਮ ਕਹਿ ਕੇ ਤੁਰ ਪਿਆ।

ਜਾਂਦੇ-ਜਾਂਦੇ ਰਸਤੇ ਵਿਚ ਘੁਮਿਆਰ ਦੇਖਿਆ, ਵਿਚਾਰਾ ਮਿੱਟੀ ਖਾ ਰਿਹਾ ਸੀ। ਮਿੱਟੀ ਦੀ ਰੋਟੀ, ਮਿੱਟੀ ਦੀ ਚਟਣੀ।

ਚੂਹੇ ਨੇ ਕਿਹਾ, "ਘੁਮਿਆਰ ਭਾਈ, ਘੁਮਿਆਰ ਭਾਈ! ਮਿੱਟੀ ਕਿਉਂ ਖਾ ਰਿਹੈਂ?"


ਘੁਮਿਆਰ ਨੇ ਕਿਹਾ, "ਭੁੱਖ ਲੱਗੀ ਹੈ, ਹੋਰ ਕੀ ਕਰਾਂ? ਰੋਟੀ ਹੈ ਨਹੀਂ।"

ਚੂਹੇ ਨੇ ਕਿਹਾ, "ਆਹ ਦੇਖ ਮੇਰੇ ਕੋਲ ਹੈਗੀ ਰੋਟੀ। ਲੈ ਖਾ ਲੈ।"

ਘੁਮਿਆਰ ਬੜਾ ਖੁਸ਼ ਹੋਇਆ। ਵੱਡੀਆਂ-ਵੱਡੀਆਂ ਬੁਰਕੀਆਂ ਤੋੜ-ਤੋੜ ਸਾਰੀ ਰੋਟੀ ਚਟਮ ਕਰ ਗਿਆ, ਫਿਰ ਕੁਰਲੀ ਕੀਤੀ।

ਚੂਹਾ ਬੋਲਿਆ, "ਘੁਮਿਆਰ ਭਾਈ ਤੇਰੀ ਭੁੱਖ ਮਿਟ ਗਈ, ਪਰ ਮੈਨੂੰ ਭੁੱਖ ਲੱਗੀ ਹੈ। ਮੈਂ ਵੀ ਖਾਣੀ ਐ ਰੋਟੀ। ਮੈਨੂੰ ਮੇਰੀ ਰੋਟੀ ਮੋੜ ਦੇ।"

ਘੁਮਿਆਰ ਨੇ ਕਿਹਾ, "ਵਾਹ ਬਈ ਵਾਹ,



ਰੋਟੀ ਤਾਂ ਗਈ ਪੇਟ ਵਿਚ, ਹੋ ਗਈ ਹਜਮ, ਹੁਣ ਕਿੱਥੇ ਰੋਟੀ?" ਪਰ ਚੂਹਾ ਜ਼ਿੱਦੀ ਸੀ ਬੜਾ, ਕਹਿਣ ਲੱਗਾ, "ਜੋ ਮਰਜ਼ੀ ਹੋਵੇ, ਰੋਟੀ ਤਾਂ ਮੈਂ ਵਾਪਸ ਲੈਣੀ ਹੀ ਲੈਣੀ ਹੈ।"

ਘੁਮਿਆਰ ਨੇ ਬੇਵਸੀ ਪ੍ਰਗਟ ਕਰਦਿਆਂ ਨਿਮਰਤਾ ਨਾਲ ਕਿਹਾ, "ਦੇਖ ਰੋਟੀ ਰੂਟੀ ਤਾਂ ਤੈਨੂੰ ਹੁਣ ਮਿਲਣੀ ਨ੍ਹੀਂ, ਹਾਂ ਇਉਂ ਕਰ, ਆਹ ਤੌਲਾ ਪਿਆ ਹੈ ਇੱਕ। ਇਹ ਲੈ ਜਾ।" ਚੂਹੇ ਨੇ ਟੁਣਕਾ-ਟੁਣਕਾ ਕੇ ਤੌਲਾ ਦੇਖਿਆ, ਲੱਗਾ ਕਿ ਪੱਕਾ ਹੈ, ਲੈ ਗਿਆ।

ਜਾਂਦੇ-ਜਾਂਦੇ ਪਿੰਡ ਦੀ ਗਰੀਬ ਔਰਤ ਦੇਖੀ ਜਿਸ ਕੋਲ ਬਸ ਇੱਕ ਉੱਖਲੀ ਸੀ। ਉੱਖਲੀ ਵਿਚ ਦੁਧ ਜਮਾਉਂਦੀ, ਉੱਖਲੀ ਵਿਚ ਦਹੀਂ ਰਿੜਕਦੀ।

ਚੂਹੇ ਨੇ ਕਿਹਾ, "ਕਮਲੀ ਮਾਂ, ਇਹ ਕੀ ਕਰ ਰਹੀ ਹੈ? ਤੂੰ ਸਾਰੇ ਕੰਮ ਉੱਖਲੀ ਵਿਚ ਕਿਉਂ ਕਰਦੀ ਹੈਂ? ਆਹ ਦੇਖ ਮੇਰੇ ਕੋਲ ਤੌਲਾ। ਇਸ ਵਿਚ ਦੁੱਧ ਜਮਾ ਤੇ ਰਿੜਕ।"

ਮਾਈ ਨੇ ਤੌਲੇ ਵਿਚ ਦਹੀਂ ਰਿੜਕਣੀ ਸ਼ੁਰੂ ਕੀਤੀ, ਚਰੜ ਮਰੜ, ਚਰੜ ਮਰੜ! ਚੂਹੇ ਨੂੰ ਕੀ ਪਤਾ ਸੀ, ਤੌਲਾ ਕੱਚਾ ਸੀ। ਫੁੱਟ ਗਿਆ। ਬੁੱਢੀ ਦੁਖੀ ਹੋਈ ਕਿ ਨੁਕਸਾਨ ਹੋ ਗਿਆ ਪਰ ਚੂਹਾ ਬੋਲਿਆ, "ਮਾਈ ਮਾਈ, ਮੇਰਾ ਤੌਲਾ ਹੁਣ ਮੈਨੂੰ ਵਾਪਸ ਕਰ, ਮੈਂ ਜਾਣਾ ਹੈ ਅੱਗੇ।"

ਬੁੱਢੀ ਨੇ ਖਿਝ ਕੇ ਕਿਹਾ, "ਤੈਨੂੰ ਦਿਸਦਾ ਨ੍ਹੀਂ ਤੌਲਾ ਫੁੱਟ ਗਿਐ? ਮੈਂ ਤੈਨੂੰ ਕਿਥੋਂ ਦੇਵਾਂ ਹੁਣ ਤੌਲਾ?"

ਚੂਹਾ ਲੱਗਾ ਜ਼ਿੱਦ ਕਰਨ। ਅੱਕ ਕੇ ਮਾਈ ਨੇ ਕਿਹਾ, "ਤੌਲਾ ਤਾਂ ਹੁਣ ਜੁੜਨਾ ਨ੍ਹੀਂ ਮੁੜ ਕੇ। ਹਾਂ ਮੇਰੇ ਵਾੜੇ ਵਿਚ ਗੁਹਾਰਾ ਹੈ, ਉਥੋਂ ਪਾਥੀ ਲੈ ਜਾਹ ਜੇ ਲਿਜਾਣੀ ਐ, ਨਹੀਂ ਚੁੱਪ ਕਰਕੇ ਦਫਾ ਹੋ।" ਚੂਹੇ ਨੇ ਵੱਡੀ ਸਾਰੀ ਪਾਥੀ ਛਾਂਟੀ, ਮਾਈ ਨੂੰ ਰਾਮ-ਰਾਮ ਕਹਿ ਕੇ ਅੱਗੇ ਤੁਰ ਪਿਆ।

ਚਲੋ-ਚਾਲ ਚਲੋ-ਚਾਲ ਤੁਰਿਆ ਜਾ ਰਿਹਾ ਸੀ, ਰਸਤੇ ਵਿਚ ਮੋਚੀ ਦੇਖਿਆ, ਜੋ ਚੂਹਿਆਂ ਦੀਆਂ ਪੂਛਾਂ ਦਾ ਝੋਲਾ ਭਰੀ ਬਾਜ਼ਾਰ ਵਿਚ ਵੇਚਣ ਜਾ ਰਿਹਾ ਸੀ। ਚੂਹੇ ਨੇ ਕਿਹਾ, "ਖਟੀਕ ਭਾਈ ਖਟੀਕ ਭਾਈ! ਕਿੱਥੇ ਜਾ ਰਿਹੈਂ?" ਮੋਚੀ ਨੇ ਕਿਹਾ, "ਇਹ ਚੂਹਿਆਂ ਦੀਆਂ ਪੂਛਾਂ ਦਾ ਝੋਲਾ ਬਾਜ਼ਾਰ ਵਿਚ ਵੇਚਣ ਚੱਲਿਆਂ।"

ਚੂਹੇ ਨੇ ਫਿਰ ਸਵਾਲ ਕੀਤਾ, "ਇਹ ਦੱਸ ਕਿੰਨਾ ਮੁੱਲ ਹੈ ਸਾਰੀਆਂ ਪੂਛਾਂ ਦਾ?" ਮੋਚੀ ਨੇ ਕਿਹਾ, "ਤੈਥੋਂ ਕੋਈ ਵੱਧ ਥੋੜ੍ਹਾ ਲੈਣੇ ਨੇ ਪੈਸੇ। ਬਸ, ਇੱਕ ਰੁਪਿਆ।" ਚੂਹੇ ਨੇ ਕਿਹਾ, "ਰੁਪਿਆ ਤਾਂ ਹੈ ਨ੍ਹੀਂ ਮੇਰੇ ਕੋਲ, ਆਹ ਦੇਖ ਕਿੱਡੀ ਵੱਡੀ ਪਾਥੀ। ਪਾਥੀ ਲੈ ਲੈ, ਪੂਛਾਂ ਮੈਨੂੰ ਦੇ ਦੇ। ਦੱਸ, ਮਨਜ਼ੂਰ ਹੈ ਸੌਦਾ?"

ਮੋਚੀ ਨੂੰ ਸੌਦਾ ਠੀਕ ਲੱਗਾ, ਉਸ ਨੇ ਹੋਰ ਕੀ ਕਹਿਣਾ ਸੀ, ਹਾਂ ਕਰ ਦਿੱਤੀ। ਚੂਹੇ ਨੇ ਪਾਥੀ ਦਿੱਤੀ ਅਤੇ ਪੂਛਾਂ ਦਾ ਥੈਲਾ ਸੰਭਾਲ ਲਿਆ। ਮੋਚੀ ਨੂੰ ਕਿਹਾ ਰਾਮ-ਰਾਮ, ਤੇ ਆ ਗਿਆ ਆਪਣੀ ਬਸਤੀ ਵੱਲ। ਮਿਸਤਰੀ ਦਾ ਘਰ ਬਾਹਰਲੇ ਪਾਸੇ ਹੋਣ ਕਰ ਕੇ ਪਹਿਲਾਂ ਉਥੇ ਹੀ ਗਿਆ। ਥੈਲਾ ਮਿਸਤਰੀ ਸਾਹਮਣੇ ਰੱਖ ਕੇ ਕਹਿੰਦਾ, "ਲੈ ਹੁਣ ਆਹ ਫੜ ਪੂਛਾਂ ਹੀ ਪੂਛਾਂ। ਵਧੀਆ ਜਿਹੀ ਛਾਂਟ ਕੇ ਮੇਰੇ ਨਾਲ ਜੋੜ ਦੇ। ਨਾ ਬਹੁਤ ਲੰਮੀ ਹੋਵੇ, ਨਾ ਬਹੁਤੀ ਛੋਟੀ।"

ਮਿਸਤਰੀ ਨੇ ਸਾਰੇ ਢੇਰ 'ਤੇ ਨਿਗ੍ਹਾ ਮਾਰੀ, ਦਰਮਿਆਨੀ ਜਿਹੀ ਤੰਦਰੁਸਤ ਪੂਛ ਛਾਂਟੀ ਅਤੇ ਚੂਹੇ ਦੀ ਕਟੀ ਪੂਛ ਨਾਲ ਲਾ ਕੇ ਜੋੜ ਦਿੱਤੀ। ਪੂਛ ਜੁੜਵਾ ਕੇ ਚੂਹੇ ਨੇ ਕਿਹਾ, "ਭਾਈ ਮਿਸਤਰੀ, ਬਚੀਆਂ ਹੋਈਆਂ ਪੂਛਾਂ ਹੁਣ ਸੰਭਾਲ ਕੇ ਰੱਖੀਂ। ਕਿਤੇ ਕੂੜੇ ਕਚਰੇ ਉਤੇ ਸੁੱਟ ਦਿੱਤੀਆਂ, ਕਾਂ ਲੈ ਜਾਣਗੇ। ਚੂਹੇ ਤੇਰੇ ਕੋਲ ਆਇਆ ਕਰਨਗੇ, ਮੇਚੇ ਅਨੁਸਾਰ ਉਨ੍ਹਾਂ ਦੇ ਪੂਛਾਂ ਜੜ ਦਿਆ ਕਰੀਂ। ਹੋਰ ਤੈਨੂੰ ਕੀ ਸਮਝਾਵਾਂ, ਤੂੰ ਆਪ ਬਥੇਰਾ ਸਿਆਣੈਂ।" ਮਿਸਤਰੀ ਨੂੰ ਰਾਮ-ਰਾਮ ਕਰ ਕੇ ਫਿਰ ਉਹ ਆਪਣੀ ਖੁੱਡ ਵੱਲ ਨੂੰ ਤੁਰ ਪਿਆ।

ਦੂਜੇ ਦਿਨ ਸਾਥੀਆਂ ਨਾਲ ਕਬੱਡੀ ਖੇਡਣ ਮੈਦਾਨ ਵਿਚ ਗਿਆ, ਨਵੀਂ ਪੂਛ ਦਿਖਾਈ ਜੋ ਇਕਦਮ ਸਹੀ ਤੇ ਫਿਟ ਸੀ। ਨਾ ਵਧ ਲੰਮੀ, ਨਾ ਵੱਧ ਛੋਟੀ। ਫੇਰ ਉਹ ਕਦੀ ਬਾਜ਼ੀ ਨਹੀਂ ਹਾਰਿਆ। ਹਰ ਟੀਮ ਉਸ ਨੂੰ ਆਪਣੇ ਵਲ ਕਰਨ ਵਾਸਤੇ ਮਨਾਉਣ ਲੱਗਦੀ। ਉਸ ਨੇ ਸਾਥੀਆਂ ਨੂੰ ਖਬਰ ਵੀ ਦੱਸ ਦਿੱਤੀ ਕਿ ਕਿਸੇ ਚੂਹੇ ਨੂੰ ਪੂਛ ਕਾਰਨ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇ ਤਾਂ ਮਿਸਤਰੀ ਕੋਲ ਜਾ ਕੇ ਮੇਰਾ ਨਾਮ ਲੈ ਦਇਓ। ਤੁਹਾਡੇ ਮੇਚ ਦੀ ਪੂਛ ਮਿੰਟ ਵਿਚ ਫਿੱਟ ਕਰ ਦਏਗਾ।...ਰਾਮ ਰਾਮ!

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

# ਵਿਜੇਦਾਨ ਉਰਫ ਬਿੱਜੀ ਦੀ ਦੁਨੀਆਂ

***ਰਾਜਸਥਾਨੀ ਲੋਕਧਾਰਾ ਦੀ ਅਹਿਮ ਹਸਤੀ ਵਿਜੇਦਾਨ ਦੇਥਾ ਬਾਰੇ ਪੰਜਾਬੀ ਲੇਖਕ ਸ. ਸੋਜ਼ ਦੀ ਇਹ ਲਿਖਤ ਅੰਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' ਦੇ ਜਨਵਰੀ 1999 ਵਾਲੇ ਅੰਕ ਵਿਚ ਛਪੀ ਸੀ। ਇਸ ਲਿਖਤ ਵਿਚ ਵਿਜੇਦਾਨ ਦੇਥਾ ਦੀ ਸ਼ਖਸੀਅਤ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ। ਸ. ਸੋਜ਼ ਨੇ ਇਸ ਲਿਖਤ ਵਿਚ ਲੋਕਧਾਰਾ ਦੀ ਧੜਕਦੀ ਜ਼ਿੰਦਗੀ ਨੂੰ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ। -ਸੰਪਾਦਕ***



ਇਹ ਕਿਹੜਾ ਬਾਂਗਰੂ ਤੁਰਿਆ ਆਂਦੈ ਜੀ?

ਯੂਨੀਵਰਸਿਟੀ ਸ੍ਰੀਨਗਰ ਦੀ। ਸ਼ਾਮ ਦੀ ਚਾਹ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੇ ਸਾਹਿਤ ਅਕਾਦਮੀ ਵਲੋਂ ਬੁਲਾਏ ਲੇਖਕਾਂ ਨੂੰ ਦਾਅਵਤ ਦਿੱਤੀ ਹੋਈ। ਕਬਾਬਾਂ ਦੀ ਸੁਗੰਧੀ। ਕੋਈ ਵੱਖਰਾ ਜਿਹਾ ਕਿਰਦਾਰ ਆਪਣੇ ਹੁਲਾਰੇ ਵਿਚ, ਆਪਣੀ ਮੁਸਕਾਨ। ਕੁਝ ਕਹਿਣ ਲਈ ਕੰਬਦੇ ਬੁੱਲ੍ਹ, ਤੁਰਿਆ ਆਵੇ।

"ਇਹ ਤਾਂ ਵਿਜੇਦਾਨ ਦੇਥਾ ਏ! ਰਾਜਸਥਾਨੀ ਦੇਥਾ। ਜੋਧਪੁਰ ਨੇੜੇ ਕਿਸੇ ਪਿੰਡ ਰਹਿੰਦੈ। ਅਕਾਦਮੀ ਦਾ ਐਵਾਰਡ ਵਿਨਰ।"

ਮੈਂ ਸਮਝਿਆ ਕੋਈ ਸ਼ੂਟਿੰਗ ਚੱਲ ਰਹੀ ਐ ਕਿਸੇ ਫਿਲਮ ਦੀ। ਕੋਈ ਐਕਟਿੰਗ ਵਾਲਾ

ਸ. ਸੋਜ਼

ਲਿਬਾਸ ਪਹਿਨੀ ਇੱਧਰ ਆ ਰਿਹੈ। ਪੈਰੀਂ ਮੋਟੀ ਧੌੜੀ ਦੀ ਦੇਸੀ ਜੁੱਤੀ, ਜਿਵੇਂ ਸੁੱਤੇ ਪਏ ਮਿਰਜ਼ੇ ਦੀ ਲਾਹ ਕੇ ਲਿਆਇਆ ਹੋਵੇ। ਥੱਲਾ ਜੁੱਤੀ ਦਾ ਦੋ-ਦੋ ਉਂਗਲਾਂ ਮੋਟਾ। ਉਪਰ ਥੱਲੇ ਟੋਪੀਦਾਰ ਕੋਕੇ, ਸੁਨਹਿਰੇ, ਚਮਕਦੇ। ਜੁੱਤੀ ਦੀ ਨੋਕ ਉਪਰ ਵਾਧਰਵੇਂ ਚਮੜੇ ਦੀ ਸ਼ਮਲੀ। ਉਪਰ ਚਾਂਭਲਦੀ ਗੁਲਾਨਾਰੀ ਫੁੰਮਣੀ। ਕੱਦ ਮਧਰਾ। ਘੁੰਡ ਕੱਢ ਲਏ ਤਾਂ ਭਾਵੇਂ ਕਿਸੇ ਮਾਰਵਾੜਨ ਦਾ ਝਉਲਾ ਪਏ। ਦੇਥਾ, ਚੁਗਾਠ ਵਿਚ ਖਲੋਤਾ, ਪਿੱਛੇ ਚਿਨਾਰ, ਦਰਵਾਜੇ ਦਾ ਫਰੇਮ ਚਿਨਾਰੀ ਲੱਕੜ ਦਾ। ਤਸਵੀਰ ਦੀ ਤਸਵੀਰ ਦੇਥਾ।

ਪਹੁੰਚਿਆਂ ਵਾਲੀ ਧੋਤੀ, ਜਿਉਂ ਅਣਸਿੰਵੀ ਤੰਬੀ ਲਹੌਰੀਆਂ ਦੀ, ਤੇ ਲਉ, ਉਪਰ ਅੰਗਰਖਾ ਮੋਟੇ ਖੱਦਰ ਦਾ, ਤਣੀਆਂ ਤਣਾਵਾਂ ਵਾਲਾ, ਬੀੜਿਆਂ ਬਟਨਾਂ ਦੀ ਮੁਥਾਜੀ ਤੋਂ ਮੁਕਤ। ਮਥਰਾ ਦੇ ਮਲਾਈ ਕੁਲਫੀ ਵੇਚਣ ਵਾਲੇ ਚੇਤੇ ਪਏ ਆਵਣ। ਫਰਕ ਵਿਚੋਂ ਇੰਨਾ, ਉਨ੍ਹਾਂ ਸਿਰ ਟੋਪੀ ਹੋਂਦੀ ਏ ਕੁਲਫੀ ਜਿਹੀ ਚਿੱਟੀ। ਨਾਲੇ ਉਨ੍ਹਾਂ ਦੇ ਮੋਟੇ ਸ਼ੀਸ਼ਿਆਂ ਵਾਲੀ ਨਜ਼ਰ ਦੀ ਐਨਕ ਨਹੀਂ ਲੱਗੀ ਤੱਕੀ ਕਦੇ।

ਫੇਰ ਦੇਥਾ ਊਠ 'ਤੇ ਸਵਾਰ ਪਿਆ ਲੱਗੇ। ਮਜ਼ੇ ਦੀ ਟੋਰ ਟੁਰਦਾ ਊਠ। ਊਠ ਵੀ ਘੁੰਗਰੂਆਂ ਟੱਲੀਆਂ ਵਾਲਾ, ਫੁੰਮਣੀਆਂ ਵਾਲਾ, ਕੱਲਮ-'ਕੱਲਾ ਰੇਗਿਸਤਾਨਾਂ ਵਿਚ ਦੀ ਲੰਘਦਾ ਵਿਚਰਦਾ। ਪਿਆਸ ਪਿਆਸ ਥਿਆ ਪੁਨੂੰਆਂ। ਰੇਗਿਸਤਾਨ ਦੀਆਂ ਕਹਾਣੀਆਂ ਦੇ ਕਣ 'ਕੱਠੇ ਕਰਦਾ ਦੇਥਾ। ਉਨ੍ਹਾਂ ਦੀਆਂ ਹੇਕਾਂ, ਹਉਕੇ ਸਾਂਭਦਾ, ਸਿਰਜਦਾ। ਦਵਿੰਦਰ ਸਤਿਆਰਥੀ ਦੀ ਬੀਕਾਨੇਰੀ ਐਡੀਸ਼ਨ, ਪਾਕਿਟ ਐਡੀਸ਼ਨ ਆਖੋ ਕਿ!

ਕਲਜੁਗ ਵਿਚ ਸਤਜੁਗੀ ਭਗਤ ਕਬੀਰ।

"ਅਰੇ ਭਾਈ ਕੋਈ ਨਜ਼ਮ ਵਜ਼ਮ ਸੁਨਾਓ ਅਪਨੀ।" ਦੇਥਾ ਆਇਆ ਤੇ ਆਉਂਦਿਆਂ ਹੀ ਫਰਮਾਇਸ਼ ਦਾਗ ਦਿੱਤੀ।

"ਪੰਜਾਬੀ ਸਮਝਲੇਂਗੇ ਕਿਆ ਆਪ ਦੇਥਾ ਸਾਹਿਬ?"

"ਸਮਝਨੇ ਕੇ ਲੀਏ ਕਭੀ ਕੋਈ ਜ਼ਬਾਨ ਤੋ ਮੁਸੀਬਤ ਨਹੀਂ ਬਨਤੀ ਮੇਰੇ ਖਯਾਲ ਸੇ।"

ਰਾਜਸਥਾਨੀ ਵਿਜੇਦਾਨ ਦੇਥਾ ਸਰਾਵਾਂ ਪੰਜਾਬੀ ਥੀਅ ਗਿਆ। ਕੋਈ ਮੀਆਂ ਹਾਸ਼ਮ ਦੀ ਆਲ ਔਲਾਦ। ਜਿਹੜਾ ਰਤਾ ਮਾਸਾ ਪੰਜਾਬੀ ਹੋਣੋਂ ਰਹਿ ਗਿਆ, ਉਹ ਦਾਰੂ ਨੇ ਪੂਰਾ ਕਰ ਦਿੱਤਾ। ਓਸ ਸੰਝ ਓਸ ਆਪਣੀ ਬੀਕਾਨੇਰੀ ਕਹਾਣੀ ਹਿੰਦੀ 'ਚ ਪੜ੍ਹਨੀ ਸ਼ੁਰੂ ਕਰ ਦਿੱਤੀ। ਦਾਰੂ ਦੇ ਲੋਰ ਵਿਚ ਕਿਸੇ ਕਨਸੋਅ ਕੀਤੀ, 'ਬੁੜ੍ਹਾ ਤੇ ਠਰਕਿਆ ਫਿਰਦੈ।'

"ਮੈਂ ਸਭ ਸਮਝਨਾ ਮੁੰਨਾ! ਜੋਧਪੁਰ ਦੇ ਜਸਵੰਤ ਕਾਲਜ ਜਦੋਂ ਪੜ੍ਹਦਾ ਸਾਂ, ਤੇਰੇ ਵਾਂਗ ਹੀ ਪੈਂਟਾਂ ਪਾਂਦਾ ਸਾਂ, ਮੈਚਿੰਗ ਟਾਈ ਲਾਂਦਾ ਸਾਂ। ਅਪਸਰਾਵਾਂ ਭ੍ਰਮਣ ਕਰਦੀਆਂ ਸਨ ਮੇਰੇ ਦੁਆਲੇ ਵੀ। ਜੁਰਅਤ ਪੈਦਾ ਕਰੋ ਬਾਤ ਖੁਲ੍ਹ ਕਰ ਕਹਿ ਸਕਨੇ ਕੀ, ਵਰਨਾ ਸਾਹਿਤ ਸਿਰਜਨਾ ਠੀਕ ਸੇ ਨਹੀਂ ਕਰ ਪਾਉਗੇ।"

ਫੇਰ ਤਾਂ ਦੇਥਾ ਪੰਜਾਬੀ, ਉਰਦੂ, ਹਿੰਦੀ, ਡੋਗਰੀ ਵਾਲਿਆਂ ਸਭ ਵਿਚ ਅਸਲੋਂ ਰਲ ਮਿਲ ਗਿਆ। ਆੜੀ ਹੋ ਗਿਆ ਸਭਨਾਂ ਦਾ। ਕਿਹਾ, "ਦੇਖੀਏ, ਨਾ ਤੋ ਮੁਝੇ ਦੇਥਾ ਸਾਹਿਬ ਕਹਿ ਕੇ ਬੁਲਾਈਏ, ਔਰ ਨਾ ਵਿਜੇਦਾਨ। ਦੋਸਤ ਯਾਰ ਔਰ ਮੇਰੇ ਘਰ ਵਾਲੇ ਸਭੀ ਮੁਝੇ ਬਿੱਜੀ ਪੁਕਾਰਤੇ ਹੈਂ। ਇਸ ਨਾਮ ਮੇ ਨਜ਼ਦੀਕੀ ਹੈ।"

ਸਾਹਿਤ ਅਕਾਦਮੀ ਦਾ ਕੱਦਾਵਰ ਵਿਜੇਦਾਨ ਦੇਥਾ ਸਿਮਟ ਕੇ ਬਿੱਜੀ ਹੋ ਗਿਆ। ਅਕਾਦਮੀ ਵਾਲਿਆਂ ਬੱਸ ਕਰਵਾ ਦਿੱਤੀ ਸੈਰ ਸਪਾਟੇ ਜੋਗੀ। ਅਵਾਂਤੀਪੁਰੇ ਦੇ ਖੰਡਰਾਂ ਵਿਚ ਲਿਆ ਖਲਾਰੀ। ਕਾਨਪੁਰੋਂ 'ਸਾਖਸ਼ਾਤਕਾਰ' ਦਾ ਐਡੀਟਰ ਸੋਮ, ਜੰਮੂ ਦੀ ਸ਼ਾਇਰਾ ਚੰਦ੍ਰਿਕਾ ਦੇ ਅੱਗੇ ਪਿੱਛੇ ਹੋਈ ਜਾਵੇ। ਬਿੱਜੀ ਸਾਡੇ ਨਾਲ ਬੈਠਾ ਤਮਾਸ਼ਾਏ-ਅਹਿਲੇ-ਕਰਮ ਤੱਕੇ ਪਿਆ। ਲਰਜ਼ਦੇ ਹੋਠਾਂ ਥੀਂ ਹਰਫ ਵਾਪਸ ਪਰਤਾਣ 'ਚ ਮਾਹਰ ਬਿੱਜੀ। ਆਖਰ ਸੈਨਤ ਨਾਲ ਸੋਮ ਨੂੰ ਨੇੜੇ ਬੁਲਾਇਆ ਬਿੱਜੀ ਨੇ, ਹੱਥਾਂ ਦਾ ਉਹਲਾ ਕਰਦਿਆਂ ਸਰਗੋਸ਼ੀ ਕੀਤੀ, "ਜਿਤਨਾ ਮਰਜ਼ੀ ਘਾਸ ਡਾਲੋ ਮੁੰਨਾ, ਯੇ ਜੰਮੂ ਤਵੀ ਕੀ ਹੈ, ਤੁਮਾਰੀ ਘਾਸ ਨਹੀਂ ਖਾਏਗੀ ਕੁੜੀ।" ਬਿੱਜੀ ਨੇ ਜਦੋਂ ਕੁੜੀ ਬਾਰੇ ਕਿਹਾ, ਪੰਜਾਬ ਭਵਨ 'ਚ ਠਹਾਕਾ ਟਹਿਕਿਆ। ਬਿੱਜੀ ਨੇ ਸੋਮ ਨੂੰ ਕਿਹਾ, "ਯਦੀ ਵੈਰੀ ਨਾਗ ਕੇ ਠੰਡੇ ਪਾਨੀ ਮੇਂ ਤੀਨ ਮਿੰਟ ਹਾਥ ਟਿਕਾ ਸਕੋ ਤੋ ਚੰਦ੍ਰਿਕਾ ਕੋ ਤੁਮਾਰੇ ਲਿਏ ਟਿਕਾਨੇ ਦੀ ਜ਼ਿੰਮੇਵਾਰੀ ਮੇਰੀ। ਤੀਨ ਡਰਿੰਕ ਪੰਜਾਬ ਭਵਨ ਮੇਂ ਏਕਦਮ ਫਰੀ।"

ਡੱਲ ਦੁਆਲੇ ਸੈਰ 'ਤੇ ਨਿਕਲ ਜਾਂਦੇ। ਗੱਲਾਂ ਰਾਜਸਥਾਨੀ ਹੀਰਾਂ-ਰਾਂਝਿਆਂ ਦੀਆਂ, ਬੀਕਾਨੇਰੀਏ ਪੁਨੂੰਆਂ-ਸੱਸੀਆਂ ਦੀਆਂ, ਜੋਧਪੁਰੀਏ ਮਿਰਜ਼ੇ-ਸਾਹਿਬਾਂ ਦੀਆਂ। ਪੂਰੀ ਦੀ ਪੂਰੀ ਵਿਰਾਸਤ ਚੁੱਕੀ ਫਿਰਦਾ ਨਾਲ ਆਪਣੇ।

'ਬਾਤਾਂ ਰੀ ਫੁਲਵਾੜੀ' ਦੀਆਂ ਤੇਰਾਂ ਜਿਲਦਾਂ ਦਾ 'ਕੱਲਾ-ਕਾਰਾ ਖਾਲਕ। ਤੌਬਾ, ਪੂਰੀ ਯੂਨੀਵਰਸਿਟੀ ਦਾ ਕੰਮ!

"ਅਰੇ ਬਰੁੰਦਾ ਗਾਉਂ ਮੇਂ ਤੋ ਲਾਲਟੈਨ ਕਿਸੀ ਕਹਿਤੇ ਕਹਿਲਾਤੇ ਘਰ ਮੇਂ ਜਲਤੀ ਹੈ, ਵਰਨਾ ਸਰਸੋਂ ਕੇ ਤੇਲ ਕਾ ਦੀਵਟ ਹੀ ਹੈ। ਸੜਕ ਨਹੀਂ, ਰੇਲ ਨਹੀਂ, ਪਾਨੀ ਨਹੀਂ, ਨਲ ਨਹੀਂ। ਰੇਤ ਹੈ, ਬਸ ਰੇਤ ਹੀ ਰੇਤ। ਔਰ ਮੇਰੀ ਕਲਮ ਉਸੀ ਰੇਤ ਕੋ ਕੁਰੇਦਤੀ ਆ ਰਹੀ ਹੈ।"

ਤਿਹੱਤਰ ਸਾਲ ਦਾ ਬਿੱਜੀ ਓਸੇ ਬਰੁੰਦਾ ਗਿਰਾਂ ਵਿਚ ਅੱਜ ਵੀ ਕਲਮ ਦੀ ਕਰਾਮਾਤ ਰਾਹੀਂ ਜੂਏ ਸ਼ੀਰ ਲਿਆਣ ਦੇ ਯਤਨ ਕਰ ਰਿਹੈ। ਸ਼ਿਕਾਰਿਆਂ, ਝੀਲਾਂ ਨੂੰ ਦੇਖ ਬਿੱਜੀ ਆਖੇ, "ਏਥੇ ਪਾਣੀਆਂ ਦੀਆਂ ਬਰਕਤਾਂ ਨੇ, ਓਥੇ ਪਾਣੀ ਦੀ ਤਿੱਪ ਨੂੰ ਸਹਿਕ ਜਾਈਦੈ। ਇੱਥੇ ਡੱਲ ਦੇ ਕਿਨਾਰੀਂ ਮਿੱਟੀ ਪਾ ਕੇ ਜ਼ਮੀਨ ਬਣਾਈ ਜਾਂਦੇ ਲੋਕੀਂ, ਇਨ੍ਹਾਂ ਪਾਸ ਜ਼ਮੀਨ ਨਹੀਂ, ਅਸਾਂ ਪਾਸ ਪਾਣੀ ਨਹੀਂ। ਇਹ ਪਾਣੀਆਂ 'ਚੋਂ ਜੜ੍ਹਾਂ ਖੋਤਰਦੇ ਪਏ ਨੇ, ਅਸੀਂ ਰੇਤੜਾਂ 'ਚੋਂ।"

ਬਿੱਜੀ ਦੀ ਕਿਤਾਬ 'ਰੂੰਖ' ਛਪ ਰਹੀ ਸੀ ਦਿੱਲੀ।

"ਰੂੰਖ ਦੇ ਕੀ ਮਾਇਨੇ ਨੇ ਬਿੱਜੀ?"

"ਰੂੰਖ ਮਾਇਨੇ ਜੜ੍ਹਾਂ।" ਅੱਧੀ ਜ਼ਮੀਨ ਵੇਚਣੀ ਪਈ ਸੀ ਬਿੱਜੀ ਨੂੰ ਕਿਤਾਬ ਛਪਵਾਣ ਲਈ। ਵਿਰਾਸਤ ਦੀਆਂ ਜੜ੍ਹਾਂ ਲਾਉਣ ਲਈ ਆਪਣੀਆਂ ਜੜ੍ਹਾਂ ਵੇਚੀਆਂ। "ਅਰੇ ਭਾਈ ਰੂੰਖ ਕੇ ਮਾਇਨੇ ਹੈਂ ਜੜ੍ਹੇਂ। ਯਦਿ ਹਮ ਅਪਨੇ ਲੋਕਮਾਨਸ ਕੀ ਜੜ੍ਹੇਂ ਖੋ ਦੇਂਗੇ, ਕਲਾਸਕੀ ਰਚਨਾ ਕੀ ਸੰਭਾਵਨਾ ਲੁਪਤ ਹੋ ਜਾਏਗੀ।"

ਕਹਾਣੀ

# ਛਾਲਾ ਫਿੱਸ ਗਿਆ

*ਹਥਲੀ ਕਹਾਣੀ ਦਾ ਸਿਰਲੇਖ 'ਛਾਲਾ ਫਿੱਸ ਪਿਆ' ਪੜ੍ਹਦਿਆਂ ਹੀ ਮਨ ਵਿਚ ਭਾਵੇਂ ਸਰੀਰ 'ਤੇ ਹੋਏ ਕਿਸੇ ਛਾਲੇ ਦੇ ਫਿੱਸ ਜਾਣ ਦਾ ਅਹਿਸਾਸ ਉਪਜਦਾ ਹੈ, ਪਰ ਕਹਾਣੀ ਵਿਚਲਾ ਵਰਤਾਰਾ ਮਨ ਮਸਤਕ ਵਿਚ ਉਭਰੇ ਸ਼ੱਕ ਦੇ ਛਾਲਿਆਂ ਦਾ ਦਰਦ ਹੰਢਾਉਂਦੇ ਬੰਦੇ ਦਾ ਜਜ਼ਬਾਤ ਅੱਗੇ ਫਿਸ ਜਾਣ ਦਾ ਅਹਿਸਾਸ ਦਿੰਦਾ ਹੈ। ਜਿਸ ਤਰ੍ਹਾਂ ਬੁਣਤੀ ਦਾ ਆਖਰੀ ਸਿਰਾ ਢਿੱਲਾ ਰਹਿ ਜਾਣ ਨਾਲ ਸਾਰੀ ਬੁਣਤੀ ਉਧੜ ਜਾਣ ਦਾ ਡਰ ਰਹਿੰਦਾ ਹੈ, ਕਹਾਣੀਕਾਰ ਨੇ ਅਪ੍ਰਤੱਖ ਰੂਪ ਵਿਚ ਉਵੇਂ ਦਾ ਹੀ ਖਦਸ਼ਾ ਪ੍ਰਗਟਾਉਂਦਿਆਂ ਸ਼ੱਕ ਦੇ ਕਣ ਮਨ ਵਿਚ ਨਾ ਪੈਦਾ ਹੋਣ ਦੇਣ ਦਾ ਸੁਨੇਹਾ ਦਿੱਤਾ ਹੈ। ਸਿਰਫ ਇਹੋ ਨਹੀਂ, ਗੁਰਮੇਲ ਬੀਰੋਕੇ ਨੇ ਹੋਰ ਬੜੇ ਕੁਝ ਨੂੰ ਵੀ ਕਹਾਣੀ ਦਾ ਧਰਾਤਲ ਬਣਾਇਆ ਹੈ। -ਸੰਪਾਦਕ*

**ਗੁਰਮੇਲ ਬੀਰੋਕੇ**
ਫੋਨ: 1-604-825-8053
gurmailbiroke@gmail.com

ਉਂਜ ਉਹ ਆਮ ਇਨਸਾਨਾਂ ਵਾਂਗ ਹੀ ਵਰਤਾਓ ਕਰਦਾ ਸੀ। ਹਰੇਕ ਨੂੰ ਨਿਮਰਤਾ ਨਾਲ ਮਿਲਦਾ ਤੇ ਮੁਸਕਰਾ ਕੇ ਗੱਲਾਂ ਕਰਦਾ। ਪਾਗਲਪਣ ਉਸ ਦੇ ਕਦੇ-ਕਦੇ ਉਠਦਾ ਸੀ। ਉਸ ਸਮੇਂ ਉਹ ਆਪਣੇ ਮੂੰਹ 'ਤੇ ਥੱਪੜ ਮਾਰਨ ਲੱਗਦਾ ਤੇ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਜਾਂਦਾ। ਫਿਰ ਕਿੰਨਾ ਹੀ ਚਿਰ ਉਚੀ-ਉਚੀ ਰੋਂਦਾ ਰਹਿੰਦਾ ਤੇ ਚੁੱਪ ਹੋ ਜਾਂਦਾ।

ਜਦ ਉਹ ਜੇਲ੍ਹ 'ਚ ਆਇਆ ਸੀ, ਚੁੱਪ ਸੀ। ਸੈਲ ਦੇ ਖੂੰਜੇ 'ਚ ਲੱਗ ਕੇ ਬੁੱਗ ਜਿਹਾ ਬਣ ਕੇ ਬੈਠਾ ਰਹਿੰਦਾ। ਜੇ ਨਾਲ ਦਾ ਕੈਦੀ ਕੁਝ ਬੋਲਦਾ, ਉਹ ਮੂੰਹ ਬੰਦ ਹੀ ਰੱਖਦਾ। ਸ਼ਾਇਦ ਉਹ ਡਰਦਾ ਸੀ ਕਿ ਜੇ ਮੇਰੇ ਬਾਰੇ ਸੱਚ ਪਤਾ ਲੱਗ ਗਿਆ ਤਾਂ ਕੈਦੀ ਮੇਰੀ ਕੁੱਟ-ਮਾਰ ਕਰਨਗੇ। ਉਸ ਨੂੰ ਇਹ ਇਲਮ ਸੀ ਕਿ ਇਹੋ ਜਿਹਾ ਪਾਪ ਕੈਨੇਡੀਅਨ ਸਮਾਜ ਵਿਚ ਬਹੁਤ ਹੀ ਘਿਨਾਉਣਾ ਸਮਝਿਆ ਜਾਂਦਾ ਹੈ।

ਸਭ ਤੋਂ ਪਹਿਲਾਂ ਉਹ ਡੈਨੀਅਲ ਨਾਂ ਦੇ ਇੱਕ ਗੋਰੇ ਕੈਦੀ ਨਾਲ ਗੱਲਾਂ ਕਰਨ ਲੱਗਾ ਸੀ। ਡੈਨੀਅਲ ਬਹੁਤ ਹੀ ਸੋਹਣਾ ਸੁਨੱਖਾ ਤੇ ਉਚਾ ਲੰਬਾ ਨੌਜਵਾਨ ਸੀ।

ਹਰਵੀਰ ਨੇ ਉਸ ਨੂੰ ਆਉਂਦੇ ਨੂੰ ਹੀ ਬੁਲਾ ਲਿਆ ਸੀ, "ਹੇ, ਆਰ ਯੂ ਏ ਪਲੇਅਰ? (ਕੀ ਤੂੰ ਖਿਡਾਰੀ ਐਂ?)"

"ਹਾਂ, ਮੈਂ ਫੁੱਟਬਾਲ ਖੇਡਦਾਂ।" ਡੈਨੀਅਲ ਨੇ ਹੱਸ ਕੇ ਜਵਾਬ ਦਿੱਤਾ ਸੀ।

ਫਿਰ ਉਨ੍ਹਾਂ ਨੇ ਬਹੁਤ ਗੱਲਾਂ ਕੀਤੀਆਂ। ਹਰਵੀਰ ਖਿਡਾਰੀਆਂ ਨੂੰ ਬਹੁਤ ਪਸੰਦ ਕਰਦਾ ਸੀ। ਉਹ ਆਪ ਕਬੱਡੀ ਖੇਡਦਾ ਰਿਹਾ ਸੀ। ਡੈਨੀਅਲ ਨੇ ਹਰਵੀਰ ਕੋਲੋਂ ਉਸ ਦੇ ਜੇਲ੍ਹ ਆਉਣ ਦਾ ਕਾਰਨ ਪੁੱਛਿਆ। ਹਰਵੀਰ ਨੇ ਝਿਜਕਦਿਆਂ-ਝਿਜਕਦਿਆਂ ਇਹ ਕਹਿ ਦਿੱਤਾ ਕਿ ਮੇਰਾ ਘਰ ਵਾਲੀ ਨਾਲ ਝਗੜਾ ਚੱਲਦਾ ਹੈ ਤੇ ਬਾਕੀ ਦੀ ਗੱਲ ਲੁਕੋ ਗਿਆ।

ਘਰੇਲੂ ਝਗੜੇ ਦੀ ਗੱਲ ਸੁਣ ਕੇ ਡੈਨੀਅਲ ਦੁਖੀ ਹੋਇਆ ਤੇ ਕਹਿਣ ਲੱਗਾ, "ਅਜੋਕੇ ਪਦਾਰਥਵਾਦੀ ਯੁੱਗ ਵਿਚ ਭਾਵਨਾਵਾਂ ਦੀ ਕਦਰ ਖਤਮ ਹੋਣ ਦੇ ਕਿਨਾਰੇ ਅੱਪੜ ਗਈ ਹੈ। ਬਹੁਤ ਸਾਰੇ ਜੋੜੇ ਦੇਖਣ ਨੂੰ ਚੰਗੇ ਵੱਸਦੇ ਰਸਦੇ ਦਿਸਦੇ ਹਨ, ਇੱਕ ਛੱਤ ਹੇਠਾਂ ਰਹਿੰਦੇ ਹਨ। ਉਨ੍ਹਾਂ ਦੇ ਬੱਚੇ ਹਨ, ਹੋਰ ਵੀ ਬਹੁਤ ਕੁਝ ਸਾਂਝਾ ਹੈ ਤੇ ਮਾਡਰਨ ਸਹੂਲਤਾਂ ਦਾ ਲੁਤਫ ਲੈ ਰਹੇ ਹਨ, ਪਰ ਮਾਨਸਿਕ ਸੋਚਾਂ ਵਿਚ ਕੋਹਾਂ ਦੀ ਦੂਰੀ ਹੈ। ਬਹੁਤੇ ਘਰੇਲੂ ਝਗੜੇ ਸ਼ੱਕ ਦੀ ਉਪਜ ਹੁੰਦੇ ਨੇ। ਘਰ ਤੋਂ ਬਾਹਰ ਉਪਜੇ ਰਿਸ਼ਤਿਆਂ ਦੀ ਦੇਣ ਹਨ।"

ਹਰਵੀਰ ਸੋਚਣ ਲੱਗਾ, ਡੈਨੀਅਲ ਇਹ ਗੱਲਾਂ ਮੇਰੀ ਹੱਡ-ਬੀਤੀ ਦੀਆਂ ਕਰ ਰਿਹਾ ਹੈ...। ਪਰ ਉਹ ਚੁੱਪ ਬੈਠਾ ਰਿਹਾ ਤੇ ਡੈਨੀਅਲ ਬੋਲਦਾ ਰਿਹਾ, "ਜਦ ਕਿਸੇ ਇਨਸਾਨ ਦੀਆਂ ਕਾਮੁਕ, ਭਾਵਨਾਤਮਿਕ ਤੇ ਮਾਨਸਿਕ ਲੋੜਾਂ ਘਰ ਦੇ ਅੰਦਰ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਬਾਹਰ ਪੂਰੀਆਂ ਕਰੇਗਾ। ਘਰੋਂ ਬਾਹਰ ਰਿਸ਼ਤੇ ਬਣਾਉਣ ਵਾਲੇ ਇਨਸਾਨ, ਸਮਾਜ ਦੀਆਂ ਨਜ਼ਰਾਂ ਵਿਚ ਧੋਖੇਬਾਜ਼ ਤੇ ਮਾੜੇ ਹੋ ਸਕਦੇ ਹਨ। ਉਨ੍ਹਾਂ ਵਿਚੋਂ ਬਹੁਤੇ ਇਨਸਾਨ ਆਪਣੇ ਵਿਆਹੁਤਾ ਜੀਵਨ ਨੂੰ ਕਦੇ ਵੀ ਬਰਬਾਦ ਨਹੀਂ ਕਰਨਾ ਚਾਹੁੰਦੇ ਹੁੰਦੇ। ਉਹ ਆਪਣੇ ਸਾਥੀ ਨੂੰ ਕਦੇ ਵੀ ਛੱਡਣਾ ਨਹੀਂ ਚਾਹੁੰਦੇ ਹੁੰਦੇ। ਉਹ ਆਪਣੇ ਸਾਥੀ ਨੂੰ ਪਿਆਰ ਵੀ ਕਰਦੇ ਹੁੰਦੇ ਨੇ ਤੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਉਸੇ ਤਰ੍ਹਾਂ ਸੋਚਦੇ ਹੁੰਦੇ ਹਨ, ਜਿਸ ਤਰ੍ਹਾਂ ਸਮਾਜ ਦੀਆਂ ਨਜ਼ਰਾਂ ਵਿਚਲਾ ਵਫਾਦਾਰ ਇਨਸਾਨ ਸੋਚਦਾ ਹੈ। ਇਹ ਸੱਚਾਈ ਵੀ ਸਭ ਜਾਣਦੇ ਹਨ ਕਿ ਵਿਆਹ ਇੱਕ ਫਲ ਹੈ, ਜੋ ਸ਼ੁਰੂ 'ਚ ਬਹੁਤ ਮਿੱਠਾ ਹੁੰਦਾ ਹੈ ਤੇ ਸਮਾਂ ਪਾ ਕੇ ਇਸ ਦਾ ਰਸ ਫਿੱਕਾ ਹੁੰਦਾ ਜਾਂਦਾ ਹੈ; ਪਰ ਸਮਾਜ ਵਿਚਲੇ 'ਸੱਚੇ-ਸੁੱਚੇ' ਪ੍ਰਾਣੀ ਕਦੇ ਨਹੀਂ ਚਾਹੁੰਦੇ ਕਿ ਕੋਈ ਇਸ ਫਲ 'ਤੇ ਲੂਣ ਲਾ ਕੇ ਜਾਂ ਖੰਡ ਭੁੱਕ ਕੇ ਖਾਵੇ...।"

ਹਰਵੀਰ ਦੀ ਸੋਚ ਅੱਗੇ ਤੁਰੀ, "ਸਾਡੇ ਸਮਾਜ 'ਚ ਤਾਂ ਝੂਠ ਦੇ ਲਿਬੜੇ ਲੱਖਾਂ ਹੀ 'ਸੱਚੇ-ਸੁੱਚੇ' ਪ੍ਰਾਣੀ ਨੇ...।"

ਡੈਨੀਅਲ ਬੋਲਦਾ ਰਿਹਾ, "ਕਈ ਸਮਾਜਾਂ ਵਿਚ ਤਾਂ ਬਹੁਤ ਸਾਰੇ ਮਰਦ ਇਹ ਸੋਚਦੇ ਹਨ ਕਿ ਔਰਤ ਇੱਕ ਵਸਤੂ ਹੈ। ਉਸ ਨੂੰ ਭੋਗਣਾ ਪਤੀ ਦਾ ਅਧਿਕਾਰ ਹੈ। ਉਹ ਔਰਤ ਨੂੰ ਜਾਇਦਾਦ ਦੀ ਤਰ੍ਹਾਂ ਸਮਝਦੇ ਹਨ। ਉਨ੍ਹਾਂ ਥਾਂਵਾਂ 'ਤੇ ਔਰਤ ਗੁਲਾਮ ਹੈ। ਜਦ ਕਦੇ ਉਥੇ ਔਰਤ ਅਜ਼ਾਦੀ ਵੱਲ ਥੋੜ੍ਹਾ ਜਿਹਾ ਕਦਮ ਵੀ ਪੁੱਟਦੀ ਹੈ ਤਾਂ ਨਤੀਜੇ ਭੈੜੇ ਨਿਕਲਦੇ ਹਨ।"

ਇਹ ਸੁਣ ਕੇ ਹਰਵੀਰ ਦੇ ਮਨ ਨੇ ਆਪਣੇ ਅੰਦਰ ਝਾਤ ਮਾਰੀ, 'ਮੈਂ ਵੀ ਆਪਣੀ ਜੀਵਨ-ਸਾਥਣ ਦੀ ਅਜ਼ਾਦੀ ਨਹੀਂ ਝੱਲ ਸਕਿਆ।'... ਫਿਰ ਉਸ ਨੇ ਦੂਜਾ ਪੱਖ ਵੀ ਘੋਖਿਆ ਕਿ ਮੈਂ ਆਪ ਖੁਦ ਮਰਦਾਨਾ ਅਜ਼ਾਦੀ ਦੀ ਓਟ 'ਚ ਕਿੰਨੀਆਂ ਹੀ ਕੁਰੀਤੀਆਂ ਕੀਤੀਆਂ ਨੇ।

ਡੈਨੀਅਲ ਅੱਗੇ ਦੱਸਣ ਲੱਗਾ, "ਮੇਰੀ ਮਿੱਤਰ ਕੁੜੀ ਦਾ ਨਾਂ ਸ਼ਾਰਲੀਨ ਹੈ। ਮੈਂ ਉਸ ਨੂੰ ਬਹੁਤ ਪਿਆਰ ਕਰਦਾ ਹਾਂ। ਅਸੀਂ ਕਈ ਸਾਲਾਂ ਤੋਂ 'ਕੱਠੇ ਰਹਿੰਦੇ ਸੀ। ਫਿਰ ਸਾਡੇ ਪਿਆਰ ਦੀ ਨਿਸ਼ਾਨੀ ਸਾਡੇ ਘਰ ਫੁੱਲ ਬਣ ਕੇ ਖਿੜ ਗਈ। ਪਹਿਲਾਂ ਮੈਂ ਕਦੇ-ਕਦੇ ਸ਼ਰਾਬ ਪੀ ਲੈਂਦਾ ਸਾਂ। ਧੀ ਦੇ ਆਉਣ ਪਿਛੋਂ ਮੈਂ ਸ਼ਰਾਬ ਪੀਣੀ ਬਿਲਕੁਲ ਛੱਡ ਦਿੱਤੀ। ਅਸੀਂ ਖੁਸ਼ੀ-ਖੁਸ਼ੀ ਵੱਸਦੇ ਸਾਂ। ਮੈਂ ਕੰਮ ਵੱਧ ਕਰਨ ਲੱਗ ਪਿਆ। ਬੱਚੀ ਵਾਸਤੇ ਪੈਸੇ ਦੀ ਵੱਧ ਲੋੜ ਸੀ। ਸ਼ਾਰਲੀਨ ਪਹਿਲਾਂ ਤੋਂ ਹੀ ਬਹੁਤ ਭਾਵੁਕ ਕੁੜੀ ਸੀ। ਧੀ ਦੇ ਆਉਣ ਪਿਛੋਂ ਉਸ ਦੀ ਭਾਵੁਕਤਾ ਹੋਰ ਵੀ ਵੱਧ ਗਈ ਤੇ ਮੇਰਾ ਸਾਥ ਹਰ ਪਲ ਭਾਲਣ ਲੱਗੀ, ਪਰ ਮੈਂ ਪੈਸੇ ਜੋੜਨ ਵੱਲ ਲੱਗ ਗਿਆ ਸਾਂ। ਇੱਕ ਦਿਨ ਉਹ ਕਹਿਣ ਲੱਗੀ, "ਮੈਨੂੰ ਤੇਰੀ ਬਹੁਤ ਲੋੜ ਐ...।" ਸੁਣ ਕੇ ਮੈਂ ਹੈਰਾਨ ਹੋ ਗਿਆ। ਉਸ ਦੀ ਕਾਮੁਕ ਭੁੱਖ ਤਿੰਨ ਗੁਣਾ ਤੱਕ ਵਧ ਗਈ ਸੀ। ਮੇਰੀ ਦੋਸਤ ਦੇ ਸਰੀਰ ਵਿਚ ਆਮ ਔਰਤਾਂ ਨਾਲੋਂ ਉਲਟਾ ਵਰਤਾਰਾ ਹੋਇਆ ਜਾਪਿਆ। ਕਹਿੰਦੇ ਨੇ, ਬੱਚਾ ਜੰਮਣ ਪਿਛੋਂ ਔਰਤ ਵਿਚ ਕਾਮ ਘਟਦਾ ਹੈ, ਪਰ ਉਸ 'ਚ ਵੱਧ ਗਿਆ। ਕੁਝ ਸਮਾਂ ਤਾਂ ਮੈਂ ਉਸ ਦਾ ਸਾਥ ਦਿੱਤਾ, ਪਰ ਬਹੁਤੀ ਵਾਟ ਉਸ ਦੇ ਨਾਲ ਨਾ ਤੁਰ ਸਕਿਆ।...ਉਹ ਉਦਾਸ ਰਹਿਣ ਲੱਗ ਪਈ। ਸੁਭਾਅ ਚਿੜਚਿੜਾ ਹੋ ਗਿਆ ਤੇ ਬੱਚੀ ਨੂੰ ਬਿਨਾ ਕਿਸੇ ਕਾਰਨ ਹੀ ਘੂਰਨ ਲੱਗ ਜਾਂਦੀ। ਅੰਦਰ ਹੀ ਪਈ ਰਹਿੰਦੀ। ਕਈ ਵਾਰ ਉਚੀ-ਉਚੀ 'ਕੱਲੀ ਹੀ ਬੋਲਣ ਲੱਗ ਜਾਂਦੀ। ਕਦੇ-ਕਦੇ ਰੋਣ ਲੱਗ ਜਾਂਦੀ। ਖਾਣਾ-ਪੀਣਾ ਵੀ ਕਦੇ-ਕਦੇ ਛੱਡ ਦਿੰਦੀ। ਕਈ ਹਰਕਤਾਂ ਅਜਿਹੀਆਂ ਕਰਨ ਲੱਗ ਪਈ ਜਿਵੇਂ ਉਸ ਵਿਚ ਕੋਈ ਓਪਰੀ-ਸ਼ੈਅ ਆ ਜਾਂਦੀ ਹੋਵੇ।"

ਜੇਲ੍ਹ ਦੀ ਕੰਧ ਵਿਚਲੀ ਖਿੜਕੀ ਰਾਹੀਂ ਲਾਟ ਵਾਂਗ ਬਲਦਾ ਚਾਨਣ ਅੰਦਰ ਆਇਆ, ਦੋਹਾਂ ਦਾ ਧਿਆਨ ਉਖੜ ਗਿਆ। ਫਿਰ ਬੱਦਲ ਗਰਜਣ ਦੀ ਅਵਾਜ਼ ਆਈ। ਮੀਂਹ ਆਉਣ ਵਾਲਾ ਜਾਪਦਾ ਸੀ।

ਥੋੜ੍ਹੇ ਸਮੇਂ ਬਾਅਦ ਉਨ੍ਹਾਂ ਨੇ ਆਪਣਾ ਧਿਆਨ ਵਾਪਸ ਗੱਲਾਂ ਵਿਚ ਜੋੜ ਲਿਆ ਤੇ ਡੈਨੀਅਲ ਨੇ ਗੱਲ ਅੱਗੇ ਤੋਰ ਲਈ, "ਪਰ ਮੈਂ ਵਹਿਮਾਂ ਭਰਮਾਂ ਨੂੰ ਨਹੀਂ ਮੰਨਦਾ। ਮੈਂ ਦੁਖੀ ਹੋ ਗਿਆ ਤੇ ਉਸ ਦੀ ਇਹ ਹਾਲਤ ਮੈਨੂੰ ਝੱਲਣੀ ਔਖੀ ਹੋ ਗਈ। ਮੈਂ ਹਰ ਵਕਤ ਉਸ ਬਾਰੇ ਸੋਚਦਾ ਰਹਿੰਦਾ...। ਮੈਂ ਉਸ ਨੂੰ ਡਾਕਟਰ ਕੋਲ ਲੈ ਗਿਆ। ਸਾਰਾ ਕੁਝ ਦੱਸਿਆ। ਡਾਕਟਰ ਕਹਿਣ ਲੱਗਾ ਕਿ ਮੈਂ ਦਵਾਈ ਦੇ ਦਿੰਦਾ ਹਾਂ, ਪਰ ਇਹ ਛੇਤੀ ਕੀਤਿਆਂ ਪੂਰੀ ਤੰਦਰੁਸਤ ਨਹੀਂ ਹੋਣੀ। ਜੇ ਇਸ ਨੂੰ ਪਹਿਲਾਂ ਵਰਗੀ ਹੱਸਦੀ ਖੇਡਦੀ ਦੇਖਣਾ ਹੈ ਤਾਂ ਇਸ ਨੂੰ ਕਹਿ, ਜੋ ਤੂੰ ਕਰਨਾ ਚਾਹੁੰਦੀ ਹੈਂ ਕਰ ਸਕਦੀ ਹੈਂ, ਤੂੰ ਪੂਰੀ ਤਰ੍ਹਾਂ ਅਜ਼ਾਦ ਹੈਂ।"

ਬਾਹਰੋਂ ਜ਼ੋਰ ਦੀ ਸਾਂ-ਸਾਂ ਦੀ ਅਵਾਜ਼ ਆਉਣ ਲੱਗੀ। ਮੀਂਹ ਪੈਣ ਲੱਗ ਪਿਆ ਸੀ। ਹਰਵੀਰ ਨੇ ਦੇਖਿਆ, ਦੂਰ ਸਾਰੇ ਇੱਕ ਗੂਸ 'ਕੱਲਾ ਹੀ ਖੰਭ ਖਿਲਾਰੀਂ ਖੜ੍ਹਾ ਸੀ। ਡੈਨੀਅਲ ਬਹੁਤ ਹੀ ਧੀਰਜ ਨਾਲ ਬੈਠਾ ਬੋਲ ਰਿਹਾ ਸੀ, "ਇਕੱਲਾ ਬੈਠ-ਬੈਠ ਮੈਂ ਸੋਚਿਆ ਕਿ ਘਰ ਦੀ ਨਬਜ਼ ਔਰਤ ਨਾਲ ਹੀ ਚੱਲਦੀ ਹੈ। ਔਰਤ ਪਰਿਵਾਰ ਦਾ ਭਾਵਨਾਤਮਿਕ ਦਿਲ ਹੁੰਦੀ ਹੈ। ਘਰ ਦੀ ਖੁਸ਼ਬੂ ਹੁੰਦੀ ਹੈ। ਖੁਸ਼ੀਆਂ 'ਚ ਲਿਪਟੀ ਘਰ ਦੀ ਤਾਕਤ ਹੁੰਦੀ ਹੈ। ਖੁਸ਼ੀਆਂ ਵਿਚੋਂ ਸੁਹੱਪਣ ਉਪਜਦਾ ਹੈ। ਜੇ ਘਰ ਦੀਆਂ ਖੁਸ਼ੀਆਂ ਨੂੰ ਗ੍ਰਹਿਣ ਲੱਗ ਗਿਆ ਤਾਂ ਸਾਡੀ ਧੀ ਦੇ ਚਾਵਾਂ ਦਾ ਭਵਿੱਖ ਬੁਰਾ ਹੋਵੇਗਾ। ਦੂਜੀ ਗੱਲ ਸ਼ਾਰਲੀਨ ਨੇ ਮੈਨੂੰ ਸਭ ਕੁਝ ਦੱਸਿਆ ਹੈ, ਕੋਈ ਲੁਕੋ ਨਹੀਂ ਰੱਖਿਆ ਤੇ ਆਖਰ ਮੈਂ ਉਸ ਨੂੰ ਕਿਹਾ ਕਿ ਤੂੰ ਕੋਈ ਮਿੱਤਰ ਮੁੰਡਾ ਲੱਭ ਸਕਦੀ ਹੈਂ, ਮੈਂ ਤੇਰੇ ਨਾਲ ਬਿਲਕੁਲ ਨਾਰਾਜ਼ ਨਹੀਂ ਹੋਵਾਂਗਾ...। ਜਦ ਮੈਂ ਇਹ ਗੱਲ ਕਹੀ ਤਾਂ ਉਹ ਮੇਰੇ ਗਲ ਨੂੰ ਚਿੰਬੜ ਗਈ ਤੇ ਕਿੰਨਾ ਹੀ ਚਿਰ ਰੋਂਦੀ ਰਹੀ।... ਤੇ ਹੌਲੀ-ਹੌਲੀ ਉਹ ਆਪਣੇ ਪੁਰਾਣੇ ਜਮਾਤੀਆਂ ਤੇ ਦੋਸਤਾਂ ਨੂੰ ਮਿਲਣ ਲੱਗ ਪਈ। ਉਨ੍ਹਾਂ ਨਾਲ ਉਹ ਨਿੱਕੇ ਬੱਚਿਆਂ ਵਾਂਗ ਇੱਲਤਾਂ ਕਰਦੀ। ਉਸ ਦਾ ਇੱਕ ਦੋਸਤ ਤਾਂ ਸਾਡੇ ਘਰ ਵੀ ਆਉਣ ਲੱਗ



ਪਿਆ। ਉਹਦੇ ਨਾਲ ਉਹ ਪਿਕਨਿਕ 'ਤੇ ਚਲੀ ਜਾਂਦੀ ਤੇ ਹੋਰ ਵੀ ਦੂਰ ਦੁਰਾਡੇ ਦੋਹੇਂ ਘੁੰਮ ਆਉਂਦੇ। ਇਸ ਤਰ੍ਹਾਂ ਕਾਫੀ ਸਮਾਂ ਚੱਲਦਾ ਰਿਹਾ।"

ਦੋਸਤ ਨਾਲ 'ਕੱਲੀ ਘੁੰਮਣ ਵਾਲੀ ਗੱਲ ਨੇ ਹਰਵੀਰ ਦਾ ਸਿਰ ਘੁਮਾ ਦਿੱਤਾ। ਉਸ ਨੇ ਬਾਹਰ ਦੇਖਿਆ, ਗੂਸ ਕੋਲ ਹੁਣ ਹੋਰ ਕਈ ਗੀਸ ਖੜੇ ਸਨ ਤੇ ਠਠੇਖੇਲੀਆਂ ਕਰ ਰਹੇ ਸਨ।

ਡੈਨੀਅਲ ਨੇ ਗੱਲ ਦੀ ਲੜੀ ਨਾ ਤੋੜੀ, "ਹੌਲੀ-ਹੌਲੀ ਸ਼ਾਰਲੀਨ ਦਾ ਸੁਭਾਅ ਬਦਲਣ ਲੱਗ ਪਿਆ। ਉਸ ਦੀਆਂ ਅੱਖਾਂ 'ਚ ਪਹਿਲਾਂ ਵਰਗਾ ਨਸ਼ਾ ਮੁੜ ਉਤਰਨ ਲੱਗ ਪਿਆ। ਉਹ ਘਰ ਵਿਚ ਹੱਸਣ ਖੇਡਣ ਲੱਗ ਪਈ, ਪਰ ਮੇਰਾ ਮਨ ਉਦਾਸ ਰਹਿਣ ਲੱਗਾ। ਮੈਂ ਆਪਣੇ ਮਨ ਨੂੰ ਬਹੁਤ ਸਮਝਾਉਣਾ, ਪਰ ਸਭ ਵਿਅਰਥ ਰਹਿਣਾ।"

ਡੈਨੀਅਲ ਦੀਆਂ ਅੱਖਾਂ ਹਰਵੀਰ ਦੀਆਂ ਸਵਾਲੀ ਤੇ ਹੈਰਾਨ ਅੱਖਾਂ ਨਾਲ ਟਕਰਾਈਆਂ ਤੇ ਹਰਵੀਰ ਦੀ ਨੀਵੀਂ ਪੈ ਗਈ। ਬਾਹਰੋਂ ਕਿਣ-ਕਿਣ ਦੀ ਅਵਾਜ਼ ਆਉਣ ਲੱਗੀ। ਹਰਵੀਰ ਨੇ ਦੇਖਿਆ, ਗੜੇ ਪੈਣ ਲੱਗ ਪਏ ਸਨ। ਹੁਣ ਗੂਸ ਫਿਰ 'ਕੱਲਾ ਸੀ ਤੇ ਸ਼ਾਇਦ ਦੂਜੇ ਗੀਸ ਕਿਧਰੇ ਚਲੇ ਗਏ ਸਨ। ਉਹ ਗੜਿਆਂ ਵੱਲ ਨੂੰ ਮੂੰਹ ਚੁੱਕ ਕੇ ਖੜ੍ਹਾ ਸੀ। ਜਾਪਦਾ ਸੀ, ਉਹ ਆਪਣਾ ਸਿਰ ਅਤੇ ਚੁੰਝ ਸੱਟਾਂ ਤੋਂ ਬਚਾ ਰਿਹਾ ਹੈ।

ਡੈਨੀਅਲ ਲੱਤਾਂ ਨਿਸਾਲ ਕੇ ਬੈੱਡ 'ਤੇ ਬੈਠ ਗਿਆ ਤੇ ਬੋਲਦਾ ਰਿਹਾ, "ਅਖੀਰ ਨੂੰ ਆਪਣੇ ਆਪ ਨੂੰ ਸਮਝਾਉਣ ਲਈ ਮੈਂ ਆਪਣੇ ਆਪ ਅੰਦਰ ਝਾਤੀ ਮਾਰ ਕੇ ਦੇਖੀ; ਅਸੀਂ ਦੋ ਭੈਣ ਭਾਈ ਹਾਂ। ਜਦ ਮੇਰੀ ਭੈਣ ਦਾ ਜਨਮ ਹੋਇਆ ਤਾਂ ਮੇਰੀ ਮਾਂ ਦਾ ਜੀਵਨ-ਸਾਥੀ ਛੱਡ ਕੇ ਤੁਰ ਗਿਆ। ਉਹ ਉਡੀਕਦੀ ਰਹੀ, ਪਰ ਉਹ ਨਾ ਮੁੜਿਆ। ਫਿਰ ਮੇਰੀ ਮਾਂ ਆਪਣੇ ਇੱਕ ਹੋਰ ਮਰਦ ਦੋਸਤ ਨਾਲ ਰਹਿਣ ਲੱਗ ਪਈ। ਸਭ ਕੁਝ ਠੀਕ ਚਲਦਾ ਸੀ, ਮੇਰੀ ਮਾਂ ਦਾ ਦੋਸਤ ਆਪਣੀ ਮਤਰੇਈ ਧੀ ਨੂੰ ਬਹੁਤ ਵਧੀਆ ਤਰੀਕੇ ਨਾਲ ਪਾਲ ਰਿਹਾ ਸੀ। ਉਨ੍ਹੀਂ ਦਿਨੀਂ ਹੀ ਮੇਰੀ ਮਾਂ ਦਾ ਪਹਿਲਾ ਜੀਵਨ-ਸਾਥੀ ਕਿਤੋਂ ਆ ਬਹੁੜਿਆ ਤੇ ਉਹ ਵੀ ਉਸੇ ਘਰ 'ਚ ਰਹਿਣ ਲੱਗ ਪਿਆ, ਜਿੱਥੇ ਮੇਰੀ ਮਾਂ ਤੇ ਉਸ ਦਾ ਦੋਸਤ ਰਹਿੰਦੇ ਸਨ। ਮੇਰੀ ਮਾਂ ਉਸ ਨੂੰ ਪਹਿਲਾਂ ਵਾਂਗ ਹੀ ਮਿਲਣ ਲੱਗ ਪਈ। ਮੇਰੀ ਇੱਕ ਅੰਟੀ ਨੇ ਮੈਨੂੰ ਦੱਸਿਆ ਸੀ ਕਿ ਤੇਰੀ ਮਾਂ ਦੱਸਦੀ ਸੀ ਕਿ ਤੂੰ ਉਨ੍ਹਾਂ ਦੋਹਾਂ ਆਦਮੀਆਂ ਵਿਚੋਂ ਕਿਸੇ ਇੱਕ ਦਾ ਖੂਨ ਹੈਂ...।"

ਹਰਵੀਰ ਦੇ ਮਨ ਦੀ ਅੰਦਰੇ-ਅੰਦਰ ਚੀਕ ਨਿਕਲ ਗਈ, 'ਕਿਹੋ ਜਿਹਾ ਬੰਦੈ, ਜਿਹਨੂੰ ਆਵਦੇ ਬਾਪ ਦਾ ਵੀ ਪੱਕਾ ਨੀਂ ਪਤਾ?' ਬਾਹਰ ਗੜੇ ਪੂਰੇ ਜ਼ੋਰ ਨਾਲ ਵਰ੍ਹ ਰਹੇ ਸਨ ਤੇ ਗੂਸ ਅਡੋਲ ਖੜ੍ਹਾ ਸੀ।

ਡੈਨੀਅਲ ਸਹਿਜ ਮਤੇ ਬੋਲਦਾ ਰਿਹਾ, "ਮੇਰੀ ਮਾਂ ਦਾ ਜੀਵਨ-ਸਾਥੀ ਮੁੜ ਫਿਰ ਮੇਰੀ ਸੁਰਤ ਤੋਂ ਪਹਿਲਾਂ ਹੀ ਘਰੋਂ ਤੁਰ ਗਿਆ। ਮੈਨੂੰ ਤੇ ਮੇਰੀ ਭੈਣ ਨੂੰ ਮੇਰੀ ਮਾਂ ਦੇ ਦੋਸਤ ਨੇ ਪਾਲਿਆ, ਪੜ੍ਹਾਇਆ ਤੇ ਕੰਮਾਂ ਧੰਦਿਆਂ 'ਤੇ ਲਗਦੇ ਕੀਤਾ। ਮੈਂ ਆਪਣੀ ਸੋਚ ਬਦਲਣ ਲਈ ਇਸ ਵਿਸ਼ੇ 'ਤੇ ਬਹੁਤ ਕੁਝ ਪੜ੍ਹਿਆ ਵੀ ਤੇ ਬਹੁਤ ਸਾਰੇ ਮਨੋਵਿਗਿਆਨੀਆਂ ਤੋਂ ਸਲਾਹਾਂ ਵੀ ਲਈਆਂ। ਆਪਣੇ ਮਨ ਨਾਲ ਖੁਦ ਆਪ ਬਹੁਤ ਸਾਰੀ ਜੱਦੋ-ਜਹਿਦ ਕੀਤੀ। ਸੋਚਿਆ, ਇਨਸਾਨ ਦੇ ਸਰੀਰ ਦੀ ਹਰ ਕਿਰਿਆ, ਹਰ ਭਾਵਨਾ ਤੇ ਹਰ ਉਤੇਜਨਾ ਖਾਸ ਰਸਾਇਣਾਂ ਦੇ ਨਾਲ ਚੱਲਦੀ ਹੈ। ਸਰੀਰ 'ਚ ਲੱਗੀਆਂ ਗ੍ਰੰਥੀਆਂ ਇਨ੍ਹਾਂ ਰਸਾਇਣਾਂ ਨੂੰ ਬਣਾਉਂਦੀਆਂ ਹਨ। ਕਈ ਵਾਰ ਕੋਈ ਗ੍ਰੰਥੀ ਵੱਧ ਜਾਂ ਘੱਟ ਰਸਾਇਣ ਬਣਾਉਣ ਲੱਗ ਜਾਂਦੀ ਹੈ ਤੇ ਇਨਸਾਨ ਦੀਆਂ ਬਹੁਤ ਸਾਰੀਆਂ ਕਿਰਿਆਵਾਂ, ਭਾਵਨਾਵਾਂ ਤੇ ਉਤੇਜਨਾਵਾਂ ਉਸ ਦੇ ਵੱਸ ਤੋਂ ਬਾਹਰ ਹੋ ਜਾਂਦੀਆਂ ਹਨ।...ਅਖੀਰ ਬਹੁਤ ਸਾਰੀ ਪੀੜਾ ਝੱਲਣ ਪਿਛੋਂ ਮੇਰਾ ਮਨ ਠੀਕ ਹੋ ਗਿਆ।"

ਬਾਹਰ ਖੜਕਾ ਘਟ ਗਿਆ ਸੀ। ਗੜੇ ਪੈਣੋਂ ਹਟ ਗਏ ਸਨ। ਮੁੜ ਮੀਂਹ ਪੈਣ ਲੱਗਾ ਸੀ। ਗੂਸ ਹੁਣ ਘਾਹ ਉਤੇ ਚੁੰਝ ਮਾਰ ਰਿਹਾ ਸੀ।

...ਤੇ ਡੈਨੀਅਲ ਆਪਣੀ ਗੱਲ ਅਰਾਮ ਨਾਲ ਸੁਣਾ ਰਿਹਾ ਸੀ, "ਸ਼ਾਰਲੀਨ ਹੁਣ ਪਹਿਲਾਂ ਨਾਲੋਂ ਵੀ ਮੇਰੇ ਵੱਧ ਨੇੜੇ ਹੈ। ਬੱਚੀ ਨੂੰ ਬਹੁਤ ਵਧੀਆ ਤਰੀਕੇ ਨਾਲ ਪਾਲ ਰਹੀ ਹੈ। ਉਹ ਬਹੁਤ ਹੀ ਚੰਗੀ ਮਾਂ ਹੈ ਤੇ ਖੂਬਸੂਰਤ ਦੋਸਤ ਹੈ। ਅਸੀਂ ਇੱਕ ਦੂਜੇ ਦੇ ਸਾਹ 'ਚ ਸਾਹ ਲੈਂਦੇ ਹਾਂ। ਉਸ ਨੇ ਹੁਣ ਆਪਣੇ ਜਮਾਤੀਆਂ ਤੇ ਦੋਸਤਾਂ ਨੂੰ ਮਿਲਣਾ ਛੱਡ ਦਿੱਤਾ ਹੈ। ਉਸ ਦੇ ਮਿੱਤਰ ਮੁੰਡੇ ਨੇ ਵੀ ਵਿਆਹ ਕਰਵਾ ਲਿਆ ਹੈ। ਉਹ ਦੋਹੇਂ ਜੀਅ ਸਾਡੇ ਪਰਿਵਾਰਕ ਦੋਸਤਾਂ ਦੇ ਤੌਰ 'ਤੇ ਇੱਕ ਦੋ ਵਾਰ ਸਾਨੂੰ ਮਿਲਣ ਵੀ ਆਏ ਹਨ...।"

ਡੈਨੀਅਲ ਗੱਲਾਂ ਕਰਦਾ-ਕਰਦਾ ਰੁਕ ਗਿਆ ਤੇ ਹਰਵੀਰ ਵੱਲ ਦੇਖਣ ਲੱਗਾ। ਹਰਵੀਰ ਦੇ ਚਿਹਰੇ 'ਤੇ ਹੈਰਾਨੀ ਤੇ ਉਤਸੁਕਤਾ ਦੇ ਚਿੰਨ੍ਹ ਸਾਫ ਦਿਸਦੇ ਸਨ। ਜਾਪਦਾ ਸੀ, ਉਹ ਹੋਰ ਗੱਲਾਂ ਸੁਣਨਾ ਚਾਹੁੰਦਾ ਹੈ।

ਡੈਨੀਅਲ ਅੱਗੇ ਬੋਲਿਆ, "ਜੇ ਤੂੰ ਚਾਹੁੰਨੈਂ ਤਾਂ ਮੈਂ ਉਹ ਕੁਝ ਤੇਰੇ ਨਾਲ ਸਾਂਝਾ ਕਰ ਸਕਦਾਂ, ਜੋ ਕੁਝ ਮੈਂ ਪੜ੍ਹਿਆ, ਸੁਣਿਆ ਤੇ ਸਿੱਖਿਆ ਹੈ...।"

"ਹਾਂ, ਉਹ ਮੈਨੂੰ ਜ਼ਰੂਰ ਦੱਸ।"

ਡੈਨੀਅਲ ਦੱਸਣ ਲੱਗਾ, "ਸੰਭੋਗ ਤੇ ਪਿਆਰ ਨੂੰ ਵੱਖਰਾ ਵੱਖਰਾ ਦੇਖਣ ਦੀ ਲੋੜ ਹੈ। ਕਾਮ ਦੇ ਅੰਧਰਾਤੇ ਨੂੰ ਪਿਆਰ ਦਾ ਰੂਪ ਨਹੀਂ ਦਿੱਤਾ ਜਾ ਸਕਦਾ। ਕਈ ਵਾਰ ਇਸ ਅੰਧਰਾਤੇ ਵਿਚ ਤਕੜਾ ਸਾਥੀ ਕਮਜ਼ੋਰ ਨੂੰ ਦੱਬ ਲੈਂਦਾ ਹੈ। ਇਸ ਦਬਾਅ ਵਿਚੋਂ ਵਿਸਫੋਟ ਹੋ ਜਾਂਦਾ ਹੈ। ਗੱਲ ਫਿਰ ਮਾਰ-ਮਰਾਈ ਤੱਕ ਚਲੀ ਜਾਂਦੀ ਹੈ।...ਮਰਦ ਜਦ ਆਪਣੀ ਸਾਥਣ ਨਾਲ ਮਾਣੇ ਜਾਂਦੇ ਸੰਭੋਗ ਨੂੰ, ਉਸ ਵੱਲੋਂ ਦਿੱਤਾ ਇੱਕ ਸ਼ਾਨਦਾਰ ਤੋਹਫਾ ਮੰਨੇਗਾ, ਜੋ ਕਿ ਔਰਤ ਆਪਣੇ ਅਜ਼ਾਦ ਮਨ ਨਾਲ ਆਪਣੇ ਸਾਥੀ ਮੂਹਰੇ ਪਰੋਸ ਰਹੀ ਹੋਵੇ ਤਾਂ ਖੁਸ਼ੀਆਂ ਦੇ ਖਜਾਨੇ ਈਜਾਦ ਹੋਣਗੇ ਤੇ ਸਮਾਜ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਹਟ ਜਾਣਗੀਆਂ।"

ਹਰਵੀਰ ਡੈਨੀਅਲ ਨੂੰ ਪੁੱਛਣ ਲੱਗਾ, "ਕੀ ਸ਼ਾਰਲੀਨ ਦੇ ਕਿਸੇ ਹੋਰ ਨਾਲ ਸਰੀਰਕ ਸਬੰਧ ਰਹੇ ਨੇ?"

"ਉਸ ਦੇ ਕਿਸੇ ਨਾਲ ਸਰੀਰਕ ਸਬੰਧਾਂ ਬਾਰੇ ਤਾਂ ਮੈਨੂੰ ਪਤਾ ਨ੍ਹੀਂ। ਜੇ ਰਹੇ ਵੀ ਹੋਣ, ਜਾਂ ਭਾਵੇਂ ਹੁਣ ਵੀ ਹੋਣ, ਮੈਨੂੰ ਕੋਈ ਪ੍ਰਵਾਹ ਨ੍ਹੀਂ। ਮੈਨੂੰ ਇਹ ਪਤੈ, ਮੈਂ ਉਸ ਨੂੰ ਅੰਤਾਂ ਦਾ ਪਿਆਰ ਕਰਦਾਂ। ਪਿਆਰ ਇੱਕ ਸ਼ਾਨਾਂ-ਮੱਤੀ, ਜ਼ੋਰਦਾਰ ਤੇ ਠਾਠਾਂ ਮਾਰਦੀ, ਲਾਡਾਂ ਨਾਲ ਲੱਦੀ ਭਾਵਨਾਤਮਿਕ ਵੇਦਨਾ ਹੈ। ਇਸ ਰਾਹੀਂ ਵਜੂਦ ਤੋਂ ਅੱਗੇ ਪਰਮਸੱਤਾ ਤੱਕ ਪਹੁੰਚਿਆ ਜਾ ਸਕਦੈ। ਮੈਨੂੰ ਇਹ ਪਤੈ, ਪਿਆਰ ਦੇ ਵਿਚ ਧੋਖਾ ਖਾ ਕੇ ਮਰਦ, ਔਰਤ ਨਾਲੋਂ ਵੱਧ ਦੁਖੀ ਹੁੰਦੈ। ਕਹਿੰਦੇ ਨੇ ਕਿ ਪਿਆਰ ਦੀ ਬਾਜ਼ੀ ਹਾਰ ਕੇ ਮਰਦ, ਔਰਤ ਦੇ ਮੁਕਾਬਲੇ ਵੱਧ ਆਤਮਦਾਹ ਕਰਦੇ ਨੇ। ਔਰਤ ਵਿਚ ਜ਼ਿਆਦਾ ਸਹਿਣਸ਼ਕਤੀ ਹੁੰਦੀ ਐ। ਉਹ ਮਨ ਨੂੰ ਸਮਝਾ ਲੈਂਦੀ ਐ ਤੇ ਅਗਲੇ ਪੰਧ 'ਤੇ ਤੁਰ ਪੈਂਦੀ ਐ। ਮਰਦ ਉਸੇ ਥਾਂ 'ਤੇ ਰੁਕ ਜਾਂਦੈ। ਧਰਤੀ ਨੂੰ ਪਲਟਣ ਤੱਕ ਦੀਆਂ ਤਰਕੀਬਾਂ ਸੋਚਣ ਲਗਦੈ ਤੇ ਅੰਤ ਨੂੰ ਬੁਰੇ ਦੇ ਮੂੰਹ ਜਾ ਪੈਂਦੈ। ਮੈਂ ਕਦੇ ਵੀ ਬੁਰਾ ਨਹੀਂ ਸੋਚਿਆ। ਮੈਂ ਆਵਦੇ ਅੰਦਰ ਆਵਦੀ ਮਾਂ ਦੇ ਦੋਸਤ ਦੀ ਰੂਹ ਵਸਾ ਰੱਖੀ ਐ।"

ਡੈਨੀਅਲ ਦੀਆਂ ਗੱਲਾਂ ਨੇ ਹਰਵੀਰ ਦੇ ਮਨ 'ਤੇ ਬਹੁਤ ਅਸਰ ਪਾਇਆ। ਉਹ ਬਹੁਤ ਰੋਇਆ। ਆਪਣੇ ਹੱਥਾਂ 'ਤੇ ਦੰਦੀਆਂ ਵੱਢਣ ਲੱਗ ਪਿਆ। ਆਪਣੇ ਮੂੰਹ 'ਤੇ ਆਪ ਹੀ ਥੱਪੜ ਮਾਰਨ ਲੱਗ ਪਿਆ। ਫਿਰ ਉਹ ਆਪਣੇ ਬਾਰੇ ਸੋਚ-ਸੋਚ ਕੇ ਹਰ ਰੋਜ਼ ਇੰਜ ਕਰਨ ਲੱਗਾ।

ਡੈਨੀਅਲ ਕੁਝ ਦਿਨਾਂ ਲਈ ਹੀ ਕਿਸੇ ਝੂਠੇ ਕੇਸ ਕਾਰਨ ਜੇਲ੍ਹ 'ਚ ਆਇਆ ਸੀ ਤੇ ਛੇਤੀ ਹੀ ਬਰੀ ਹੋ ਗਿਆ ਤੇ ਚਲਾ ਗਿਆ।

—

ਹਰਵੀਰ ਦੇ ਪਿੰਡ ਦੇ ਗੁਆਂਢੀ ਪਿੰਡ ਦਾ ਪਰਿਵਾਰ ਕੈਨੇਡਾ ਰਹਿੰਦਾ ਸੀ। ਉਨ੍ਹਾਂ ਦੇ ਤਿੰਨ ਮੁੰਡੇ ਸਨ। ਵਿਚਕਾਰਲਾ ਮੁੰਡਾ ਹਰਵੀਰ ਦਾ ਦੋਸਤ ਸੀ, ਪੰਜਾਬ 'ਚ ਉਹ ਕਾਲਜ 'ਚ 'ਕੱਠੇ ਪੜ੍ਹੇ ਸਨ। ਸਭ ਤੋਂ ਪਹਿਲਾਂ, ਵੱਡਾ ਆਪਣੀ ਮਾਸੀ ਦੀ ਗੋਦ ਪੈ ਕੇ ਪੱਕੇ ਤੌਰ 'ਤੇ ਕੈਨੇਡਾ ਆਇਆ ਸੀ। ਉਸ ਦਾ ਵਿਚਕਾਰਲਾ ਭਾਈ ਰਮਨ ਨਾਂ ਦੀ ਕੁੜੀ ਨਾਲ ਪੰਜਾਬ 'ਚ ਮੰਗਿਆ ਹੋਇਆ ਸੀ। ਪਰਿਵਾਰ ਦੀ ਸਕੀਮ ਮੁਤਾਬਿਕ ਕੈਨੇਡਾ ਵੱਸਦੇ ਵੱਡੇ ਭਰਾ ਨੇ ਕਾਗਜ਼ੀ-ਵਿਆਹ ਕਰਾ ਕੇ ਰਮਨ ਕੈਨੇਡਾ ਸੱਦ ਲਈ। ਦੋ ਕੁ ਸਾਲਾਂ ਪਿਛੋਂ ਉਨ੍ਹਾਂ ਨੇ ਕਾਗਜ਼ਾਂ ਵਾਲੇ ਵਿਆਹ ਦਾ ਅੰਤ ਕਰ ਦਿੱਤਾ। ਰਮਨ ਆਪਣੇ ਪਹਿਲੇ ਮੰਗੇਤਰ ਨਾਲ ਪੰਜਾਬ ਜਾ ਕੇ ਵਿਆਹ ਕਰਾ ਆਈ ਤੇ ਉਹ ਕੈਨੇਡਾ ਆ ਗਿਆ। ਹੌਲੀ-ਹੌਲੀ ਸਾਰਾ ਪਰਿਵਾਰ ਆ ਗਿਆ।

ਹਰਵੀਰ ਹਰ ਸਾਲ ਗਰਮੀਆਂ 'ਚ ਕੈਨੇਡਾ ਕਬੱਡੀ ਖੇਡਣ ਆਉਂਦਾ ਹੁੰਦਾ ਸੀ। ਉਦੋਂ ਉਹ ਭਰ ਜਵਾਨ ਸੀ। ਸੋਹਣਾ ਸੀ। ਕਬੱਡੀ ਪਾਉਣ ਗਿਆ ਹਰ ਵਾਰ ਨੰਬਰ ਲੈ ਕੇ ਹੀ ਆਉਂਦਾ ਸੀ ਤੇ ਜੇ ਕਿਸੇ ਨੂੰ ਜੱਫਾ ਮਾਰ ਲੈਂਦਾ ਤਾਂ ਉਸ ਨੂੰ

(ਬਾਕੀ ਅਗਲੇ ਸਫੇ 'ਤੇ)

# ਚੜ੍ਹਿਆ ਰੂਪ ਸਵਾਇਆ...

ਪੰਜਾਬੀ ਲੋਕ ਗੀਤਾਂ ਦੇ ਰਚਨਹਾਰਿਆਂ ਵਿਚ ਏਨੀ ਸਮਰੱਥਾ ਹੈ ਕਿ ਉਹ ਕਿਸੇ ਵੀ ਵਿਸ਼ੇ 'ਤੇ ਖੁੱਲ੍ਹ ਕੇ ਤੇ ਕਲਾਤਮਕ ਜੁਗਤ ਨਾਲ ਗੱਲ ਕਹਿਣ ਦੀ ਕਮਾਲ ਦੀ ਯੋਗਤਾ ਰੱਖਦੇ ਹਨ। ਗੱਲ ਜੇ ਖੂਬਸੂਰਤੀ ਦੀ ਕਰੀਏ ਤਾਂ ਲੋਕ ਗੀਤਾਂ ਵਿਚੋਂ ਪੰਜਾਬੀ ਲੋਕ ਜੀਵਨ ਦੇ ਸੁਹੱਪਣ ਦਾ ਚਲ-ਚਿੱਤਰ ਵੇਖਿਆ ਜਾ ਸਕਦਾ ਹੈ। ਮਨੁੱਖ ਸੁਹੱਪਣ ਨੂੰ ਪਸੰਦ ਕਰਦਾ ਆਇਆ ਹੈ, ਸੁਹੱਪਣ ਦੀ ਕਦਰ ਕਰਦਾ ਆਇਆ ਹੈ। ਖੂਬਸੂਰਤੀ ਤੋਂ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਦੀਆਂ ਗੱਲਾਂ ਕਰਦਾ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਫੋਨ: 91-98885-10185

ਆਇਆ ਹੈ। ਮਨੁੱਖ ਦੀ ਵਸਤਾਂ, ਵਰਤਾਰਿਆਂ ਅਤੇ ਪ੍ਰਕਿਰਤੀ ਪ੍ਰਤੀ ਬਣੀ ਸੁਹਜ-ਚੇਤਨਾ ਮਨੁੱਖ ਦੀ ਖੂਬਸੂਰਤੀ ਵੱਲ ਵਧੇਰੇ ਕੇਂਦ੍ਰਿਤ ਰਹੀ ਹੈ। ਖੂਬਸੂਰਤ ਦਿੱਖ ਵਾਲੀ ਮੁਟਿਆਰ ਆਪਣੇ ਸੁਹੱਪਣ ਨੂੰ ਆਪਣੇ ਜੀਵਨ ਦੀ ਪੂੰਜੀ ਸਮਝਦੀ ਹੈ,

ਬਿਸ਼ਨ ਕੌਰ ਨੇ ਕੀਤੀ ਤਿਆਰੀ
ਹਾਰ ਸ਼ਿੰਗਾਰ ਲਗਾਇਆ,
ਮੋਮ ਢਾਲ ਕੇ ਗੁੰਦੀਆਂ ਪੱਟੀਆਂ
ਅੱਖੀਂ ਕਜਲਾ ਪਾਇਆ,
ਚੱਬ ਦੰਦਾਸਾ ਵੇਖਿਆ ਸ਼ੀਸ਼ਾ
ਚੜ੍ਹਿਆ ਰੂਪ ਸਵਾਇਆ,
ਢੋਲਣਾ ਰੱਖ ਲੈ ਵੇ
ਮੇਰੇ ਜੋਬਨ ਦਾ ਹੜ੍ਹ ਆਇਆ।

---

ਗਿੱਧਿਆਂ 'ਚ ਨੱਚਦੀ ਦਾ
ਤੇਰਾ ਦੇਵੇ ਰੂਪ ਦੁਹਾਈਆਂ।

ਪੰਜਾਬੀ ਲੋਕ ਗੀਤਾਂ ਦੇ ਦਾਇਰੇ ਵਿਚ ਉਹ ਮੁਟਿਆਰ ਸੁੰਦਰ ਸਮਝੀ ਜਾਂਦੀ ਹੈ, ਜਿਸ ਦੇ ਦਿਲ ਵਿਚ ਨਵੀਆਂ ਸੱਧਰਾਂ ਧੜਕਦੀਆਂ ਹਨ। ਉਸ ਦੇ ਨਿਰੋਏਪਨ ਵਿਚ ਉਸ ਦੀ ਜ਼ਿਹਨੀ ਸਿਹਤਯਾਬੀ, ਸਰੀਰਕ ਪਵਿੱਤਰਤਾ ਤੇ ਮਨ ਦੀ ਸਾਫਗੋਈ ਵੀ ਸ਼ਾਮਲ ਹੁੰਦੀ ਹੈ। ਜੇ ਲੋਕ ਗੀਤਾਂ ਦੀ ਸੁੱਚਮਤਾ ਦੇ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਇਹ ਗੱਲ ਸਾਫ ਹੁੰਦੀ ਹੈ ਕਿ ਔਰਤ ਦੇ ਸੁਹੱਪਣ ਨੂੰ ਉਘਾੜਨ ਵਿਚ ਪੁਰਸ਼ ਸਮਾਜ ਵੱਲੋਂ ਮਿਲਿਆ ਹੁੰਗਾਰਾ ਵੱਧ ਭਰਵਾਂ ਪ੍ਰਤੀਤ ਹੁੰਦਾ ਹੈ।

ਸੁੰਦਰ ਮੁਟਿਆਰ ਦੀ ਧਾਰਨਾ ਇਹ ਹੈ ਕਿ ਉਹ ਸੁਚੱਜੀ ਸਵਾਣੀ ਹੈ। ਪੰਜਾਬੀ ਲੋਕ ਗੀਤਾਂ ਵਿਚ ਸਦੀਆਂ ਦਾ ਪੰਧ ਤੈਅ ਕਰਦਾ ਆਇਆ ਸੁਹੱਪਣ ਮਹਿਕਾਂ ਵੰਡਦਾ ਹੈ। ਇਸ ਖੂਬਸੂਰਤੀ ਨੂੰ ਵਧੇਰੇ ਕਰਕੇ ਰਵਾਇਤੀ ਢੰਗ ਨਾਲ ਚਿਤਰਿਆ ਗਿਆ ਹੈ। ਨੈਣ-ਨਖਸ਼ਾਂ, ਰੰਗ-ਰੂਪ ਦਾ ਵਰਣਨ ਵੀ ਹੈ ਅਤੇ ਚਿਹਰੇ ਦੇ ਹਾਵ-ਭਾਵਾਂ, ਤੋਰ ਤੇ ਬੋਲ-ਚਾਲ ਦੇ ਅੰਦਾਜ਼ ਦਾ ਚਿਤਰਣ ਵੀ ਹੈ। ਸੁਹੱਪਣ ਦੇ ਸੁਹਜ ਚਿੱਤਰ ਪੰਜਾਬੀ ਲੋਕ ਗੀਤਾਂ ਵਿਚ ਢਲ ਕੇ ਸਾਕਾਰ ਹੁੰਦੇ ਹਨ,

ਗੋਰੀ ਨਹਾ ਕੇ ਛੱਪੜ 'ਚੋਂ ਨਿਕਲੀ
ਸੁਲਫੇ ਦੀ ਲਾਟ ਵਰਗੀ।

---

ਘੁੰਡ ਕੱਢ ਲੈ ਪੱਤਣ 'ਤੇ ਖੜੀਏ
ਪਾਣੀਆਂ ਨੂੰ ਅੱਗ ਲੱਗ ਜੂ।

---

ਗੋਰੇ ਰੰਗ 'ਤੇ ਦੁਪੱਟਾ ਕਿਹੜਾ ਸਜਦਾ
ਕੁੜੀਆਂ ਨੂੰ ਪੁੱਛਦੀ ਫਿਰੇ।

---


ਪਰੇ ਹੋ ਜਾ ਨੀ ਕਪਾਹ ਦੀਏ ਛਿਟੀਏ
ਪਤਲੋ ਨੂੰ ਲੰਘ ਲੈਣ ਦੇਹ।

ਖੂਬਸੂਰਤ ਜੋਬਨਵੰਤੀ ਮੁਟਿਆਰ ਦੀ ਸੁੰਦਰਤਾ ਦੀ ਤਾਰੀਫ ਕਰਨ ਲਈ ਕਈ ਰੂਪਕ ਘੜੇ ਹੋਏ ਮਿਲਦੇ ਹਨ। ਕੱਚੀ ਕੁਆਰ, ਗੰਦਲ, ਤੁਤ ਦੀ ਛਿਟੀ, ਕੱਚੀ ਕੈਲ ਆਦਿ ਉਸ ਦੇ ਸੁਹੱਪਣ ਵੱਲ ਸੰਕੇਤ ਕਰਦੇ ਹਨ,

ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ
ਓਦੋਂ ਕਿਉਂ ਨਾ ਆਇਓਂ ਮਿੱਤਰਾ।

---

ਜੇ ਮੁੰਡਿਆ ਤੂੰ ਬਾਗ ਲਗਾਉਣਾ
ਵਿਚ ਬਿਠਾ ਦੇ ਮਾਲੀ,
ਬੂਟੇ ਬੂਟੇ ਫੇਰੀਂ ਪਾਣੀ
ਫਲ ਲੱਗੇ ਡਾਲੀ ਡਾਲੀ,
ਰੂਪ ਕੁਆਰੀ ਦਾ
ਦਿਨ ਚੜ੍ਹਦੇ ਦੀ ਲਾਲੀ।
ਰੂਪ ਕੁਆਰੀ ਦਾ...।



ਸਮਾਂ ਬਹੁਤ ਸਮਰੱਥ ਹੈ। ਸਮੇਂ ਦੇ ਗੇੜ ਨਾਲ ਸੋਨੇ ਵਰਗਾ ਰੰਗ ਵੀ ਉਡ-ਪੁੱਡ ਜਾਂਦਾ ਹੈ। ਅਜਿਹੇ ਰੰਗ ਦੇ ਫਿੱਕੇ ਪੈਣ ਅਤੇ ਮਲੂਕ ਪੈਰਾਂ ਵਿਚ ਛਾਲੇ ਪੈ ਜਾਣ ਦਾ ਰੰਜ ਨਿਸ਼ਚੇ ਹੀ ਤਕਲੀਫ ਦਿੰਦਾ ਹੈ। ਜਵਾਨ-ਜਹਾਨ ਉਮਰੇ ਤਾਂ ਅਜਿਹੇ ਰੰਗ 'ਤੇ ਹਰ ਕੋਈ ਮਾਣ ਕਰੇਗਾ ਹੀ, ਪਰ ਜਵਾਨੀ ਦੇ ਸੁਹੱਪਣ ਦੀ ਬਹਾਰ ਵੇਖ ਚੁਕੇ ਚਿਹਰਿਆਂ 'ਤੇ ਅਜੇ ਵੀ ਰੌਣਕ ਬਾਕੀ ਜਾਪਦੀ ਹੈ,

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਬਰੂਟੀ।
ਸਹੁਰਾ ਫੁੱਲ ਗੁਲਾਬ ਦਾ
ਸੱਸ ਚੰਬੇ ਦੀ ਬੂਟੀ।

ਲੋਕ ਕਾਵਿ ਵਿਚ ਔਰਤ ਦੇ ਸੁਹੱਪਣ ਨੂੰ ਸਮੂਰਤ ਬਿੰਬਾਂ ਰਾਹੀਂ ਵੀ ਚਿਤਰਿਆ ਗਿਆ ਮਿਲਦਾ ਹੈ। ਜਿੱਥੇ ਇਸ ਸੁਹਾਵਣੀ ਧਰਤੀ ਦੇ ਵਸਨੀਕਾਂ, ਖਾਸ ਕਰਕੇ ਗੱਭਰੂਆਂ ਅਤੇ ਮੁਟਿਆਰਾਂ ਦੀ ਜਵਾਨੀ, ਜੋਬਨ, ਸੁਭਾਅ ਦੀ ਮਿਠਾਸ, ਸਾਦਗੀ, ਮਿਲਾਪੜੇਪਨ, ਹਮਦਰਦੀ ਆਦਿ ਦਾ ਖੂਬਸੂਰਤ ਵਿਵਰਣ ਪੰਜਾਬੀ ਲੋਕ ਗੀਤਾਂ ਵਿਚ ਹੋਇਆ ਹੈ, ਉਥੇ ਕੁਦਰਤ ਦੀ ਖੂਬਸੂਰਤੀ ਨੂੰ ਵੀ ਬੜੀਆਂ ਰੀਝਾਂ ਨਾਲ ਚਿਤਰਿਆ ਗਿਆ ਹੈ। ਵੱਖ ਵੱਖ ਮਹੀਨਿਆਂ, ਮੌਸਮਾਂ, ਰੁੱਤਾਂ ਆਦਿ ਦੀਆਂ ਝਲਕੀਆਂ ਵੀ ਇਨ੍ਹਾਂ ਲੋਕ ਗੀਤਾਂ ਦੀ ਖੂਬਸੂਰਤੀ ਵਿਚ ਵਾਧਾ ਕਰਦੀਆਂ ਹਨ,

ਹੋਰਨੀਂ ਬਾਗੀਂ ਸਭ ਫੁੱਲ ਫੁੱਲਦੇ
ਮੇਰੇ ਬਾਗ ਫੁੱਲ ਮਹਿੰਦੀ।
ਰਾਜੀ ਰਹੀਓ ਅੜੀਓ
ਜੁਗ ਜੀਓ, ਦੁਨੀਆਂ ਇਹੋ ਹੀ ਕਹਿੰਦੀ।

ਕੋਇਲ, ਕਾਂ, ਕਬੂਤਰ, ਚਕੋਰ, ਕੂੰਜ, ਤੋਤੇ, ਘੁੱਗੀਆਂ, ਮੋਰ ਆਦਿ ਪੰਛੀਆਂ ਦੇ ਰੰਗ ਬਿਰੰਗੇ, ਕੁਦਰਤੀ ਚਿੱਤਰਕਾਰੀ ਵਾਲੇ ਖੰਭ ਪੰਜਾਬੀ ਲੋਕ ਗੀਤਾਂ ਵਿਚ ਲੰਮੀਆਂ ਉਡਾਰੀਆਂ ਭਰਦੇ ਵੇਖੇ ਜਾ ਸਕਦੇ ਹਨ। ਇਨ੍ਹਾਂ ਪੰਛੀਆਂ ਦੇ ਨਾਲ-ਨਾਲ ਡਾਚੀ, ਘੋੜਾ, ਬੋਤਾ, ਗਊ, ਹਾਥੀ ਆਦਿ ਪਸ਼ੂਆਂ ਦੇ ਗੀਤ ਵੀ ਲੋਕ ਕਾਵਿ ਵਿਚ ਛਿੜਦੇ ਹਨ,

ਡਾਚੀ, ਘੋੜਾ ਨਾ ਲਵੇਰੀ ਗਊ ਮੰਗਦਾ
ਭੁੱਖ ਤੇਰੇ ਦਰਸ਼ਨ ਦੀ।

ਕਿਸੇ ਦੇ ਖਿੜੇ ਹੋਏ ਜੋਬਨ ਨੂੰ ਖਰਬੂਜ਼ੇ ਦੇ ਰੰਗ ਨਾਲ ਇਉਂ ਤੁਲਨਾਇਆ ਗਿਆ ਹੈ,

ਇਹਦਾ ਰੂਪ ਸ਼ਿੰਗਾਰ ਵੇ
ਪਾ ਧਰਿਓ ਪਟਾਰੀ।
ਵੇ ਇਹਦਾ ਜੋਬਨ ਖਿੜਿਆ
ਜਿਉਂ ਖਰਬੂਜ਼ੇ ਫਾੜੀ।

ਪੰਜਾਬੀ ਲੋਕ ਗੀਤ ਪੰਜਾਬੀ ਲੋਕ ਜੀਵਨ ਵਿਚ ਇਸ ਹੱਦ ਤੱਕ ਘੁਲੇ-ਮਿਲੇ ਤੇ ਰਚੇ-ਮਿਚੇ ਹਨ ਕਿ ਉਹ ਮਨੁੱਖੀ ਜੀਵਨ ਤੇ ਉਸ ਨਾਲ ਜੁੜੇ ਵਰਤਾਰਿਆਂ ਦੀ ਬਹੁਤ ਹੱਦ ਤੱਕ ਸਹੀ ਤਰਜਮਾਨੀ ਕਰਦੇ ਹਨ। ਪੰਜਾਬੀ ਲੋਕ ਕਾਵਿ ਵਿਚ ਵੱਖ ਵੱਖ ਪਹਿਲੂਆਂ ਨਾਲ ਜੁੜੇ ਸੁਹੱਪਣ ਦਾ ਵਰਣਨ ਭਰਵੇਂ ਰੂਪ ਵਿਚ ਹੋਇਆ ਹੈ। ਇਹ ਵਰਣਨ ਲੋਕ ਗੀਤਾਂ ਦੀ ਸੁੰਦਰਤਾ ਵਿਚ ਵੀ ਵਾਧਾ ਕਰਦਾ ਹੈ।

ਪੰਜਾਬੀ ਵਿਚ ਬਹੁਤ ਲੋਕ ਗੀਤ ਅਜਿਹੇ ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਔਰਤ-ਪੁਰਸ਼ ਦੀ ਖੂਬਸੂਰਤੀ/ਸੁਹੱਪਣ, ਜੀਵ-ਸੰਸਾਰ ਦੀ ਖੂਬਸੂਰਤੀ ਤੇ ਕੁਦਰਤ ਦੀ ਸੁੰਦਰਤਾ ਨੂੰ ਬੜੀਆਂ ਰੀਝਾਂ ਤੇ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਮਿਲਦਾ ਹੈ। ਵੱਖ-ਵੱਖ ਤਰ੍ਹਾਂ ਦੇ ਨਿਖਾਰ, ਹੁਸਨ, ਜੋਬਨ, ਰੰਗ-ਰੂਪ, ਸੁਹੱਪਣ ਆਦਿ ਦਾ ਖੂਬਸੂਰਤ ਚਿਤਰਨ ਪੰਜਾਬੀ ਲੋਕ ਗੀਤਾਂ ਵਿਚ ਏਨੀ ਪ੍ਰਵੀਨਤਾ ਨਾਲ ਕੀਤਾ ਗਿਆ ਮਿਲਦਾ ਹੈ ਕਿ ਲੋਕ ਗੀਤਾਂ ਦੇ ਰਚਨਹਾਰਿਆਂ ਦੀ ਸਿਰਜਣਾਤਮਕਤਾ ਤੇ ਕਲਪਨਾ ਉਡਾਰੀ ਬਾਰੇ ਸੋਚ ਕੇ ਅਕਲ ਦੰਗ ਰਹਿ ਜਾਂਦੀ ਹੈ। ਸ਼ਾਲਾ! ਇਹ ਸੁਹੱਪਣ ਸਲਾਮਤ ਰਹੇ!

# ਛਾਲਾ ਫਿੱਸ ਗਿਆ

*(ਪਿਛਲੇ ਸਫੇ ਦੀ ਬਾਕੀ)*

ਲੰਘਣ ਨਹੀਂ ਸੀ ਦਿੰਦਾ। ਉਸ ਦੇ ਹੱਥ ਜਿੰਦਿਆਂ ਵਾਂਗ ਅੜ ਜਾਂਦੇ ਸਨ। ਉਹ ਕੈਨੇਡਾ ਆ ਕੇ ਹਰ ਵਾਰ ਆਪਣੇ ਦੋਸਤ ਦੀ ਬੇਸਮੈਂਟ ਵਿਚ ਰਹਿੰਦਾ ਸੀ। ਉਸ ਵਰ੍ਹੇ ਵੀ ਉਹ ਉਨ੍ਹਾਂ ਦੀ ਬੇਸਮੈਂਟ ਵਿਚ ਰਿਹਾ। ਉਸ ਦਾ ਦੋਸਤ ਤੇ ਉਸ ਦੇ ਦੂਜੇ ਦੋਹੇਂ ਭਰਾ ਟਰੱਕ ਚਲਾਉਂਦੇ ਸਨ। ਉਹ ਸਵੇਰੇ ਛੇ ਵਜੇ ਘਰੋਂ ਤੁਰ ਜਾਂਦੇ ਸਨ ਤੇ ਰਾਤ ਨੂੰ ਛੇ-ਸੱਤ ਵਜੇ ਮੁੜਦੇ ਸਨ। ਹਰਵੀਰ ਲੇਟ ਉਠਦਾ ਸੀ। ਰਮਨ ਉਸ ਨੂੰ ਚਾਹ ਪਾਣੀ ਦੇਣ ਆਉਂਦੀ ਹੁੰਦੀ। ਉਹ ਉਸ ਨੂੰ ਆਪਣੀ ਭੈਣ ਵਾਂਗ ਸਮਝਦਾ ਸੀ।

ਇੱਕ ਦਿਨ ਹਰਵੀਰ ਸੁੱਤਾ ਪਿਆ ਸੀ। ਧੁੱਪ ਚੜ੍ਹ ਗਈ ਸੀ। ਕੰਮਾਂ ਧੰਦਿਆਂ ਵਾਲੇ ਲੋਕ ਕੰਮਾਂ 'ਤੇ ਜਾ ਲੱਗੇ ਸਨ। ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਸ ਦੇ ਨਾਲ ਪਿਆ ਹੋਵੇ ਤੇ ਫਿਰ ਕਿਸੇ ਨੇ ਉਸ ਨੂੰ ਬਾਂਹਾਂ 'ਚ ਘੁੱਟ ਲਿਆ। ਉਸ ਨੇ ਜਦ ਅੱਖਾਂ ਖੋਲ੍ਹੀਆਂ ਤਾਂ ਉਹ ਰਮਨ ਦੀਆਂ ਬਾਂਹਾਂ 'ਚ ਸੀ। ਉਹ ਬਹੁਤ ਹੀ ਤੇਜ਼ੀ ਨਾਲ ਉਸ ਦੀਆਂ ਬਾਂਹਾਂ 'ਚੋਂ ਨਿਕਲ ਗਿਆ ਤੇ ਪਰ੍ਹਾਂ ਖੜ੍ਹ ਕੇ ਕਹਿਣ ਲੱਗਾ, "ਭਾਬੀ ਜੀ, ਮਾਫ ਕਰਨਾ...! ਇਹ ਗੱਲ ਗਲਤ ਐ...!"

ਰਮਨ ਹੌਲੀ ਜਿਹੇ ਉਸ ਦੇ ਨੇੜੇ ਹੋਈ ਤੇ ਕਹਿਣ ਲੱਗੀ, "ਹਰਵੀਰ, ਕੁਝ ਵੀ ਗਲਤ ਨ੍ਹੀਂ। ਮੇਰੇ ਬਾਰੇ ਜੇ ਤੂੰ ਸੱਚ ਸੁਣੇਗਾ ਤਾਂ ਸੋਚੇਂਗਾ ਕਿ ਕੁਝ ਵੀ ਗਲਤ ਨ੍ਹੀਂ...।"

ਉਹ ਅੱਖਾਂ ਭਰ ਕੇ ਦੱਸਣ ਲੱਗੀ, "ਅੱਜ ਤੱਕ ਮੇਰਾ ਕੋਈ ਵੀ ਨ੍ਹੀਂ ਬਣਿਆ। ਪਹਿਲਾਂ ਵੱਡੇ ਨੇ ਮੈਨੂੰ ਕੈਨੇਡਾ ਬੁਲਾ ਕੇ...ਹੁਣ ਤਿੰਨੇ ਭਾਈ ਮੇਰੇ ਨਾਲ...। ਮੈਨੂੰ ਤਾਂ ਇਹ ਵੀ ਨ੍ਹੀਂ ਪਤਾ ਕਿ ਮੇਰੀਆਂ ਦੋਹਾਂ ਕੁੜੀਆਂ ਦਾ ਬਾਪ ਕਿਹੜੈ? ਹਰਤੇ! ਤੂੰ ਮੈਨੂੰ ਨਾਂਹ ਨਾ ਕਰੀਂ। ਤੂੰ ਮੇਰਾ ਬਣ ਜਾ, ਮੇਰੀ ਬਾਂਹ ਫੜ੍ਹ ਲੈ।"

ਰਮਨ ਨੇ ਆਪਣੇ ਪਤੀ ਨੂੰ ਤਲਾਕ ਦੇ ਦਿੱਤਾ ਸੀ ਤੇ ਹਰਵੀਰ ਨਾਲ ਵਿਆਹ ਕਰਾ ਲਿਆ ਸੀ।

ਉਨ੍ਹਾਂ ਦੀ ਬਹੁਤਾ ਚਿਰ ਨਿਭੀ ਨਾ। ਜਦ ਰਮਨ ਆਪਣੀਆਂ ਕੁੜੀਆਂ ਨੂੰ ਮਿਲਣ ਜਾਂਦੀ ਤਾਂ ਹਰਵੀਰ ਉਸ 'ਤੇ ਸ਼ੱਕ ਕਰਦਾ। ਉਹ ਕਈ ਵਾਰ ਕਹਿ ਦਿੰਦਾ, "ਮਿਲ ਆਈ ਖਸਮਾਂ ਨੂੰ...!" ਛੇਤੀ ਹੀ ਉਨ੍ਹਾਂ ਦਾ ਤਲਾਕ ਹੋ ਗਿਆ।

...ਤੇ ਫਿਰ ਹਰਵੀਰ ਸਿਆਲ 'ਚ ਪੰਜਾਬ ਜਾ ਪਹੁੰਚਿਆ। ਜਲੰਧਰ ਦੇ ਇੱਕ ਕਾਲਜ 'ਚ ਐਮ. ਏ. ਕਰਦੀ ਨਰਮੇ ਦੇ ਫੁੱਟ ਵਰਗੀ ਕੁੜੀ ਨਾਲ ਵਿਆਹ ਕਰਾ ਲਿਆ। ਪਿੰਦਰ ਹਰਵੀਰ ਤੋਂ ਕਈ ਸਾਲ ਛੋਟੀ ਸੀ। ਇਹ ਇਸ ਤਰ੍ਹਾਂ ਦਾ ਮੇਲ ਸੀ ਜਿਵੇਂ ਫਲੋਰਿਡਾ ਦੇ ਸੰਗਤਰੇ ਨਾਲ ਫਾਜ਼ਿਲਕਾ ਦਾ ਰਸਮੋਂਡ ਕੀਨੂ ਜੁੜਿਆ ਹੋਵੇ। ਪਿੰਦਰ ਐਮ. ਏ. ਵਿਚੇ ਛੱਡ ਕੇ ਕੈਨੇਡਾ ਆ ਗਈ। ਉਦੋਂ ਹਰਵੀਰ ਟਰੱਕ ਚਲਾਉਣ ਲੱਗ ਪਿਆ ਸੀ। ਉਸ ਨੇ ਨਾਲ ਹੀ ਪਿੰਦਰ ਨੂੰ ਲਾਇਸੈਂਸ ਦਿਵਾ ਦਿੱਤਾ। ਦੋਨੋਂ ਚੰਗੇ ਡਾਲਰ ਬਣਾਉਣ ਲੱਗ ਪਏ।

ਹਰਵੀਰ ਦੇ ਮਾਂ-ਬਾਪ ਤੇ ਛੋਟੀ ਭੈਣ ਕੈਨੇਡਾ ਆ ਗਏ। ਛੋਟੀ ਭੈਣ ਨੇ ਕੈਨੇਡਾ ਆ ਕੇ ਝੱਜੂ ਪਾ ਲਿਆ, ਅਖੇ; ਮੈਂ ਤਾਂ ਆਪਣੇ ਨਾਲ ਪੜ੍ਹਦੇ ਮੁੰਡੇ ਨੂੰ ਪਿਆਰ ਕਰਦੀ ਆਂ। ਉਸੇ ਨਾਲ ਵਿਆਹ ਕਰਾਊਂ ਤੇ ਕਨੇਡੇ ਸੱਦੂੰ...। ਕੁੜੀ ਦੀ ਜ਼ਿੱਦ ਅੱਗੇ ਪਰਿਵਾਰ ਨੂੰ ਝੁਕਣਾ ਪਿਆ।

ਪਿੰਦਰ ਦੇ ਦੋ ਧੀਆਂ ਜੰਮੀਆਂ। ਉਹ ਹੋਰ ਬੱਚਾ ਨਹੀਂ ਚਾਹੁੰਦੀ ਸੀ, ਪਰ ਪਰਿਵਾਰ ਕੁੜੀਆਂ ਨੂੰ ਬੱਚੇ ਨਹੀਂ ਸਮਝਦਾ ਸੀ। ਉਹ ਮੁੰਡਾ ਚਾਹੁੰਦੇ ਸਨ। ਸਾਰਾ ਟੱਬਰ ਉਸ ਦੇ ਮਗਰ ਪਿਆ ਰਹਿੰਦਾ। ਉਹ ਟਾਲਦੀ ਰਹਿੰਦੀ। ਸਭ ਤੋਂ ਵੱਧ ਪਿੰਦਰ ਦੀ ਨਣਦ ਉਸ ਦੇ ਵਾਦ ਪਈ ਸੀ। ਪਿੰਦਰ ਉਸ ਦੀ ਗੱਲ ਸੁਣਨੋਂ ਹਟ ਗਈ। ਨਣਦ ਨੇ ਸੋਚਿਆ ਕਿ ਉਸ ਦੀ ਭਰਜਾਈ ਪਰਿਵਾਰ ਦੇ ਹੱਥਾਂ 'ਚੋਂ ਨਿਕਲ ਰਹੀ ਹੈ, ਉਸ ਨੇ ਆਪਣੀ ਭਰਜਾਈ 'ਤੇ ਝੂਠੀਆਂ ਤੋਹਮਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਬਿਨਾ ਕਿਸੇ ਗੱਲੋਂ ਹੀ ਹਰਵੀਰ ਨੂੰ ਭੜਕਾ ਦਿੰਦੀ ਤੇ ਉਹ ਬਿਨਾ ਸੱਚ ਜਾਣੇ ਹੀ ਪਿੰਦਰ ਨੂੰ ਕੁੱਟ ਦਿੰਦਾ।

ਹੌਲੀ-ਹੌਲੀ ਪਿੰਦਰ ਪਰਿਵਾਰ ਦੇ ਸਾਰੇ ਜੀਆਂ ਨਾਲੋਂ ਮਾਨਸਿਕ ਤੌਰ 'ਤੇ ਟੁੱਟ ਗਈ। ਉਹ ਜਦ 'ਕੱਲੀ ਕਿਤੇ ਘਰੋਂ ਬਾਹਰ ਜਾਂਦੀ ਤਾਂ ਬਹੁਤੀ ਵਾਰ ਉਸ ਦੀ ਨਣਦ ਲੁਕ ਕੇ ਉਸ ਦਾ ਪਿੱਛਾ ਕਰਦੀ। ਉਹ ਦੇਖਦੀ ਕਿ ਪਿੰਦਰ ਕਿੱਥੇ ਜਾਂਦੀ ਹੈ ਤੇ ਕਿਸ ਨੂੰ ਮਿਲਦੀ ਹੈ? ਪਰ ਨਣਦ ਆਪਣੀ ਭਰਜਾਈ ਦੀ ਕੋਈ ਵੀ ਗਲਤ ਗੱਲ ਨਾ ਲੱਭ ਸਕੀ।

ਕੋਈ ਵਾਹ ਨਾ ਚੱਲਦੀ ਦੇਖ ਕੇ ਨਣਦ ਨੇ ਇੱਕ ਨਵੀਂ ਸਕੀਮ ਕੱਢੀ। ਉਸ ਨੇ ਆਪਣੇ ਭਰਾ ਨੂੰ ਇਹ ਜਚਾ ਦਿੱਤਾ ਕਿ ਪਿੰਦਰ ਦੇ ਕਿਸੇ ਪਰਾਏ ਮਰਦ ਨਾਲ ਸਬੰਧ ਹਨ। ਇਸ ਨਵੀਂ ਘਾੜਤ ਨੇ ਪਿੰਦਰ ਨੂੰ ਕੈਦਣ ਹੀ ਬਣਾ ਦਿੱਤਾ।

---

ਲੋਹੜੀ ਲੰਘ ਗਈ ਸੀ। ਪਿੰਦਰ ਆਪਣੀਆਂ ਬੱਚੀਆਂ ਨਾਲ ਪੰਜਾਬ ਜਾ ਰਹੀ ਸੀ। ਹਵਾਈ ਅੱਡੇ 'ਤੇ ਉਸ ਦਾ ਕਾਲਜ ਵੇਲੇ ਦਾ ਜਮਾਤੀ ਰੇਸ਼ਮ ਮਿਲ ਗਿਆ। ਦੁਆ ਸਲਾਮ ਪਿਛੋਂ ਘਰ ਪਰਿਵਾਰ ਦੀਆਂ ਗੱਲਾਂ ਚੱਲ ਪਈਆਂ। ਗੱਲਾਂ ਕਰਦਿਆਂ ਪਿੰਦਰ ਦਾ ਰੋਣ ਨਿਕਲ ਗਿਆ। ਹਵਾਈ ਅੱਡੇ



'ਤੇ ਲੋਕਾਂ ਦੇ ਸਾਹਮਣੇ ਰੋਂਦੀ ਪਿੰਦਰ ਨੂੰ ਰੇਸ਼ਮ ਨੇ ਮਸਾਂ ਚੁੱਪ ਕਰਾਇਆ। ਰੇਸ਼ਮ ਵੀ ਪੰਜਾਬ ਚੱਲਿਆ ਸੀ। ਉਨ੍ਹਾਂ ਨੇ ਇੱਕ ਹੀ ਜਹਾਜ਼ ਵਿਚ ਜਾਣਾ ਸੀ। ਉਹ ਚਾਰੇ ਇੱਕ ਹੀ ਸੀਟ 'ਤੇ ਬੈਠ ਗਏ। ਜਹਾਜ਼ ਉਡ ਪਿਆ ਤੇ ਪਿੰਦਰ ਦੀ ਕਿਸਮਤ ਵੀ ਹੋਰ ਪਾਸੇ ਨੂੰ ਉਡ ਪਈ। ਬੱਚੀਆਂ ਖਾਣਾ ਖਾ ਕੇ ਸੌਂ ਗਈਆਂ। ਪਿੰਦਰ ਤੇ ਰੇਸ਼ਮ ਗੱਲਾਂ ਕਰਨ ਲੱਗ ਪਏ। ਉਹ ਮੁੜ ਭਾਵੁਕ ਹੋ ਗਈ ਤੇ ਰੇਸ਼ਮ ਦੇ ਮੋਢੇ 'ਤੇ ਸਿਰ ਰੱਖ ਕੇ ਰੋਣ ਲੱਗ ਪਈ।

ਪੰਜਾਬ ਜਾ ਕੇ ਉਹ ਦੋਨੋਂ ਕਈ ਵਾਰ ਮਿਲੇ ਤੇ ਵਾਪਸ ਕੈਨੇਡਾ ਨੂੰ 'ਕੱਠੇ ਹੀ ਆਏ। ਜਦ ਪਿੰਦਰ ਦੁਖੀ ਹੁੰਦੀ ਸੀ ਤਾਂ ਉਹ ਆਪਣਾ ਮਨ ਹਲਕਾ ਕਰਨ ਲਈ ਰੇਸ਼ਮ ਨੂੰ ਮਿਲਦੀ ਸੀ। ਉਹ ਉਸ ਨੂੰ ਬਹੁਤ ਸਾਰੀਆਂ ਯੋਗ ਸਲਾਹਾਂ ਦੇ ਦਿੰਦਾ ਸੀ।

ਘਰ ਵਿਚੋਂ ਕਲੇਸ਼ ਖਤਮ ਕਰਨ ਦੇ ਇਰਾਦੇ ਨਾਲ ਪਿੰਦਰ ਗਰਭਵਤੀ ਹੋ ਗਈ। ਏਕੀਨੇਸੀਆ ਦੇ ਫੁੱਲ ਵਰਗਾ ਪੁੱਤ ਜੰਮ ਪਿਆ। ਸਾਰਾ ਟੱਬਰ ਖੁਸ਼ ਹੋ ਗਿਆ।

...ਜ਼ਿੰਦਗੀ ਤੁਰਦੀ ਗਈ। ਪਿੰਦਰ ਮੁੜ ਹਰਵੀਰ ਨਾਲ ਟਰੱਕ 'ਤੇ ਜਾਣ ਲੱਗ ਪਈ। ਉਹ ਆਪਣਾ ਫੋਨ ਬਹੁਤ ਜ਼ਿਆਦਾ ਸਾਂਭ-ਸਾਂਭ ਰੱਖਦੀ ਸੀ। ਹਰਵੀਰ ਭਾਵੇਂ ਪਹਿਲਾਂ ਹੀ ਸ਼ੱਕ ਕਰਦਾ ਸੀ, ਪਰ ਫੋਨ ਹੁਣ ਜ਼ਿਆਦਾ ਵੱਡੇ ਸ਼ੱਕ ਦਾ ਜ਼ਰੀਆ ਬਣ ਗਿਆ। ਉਹ ਉਸ ਦਾ ਫੋਨ ਚੋਰੀ ਚੁੱਕ ਕੇ ਦੇਖ ਲੈਂਦਾ।

ਇੱਕ ਦਿਨ ਉਹ ਟਰੱਕ 'ਤੇ ਸਨ, ਪਿੰਦਰ ਦੇ ਫੋਨ ਦੀ ਇੱਕ ਮਿਸ ਕਾਲ ਉਤੇ ਹਰਵੀਰ ਨੇ ਫੋਨ ਰੀਡਾਇਲ ਕਰ ਲਿਆ। ਅੱਗੋਂ ਅਵਾਜ਼ ਆਈ, "ਹੈਲੋ ਜੀ! ਕੀ ਹਾਲ ਐ...?" ਅਵਾਜ਼ ਕਿਸੇ ਮਰਦ ਦੀ ਸੀ। ਹਰਵੀਰ ਕੁਝ ਨਾ ਬੋਲਿਆ ਤੇ ਫੋਨ ਬੰਦ ਕਰ ਦਿੱਤਾ।

ਗੇੜਾ ਲਾ ਕੇ ਉਹ ਮੁੜ ਆਏ। ਆਥਣ ਦਾ ਵੇਲਾ ਸੀ। ਉਨ੍ਹਾਂ ਨੇ ਟਰੱਕ ਆ ਕੇ ਯਾਰਡ ਵਿਚ ਖੜ੍ਹਾ ਦਿੱਤਾ। ਟਰੇਲਰ ਸਾਫ ਕਰਨ ਵਾਲਾ ਸੀ। ਹਰਵੀਰ ਲਾਗ-ਬੁੱਕ ਅਤੇ ਹੋਰ ਕਾਗਜ਼ ਸਾਂਭਦਾ ਕਹਿਣ ਲੱਗਾ, "ਪਿੰਦਰ, ਟਰੇਲਰ 'ਚ ਝਾੜੂ ਮਾਰ ਦੇ।"

"ਕੱਲ੍ਹ ਨੂੰ ਆ ਕੇ ਮਾਰ ਲਵਾਂਗੇ।" ਉਹ ਕਹਿਣ ਲੱਗੀ।

ਇਸ 'ਤੇ ਹਰਵੀਰ ਤੰਗ ਹੋ ਗਿਆ ਤੇ ਖਿਝ ਕੇ ਬੋਲਿਆ, "ਜਾ ਕੇ ਕਿਸੇ ਯਾਰ ਨੂੰ ਮਿਲਣਾ ਹੋਊ...!"

ਅੱਗੋਂ ਪਿੰਦਰ ਵੀ ਬੋਲ ਪਈ ਤੇ ਦੁਖੀ ਹੋ ਕੇ ਟਰੇਲਰ ਵਿਚ ਚੜ੍ਹ ਕੇ ਝਾੜੂ ਮਾਰਨ ਲੱਗ ਪਈ। ਥੋੜ੍ਹੇ ਚਿਰ ਪਿਛੋਂ ਹਰਵੀਰ ਵੀ ਟਰੇਲਰ 'ਚ ਆ ਚੜ੍ਹਿਆ ਤੇ ਕਹਿਣ ਲੱਗਾ, "ਅੱਜ ਕੱਲ੍ਹ ਮੂਹਰੇ ਬਹੁਤ ਬੋਲਣ ਲੱਗ ਪੀ...।"

ਪਿੰਦਰ ਚੁੱਪ ਰਹੀ।

ਹਰਵੀਰ ਨੂੰ ਪਿੰਦਰ ਦੇ ਫੋਨ 'ਤੇ ਆਈ ਮਿਸ ਕਾਲ ਵਾਲਾ ਗੁੱਸਾ ਸੀ। ਉਸ ਨੇ ਚੁੱਪ ਕਰੀ ਝਾੜੂ ਮਾਰਦੀ ਪਿੰਦਰ ਨੂੰ ਧੱਕਾ ਦੇ ਦਿੱਤਾ। ਉਹ ਡਿਗ ਪਈ ਤੇ ਗੁੱਸੇ ਵਿਚ ਉਚੀ ਬੋਲ ਪਈ...ਤੇ ਫਿਰ ਹਰਵੀਰ ਨੇ ਆਪਣੀ ਪੂਰੀ ਮਰਦਾਨਗੀ ਦਿਖਾ ਦਿੱਤੀ। ਉਸ ਨੇ ਡਿੱਗੀ ਪਈ ਪਿੰਦਰ ਨੂੰ ਲੱਤਾਂ, ਮੁੱਕਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਪਤਾ ਨਹੀਂ ਕਿਹੜੇ ਵੇਲੇ ਟਰੇਲਰ 'ਚ ਪਈ ਲੋਡ-ਬਾਰ ਪਿੰਦਰ ਦੇ ਹੱਥ ਆ ਗਈ ਤੇ ਉਸ ਨੇ ਚੁੱਕ ਕੇ ਆਪਣੇ ਬਚਾਅ ਲਈ ਹਰਵੀਰ ਦੇ ਮੂਹਰੇ ਕਰ ਲਈ ਤੇ ਹਰਵੀਰ ਦੀ ਲੱਤ ਲੋਡ-ਬਾਰ 'ਤੇ ਵੱਜੀ। ਫਿਰ ਗੁੱਸੇ ਦੀ ਹਨੇਰੀ ਵਿਚ ਉਸ ਨੇ ਪਿੰਦਰ ਕੋਲੋਂ ਲੋਡ-ਬਾਰ ਖੋਹ ਲਈ ਤੇ ਵਿਚਕਾਰੋਂ ਖੋਲ੍ਹ ਕੇ ਭਾਰੀ ਪਾਸੇ ਨਾਲ ਪਿੰਦਰ ਨੂੰ ਅੰਨ੍ਹੇਵਾਹ ਕੁੱਟਣ ਲੱਗ ਪਿਆ। ਉਸ ਵਕਤ ਤੱਕ ਮਾਰਦਾ ਰਿਹਾ ਜਦ ਤੱਕ ਪਿੰਦਰ ਦਾ ਸਰੀਰ ਹਰਕਤ ਵਿਚ ਰਿਹਾ। ਅਖੀਰ ਨੂੰ ਪਿੰਦਰ ਨੇ ਆਪਣਾ ਸਿਰ ਬਹੁਤ ਹੀ ਜ਼ੋਰ ਨਾਲ ਉਤੇ ਨੂੰ ਚੁੱਕ ਕੇ ਉਠਣ ਦੀ ਕੋਸ਼ਿਸ਼ ਕੀਤੀ ਤੇ ਹਿਚਕੀ ਜਿਹੀ ਲੈ ਕੇ ਸ਼ਾਂਤ ਹੋ ਗਈ...। ਹਰਵੀਰ ਨੇ ਲੋਡ-ਬਾਰ ਉਸ ਦੇ ਸਿਰ 'ਚ ਮਾਰ ਕੇ ਪਰ੍ਹਾਂ ਸੁੱਟ ਦਿੱਤੀ।

ਸਬੱਬੀਂ ਉਸ ਵਕਤ ਯਾਰਡ ਵਿਚ ਕੋਈ ਹੋਰ ਡਰਾਈਵਰ ਹੈ ਨਹੀਂ ਸੀ। ਹਰਵੀਰ ਟਰੇਲਰ ਵਿਚੋਂ ਉਤਰ ਕੇ ਟਰੱਕ 'ਚ ਬੈਠ ਗਿਆ ਤੇ ਕਾਫੀ ਸਮਾਂ ਬੈਠਾ ਰਿਹਾ।

ਰਾਤ ਦੇ ਹਨੇਰੇ ਵਿਚ ਹਰਵੀਰ ਪਿੰਦਰ ਦੀ ਲਾਸ਼ ਨੂੰ ਕਾਰ ਵਿਚ ਰੱਖ ਕੇ ਤੁਰ ਪਿਆ। ਇੱਕ ਸੁੰਨੀ ਜਿਹੀ ਸੜਕ ਦੇ ਕਿਨਾਰੇ 'ਤੇ ਕਾਰ ਰੋਕ ਕੇ, ਉਸ ਨੇ ਕਾਰ ਨੂੰ ਅੱਗ ਲਾ ਦਿੱਤੀ ਤੇ ਉਥੋਂ ਭੱਜ ਤੁਰਿਆ। ਉਸ ਨੂੰ ਭੱਜੇ ਜਾਂਦੇ ਨੂੰ ਇੱਕ ਗੋਰੇ ਨੇ ਦੇਖ ਲਿਆ ਤੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਨੇ ਅਧਸੜੀ ਲਾਸ਼ ਕਾਰ ਵਿਚੋਂ ਕੱਢ ਲਈ।

ਬਹੁਤ ਸਾਰੇ ਪੱਕੇ ਸਬੂਤ ਪੁਲਿਸ ਦੇ ਹੱਥ ਲੱਗ ਗਏ। ਪੁਲਿਸ ਨੇ ਹਰਵੀਰ ਨੂੰ ਫੜ ਲਿਆ। ਕੇਸ ਚੱਲ ਪਿਆ। ਕੇਸ ਦੀ ਕਾਰਵਾਈ ਦੌਰਾਨ ਕਈ ਗਵਾਹ ਭੁਗਤੇ। ਪਿੰਦਰ ਦੀ ਇੱਕ ਸਹੇਲੀ ਵੀ ਗਵਾਹੀ ਦੇਣ ਆਈ। ਉਸ ਨੂੰ ਪਿੰਦਰ ਬਾਰੇ ਸਭ ਕੁਝ ਪਤਾ ਸੀ। ਉਸ ਨੇ ਦੱਸਿਆ ਕਿ ਪਿੰਦਰ ਕਹਿੰਦੀ ਸੀ ਕਿ ਮੈਂ ਆਪਣੇ ਜਮਾਤੀ ਰੇਸ਼ਮ ਨਾਲ ਦੁੱਖ ਸੁੱਖ ਸਾਂਝੇ ਕਰਨ ਲਈ ਮਿਲਦੀ ਹਾਂ। ਉਸ ਦੀ ਪਤਨੀ ਮੈਨੂੰ ਸਕੀਆਂ ਭੈਣਾਂ ਤੋਂ ਵੱਧ ਪਿਆਰ ਕਰਦੀ ਹੈ, ਪਰ ਹਰਵੀਰ ਮੇਰੇ 'ਤੇ ਗਲਤ ਸ਼ੱਕ ਕਰਦਾ ਹੈ।

ਫੋਟੋ ਦਿਖਾ ਕੇ ਪਿੰਦਰ ਦੀ ਵੱਡੀ ਧੀ ਤੋਂ ਵੀ ਰੇਸ਼ਮ ਬਾਰੇ ਪੁੱਛਿਆ ਗਿਆ। ਉਹ ਕਹਿਣ ਲੱਗੀ ਕਿ ਇਹ ਆਦਮੀ ਸਾਡੇ ਨਾਲ ਪੰਜਾਬ ਗਿਆ ਸੀ। ਮੈਂ ਇਸ ਨੂੰ ਅੰਕਲ ਕਹਿ ਕੇ ਬੁਲਾਇਆ ਸੀ।

...ਪਹਿਲੀ ਪੇਸ਼ੀ 'ਤੇ ਹਰਵੀਰ ਸਾਫ ਮੁੱਕਰ ਗਿਆ। ਉਸ ਪਿਛੋਂ ਉਸ ਦਾ ਮੇਲ ਡੈਨੀਅਲ ਨਾਲ ਹੋ ਗਿਆ। ਦੂਜੀ ਪੇਸ਼ੀ ਵੇਲੇ ਅਦਾਲਤ ਵਿਚ ਵੜਦਾ ਹੀ ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ ਤੇ ਆਪਣਾ ਗੁਨਾਹ ਕਬੂਲ ਕਰ ਲਿਆ...।

# ਮਹਾਨਾਇਕ ਦੀ ਬਹਾਦਰੀ ਅਤੇ ਬੇਕਦਰੀ

**ਬਰਸੀ 'ਤੇ ਵਿਸ਼ੇਸ਼**

"ਜੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨਾ ਹੁੰਦੇ ਤਾਂ ਅੱਜ ਪੁਣਛ ਪਾਕਿਸਤਾਨ ਵਿਚ ਹੁੰਦਾ ਤੇ ਅਸੀਂ ਸਾਰੇ ਮਾਰੇ ਜਾ ਚੁਕੇ ਹੁੰਦੇ। ਅੱਜ ਦਸ ਲੱਖ ਦੇ ਕਰੀਬ ਪੁਣਛੀ ਲੋਕ ਸਿਰਫ ਤੇ ਸਿਰਫ ਬ੍ਰਿਗੇਡੀਅਰ ਪ੍ਰੀਤਮ ਸਿੰਘ ਕਰਕੇ ਜਿਉਂਦੇ ਹਨ।" ਪੁਣਛ ਦੇ ਬਾਸ਼ਿੰਦਿਆਂ ਦੀ ਇਹ ਸਾਂਝੀ ਅਵਾਜ਼ ਹੈ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਪਹਾੜੀ ਪਗਡੰਡੀ ਵਾਂਗ ਹੈ, ਜਿਸ ਵਿਚ ਕਈ ਵਲ-ਵਲੇਵੇ ਹਨ, ਇਕ ਪਾਸਾ ਪਹਾੜੀ ਚੋਟੀ ਵਾਂਗ ਸਿਖਰ, ਤਾਂ ਦੂਜਾ ਡੂੰਘੀ ਖਾਈ ਵਾਂਗ ਗੁੰਮਸੁੰਮ। ਜਿਵੇਂ 20ਵੀਂ ਸਦੀ ਮਨੁੱਖੀ ਇਤਿਹਾਸ ਵਿਚ ਅਦਭੁਤ ਪ੍ਰਾਪਤੀਆਂ ਤੇ ਤਬਾਹਕੁਨ ਘਟਨਾਵਾਂ ਨਾਲ ਭਰਪੂਰ ਹੈ, ਉਸ ਤਰ੍ਹਾਂ ਹੀ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਹੈ, ਜੋ ਹੈਰਾਨ ਕਰਦਾ ਜਾਂਦਾ ਹੈ! ਜੋ ਉਸ ਨੂੰ ਜਾਣਦੇ ਹਨ, ਉਨ੍ਹਾਂ ਲਈ ਉਹ ਰੱਬ ਸਮਾਨ ਹੈ, ਪਰ ਜੋ ਨਹੀਂ ਜਾਣਦੇ, ਉਨ੍ਹਾਂ ਲਈ ਕੋਈ ਗੁੰਮਨਾਮ ਵਿਅਕਤੀ।



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 91-70873-20578**


ਪ੍ਰੀਤਮ ਸਿੰਘ ਦਾ ਜਨਮ 5 ਅਕਤੂਬਰ 1911 ਨੂੰ ਦੀਨਾ ਸਾਹਿਬ ਵਿਖੇ ਹੋਇਆ, ਜਿੱਥੇ ਦਸਮ ਪਾਤਸ਼ਾਹ ਨੇ ਜ਼ਫ਼ਰਨਾਮਾ ਰਚਿਆ। ਉਨ੍ਹਾਂ ਦੀ ਸ਼ਖਸੀਅਤ ਉਪਰ ਦਸਵੇਂ ਗੁਰੂ ਦਾ ਬਹੁਤ ਅਸਰ ਸੀ। 1937 'ਚ ਚੜ੍ਹਦੀ ਜਵਾਨੀ ਵਿਚ ਪ੍ਰੀਤਮ ਸਿੰਘ ਪੰਜਾਬ ਰੈਜੀਮੈਂਟ ਦੀ 5/6 ਬਟਾਲੀਅਨ ਵਿਚ ਕੈਪਟਨ ਦੇ ਅਹੁਦੇ 'ਤੇ ਬਰਤਾਨਵੀ-ਭਾਰਤੀ ਫੌਜ ਦਾ ਹਿੱਸਾ ਬਣਿਆ। ਉਹ ਦੂਜੇ ਵਿਸ਼ਵ ਯੁੱਧ ਵਿਚ ਸਿੰਘਾਪੁਰ ਦੇ ਮੋਰਚੇ 'ਤੇ ਜਾਪਾਨੀ ਫੌਜ ਦੇ ਖਿਲਾਫ ਲੜ ਰਹੇ ਸਨ, ਪਰ ਜੰਗ ਦੌਰਾਨ ਦੁਸ਼ਮਣ ਦੇ ਕੈਂਪ ਵਿਚ ਫਸ ਗਏ। 4 ਮਈ 1942 ਨੂੰ ਆਪਣੇ ਦੋ ਸਾਥੀਆਂ-ਕੈਪਟਨ ਬਲਵੀਰ ਸਿੰਘ ਤੇ ਕੈਪਟਨ ਜੀ. ਆਰ. ਪ੍ਰਭ ਨਾਲ ਉਥੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋਏ। ਯੁੱਧ ਦੇ ਕੈਦੀਆਂ ਦੇ ਕੈਦਖਾਨੇ 'ਚੋਂ ਭੱਜਣ 'ਤੇ ਫੜ੍ਹੇ ਜਾਣ ਦਾ ਅਰਥ ਸੀ, ਮੌਤ। ਵਿਸ਼ਵ ਯੁੱਧ ਦੇ ਮਾਹੌਲ ਕਾਰਨ ਹਰ ਪਾਸੇ ਫੌਜ ਹੀ ਫੌਜ। ਲਗਭਗ ਛੇ ਮਹੀਨਿਆਂ ਤੇ ਤਿੰਨ ਹਜ਼ਾਰ ਮੀਲ ਇਹ ਸਫਰ ਬਹੁਤ ਹੀ ਬਿਖੜਾ ਤੇ ਮੁਸ਼ਕਿਲਾਂ ਭਰਿਆ ਸੀ, ਪਰ ਉਨ੍ਹਾਂ ਹੌਸਲਾ ਨਾ ਹਾਰਿਆ ਅਤੇ ਕਈ ਦਿਨਾਂ ਦੀ ਯੋਜਨਾ ਪਿਛੋਂ ਉਹ ਕੈਦ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ। ਇਹ ਤਿੰਨੇ ਜਣੇ ਜਾਅਲੀ ਪਛਾਣ-ਪੱਤਰਾਂ ਦੇ ਆਸਰੇ ਸਿੰਘਾਪੁਰ ਤੋਂ ਰੇਲ ਰਾਹੀਂ ਮਲਾਇਆ ਦੇ ਬਾਰਡਰ 'ਤੇ ਪਹੁੰਚੇ। ਬਾਰਡਰ 'ਤੇ ਕਿੰਨੇ ਹੀ ਦਿਨ ਛੁਪ ਕੇ ਰਹਿਣਾ ਪਿਆ। ਉਥੋਂ ਇਕ ਬੈਲਗੱਡੀ ਰਾਹੀਂ ਸਰਹੱਦ ਪਾਰ ਕੀਤੀ। ਮਲਾਇਆ, ਥਾਈਲੈਂਡ ਤੇ ਬਰਮਾ ਦੇ ਜੰਗਲਾਂ, ਪਹਾੜਾਂ, ਨਦੀਆਂ ਦਾ ਸਫਰ ਤੈਅ ਕਰਦਿਆਂ ਛੇ ਮਹੀਨਿਆਂ ਬਾਅਦ ਆਖਰ ਭਾਰਤ ਪਹੁੰਚ ਗਏ। ਜਾਪਾਨੀ ਫੌਜ ਨੇ ਇਨ੍ਹਾਂ ਦੇ ਪਰਿਵਾਰਾਂ ਨੂੰ ਇਨ੍ਹਾਂ ਦੇ ਮਾਰੇ ਜਾਣ ਦੀਆਂ ਚਿੱਠੀਆਂ ਵੀ ਪਾ ਦਿੱਤੀਆਂ ਸਨ। ਇਸ ਹੌਸਲੇ ਤੇ ਦਲੇਰਾਨਾ ਕਾਰਜ ਲਈ ਪ੍ਰੀਤਮ ਸਿੰਘ ਤੇ ਸਾਥੀਆਂ ਨੂੰ ਬਰਤਾਨਵੀ ਫੌਜ ਦੇ ਵੱਕਾਰੀ ਮੈਡਲ 'ਮਿਲਟਰੀ ਕਰਾਸ' ਨਾਲ ਸਨਮਾਨਿਆ ਗਿਆ।

1947 ਵਿਚ ਭਾਰਤ ਦੀ ਵੰਡ ਦੌਰਾਨ ਹਾਲਾਤ ਬਦ ਤੋਂ ਬਦਤਰ ਹੋ ਗਏ। ਪ੍ਰੀਤਮ ਸਿੰਘ ਨੇ ਦਿੱਲੀ ਫੌਜ ਦੇ ਹੈਡਕੁਆਰਟਰ ਵਿਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਵੰਡ ਦੇ ਨਾਜ਼ੁਕ ਮਾਹੌਲ ਵਿਚ ਗੁੜਗਾਓਂ ਦੇ ਖਿੱਤੇ ਵਿਚ ਸ਼ਾਂਤੀ ਬਹਾਲੀ ਤੇ ਉਜੜ ਕੇ ਆਏ ਲੋਕਾਂ ਦੇ ਮੁੜ ਵਸੇਬੇ ਲਈ ਸੇਵਾਵਾਂ ਦਿੱਤੀਆਂ।

ਦੇਸ਼ ਵੰਡ ਸਮੇਂ ਕਸ਼ਮੀਰ ਦੇ ਹਾਲਾਤ ਬਹੁਤ ਨਾਜ਼ੁਕ ਬਣ ਗਏ ਸਨ। ਉਸ ਖਿੱਤੇ ਵਿਚ ਕਬਾਇਲੀਆਂ ਤੇ ਪਾਕਿਸਤਾਨੀ ਫੌਜ ਨੇ ਬਹੁਤ ਜ਼ਿਆਦਾ ਕਤਲੇਆਮ, ਲੁੱਟ-ਖੋਹ ਕੀਤੀ। ਇਸ ਖਿੱਤੇ ਵਿਚ ਜੋ ਸਭ ਤੋਂ ਵੱਡੀ ਲੜਾਈ ਲੜੀ ਗਈ, ਉਸ ਦਾ ਨਾਂ ਹੈ, ਬੈਟਲ ਆਫ ਸ਼ਿਲਟਾਂਗ। ਇਹ ਲੜਾਈ ਪ੍ਰੀਤਮ ਸਿੰਘ ਦੀ ਕਮਾਂਡ ਵਿਚ ਲੜੀ ਗਈ ਸੀ। ਇਹ ਲੜਾਈ ਇੰਨੀ ਅਹਿਮ ਹੈ ਕਿ ਇਸ ਨੂੰ ਟਰਨਿੰਗ ਪੁਆਇੰਟ ਕਸ਼ਮੀਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਜੇ ਭਾਰਤੀ ਫੌਜੀ ਲੜਾਈ ਹਾਰ ਜਾਂਦੀ ਤਾਂ ਸ਼ਾਇਦ ਅੱਜ ਭਾਰਤ ਦਾ ਨਕਸ਼ਾ ਕੁਝ ਹੋਰ ਹੋਣਾ ਸੀ। ਫੌਜ ਦਾ ਨਾਮੀ ਇਤਿਹਾਸਕਾਰ ਸ਼ਿਵ ਕੁਨਾਲ ਵਰਮਾ ਇਸ ਲੜਾਈ ਨੂੰ ਜਿੱਤਣ ਦਾ ਸਿਹਰਾ ਪ੍ਰੀਤਮ ਸਿੰਘ ਨੂੰ ਦਿੰਦਾ ਹੈ।

ਭਾਰਤੀ ਫੌਜ ਦੀ ਫੈਸਲਾਕੁਨ ਸ਼ਿਲਟਾਂਗ ਦੀ ਲੜਾਈ ਪਿਛੋਂ ਪਾਕਿਸਤਾਨੀ ਫੌਜ ਨੂੰ ਉਰੀ ਤੋਂ ਵੀ ਪਿਛੇ ਧੱਕ ਦਿੱਤਾ। ਉਧਰ ਪੁਣਛ ਦੇ ਖਿੱਤੇ ਵਿਚ ਕੋਈ ਚਾਲੀ ਹਜ਼ਾਰ ਸ਼ਰਨਾਰਥੀ ਲੋਕ ਜਮ੍ਹਾਂ ਹੋ ਗਏ। ਤਿੰਨ ਪਾਸਿਓਂ ਪਹਾੜੀਆਂ ਨਾਲ ਘਿਰੇ ਇਸ ਛੋਟੇ ਜਿਹੇ ਇਲਾਕੇ 'ਚ ਏਨੀ ਵਸੋਂ ਦਾ ਜਿਉਂਦੇ ਰਹਿਣਾ ਮੁਸ਼ਕਿਲ ਸੀ। ਤਿੰਨੇ ਪਾਸੇ ਪਹਾੜੀਆਂ 'ਤੇ ਦੁਸ਼ਮਣ ਹਮਲਾਵਰ ਕਾਬਜ਼ ਸਨ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਆਦੇਸ਼ ਦਿੱਤਾ ਕਿ ਹਰ ਹਾਲਤ ਵਿਚ ਪੁਣਛ ਨੂੰ ਬਚਾਇਆ ਜਾਵੇ।

ਇਤਿਹਾਸਕਾਰ ਸਿਵ ਕੁਨਾਲ ਵਰਮਾ ਅਨੁਸਾਰ ਅਜਿਹੀਆਂ ਹਾਲਤਾਂ ਵਿਚ ਪਹੁੰਚ ਜਾਣ ਲਈ ਕੋਈ ਤਿਆਰ ਨਹੀਂ ਸੀ ਤੇ ਉਸ ਵੇਲੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ ਹਿੰਮਤ ਦਿਖਾਈ ਤੇ 20 ਨਵੰਬਰ 1947 ਨੂੰ ਪੁਣਛ ਪਹੁੰਚੇ। ਜਦੋਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਫੌਜ ਸਮੇਤ ਪੁਣਛ ਵਿਚ ਦਾਖਲ ਹੋ ਰਹੇ ਸਨ ਤਾਂ ਉਥੋਂ ਦੀ ਸਥਾਨਕ ਡੋਗਰਾ ਫੌਜ ਨੂੰ ਲੱਗਾ ਕਿ ਪਾਕਿਸਤਾਨੀ ਫੌਜ ਆ ਗਈ ਤੇ ਉਨ੍ਹਾਂ ਨੇ ਜਿਸ ਲੱਕੜ ਦੇ ਪੁਲ ਉਪਰੋਂ ਦੀ ਫੌਜ ਆ ਰਹੀ ਸੀ, ਉਸ ਨੂੰ ਅੱਗ ਲਾ ਦਿੱਤੀ। ਬ੍ਰਿਗੇਡੀਅਰ ਪ੍ਰੀਤਮ ਸਿੰਘ 419 ਫੌਜੀਆਂ ਅਤੇ ਇਕ ਜੀਪ ਸਮੇਤ ਦਰਿਆ ਪਾਰ ਕਰਨ ਵਿਚ ਸਫਲ ਰਹੇ। ਬਾਕੀ ਫੌਜ ਵਾਪਸ ਪਰਤ ਗਈ।






ਹਵਾਲਦਾਰ ਅਬਦੁੱਲ ਰਸ਼ੀਦ

ਹੁਣ ਪ੍ਰੀਤਮ ਸਿੰਘ ਦੇ ਸਾਹਮਣੇ ਚੁਣੌਤੀਆਂ ਦੇ ਪਹਾੜ ਹੀ ਪਹਾੜ ਸਨ। ਚਾਲੀ ਹਜ਼ਾਰ ਲੋਕ, ਭੁੱਖਮਰੀ ਦਾ ਮਾਹੌਲ, ਆਲੇ-ਦੁਆਲੇ ਦੁਸ਼ਮਣ ਦੀ ਘੇਰਾ ਬੰਦੀ, ਹਥਿਆਰਾਂ ਦੀ ਕਮੀ, ਢੰਗਿਆਂ ਦਾ ਸੰਕਟ ਤੇ ਅਜਿਹੇ ਮਾਹੌਲ ਵਿਚ ਇੱਕੋ ਇਕ ਆਸ ਦੀ ਕਿਰਨ ਸੀ, ਬ੍ਰਿਗੇਡੀਅਰ ਪ੍ਰੀਤਮ ਸਿੰਘ।

ਸਭ ਤੋਂ ਪਹਿਲਾਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ ਆਮ ਲੋਕਾਂ ਨੂੰ ਫੌਜ ਵਿਚ ਭਰਤੀ ਹੋਣ ਲਈ ਪ੍ਰੇਰਿਆ ਅਤੇ ਦੋ ਬਟਾਲੀਅਨਾਂ ਬਣਾਈਆਂ। ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ ਹੌਲਦਾਰ ਅਬਦੁਲ ਰਸ਼ੀਦ ਦੀਆਂ ਅੱਖਾਂ ਨਮ ਸਨ। ਅਬਦੁਲ ਰਸ਼ੀਦ ਯਾਦ ਕਰਦਾ ਹੈ ਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਇੱਕ ਜਲਸੇ ਨੂੰ ਸੰਬੋਧਨ ਕਰ ਰਹੇ ਸਨ ਤੇ ਮੈਨੂੰ ਦੇਖ ਕੇ ਕਹਿੰਦੇ, "ਕਿਉਂ ਬਈ! ਤੂੰ ਭਰਤੀ ਕਿਉਂ ਨਹੀਂ ਹੋਇਆ?" ਅਬਦੁੱਲ ਰਸ਼ੀਦ ਕਹਿੰਦਾ, "ਜਨਾਬ, ਮੈਂ ਮੁਸਲਮਾਨ ਆਂ ਤੇ ਫੌਜ ਗੈਰ ਮੁਸਲਮਾਨਾਂ ਦੀ ਏ।" ਬ੍ਰਿਗੇਡੀਅਰ ਕਹਿੰਦੇ, "ਤੈਨੂੰ ਕੌਣ ਹੱਥ ਲਾਏਗਾ!" ਤੇ ਉਨ੍ਹਾਂ ਉਸੇ ਵੇਲੇ ਕਰਨਲ ਪਚਨੰਦਾ ਨੂੰ ਬੁਲਾਇਆ ਤੇ ਕਿਹਾ ਕਿ ਇਹ ਮੇਰਾ ਪੁੱਤਰ ਏ, ਜੇ ਇਸ ਨੂੰ ਕੁਝ ਹੋ ਗਿਆ, ਮੈਂ ਤੈਨੂੰ ਨਹੀਂ ਛੱਡਾਂਗਾ।

ਫਿਰ ਇੱਕ ਪੱਧਰੀ ਜਿਹੀ ਜਗ੍ਹਾ ਵੇਖ ਕੇ ਏਅਰਫੀਲਡ ਤਿਆਰ ਕਰਵਾਉਣਾ ਸ਼ੁਰੂ ਕੀਤਾ ਤਾਂ ਕਿ ਜਹਾਜ਼ਾਂ ਰਾਹੀਂ ਹਥਿਆਰਾਂ ਅਤੇ ਖਾਣੇ ਦੀ ਸਪਲਾਈ ਕੀਤੀ ਜਾ ਸਕੇ, ਪਰ ਜਿਸ ਥਾਂ ਏਅਰ ਫੀਲਡ ਬਣਾਉਣਾ ਸੀ, ਉਹ ਥਾਂ ਦੁਸ਼ਮਣਾਂ ਦੇ ਨਿਸ਼ਾਨੇ 'ਤੇ ਸੀ, ਇਸ ਲਈ ਉਥੇ ਦਿਨੇ ਕੰਮ ਕਰਨਾ ਸੰਭਵ ਨਹੀਂ ਸੀ ਤੇ ਰਾਤਾਂ ਜਾਗ ਜਾਗ ਕੇ ਹਫਤੇ 'ਚ ਉਹ ਏਅਰ ਫੀਲਡ ਤਿਆਰ ਕੀਤਾ ਗਿਆ।

ਬ੍ਰਿਗੇਡੀਅਰ ਜਗਬੀਰ ਸਿੰਘ ਦੱਸਦੇ ਨੇ ਕਿ ਇੱਕ ਵਾਰ ਆਰਮੀ ਹੈਡਕੁਆਰਟਰ ਵੱਲੋਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਇਹ ਆਦੇਸ਼ ਹੋਇਆ ਇਹ ਪੁਣਛ ਛੱਡ ਕੇ ਵਾਪਸ ਆ ਜਾਣ। ਇਹ ਆਦੇਸ਼ ਬ੍ਰਿਗੇਡੀਅਰ ਨੇ ਨਿਹੱਥੇ ਮਾਸੂਮ ਚਾਲੀ ਹਜ਼ਾਰ ਰਿਫਿਊਜ਼ੀਆਂ ਨੂੰ ਦਿਖਾਇਆ ਤਾਂ ਲੋਕਾਂ ਨੇ ਬੇਨਤੀ ਕੀਤੀ ਕਿ ਉਹ ਕਿਸੇ ਵੀ ਹਾਲਤ ਵਿਚ ਛੱਡ ਕੇ ਨਾ ਜਾਣ, ਨਹੀਂ ਤਾਂ ਉਹ ਮਾਰੇ ਜਾਣਗੇ। ਬ੍ਰਿਗੇਡੀਅਰ ਨੇ ਲੋਕਾਂ ਦੀ ਗੱਲ ਮੰਨਦਿਆਂ, ਆਪਣੀ ਜ਼ਮੀਰ ਦੀ ਅਵਾਜ਼ ਸੁਣੀ ਤੇ ਸਰਕਾਰੀ ਹੁਕਮ ਨਾ-ਮਨਜ਼ੂਰ ਕਰ ਦਿੱਤਾ।

ਜੰਗ ਦੇ ਚੱਲਦਿਆਂ ਹੀ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ ਲੋਕਾਂ ਨੂੰ ਆਦੇਸ਼ ਦਿੱਤਾ ਕਿ ਜਾਓ ਜੋ ਵੀ ਜ਼ਮੀਨ ਮਿਲਦੀ ਹੈ, ਆਬਾਦ ਕਰੋ ਤਾਂ ਕਿ ਚਾਲੀ ਹਜ਼ਾਰ ਲੋਕ ਕਿਤੇ ਭੁੱਖੇ ਨਾ ਮਰ ਜਾਣ। ਨਾਲ ਹੀ ਜੋ ਆਰਮੀ ਲਈ ਰਾਸ਼ਨ ਆਉਂਦਾ ਸੀ, ਉਸ ਵਿਚੋਂ ਵੀ ਬਹੁਤਾ ਹਿੱਸਾ ਲੋਕਾਂ ਨੂੰ ਦਿੱਤਾ ਜਾਂਦਾ ਸੀ ਤਾਂ ਕਿ ਲੋਕ ਜਿਉਂਦੇ ਰਹਿ ਸਕਣ।

ਲੋਕਾਂ ਨੂੰ ਜਿਉਂਦੇ ਰੱਖਣ ਲਈ ਬ੍ਰਿਗੇਡੀਅਰ ਪ੍ਰੀਤਮ ਸਿੰਘ ਆਪਣੀ ਜਾਨ ਹਮੇਸ਼ਾ ਜੋਖਮ ਵਿਚ ਪਾ ਦਿੰਦੇ ਸਨ। ਟੋਲੀ ਕਮਾਂਡਰ ਮੰਗਤ ਰਾਮ ਦਸਦਾ ਹੈ ਕਿ ਇੱਕ ਸਵੇਰ ਧੁੰਦ ਦਾ ਮੌਸਮ ਸੀ। ਪਾਕਿਸਤਾਨ ਵਾਲੇ ਪਾਸਿਓਂ ਬੱਕਰੀਆਂ ਹੀ ਬੱਕਰੀਆਂ ਆਉਣੀਆਂ ਸ਼ੁਰੂ ਹੋ ਗਈਆਂ। ਪਹਿਰੇ 'ਤੇ ਖੜ੍ਹੇ ਜਵਾਨਾਂ ਨੇ ਹਾਲਟ ਪੁਕਾਰੀ। ਏਨੇ ਨੂੰ ਬੱਕਰੀਆਂ ਦੇ ਪਿੱਛੋਂ ਇੱਕ ਲੰਮੀ ਦਾੜ੍ਹੀ ਵਾਲਾ ਅਤੇ ਲੰਮੇ ਚੋਗੇ ਵਾਲਾ ਬਾਬਾ ਪ੍ਰਗਟ ਹੋਇਆ। ਉਸ ਨੇ ਜਵਾਨਾਂ ਨੂੰ ਕਿਹਾ ਕਿ ਟੋਲੀ ਕਮਾਂਡਰ ਨੂੰ ਬੁਲਾਓ। ਮੈਂ ਜਦੋਂ ਪੇਸ਼ ਹੋਇਆ ਤਾਂ ਅਵਾਜ਼ ਤੋਂ ਪਛਾਣਿਆ ਕਿ ਇਹ ਤਾਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਹਨ। ਬ੍ਰਿਗੇਡੀਅਰ ਸਾਹਿਬ ਨੇ ਮੈਨੂੰ ਕਿਹਾ ਕਿ ਆਹ ਭੇਡਾਂ, ਬੱਕਰੀਆਂ ਗਿਣ। ਜਦੋਂ ਮੈਂ ਗਿਣੀਆਂ ਤਾਂ ਚਾਰ ਸੌ ਦੇ ਕਰੀਬ ਸਨ। ਸਾਨੂੰ ਜਿਉਂਦੇ ਰੱਖਣ ਲਈ ਬ੍ਰਿਗੇਡੀਅਰ ਸਾਹਿਬ ਪਾਕਿਸਤਾਨ ਵਾਲੇ ਪਾਸਿਓਂ ਸਾਡੇ ਲਈ ਐਨੀਆਂ ਭੇਡਾਂ, ਬੱਕਰੀਆਂ ਹੱਕ ਲਿਆਏ। ਇਸ ਤਰ੍ਹਾਂ ਲੋਕਾਂ ਨੂੰ ਜਿਉਂਦੇ ਰੱਖਣ ਲਈ ਉਹ ਆਪਣੀ ਜਾਨ ਵੀ ਜੋਖਮ ਵਿਚ ਪਾ ਦਿੰਦੇ ਸਨ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਪੁਣਛ ਦੇ ਰਖਵਾਲੇ (Savior of Poonch) ਵਜੋਂ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਬ੍ਰਿਗੇਡੀਅਰ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਬਾਡੀਗਾਰਡ ਦੀਵਾਨ ਸਿੰਘ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਹੈ ਤੇ ਉਹ ਦੱਸਦਾ ਹੈ ਕਿ ਇਕ ਦਿਨ ਉਹ ਬ੍ਰਿਗੇਡੀਅਰ ਸਾਹਿਬ ਨਾਲ ਗਸ਼ਤ 'ਤੇ ਗਿਆ ਹੋਇਆ ਸੀ। ਬ੍ਰਿਗੇਡੀਅਰ ਸਾਹਿਬ ਅੱਗੇ ਲੰਘ ਗਏ ਤੇ ਉਹ ਪਿੱਛੇ ਰਹਿ ਗਿਆ। ਉਹ ਦੂਜੇ ਰਾਹ ਜਾਣ ਲੱਗਾ ਤਾਂ ਝਾੜੀਆਂ ਦੇ ਪਿੱਛੇ ਹਿਲਜੁਲ ਹੋਈ। ਉਸ ਨੇ ਦੇਖਿਆ ਤਾਂ ਇੱਕ ਅਫਸਰ ਝਾੜੀਆਂ ਪਿੱਛੋਂ ਨਿਕਲਿਆ। ਅਫਸਰ ਡਰਿਆ ਹੋਇਆ ਸੀ। ਬਾਡੀਗਾਰਡ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ 21 ਪੰਜਾਬ ਦਾ, ਪਾਕਿਸਤਾਨ ਦਾ ਅਫਸਰ ਹੈ। ਇੰਨੇ ਨੂੰ ਬ੍ਰਿਗੇਡੀਅਰ ਪ੍ਰੀਤਮ ਸਿੰਘ ਵੀ ਆ ਗਏ। ਪਾਕਿਸਤਾਨੀ ਅਫਸਰ ਨੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਦੱਸਿਆ ਕਿ ਉਹ ਗਲਤੀ ਨਾਲ ਇਧਰ ਆ ਗਿਆ ਹੈ। ਬ੍ਰਿਗੇਡੀਅਰ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, "ਦੱਸੋ ਜਨਾਬ ਇੱਧਰ ਰਹਿਣਾ ਹੈ ਕਿ ਵਾਪਸ ਜਾਣਾ ਹੈ?" ਪਾਕਿਸਤਾਨੀ ਅਫਸਰ ਨੇ ਕਿਹਾ, "ਮੈਨੂੰ ਵਾਪਸ ਜਾਣ ਦਿਓ।" ਦੋਹਾਂ ਨੇ ਇਕ ਦੂਜੇ ਨੂੰ ਸਲੂਟ ਮਾਰਿਆ, ਹੱਥ ਮਿਲਾਇਆ ਤੇ ਅਸੀਂ ਉਸ ਨੂੰ ਜਾਣ ਦਿੱਤਾ, ਪਰ ਉਹ ਵਾਰ ਵਾਰ ਪਿੱਛੇ ਮੁੜ ਮੁੜ ਦੇਖਦਾ ਰਿਹਾ ਕਿ ਕਿਸੇ ਵੇਲੇ ਵੀ ਇੱਧਰੋਂ ਗੋਲੀ ਵੱਜ ਸਕਦੀ ਹੈ। ਬ੍ਰਿਗੇਡੀਅਰ ਨੇ ਮੈਨੂੰ ਕਿਹਾ, ਆਓ ਚੱਲੀਏ, ਨਹੀਂ ਤਾਂ ਉਸ ਦੇ ਮਨ ਵਿਚ ਡਰ ਬਣਿਆ ਰਹੇਗਾ। ਅਸੀਂ ਉਸ ਨੂੰ ਅਲਵਿਦਾ 'ਚ ਹੱਥ ਹਿਲਾਇਆ ਤੇ ਵਾਪਿਸ ਮੁੜ ਪਏ।



ਬਾਡੀਗਾਰਡ ਦੀਵਾਨ ਸਿੰਘ

ਬ੍ਰਿਗੇਡੀਅਰ ਦੇ ਨਾਲ ਦੇ ਸਿਪਾਹੀ ਦੱਸਦੇ ਹਨ ਕਿ ਉਨ੍ਹਾਂ ਨੇ ਬ੍ਰਿਗੇਡੀਅਰ ਨੂੰ ਕਦੇ ਵੀ ਗੋਲੀ ਅੱਗੇ ਝੁਕਦੇ ਨਹੀਂ ਸੀ ਦੇਖਿਆ। ਜਦ ਵੀ ਗੋਲੀਆਂ ਦੀ ਬੁਛਾੜ ਹੁੰਦੀ ਤੇ ਉਹ ਬ੍ਰਿਗੇਡੀਅਰ ਨੂੰ ਕਹਿੰਦੇ, 'ਜਨਾਬ ਧਰਤੀ ਉਪਰ ਲੇਟ ਜਾਓ' ਤਾਂ ਬ੍ਰਿਗੇਡੀਅਰ ਮੁਸਕਰਾਉਂਦਾ ਹੋਇਆ ਆਖਦਾ, "ਫਿਕਰ ਨਾ ਕਰੋ, ਮੇਰੇ ਨਾਂ ਦੀ ਗੋਲੀ ਨਹੀਂ ਬਣੀ।"

ਉਨ੍ਹਾਂ ਦੇ ਨਾਂ 'ਤੇ ਪੁਣਛ 'ਚ ਸਥਾਪਤ ਸਮਾਰਕ ਤੇ ਯਾਦਗਾਰਾਂ, ਬੀਤੇ ਵੇਲੇ ਦਾ ਹਾਲ ਬਿਆਨ ਕਰਦੀਆਂ ਹਨ। ਅਸਲ ਵਿਚ ਪ੍ਰੀਤਮ ਸਿੰਘ ਮਹਿਜ ਪੁਣਛ ਖਿੱਤੇ ਨੂੰ ਹੀ ਬਚਾਉਣ ਵਾਲੇ ਨਹੀਂ ਸਨ, ਸਗੋਂ ਉਨ੍ਹਾਂ ਨੇ ਅਜਿਹਾ ਬਹੁਤ ਕੁਝ ਬਚਾਇਆ ਤੇ ਸਿਰਜਿਆ। ਬ੍ਰਿਗੇਡੀਅਰ ਦਾ ਮਿਸ਼ਨ ਸ਼ੁਰੂ ਹੋਇਆਂ ਕਰੀਬ 18 ਮਹੀਨੇ ਹੋ ਚੁਕੇ ਸਨ। ਪਾਣੀ ਦੀ ਤਰ੍ਹਾਂ ਵਹਿੰਦਾ ਰਿਹਾ ਖੂਨ ਤੇ ਹਵਾ 'ਚ ਸੀ ਬਾਰੂਦ ਹੀ ਬਾਰੂਦ। ਹਰ ਪਲ ਹੁੰਦੀਆਂ ਰਹੀਆਂ ਸ਼ਹਾਦਤਾਂ। ਸਰਹੱਦ ਦੀਆਂ ਲਕੀਰਾਂ ਬਦਲਦੀਆਂ ਰਹੀਆਂ ਕਰਵਟਾਂ। ਬਿਨਾ ਕਿਸੇ ਦਰੋ-ਦੀਵਾਰ ਦੇ ਕਿਸੇ ਇਲਾਕੇ ਨੂੰ ਬਚਾਈ ਰੱਖਣਾ, ਇਹ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਸੀ, ਪਰ ਇਸ ਮਹਾਨ ਸੂਰਬੀਰ ਬਾਰੇ ਇਤਿਹਾਸ ਦੇ ਪੰਨੇ ਕਿਉਂ ਖਾਮੋਸ਼ ਨੇ?

ਫਿਰ ਇਕ ਵੇਲਾ ਅਜਿਹਾ ਵੀ ਆਇਆ ਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਕਿੰਜ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਗੁੰਮਨਾਮੀ ਵਿਚ ਗੁਜ਼ਾਰਿਆ। ਅਜਿਹੀਆਂ ਬਹੁਤ ਕਥਾਵਾਂ ਹਨ, ਜੋ ਉਨ੍ਹਾਂ ਬਾਰੇ ਬਣ ਰਹੀ ਦਸਤਾਵੇਜ਼ੀ ਫਿਲਮ ਅਤੇ ਪੁਸਤਕ ਦੀ ਤਿਆਰੀ ਸਬੰਧੀ ਪੁਣਛ ਖਿੱਤੇ ਦੇ ਫੇਰੇ ਦੌਰਾਨ ਸਾਹਮਣੇ ਆਈਆਂ। ਇਹ ਸਭ ਕੋਸ਼ਿਸ਼ਾਂ ਤਾਂ ਕੀਤੀਆਂ ਜਾ ਰਹੀਆਂ ਹਨ ਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਬਣਦਾ ਮਾਣ-ਸਨਮਾਨ ਉਨ੍ਹਾਂ ਨੂੰ ਮਿਲ ਸਕੇ।

---

*(ਬ੍ਰਿਗੇਡੀਅਰ ਪ੍ਰੀਤਮ ਸਿੰਘ ਬਾਰੇ ਬਣ ਰਹੀ ਦਸਤਾਵੇਜ਼ੀ ਫਿਲਮ 'ਦ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਪ੍ਰਾਜੈਕਟ ਦੇ ਕਰਤਾ-ਧਰਤਾ ਕਰਨਵੀਰ ਸਿੰਘ ਸਿਬੀਆ ਹਨ। ਫਿਲਮ ਦੇ ਨਿਰਦੇਸ਼ਕ ਡਾ. ਪਰਮਜੀਤ ਸਿੰਘ ਕੱਟੂ ਅਤੇ ਸਿਨੇਮਾਟੋਗ੍ਰਾਫਰ ਗੁਰਪ੍ਰੀਤ ਚੀਮਾ ਹਨ।)*

## ਕਾਵਿ-ਜਗਤ

### ਸਲਾਮ ਸ਼ਹੀਦਾਂ ਨੂੰ

ਦੇਸ਼ ਦੀ ਖਾਤਿਰ ਵਾਰ ਗਏ
ਜੋ ਪਿਆਰੀਆਂ ਜਾਨਾਂ ਜੀ।
ਰਹੇ ਸਲਾਮਤ ਦੇਸ਼ ਸਾਡਾ
ਤੇ ਉਚੀਆਂ ਸ਼ਾਨਾਂ ਜੀ।
ਆਓ ਰਲ ਕੇ ਕਰੀਏ ਸਭ
ਪ੍ਰਣਾਮ ਸ਼ਹੀਦਾਂ ਨੂੰ।
ਦੇਸ਼ ਦੇ ਯੋਧੇ ਅਣਖੀ ਨੇ
ਸਲਾਮ ਸ਼ਹੀਦਾਂ ਨੂੰ।

ਨਾ ਖੁਦ ਝੁਕੇ, ਨਾ ਦੇਸ਼ ਦਾ
ਝੰਡਾ ਝੁਕਣ ਦਿੱਤਾ।
ਰਹੇ ਸਲਾਮਤ ਦੇਸ਼
ਸ਼ਹੀਦੀ ਜਾਮ ਹੱਸ ਪੀਤਾ।
ਸਲਾਮ ਉਨ੍ਹਾਂ ਦੀਆਂ
ਅਣਖਾਂ ਅਤੇ ਨਸੀਬਾਂ ਨੂੰ...।

ਰਾਜਨੀਤੀ ਦੀ ਬਦਬੂ ਵਿਚ
ਉਨ੍ਹਾਂ ਪੈਰ ਨਹੀਂ ਧਰਿਆ।
ਸੌਣ ਸੁੱਖਾਂ ਦੀ ਨੀਂਦ ਨੇਤਾ
ਯੋਧਾ ਬਾਰਡਰ 'ਤੇ ਲੜਿਆ।
ਬੰਦ ਕਰੋ ਤੁਸੀਂ ਨੇਤਾ ਜੀ
ਨਫਰਤ ਦੀਆਂ ਤਾਕੀਦਾਂ ਨੂੰ...।

ਕਿਸੇ ਦੀ ਵਿਧਵਾ ਪਤਨੀ
ਤੇ ਅਨਾਥ ਹੋਏ ਬੱਚੇ।
ਕਿਸੇ ਦੇ ਮਾਂ-ਪਿਓ ਬੁੱਢੜੇ
ਅਰਥੀ ਮੋਢਿਆਂ 'ਤੇ ਚੁੱਕੇ।
ਪਰਿਵਾਰਾਂ ਨੂੰ ਸਦਾ ਸਲਾਮਾਂ
ਯੋਧੇ ਹਬੀਬਾਂ ਨੂੰ।
ਆਓ ਰਲ ਕੇ ਕਰੀਏ ਸਭ
ਪ੍ਰਣਾਮ ਸ਼ਹੀਦਾਂ ਨੂੰ।

ਖੂਨ ਜਿੱਧਰ ਵੀ ਡੁੱਲ੍ਹੇ
ਉਹ ਡੁੱਲ੍ਹਦਾ ਇਨਸਾਨਾਂ ਦਾ।
'ਸੁਖਵਿੰਦਰ ਬੋਦਲਾਂਵਾਲਿਆ'
ਪਰ ਪਹਿਰਾ ਸ਼ੈਤਾਨਾਂ ਦਾ।
ਬੱਸ ਕਰੋ ਹੁਣ ਬੰਦ ਕਰੋ
ਨਫਰਤ ਦੀਆਂ ਏਹ ਜੀਭਾਂ ਨੂੰ।
ਆਓ ਰਲ ਕੇ ਕਰੀਏ ਸਭ
ਪ੍ਰਣਾਮ ਸ਼ਹੀਦਾਂ ਨੂੰ।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*ਫੋਨ: 360-281-2624*

---

### ਹੜ੍ਹ

ਬੇਵੱਸ ਗਰੀਬ, ਮੁਸਾਫਰ ਤੇਰੇ ਸ਼ਹਿਰ ਵਿਚ।
ਜਾਣ ਕਿਥੇ ਉਹ ਆਖਰ ਤੇਰੇ ਸ਼ਹਿਰ ਵਿਚ?

ਹੀਲੇ, ਵਸੀਲੇ ਸਾਰੇ ਈ ਵਸੋਂ ਬਾਹਰੇ ਹੋਏ
ਵੇਖਿਆ ਫਿਰ ਦਰ ਦਰ ਤੇਰੇ ਸ਼ਹਿਰ ਵਿਚ।

ਮੈਂ ਸਮਝਿਆ ਸਾਂ ਮੇਰੀ ਹੀ ਝੁੱਗੀ ਮੱਚੀ ਏ
ਫਿਰੇ ਨੇ ਲਾਂਬੂ ਘਰ ਘਰ ਤੇਰੇ ਸ਼ਹਿਰ ਵਿਚ।

ਲੋਕਾਂ ਦੀ ਸਰਕਾਰ ਜੇ ਲੋਕਾਂ ਵਾਸਤੇ ਈ ਏ
ਜੀਦੇ ਨੇ ਕਿਉਂ ਡਰ ਡਰ ਤੇਰੇ ਸ਼ਹਿਰ ਵਿਚ।

ਧਰਮਾਂ ਦੀ ਸਖਾਵਤ ਵੰਡਦੀ ਪਿਆਰ ਸਦਾ
ਕੌਣ, ਵੰਡਣ ਪਏ ਜ਼ਹਿਰ ਤੇਰੇ ਸ਼ਹਿਰ ਵਿਚ।

ਨਫਰਤ ਦੀ ਅੱਗ ਬਾਲ ਕੇ ਕੌਣ ਸੇਕ ਰਿਹੈ
ਤੂੰ ਕਿਉਂ ਨਹੀਂ ਬਾਖਬਰ ਤੇਰੇ ਸ਼ਹਿਰ ਵਿਚ।

ਸ਼ੱਕ ਨਹੀਂ ਹੈ ਤੇਰੇ ਹੀ ਅਹਿਲਕਾਰ, ਮੁਸ਼ੀਰ
ਬਚਾ ਰਹੇ ਭੈੜੇ ਅਨਾਸਰ ਤੇਰੇ ਸ਼ਹਿਰ ਵਿਚ।

ਨਾ ਰਾਮਰਾਜ ਕਦੇ ਸੀ, ਨਾ ਹੈ, ਨਾ ਹੋਵੇਗਾ
ਕੌੜਾ ਸੱਚ ਹੈ ਉਜਾਗਰ ਤੇਰੇ ਸ਼ਹਿਰ ਵਿਚ।

ਅਹਿਸਾਸ ਬੇਗਾਨੇਪਨ ਦਾ ਕਿੰਨਾ ਤਲਖ ਹੈ
ਪੁੱਛ ਹੋਏ ਜੋ ਦਰ-ਬਦਰ ਤੇਰੇ ਸ਼ਹਿਰ ਵਿਚ।

ਰੋਕ ਨਹੀਂ ਸੱਕਣਾ ਤੂੰ ਜਦੋਂ ਚੜ੍ਹ ਆਇਆ
ਸੁੱਕੇ ਪੱਤਿਆਂ ਦਾ ਹੜ੍ਹ ਤੇਰੇ ਸ਼ਹਿਰ ਵਿਚ।

*-ਚੰਨ, 908-788-8427*

# ਸੰਗਰਾਮੀ ਲਹਿਰ ਬਨਾਮ ਕਰੋਨਾ ਦਾ ਕਹਿਰ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕਰੋਨਾ ਵਾਇਰਸ ਨੇ ਦੁਨੀਆਂ ਭਰ ਦੇ ਲੋਕਾਂ ਲਈ ਕੀ ਕੀ ਮੁਸੀਬਤਾਂ ਪੈਦਾ ਕੀਤੀਆਂ ਹਨ। ਹਰ ਨਵੇਂ ਦਿਨ ਮਿਲ ਰਹੇ ਅੰਕੜੇ ਬੱਚੇ ਬੱਚੇ ਦੀ ਜ਼ੁਬਾਨ ਉਤੇ ਹਨ। ਪ੍ਰਿੰਟ ਤੇ ਬਿਜਲਈ ਮੀਡੀਆ ਆਪੋ-ਆਪਣੇ ਢੰਗ ਨਾਲ ਜਾਗਰੂਕ ਕਰ ਰਿਹਾ ਹੈ, ਪਰ ਜਿਸ ਤਰ੍ਹਾਂ ਰੈਵੋਲਿਊਸ਼ਨਰੀ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਰਾਜਨੀਤਕ ਰਸਾਲੇ 'ਸੰਗਰਾਮੀ ਲਹਿਰ' ਦੇ ਅਪਰੈਲ-ਜੂਨ ਅੰਤ ਵਿਚ ਮੰਗਤ ਰਾਮ ਪਾਸਲਾ, ਹਰਕੰਵਲ ਸਿੰਘ, ਸਤਨਾਮ ਚਾਨਾ ਤੇ ਸਰਬਜੀਤ ਗਿੱਲ ਨੇ ਇਸ ਮੁੱਦੇ ਬਾਰੇ ਵਧੀਆ ਜਾਣਕਾਰੀ ਤੇ ਲੋੜੀਂਦੀ ਪਹੁੰਚ ਪੇਸ਼ ਕੀਤੀ ਹੈ, ਕਿਸੇ ਵੀ ਹੋਰ ਥਾਂ ਇੱਕ ਮੁੱਠ ਨਹੀਂ ਮਿਲਦੀ। ਆਪਣੇ ਵਲੋਂ ਕੁਝ ਵੀ ਕਹੇ ਬਿਨਾ ਇਨ੍ਹਾਂ ਲੇਖਾਂ ਦੇ ਕੁਝ ਅੰਸ਼ ਤਰਤੀਬ ਦੇ ਕੇ ਪੰਜਾਬੀ ਪਾਠਕਾਂ ਲਈ ਪੇਸ਼ ਕਰਨ ਦੀ ਖੁੱਲ੍ਹ ਲੈਣਾ ਚਾਹੁੰਦਾ ਹਾਂ।

ਕਰੋਨਾ ਵਾਇਰਸ ਕਰਕੇ ਪੈਦਾ ਹੋਈ ਆਲਮੀ ਮਹਾਮਾਰੀ ਨੇ ਅੱਜ ਦੁਨੀਆਂ ਭਰ ਵਿਚ ਭਿਆਨਕ ਦਹਿਸ਼ਤ ਫੈਲਾਈ ਹੋਈ ਹੈ। ਪਿਛਲੇ ਵਰ੍ਹੇ ਦਸੰਬਰ ਮਹੀਨੇ ਦੇ ਆਖਰੀ ਹਫਤੇ ਵਿਚ ਚੀਨ ਦੇ ਸ਼ਹਿਰ ਵੁਹਾਨ 'ਚ ਸ਼ੁਰੂ ਹੋਈ ਕੋਵਿਡ-19 ਨਾਂ ਦੀ ਇਸ ਬਿਮਾਰੀ ਨੇ ਦਿਨਾਂ ਵਿਚ ਹੀ ਲਗਭਗ ਸਮੁੱਚੇ ਸੰਸਾਰ ਨੂੰ ਆਪਣੀ ਮਾਰੂ ਲਪੇਟ 'ਚ ਲੈ ਲਿਆ।

ਇਸ ਮਹਾਮਾਰੀ ਨੇ ਦੁਨੀਆਂ ਦੇ ਸਾਹਮਣੇ ਕੁਝ ਬਹੁਤ ਹੀ ਅਹਿਮ ਤੱਥ ਉਘਾੜ ਕੇ ਪੇਸ਼ ਕਰ ਦਿੱਤੇ ਹਨ। ਸਭ ਤੋਂ ਉਘੜਵਾਂ ਮੁੱਦਾ ਪੂੰਜੀਵਾਦੀ ਰਾਜ ਪ੍ਰਬੰਧ ਦੀ ਕੁਦਰਤੀ ਆਫਤਾਂ ਸਮੇਂ ਜਨ ਸਮੂਹ ਦੀ ਇਨ੍ਹਾਂ ਤੋਂ ਬਚਾਅ ਕਰਨ ਵਿਚ ਅਸਮਰੱਥਾ ਹੈ। ਸਾਮਰਾਜੀ ਅਮਰੀਕਾ ਤੇ ਇਸ ਦੇ ਇਤਿਹਾਦੀ, ਜੋ ਸਾਇੰਸ ਦੀਆਂ ਨਵੀਆਂ ਕਾਢਾਂ ਨਾਲ ਕੁੱਲ ਮਨੁੱਖਤਾ ਨੂੰ ਸੈਂਕੜੇ ਵਾਰ ਮਾਰੂ ਹਥਿਆਰਾਂ ਨਾਲ ਤਬਾਹ ਕਰਨ ਦੀ ਸਮੱਰਥਾ ਰੱਖਦੇ ਹਨ, ਉਹ ਕੁਦਰਤ ਦੀ ਇਸ ਮਹਾਮਾਰੀ ਦੇ ਸਾਹਮਣੇ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਏ ਹਨ। ਲੱਖਾਂ ਲੋਕਾਂ ਦੀਆਂ ਮੌਤਾਂ ਦੇ ਕਰੋਨਾ-ਗ੍ਰਸਤ ਹੋਣ ਨਾਲ ਇਹ ਸਾਰੀਆਂ ਮਹਾਸ਼ਕਤੀਆਂ ਏਨੀਆਂ ਬੌਂਦਲ ਗਈਆਂ ਹਨ ਕਿ ਝੂਠੀ ਤੁਮਹਤਬਾਜ਼ੀ ਅਤੇ ਬਿਮਾਰੀ ਨਾਲ ਨਜਿੱਠਣ ਲਈ ਮੂਰਖਾਨਾ ਤੇ ਬਚਗਾਨਾ ਕਿਸਮ ਦੇ ਇਲਾਜ ਪੇਸ਼ ਕਰਕੇ ਮਖੌਲ ਦੇ ਪਾਤਰ ਬਣ ਰਹੀਆਂ ਹਨ।

ਸਿਹਤ ਸੇਵਾਵਾਂ ਵਿਚ ਲੱਖਾਂ ਡਾਕਟਰਾਂ, ਨਰਸਾਂ ਅਤੇ ਦੂਸਰੇ ਅਮਲੇ ਨੂੰ ਮੁਨਾਫੇ ਦੇ ਲਾਲਚ ਕਾਰਨ ਉਨ੍ਹਾਂ ਦੇ ਬਚਾਅ ਲਈ ਲੋੜੀਂਦਾ ਸਮਾਨ ਵੀ ਨਹੀਂ ਦਿੱਤਾ ਜਾ ਰਿਹਾ, ਜਿਸ ਦੀ ਵਰਤੋਂ ਕਰਕੇ ਉਹ ਮਰੀਜ਼ਾਂ ਦਾ ਇਲਾਜ ਕਰਦੇ ਤੇ ਆਪਣੀ ਜ਼ਿੰਦਗੀ ਬਚਾ ਸਕਦੇ। ਸੰਸਾਰ ਭਰ 'ਚ ਸਿਹਤ ਸੇਵਾਵਾਂ ਨਿਭਾ ਰਹੇ ਅਨੇਕਾਂ ਕਰਮਚਾਰੀਆਂ ਦੀਆਂ ਇਸ ਘਾਟ ਕਾਰਨ ਮੌਤਾਂ ਹੋ ਚੁਕੀਆਂ ਹਨ।

ਪੂੰਜੀਪਤੀ ਜਮਾਤ, ਜਿਸ ਨੇ ਸਦੀਆਂ ਤੋਂ ਕਿਰਤੀ ਲੋਕਾਂ ਦਾ ਖੂਨ ਪੀ ਕੇ ਪੂੰਜੀ ਦੇ ਅੰਬਾਰ ਖੜ੍ਹੇ ਕੀਤੇ, ਸਰਕਾਰੀ ਹੁਕਮਾਂ ਅਨੁਸਾਰ ਕੀਤੇ ਲੌਕਡਾਊਨ ਦੌਰਾਨ ਮਸ਼ੀਨ ਦਾ ਚੱਕਾ ਕੁਝ ਦਿਨਾਂ ਲਈ ਖੜ੍ਹਾ ਹੋ ਜਾਣ 'ਤੇ ਕਿਰਤੀਆਂ ਨੂੰ ਦੋ ਡੰਗ ਦੀ ਰੋਟੀ ਦੇਣ ਤੋਂ ਹੀ ਮੁਨਕਰ ਹੋ ਗਈ ਹੈ। ਜਿਨ੍ਹਾਂ ਅਮੀਰਾਂ ਦੇ ਬੱਚਿਆਂ ਨੂੰ ਪਰਵਾਸੀ ਔਰਤਾਂ ਖਿਡਾਉਂਦੀਆਂ ਨਹੀਂ ਸਨ ਥੱਕਦੀਆਂ, ਉਨ੍ਹਾਂ ਨੂੰ ਕੁੱਛੜ ਚੁੱਕੇ ਭੁੱਖੇ ਪੇਟ ਬੱਚਿਆਂ ਸਮੇਤ ਰੋਂਦੀਆਂ-ਕੁਰਲਾਉਂਦੀਆਂ ਨੂੰ ਧੱਕੇ ਮਾਰ ਕੇ ਘਰਾਂ 'ਚੋਂ ਬਾਹਰ ਕੱਢ ਦਿੱਤਾ ਗਿਆ। ਅੰਤਰਰਾਜੀ ਕਾਮੇ ਆਪਣੇ ਸਿਰਾਂ 'ਤੇ ਪਾਟੇ ਕੱਪੜਿਆਂ ਦੀਆਂ ਗੰਢਾਂ ਤੇ ਕੁੱਛੜਾਂ 'ਚ ਨੰਨ੍ਹੇ ਬੱਚਿਆਂ ਨੂੰ ਚੁੱਕ ਕੇ ਹਜ਼ਾਰਾਂ ਮੀਲ ਦੇ ਸਫਰ 'ਤੇ ਪੈਦਲ ਤੁਰੇ ਜਾ ਰਹੇ ਹਨ।



ਇਸ ਦੇ ਉਲਟ ਲੋਕ ਚੀਨ, ਵੀਅਤਨਾਮ, ਕਿਊਬਾ, ਉਤਰੀ ਕੋਰੀਆ ਆਦਿ ਸਮਾਜਵਾਦੀ ਦੇਸ਼ਾਂ ਨੇ ਕਰੋਨਾ ਮਹਾਮਾਰੀ ਨੂੰ ਜਿਸ ਹੱਦ ਤੱਕ ਰੋਕ ਕੇ ਆਪਣੇ ਲੋਕਾਂ ਪ੍ਰਤੀ ਫਰਜ਼ਾਂ ਦੀ ਪੂਰਤੀ ਕੀਤੀ ਹੈ, ਉਸ ਨੇ ਸਿੱਧ ਕਰ ਦਿੱਤਾ ਹੈ ਕਿ ਬਹੁਤ ਸਾਰੀਆਂ ਘਾਟਾਂ ਤੇ ਮਜ਼ਬੂਰੀਆਂ ਦੇ ਹੁੰਦਿਆਂ ਵੀ ਸਮਾਜਵਾਦੀ ਦੇਸ਼ਾਂ 'ਚ ਮਰੀਜ਼ਾਂ ਦੀ ਗਿਣਤੀ ਵੀ ਘੱਟ ਰਹੀ ਅਤੇ ਉਥੇ ਮੌਤ ਦਰ ਵੀ। ਕਾਰਨ ਇਹ ਕਿ ਉਨ੍ਹਾਂ ਦੇਸ਼ਾਂ ਵਿਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਮੁਨਾਫੇ ਵਾਸਤੇ ਨਹੀਂ, ਸਗੋਂ ਮਨੁੱਖਤਾ ਦੇ ਭਲੇ ਲਈ ਹਨ। ਲੋਕਾਂ ਦੀਆਂ ਸਾਂਝੀਆਂ ਕਮੇਟੀਆਂ ਬਣਾ ਕੇ ਉਨ੍ਹਾਂ ਨੂੰ ਬਿਮਾਰ ਜਾਂ ਸ਼ੱਕੀ ਮਰੀਜ਼ਾਂ ਨੂੰ ਇਕਾਂਤਵਾਸ 'ਚ ਰੱਖਣ ਦਾ ਕੰਮ ਦਿੱਤਾ ਗਿਆ। ਲੋਕਾਂ ਦੀ ਸੁਚੇਤ ਭਾਗੀਦਾਰੀ ਨਾਲ ਬਿਮਾਰੀ ਨੂੰ ਕਾਬੂ 'ਚ ਰੱਖਣ 'ਚ ਮਦਦ ਲਈ ਗਈ।

ਭਾਰਤ ਵਿਚ ਕਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਵਿਕਸਿਤ ਦੇਸ਼ਾਂ ਨਾਲੋਂ ਹਟਵੇਂ ਕਦਮ ਉਠਾਏ ਜਾਣ ਦੀ ਲੋੜ ਸੀ। ਲੌਕਡਾਊਨ ਦਾ ਐਲਾਨ ਕੀਤੇ ਜਾਣ ਤੋਂ ਕਰੀਬ ਦੋ ਮਹੀਨੇ ਪਹਿਲਾਂ ਸੰਸਾਰ ਸਿਹਤ ਸੰਸਥਾ ਵਲੋਂ ਕਰੋਨਾ ਵਾਇਰਸ ਦੀ ਦਸਤਕ ਹੋ ਚੁਕੀ ਸੀ ਅਤੇ ਇਹ ਵੀ ਸਪੱਸ਼ਟ ਸੀ ਕਿ ਇਸ ਦੀ ਕੋਈ ਵੈਕਸੀਨ ਉਪਲਭਧ ਨਹੀਂ ਹੈ। ਦੇਸ਼ ਨੂੰ ਚੌਕੰਨੇ ਕਰਨ ਲਈ ਅਤੇ ਲੌਕਡਾਊਨ ਵਾਸਤੇ ਦੇਸ਼ਵਾਸੀਆਂ ਨੂੰ ਤਿਆਰ ਕਰਨ ਲਈ ਇਹ ਕਾਫੀ ਸਮਾਂ ਸੀ। ਘਰਾਂ ਨੂੰ ਜਾਣ ਵਾਲਿਆਂ ਲਈ ਟਰਾਂਸਪੋਰਟ ਦੇ ਸਾਧਨ ਸਨ ਅਤੇ ਅੰਨ ਦੇ ਭੰਡਾਰ ਸਨ। ਇਸ ਦੀ ਥਾਂ ਕੀਤਾ ਕੀ ਗਿਆ? ਚਿੰਤਾਮਈ ਮਨਾਂ ਵਿਚ ਉਤਸ਼ਾਹ ਭਰਨ ਲਈ ਥਾਲੀਆਂ ਖੜਕਾਉਣਾ ਜਾਂ ਦੀਵੇ, ਮੋਮਬੱਤੀਆਂ ਤੇ ਟਾਰਚਾਂ ਜਗਾ ਕੇ ਬੁੱਤਾ ਸਾਰਨ ਦਾ ਹਾਸੋਹੀਣ ਅਮਲ ਸੀ। ਡਾਕਟਰ ਅਤੇ ਸਹਾਇਕ ਸਟਾਫ ਆਪਣਾ ਜ਼ਰੂਰੀ ਸਮਾਨ ਮੰਗਦੇ ਰਹੇ ਅਤੇ ਮਰੀਜ਼ ਹਸਪਤਾਲਾਂ ਦੇ ਅੰਦਰ ਵਿਲਕਦੇ ਰਹੇ, ਕਿਉਂਕਿ ਸਟਾਫ ਕੋਲ ਆਪਣੀ ਸੁਰੱਖਿਆ ਅਤੇ ਮਰੀਜ਼ਾਂ ਦੀ ਸੰਭਾਲ ਲਈ ਪੂਰਾ ਸਮਾਨ ਹੀ ਨਹੀਂ ਹੁੰਦਾ ਸੀ।

ਇਥੇ ਵੀ ਪੂੰਜੀਵਾਦੀ ਕਲਾ ਅਪਨਾਈ, ਜਿੱਥੇ ਹਰ ਸਮਾਨ ਬਾਜ਼ਾਰੀ ਹੁੰਦਾ ਹੈ। ਚਾਹੇ ਉਹ ਗਿਣਤੀ ਦੇ ਲੋਕ ਹੀ ਹੋਣ, ਉਨ੍ਹਾਂ ਨੇ ਸੰਕਟ ਦੇ ਦੌਰ 'ਚ ਵੀ ਪੈਸੇ ਕਮਾਉਣ 'ਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਖਿਲਾਫ ਕੋਈ ਸਾਰਥਕ ਕਾਰਵਾਈ ਨਹੀਂ ਕੀਤੀ ਗਈ। ਹਾਲੇ ਵੀ ਪਹਿਲਾਂ ਨਾਲੋਂ ਅਜਿਹਾ ਸਮਾਨ ਮਹਿੰਗੇ ਭਾਅ 'ਤੇ ਮਿਲ ਰਿਹਾ ਹੈ।

ਸਿਹਤ ਸਹੂਲਤਾਂ ਕੋਈ ਮੁਨਾਫਾ ਕਮਾਉਣ ਵਾਲਾ ਧੰਦਾ ਨਹੀਂ। ਦੇਸ਼ ਦੇ ਹਾਕਮਾਂ ਨੂੰ ਜੇ ਸਿਹਤ, ਪੜ੍ਹਾਈ, ਰੋਟੀ, ਕੱਪੜਾ ਅਤੇ ਮਕਾਨ ਜਿਹੀਆਂ ਬੁਨਿਆਦੀ ਸਹੂਲਤਾਂ ਨਹੀਂ ਦੇਣੀਆਂ ਤਾਂ ਕੀ ਅਸੀਂ ਆਪਣੇ ਹਾਕਮਾਂ ਨੂੰ ਝੰਡੀ ਵਾਲੀ ਕਾਰ 'ਚ ਝੂਟੇ ਲੈਣ ਅਤੇ ਤਨਖਾਹਾਂ, ਪੈਨਸ਼ਨਾਂ ਲੈਣ ਲਈ ਹੀ ਚੁਣਦੇ ਹਾਂ?

ਸੰਕਟ ਦੀ ਇਸ ਘੜੀ ਬੇਹੱਦ ਪ੍ਰਸ਼ੰਸਾਯੋਗ ਕੰਮ ਸਮਾਜ ਸੇਵੀ ਸੰਸਥਾਵਾਂ, ਖੱਬੇ ਪੱਖੀ ਰਾਜਨੀਤਕ ਦਲਾਂ, ਜਨਤਕ ਜਥੇਬੰਦੀਆਂ ਅਤੇ ਸਿਹਤ ਕਾਮਿਆਂ ਨੇ ਕੀਤਾ। ਉਨ੍ਹਾਂ ਨੇ ਕਰੋਨਾ ਵਾਇਰਸ ਦੇ ਡਰ ਨੂੰ ਛਿੱਕੇ ਟੰਗ ਕੇ ਭੁੱਖਿਆਂ, ਪਿਆਸਿਆਂ ਅਤੇ ਰੋਗੀਆਂ ਦੀ ਅਣਥੱਕ ਸੇਵਾ ਕੀਤੀ; ਜਿਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਕਿ ਕਰੋਨਾ ਨਾਲ ਲੜਨ ਲਈ ਲੋਕ ਆਪਣੇ-ਆਪ ਕਿਤੇ ਚੰਗਾ ਇੰਤਜ਼ਾਮ ਕਰਨ ਦੇ ਸਮੱਰਥ ਹਨ।

**ਅੰਤਿਕਾ: ਆਤਮਾ ਰਾਮ ਰੰਜਨ**

ਚੰਗਾ ਘਟ ਤੇ ਮੰਦਾ ਬਹੁਤਾ
ਕਰਦੇ ਦੇਸ਼ ਦੇ ਰਹਿਬਰ,
ਕਿਰਤੀ ਖਾਤਰ ਬੰਦ ਖਜਾਨੇ
ਦਿਲ ਦੇ ਨਾ ਸਚਿਆਰੇ।
ਦਿਲ ਵਿਚ ਸਾਂਭੀ ਬੈਠੇ ਹਨ
ਉਹ ਧੁੱਖਦੀ ਅਗਨ ਬਥੇਰੀ,
ਠੋਕਰ ਖਾਂਦੇ, ਚੀਸਾਂ ਸਹਿੰਦੇ
ਭਟਕਣ ਕਰਮਾਂ ਮਾਰੇ।
ਮੰਜ਼ਿਲ ਤੀਕਣ ਪਹੁੰਚਣਗੇ ਕੁਝ
ਗਿਣ ਮੀਲਾਂ ਦੇ ਪੱਥਰ,
ਥੱਕੇ ਹਾਰੇ ਕਈਆਂ 'ਰੰਜਨ'
ਹੋਣਾ ਰੱਬ ਨੂੰ ਪਿਆਰੇ।

## ਕਾਵਿ-ਜਗਤ

# ਸਰਦਲਾਂ ਖਾਮੋਸ਼ ਨੇ...

ਆਦਮੀ ਨੂੰ ਲੱਗਿਆ
ਇਹ ਆਦਮੀ ਦਾ ਰੋਗ ਕੀ,
ਪਤਾ ਹੀ ਨਹੀਂ ਲੱਗ ਰਿਹਾ
ਕਿ ਸ਼ਹਿਰ ਕੀ, ਵੀਰਾਨ ਕੀ?

ਪਤਾ ਹੀ ਨਹੀਂ ਲੱਗ ਰਿਹਾ
ਅਜ਼ਾਬ ਕੀ ਤੇ ਖਾਬ ਕੀ?
ਕਜ਼ਾ ਹਵਾ 'ਚ ਲਿਖ ਰਹੀ ਏ
ਕਿਸ ਦਾ ਹੁਣ ਹਿਸਾਬ ਕੀ?

ਫਾਸਲੇ ਅੱਗੇ ਬੜੇ
ਹੁਣ ਬਾਹੁਕਮ ਹੋਏ ਤਾਂ ਕੀ,
ਓਹ ਜੋ, ਮਿਲ ਕੇ ਨਾ ਮਿਲੇ
ਓਹ, ਨਾ ਮਿਲੇ, ਮਿਲੇ ਤਾਂ ਕੀ?

ਮੁਖੜੇ ਫਿਰ ਰੂਪੋਸ਼ ਤੇ
ਨਗਨ ਹੈ ਇਨਸਾਨ ਫਿਰ,
ਸੱਭਿਅਤਾ ਦਾ ਕਾਫਲਾ ਜੇ
ਰੁਕ ਗਿਆ ਚੱਲੇਗਾ ਕੀ?

ਸਰਦਲਾਂ ਖਾਮੋਸ਼ ਨੇ
ਖਾਮੋਸ਼ ਹੋਈਆਂ ਮਹਿਫਿਲਾਂ,
ਚੁੱਪ ਹੋਇਆ ਆਦਮੀ
ਖੁਦਾ ਹੁਣ ਕਹੇਗਾ ਕੀ?

ਟਹਿਕਦੇ ਨੇ ਫੁੱਲ ਬੜੇ
ਡਾਲੀਆਂ 'ਤੇ ਡਰੇ ਡਰੇ
ਤੋੜ ਹੀ ਨਾ ਲਏ ਮਾਲੀ
ਸੋਚਦਾ ਪਿਆ ਏ ਕੀ?

ਅਸਮਾਨ ਨੀਲਾ ਵੇਖ ਕੇ
ਪੰਛੀ ਨੇ ਪਏ ਆਖਦੇ,
ਉਡਦਾ ਸੀ, ਉਪਰ ਬੜਾ
ਬੰਦੇ ਨੂੰ ਆਖਰ ਹੋਇਆ ਕੀ?

ਇੱਕ-ਦੂਜੇ ਤੋਂ ਡਰੇ ਡਰੇ
ਹੱਥ ਛਡਾ ਕੇ ਪਰ੍ਹੇ ਪਰ੍ਹੇ,
ਬੰਦਾ ਸੋਚੇ ਹੋਰ ਈ ਕੁਝ ਤੇ
ਏਥੇ ਵੇਖੋ ਹੋਇਆ ਕੀ?

ਦਰਾਂ 'ਚ ਦੀਵੇ ਬਲ ਰਹੇ
ਤੇ ਸਿਵਿਆਂ ਦੇ ਵਿਚ ਦਿਲ,
ਕੀ ਹੋਇਆ ਇਸ ਨਗਰੀ ਨੂੰ
ਤੈਨੂੰ, ਮੈਨੂੰ ਹੋਇਆ ਕੀ?

ਪੱਤਿਆਂ ਦੇ ਖੜਕ ਨਾਲ
ਤਿੜਕ ਜਾਂਦੇ ਦਿਲ ਜਦੋਂ,
ਇਸ ਤੁਫਾਨ 'ਚ ਵੇਖੀਏ
ਕੀ ਟੁੱਟਿਆ, ਹੁਣ ਜੁੜਦਾ ਕੀ?

ਚਿਹਰੇ ਛਿਪੇ ਚਿਹਰਿਆਂ ਪਿੱਛੇ
ਕਾਬੇ ਅਤੇ ਦੇਹਰਿਆਂ ਪਿੱਛੇ,
ਲੁਕਿਆ ਲੁਕਿਆ ਚਾਰ ਚੁਫੇਰਾ
ਲੁਕ ਕੇ ਵੀ ਫਿਰ, ਲੁਕਿਆ ਕੀ?

ਕਰੂੰਬਲਾਂ ਫੁੱਟੀਆਂ ਬਾਗ ਖਿੜੇ
ਧਰਤੀ ਘੁੰਮੇ ਚੰਨ ਗਿੜੇ,
ਠਹਿਰ ਗਿਆ ਇਨਸਾਨ ਇਕੱਲਾ
ਕੁਦਰਤ ਅੰਦਰ ਰੁਕਿਆ ਕੀ?

ਚਿਹਰੇ ਛਿਪੇ ਚਿਹਰਿਆਂ ਪਿੱਛੇ
ਕਾਬੇ ਅਤੇ ਦੇਹਰਿਆਂ ਪਿੱਛੇ,
ਲੁਕਿਆ ਲੁਕਿਆ ਫਿਰੇ ਜ਼ਮਾਨਾ
ਲੁਕ ਕੇ ਵੀ ਫਿਰ, ਲੁਕਿਆ ਕੀ?

ਚਿੜੀਆਂ ਚਹਿਕਣ, ਜੰਗਲ ਬੋਲੇ
ਰੁੱਖਾਂ, ਰੋਹੀਆਂ ਦੁਖੜੇ ਫੋਲੇ,
ਘੱਟਾ, ਧੂੰਆਂ, ਰੌਲਾ-ਰੱਪਾ
ਮੁੱਕਿਆ ਹੈ ਕਿ ਸੁਫਨਾ ਕੀ?

ਏਨੀ ਚੁੱਪ-ਚਾਂ ਏਂ, ਕੋਈ
ਘਟਨਾ ਘਟ ਗਈ ਏ ਕੀ?
ਜੰਗਲ ਦਸਤਕ ਦੇਂਦਾ ਬੂਹੇ
ਘਰ ਅੰਦਰ ਕੋਈ ਹੈ ਏ ਕੀ?

ਫੁੱਲ ਬਣ ਕੇ ਉਗ ਆਵੇਗੀ
ਕੁਦਰਤ ਦੀ ਰੀਝ ਸੁੱਚੀ,
ਇਸ ਪਲ ਨਾ ਸੰਭਲਿਆ ਬੰਦੇ
ਫਿਰ ਸਾਲ ਤੇ ਸਦੀਆਂ ਕੀ?

ਵਿਹਲ ਮਿਲੀ ਪਰ ਸ਼ਰਤ ਹੈ
ਕਿ ਮਿਲਣਾ ਨਹੀਂ ਏ ਕਿਸੇ ਨੂੰ,
ਫੁਰਸਤ ਦੀ ਆਰਜ਼ੂ ਬੜੀ ਸੀ
ਫੁਰਸਤ ਦਾ ਆਖਰ ਕਰੀਏ ਕੀ?

ਬੋਤਲ 'ਚ ਸ਼ਾਮ ਡੋਬਣ ਵਾਲੇ
ਆਪਣੇ ਆਪ 'ਚ ਡੁੱਬ ਗਏ,
ਖਾਲੀ ਬੋਤਲ ਵੇਖ ਕੇ ਸੋਚਦੇ
ਪੀਣ-ਪਿਆਉਣ 'ਚ ਰੱਖਿਆ ਕੀ?

ਇਹ ਸਜ਼ਾ ਹੈ ਕਿ ਰਜ਼ਾ ਹੈ
ਕਿ ਦੂਰੀ ਦਵਾ ਹੋਈ ਕੀ?
ਗੁੰਮ ਸੁੰਮ ਸ਼ਹਿਰ ਹੋ ਗਿਆ
ਕੀ ਹੋਇਆ? ਗੱਲ ਹੋਈ ਕੀ?

ਆਦਮੀ ਨੂੰ ਵੇਖ ਕੇ
ਮੁੜ ਜਾਂਦੇ ਨੇ ਆਦਮੀ,
ਆਦਮੀ ਦੇ ਸੰਗ ਫਿਰ
ਆਦਮੀ ਤੁਰੇਗਾ ਕੀ?

ਅੱਗੇ ਜਾਣਾ ਮਨ੍ਹਾਂ ਹੈ
ਹਰ ਮੋੜ 'ਤੇ ਲਿਖਿਆ ਹੋਇਆ,
ਇਸ ਬਹਾਨੇ ਆਦਮੀ
ਖੁਦ ਨੂੰ ਹੁਣ ਮਿਲੇਗਾ ਕੀ?

ਕੋਹਰਾਮ ਹੈ ਮਚਿਆ ਹੋਇਆ
ਕਿ ਆਦਮੀ ਅੰਕੜਾ ਹੋਇਆ,
ਸਮਿਆਂ ਦੀ ਨੀਝ ਇਸ ਦਫਾ
ਬੰਦੇ 'ਤੇ ਟਿਕ ਗਈ ਏ ਕੀ?

ਏਦਾਂ ਦਾ ਕੁਝ ਤੱਕਿਆ ਨਾ
ਏਦਾਂ ਦਾ ਕੁਝ ਸੁਣਿਆ ਨਾ,
ਮੋਢੇ ਚਾਰ ਨਾ ਮਿਲ ਸਕੇ
ਅਰਥੀ ਦਾ ਹੁਣ ਕਰੀਏ ਕੀ?

ਵਿਹੰਦਿਆਂ ਹੀ ਵਿਹੰਦਿਆਂ
ਦੇਸ਼ ਮਕਤਲ ਬਣ ਗਿਆ,
ਮਹਿੰਗਾ ਅਰਥਚਾਰਾ ਜੇ
ਜ਼ਿੰਦਗੀ ਸਸਤੀ ਏ ਕੀ?

ਇੱਕ ਦੌੜ ਸੀ ਲੱਗੀ ਹੋਈ
ਅੰਤ ਤੋਂ ਅਨੰਤ ਤੀਕ,
ਰਸਤੇ ਪੁੱਛਣ ਰਸਤਿਆਂ ਨੂੰ
ਦੌੜ ਦਾ ਬਣਿਆ ਏ ਕੀ?

ਇਹ ਮਰਜ਼ ਕੈਸਾ ਉਪਜਿਆ
ਖਬਰੇ ਹੁਣ ਰਜ਼ਾ ਏ ਕੀ!
ਦੁਆ ਹੀ ਦਵਾ ਏ?
ਕਿ ਹੋਰ ਕੋਈ ਦਵਾ ਏ ਕੀ?

ਪਰਵਾਸੀ ਇਸ ਮਜ਼ਦੂਰ ਲਈ
ਪੂਰੇ ਹੀ ਮਜਬੂਰ ਲਈ,
ਸਭ ਕੁਝ ਇੱਕੋ ਹੋ ਗਿਆ
ਭੁੱਖ, ਬਿਮਾਰੀ, ਮੌਤ ਕੀ?

ਮੈਂ ਸੁਣਿਆ ਸਭ ਸਮੇਟ ਕੇ
ਬਚਿਆ ਖੂਨ ਵੀ ਵੇਚ ਕੇ,
ਇੱਕ ਤੁਰਿਆ ਜੰਗਲ ਪਿਆਸ ਦਾ
ਅੱਜ ਮਾਰੂਥਲ ਦੇ ਵੱਲ ਕੀ?

ਇਹ ਕਿਸ ਤਰ੍ਹਾਂ ਦਾ ਸਫਰ ਹੈ
ਅੱਜ ਜਨਮਿਆ, ਅੱਜ ਹਸ਼ਰ ਹੈ,
ਇਹ ਸੜਕ ਤਪੀ ਕਿ ਲੋਰੀ ਹੈ?
ਇਹ ਭੁੱਖ ਮਚੀ ਕਿ ਗੁੜ੍ਹਤੀ ਕੀ?

ਇਹ ਕਿਸ ਤਰ੍ਹਾਂ ਦਾ ਸਫਰ ਹੈ
ਅੱਜ ਜਨਮਿਆ, ਅੱਜ ਹਸ਼ਰ ਹੈ,
ਕੀ ਸੜਕ ਤਪੀ ਹੀ ਲੋਰੀ ਹੈ?
ਇਹ ਭੁੱਖ ਮਚੀ ਹੀ ਗੁੜਤੀ ਕੀ?

ਇਹ ਕਿਸ ਤਰ੍ਹਾਂ ਦਾ ਸਫਰ ਹੈ
ਅੱਜ ਜਨਮਿਆ, ਅੱਜ ਹਸ਼ਰ ਹੈ,
ਅੱਜ ਸੜਕ ਤਪੀ ਦੀ ਲੋਰੀ ਹੈ
ਅੱਜ ਭੁੱਖ ਮਚੀ ਦੀ ਗੁੜ੍ਹਤੀ ਕੀ?

ਪਿਆਸ ਦੀ ਇਹ ਨਾਗਣੀ ਦਾ
ਜੀਅ ਵੀ ਭਰੇਗਾ ਕੀ?
ਭੁੱਖ ਦੀਆਂ ਵਰਮੀਆਂ ਦਾ
ਆਦਮੀ ਕਰੇਗਾ ਕੀ?

ਪਾਣੀ ਮੁੱਲ ਵਿਕਦਾ ਏ
ਪਿਆਸ ਨੂੰ ਇਹ ਖਬਰ ਕੀ!
ਪੈਰਾਂ ਦੀਆਂ ਝਾਂਜਰਾਂ ਨੂੰ
ਛਾਲਿਆਂ ਦਾ ਪਤਾ ਕੀ?

ਇਹ ਜ਼ਿੰਦਗੀ ਦਾ ਕਾਫਲਾ
ਬੜਾ ਈ ਮੂੰਹ ਜ਼ੋਰ ਹੈ,
ਨਾ ਤੋਰਿਆਂ ਤੁਰਿਆ ਕਦੀ
ਇਹ ਰੋਕਿਆਂ ਰੁਕਿਆ ਏ ਕੀ!

ਚਿਹਰੇ 'ਤੇ ਮੁਸਕਾਨ ਰਹੇ
ਜਾਨ ਰਹੇ ਕਿ ਨਾ ਰਹੇ,
ਹੋਰ ਉਦਾਸੀ ਛੱਡ ਹੰਢਾਉਣੀ
ਏਥੋਂ ਕਿਸੇ ਨੇ ਖੱਟਿਆ ਕੀ?

ਫੁੱਲ ਬਣ ਕੇ ਉਗ ਆਵੇਗੀ
ਬਦੀਆਂ ਤੇ ਫਿਰ ਕੁਦਰਤ,
ਇਸ ਪਲ ਨਾ ਸੰਭਲਿਆ ਬੰਦੇ
ਫਿਰ ਸਾਲ ਤੇ ਸਦੀਆਂ ਕੀ?

ਕਿਸ ਮੋੜ 'ਤੇ ਸੂਰਜ ਡੁੱਬਣਾ
ਇਸ ਸ਼ਾਮ ਦਾ ਇਤਬਾਰ ਕੀ?
ਹਰ ਦਿਲ 'ਚ ਦੀਪ ਹਜ਼ਾਰਾਂ
ਹਵਾ ਤੇ ਇਖਤਿਆਰ ਕੀ!

ਗੁੱਡੇ ਗੁੱਡੀਆਂ ਵਾਂਗੂੰ ਰੁਲ ਗਏ
ਹੱਡ ਮਾਸ ਦੇ ਬੁੱਤ ਬੜੇ,
ਅਰਸ਼ਾਂ ਵੱਲੋਂ ਕੋਈ ਮਸੀਹਾ
ਧਰਤੀ ਵੱਲ ਨੂੰ ਤੁਰਿਆ ਕੀ?

ਹਸਤੀ ਹੀ ਜਦ ਮਿਟ ਗਈ
ਤਸਵੀਰਾਂ ਵਿਚੋਂ ਮਿਲਣਾ ਕੀ?
ਉਮਰ ਭਰ ਨਾ ਲੀਕ ਮਿਟੀ
ਆਪਣਾ ਕੌਣ? ਪਰਾਇਆ ਕੀ?

ਪੁਲਾਂ ਦੀ ਟਿਕਟਿਕੀ ਨੂੰ ਵੇਖ
ਵਗਦੇ ਪਾਣੀ ਬੋਲ ਪਏ,
ਲੋਕੀਂ ਬੈਠੇ ਘਰੋ ਘਰੀਂ
ਨਾਲ ਅਸਾਡੇ ਤੁਰੇਂਗਾ ਕੀ?

ਪੱਤਿਆਂ ਦੇ ਖੜਕ ਨਾਲ
ਤਿੜਕ ਜਾਂਦੇ ਦਿਲ ਜਦੋਂ
ਇਸ ਸ਼ੀਸ਼ੇ ਨੂੰ ਤੋੜਨ ਲਈ
ਪੱਥਰਾਂ ਦੀ ਲੋੜ ਕੀ?

ਕਿੰਨਾ ਹੀ ਡੂੰਘਾ ਉਤਰ ਗਏ
ਚਮੜੀ ਤੋਂ ਦਿਲ ਦੇ ਰੰਗ ਤੀਕ,
ਇਹ ਰੇਖਾ ਕਿੱਥੇ ਵੱਖ ਹੋਈ?
ਆਪਣਾ ਕੌਣ? ਪਰਾਇਆ ਕੀ?

ਇਸ ਜੰਗ 'ਚ ਹੱਦਾਂ
ਨਾ ਕੋਈ ਸਰਹੱਦਾਂ,
ਇਹ ਤਾਂ ਬੰਦੇ ਦੀਆਂ ਲੀਕਾਂ
ਇਨ੍ਹਾਂ ਲੀਕਾਂ ਦਾ ਕੀ?

ਚੁੱਲ੍ਹਿਆਂ ਉਪਰ ਪੱਕਦੀਆਂ
ਰਹਿਣ ਇਵੇਂ ਹੀ ਰੋਟੀਆਂ,
ਆਟੇ ਦੀਆਂ ਚਿੜੀਆਂ ਨੇ
ਉਡ ਕੇ ਵੀ ਜਾਣਾ ਕੀ!

ਕਿਸ ਮੋੜ 'ਤੇ ਸੂਰਜ ਡੁੱਬਣਾ
ਇਸ ਸ਼ਾਮ ਦਾ ਇਤਬਾਰ ਕੀ?
ਸੁਫਨਿਆਂ ਦੇ ਦੀਪ ਹਜ਼ਾਰਾਂ
ਹਵਾ ਤੇ ਇਖਤਿਆਰ ਕੀ?

ਮਰਦਾਨੇ ਦੀ ਰਬਾਬ ਸਿਖਾਵੇ
ਖਿਦਰਾਣੇ ਦੀ ਢਾਬ ਸਿਖਾਵੇ,
ਆਪਾ ਧਾਪੀ ਪੈਂਦੀ ਏ ਫਿਰ
ਦਿਸਦਾ ਏ ਕਿ ਸਿੱਖਿਆ ਕੀ?

ਸੱਤ ਰੰਗਾਂ ਦੀ ਪੀਂਘ ਜਿਹਾ
ਸ਼ਾਲਾ! ਵਿਸ਼ਵ ਅਬਾਦ ਰਹੇ,
ਸਾਂਭੋ ਚੀਨ, ਇਟਲੀ, ਅਮਰੀਕਾ
ਹਿੰਦ ਸਾਂਭ ਕੇ ਰੱਖਿਆ ਕੀ?

ਪਤਾ ਹੀ ਨਹੀਂ ਲੱਗ ਰਿਹਾ
ਕਿ ਸ਼ਹਿਰ ਕੀ, ਵੀਰਾਨ ਕੀ?
ਆਦਮੀ ਨੂੰ ਲੱਗਿਆ
ਇਹ ਆਦਮੀ ਦਾ ਰੋਗ ਕੀ

*-ਬਿਕਰਮ ਸੋਹੀ*
*ਫੋਨ: 443-760-1098*

---

*ਅਜ਼ਾਬ-ਸੰਤਾਪ; ਕਜ਼ਾ-ਮੌਤ; ਬਾਹੁਕਮ-ਹੁਕਮ ਦੇ ਨਾਲ; ਸਰਦਲਾਂ-ਘਰ ਦੀ ਦਹਿਲੀਜ਼; ਮਕਤਲ-ਕਤਲਗਾਹ; ਹਸ਼ਰ-ਕਯਾਮਤ; ਵਰਮੀ-ਸੱਪ ਦੀ ਖੁੱਡ।*

# ਅੱਠ ਜੁਲਾਈ 1962 ਦਾ ਉਹ ਦਿਨ

ਪ੍ਰਿੰ. ਸਰਵਣ ਸਿੰਘ

8 ਜੁਲਾਈ 1962, ਮੇਰਾ 22ਵਾਂ ਜਨਮ ਦਿਨ। ਉਸ ਦਿਨ ਜੇ ਸਾਈਕਲ ਪੰਚਰ ਨਾ ਹੁੰਦਾ, ਜੇ ਬੱਸ ਨਾ ਖੁਭਦੀ ਤਾਂ ਮੈਂ ਲੈਕਚਰਰ ਲੱਗਣ ਦੀ ਥਾਂ ਠਾਣੇਦਾਰ ਲੱਗਦਾ। ਹੁਣ ਪ੍ਰਿੰਸੀਪਲ ਬਣ ਕੇ ਰਿਟਾਇਰ ਹੋਇਆਂ, ਫਿਰ ਹੋ ਸਕਦੈ ਐਸ. ਪੀ. ਬਣ ਕੇ ਰਿਟਾਇਰ ਹੁੰਦਾ। ਮੇਰੇ ਕੈਰੀਅਰ ਵਿਚ ਅਚਾਨਕ ਮੋੜ ਆਏ। ਫੌਜ 'ਚ ਭਰਤੀ ਹੁੰਦਾ ਮੈਂ ਪਟਿਆਲੇ ਤੋਂ ਐਮ. ਏ. ਕਰਨ ਚੱਲ ਪਿਆ ਸਾਂ, ਪਰ ਪਟਿਆਲੇ ਜਾਂਦਾ ਮੁਕਤਸਰ ਬੀ. ਐਡ ਕਰਨ ਰੁਕ ਗਿਆ। ਬੀ. ਐਡ ਕਰ ਕੇ ਬਾਕਾਇਦਾ ਖੇਡਣ ਲਈ ਮੈਨੂੰ ਕਿਸੇ ਕਾਲਜ ਵਿਚ ਦਾਖਲ ਹੋ ਕੇ ਐਮ. ਏ. ਕਰਨੀ ਪੈਣੀ ਸੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਡੀ. ਪੀ. ਈ. ਨੇ ਕਿਹਾ, "ਤੂੰ ਸਾਡੇ ਕਾਲਜ ਆ ਜਾ, ਤੇਰੀ ਫੀਸ ਤੇ ਹੋਸਟਲ ਦਾ ਖਰਚਾ ਮੁਆਫ ਹੋਵੇਗਾ।"

ਮੇਰਾ ਭਰਾ ਸਾਈਕਲ 'ਤੇ ਮੈਨੂੰ ਬੱਧਨੀਓਂ ਬੱਸ ਚੜ੍ਹਾਉਣ ਚੱਲ ਪਿਆ। ਮੈਂ ਮੋਗੇ ਤੋਂ ਅੰਮ੍ਰਿਤਸਰ ਦੀ ਬੱਸ ਫੜਨੀ ਸੀ। ਰਾਹ 'ਚ ਸਾਈਕਲ ਪੰਚਰ ਹੋ ਗਿਆ। ਮੈਂ ਤਿੰਨ ਮੀਲ ਤੁਰ ਕੇ ਬੱਧਨੀ ਤੋਂ ਬੱਸ ਚੜ੍ਹਿਆ। ਬਾਰਸ਼ ਕਰਕੇ ਬੱਸ ਰਾਹ 'ਚ ਖੁੱਭਗੀ। ਸਵਾਰੀਆਂ ਨੇ ਬਥੇਰੇ ਧੱਕੇ ਲਾਏ, ਪਰ ਉਹ ਹੋਰ ਖੁੱਭਦੀ ਗਈ। ਉਦੋਂ ਉਸ ਰੂਟ ਉਤੇ ਦੋ ਘੰਟਿਆਂ ਪਿਛੋਂ ਬੱਸ ਚਲਦੀ ਸੀ। ਜਦੋਂ ਬੱਸ ਮੋਗੇ ਪੁੱਜੀ ਤਾਂ ਅੰਮ੍ਰਿਤਸਰ ਜਾਣ ਵਾਲੀ ਆਖਰੀ ਬੱਸ ਨਿਕਲ ਚੁਕੀ ਸੀ। ਮੈਨੂੰ ਰਾਤ ਕੱਟਣ ਦਾ ਫਿਕਰ ਪੈ ਗਿਆ।

ਖੜ੍ਹੇ-ਖੜ੍ਹੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਥਾਂ ਖਾਲਸਾ ਕਾਲਜ ਦਿੱਲੀ ਜਾਣ ਦਾ ਖਿਆਲ ਆ ਗਿਆ। ਉਦੋਂ ਤਕ ਮੈਂ ਦਿੱਲੀ ਨਹੀਂ ਸੀ ਦੇਖੀ। ਸੋਚਣ ਲੱਗਾ, "ਮਨਾਂ ਜੇ ਅੱਜ ਦਿੱਲੀ ਨੂੰ ਗੱਡੀ ਚੜ੍ਹ ਚੱਲਾਂ ਤਾਂ ਰਾਤ ਵੀ ਕੱਟੀ ਜਾਵੇਗੀ ਤੇ ਰਾਜਧਾਨੀ ਵੀ ਵੇਖੀ ਜਾਵੇਗੀ।"

ਦੁਚਿੱਤੀ 'ਚ ਮੈਂ ਇਕ ਬੰਦੇ ਤੋਂ ਪੁੱਛ ਲਿਆ, "ਬਾਈ ਜੀ, ਦਿੱਲੀ ਜਾਣ ਨੂੰ ਗੱਡੀ ਕੋਟਕਪੂਰੇ ਤੋਂ ਫੜਨੀ ਠੀਕ ਰਹੂ ਜਾਂ ਲੁਧਿਆਣੇ ਤੋਂ?" ਉਹਦੇ ਚੀਰਾ ਬੱਧਾ ਹੋਇਆ, ਚਾਦਰਾ ਲਾਇਆ ਹੋਇਆ, ਮੋਢੇ ਪਰਨਾ ਤੇ ਪੈਰੀਂ ਗੁਰਗਾਬੀ ਪਾਈ ਹੋਈ ਸੀ। ਉਹ ਪੁੱਛਣ ਲੱਗਾ, "ਤੈਂ ਦਿੱਲੀ ਜਾਣੈ?" ਮੇਰੇ 'ਹਾਂ' ਕਹਿਣ 'ਤੇ ਉਸ ਨੇ ਦੂਜਾ ਸੁਆਲ ਪੁੱਛਿਆ, "ਕਿੰਨੇ ਜਣੇ ਓਂ?" ਮੈ ਆਖਿਆ, "ਮੈਂ 'ਕੱਲਾ ਈ ਆਂ।" ਉਹ ਕਹਿਣ ਲੱਗਾ, "ਜੇ 'ਕੱਲਾ ਈ ਐਂ, ਫੇਰ ਸਾਡੇ ਟਰੱਕ 'ਤੇ ਈ ਚੜ੍ਹਿਆ ਚੱਲ। ਨਾਲੇ ਤੇਰਾ ਕਿਰਾਇਆ ਬਚ-ਜੂ।"

ਉਹਦੇ ਟਰੱਕ ਦਾ ਨੰਬਰ ਪੀ. ਐਨ. ਐਫ. 5555 ਸੀ, ਜੋ ਚਾਰੇ ਪਾਂਜੇ ਹੋਣ ਕਰਕੇ ਮੈਨੂੰ ਅੱਜ ਵੀ ਯਾਦ ਹੈ। ਸਾਈਕਲ ਪੰਚਰ ਹੋਣਾ, ਬੱਸ ਖੁੱਭਣੀ ਤੇ ਟਰੱਕ ਡਰਾਈਵਰ ਦਾ ਮਿਲਣਾ ਢੋਅ ਮੇਲ ਸਨ। ਅੰਮ੍ਰਿਤਸਰ ਵਾਲੀ ਬੱਸ ਮਿਲ ਜਾਂਦੀ ਤਾਂ ਮੈਂ ਕਦੋਂ ਦਾ ਹਰੀਕੇ ਪੱਤਣ ਲੰਘਿਆ ਹੋਣਾ ਸੀ ਤੇ ਅਗਲੇ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਇਆ ਹੋਣਾ ਸੀ।

ਮੈਂ ਟਰੱਕ 'ਤੇ ਚੜ੍ਹ ਗਿਆ। ਡਰਾਈਵਰ ਤੇ ਕਲੀਨਰ ਨੇ ਲੁਧਿਆਣਾ ਲੰਘ ਕੇ ਇਕ ਢਾਬੇ 'ਤੇ ਰੋਟੀ ਖਾਧੀ ਤੇ ਮੈਨੂੰ ਵੀ ਖੁਆਈ। ਮੈਨੂੰ ਰੋਟੀ ਦੇ ਪੈਸੇ ਵੀ ਨਾ ਦੇਣ ਦਿੱਤੇ। ਤੁਰਨ ਲੱਗੇ ਤਾਂ ਡਰਾਈਵਰ ਨੇ ਕਿਹਾ, "ਨੀਂਦ ਆਉਂਦੀ ਐ ਤਾਂ ਟਰੱਕ ਦੇ ਉਪਰ ਚੜ੍ਹ ਕੇ ਸੌਂ ਜਾ। ਪੈਸੇ ਪੈਂਟ ਦੀ




ਪਿਛਲੀ ਜੇਬ 'ਚ ਪਾ ਲੀਂ। ਜਿਹੜਾ ਕੁਛ ਕਮੀਜ਼ ਦੀ ਜੇਬ 'ਚ ਹੋਵੇ ਹਵਾ ਨਾਲ ਉਡ ਜਾਂਦੈ।"

ਦਿੱਲੀ ਕੋਲ ਡਰਾਈਵਰ ਨੇ ਮੈਨੂੰ ਹੇਠਾਂ ਉਤਰਨ ਨੂੰ ਕਿਹਾ ਤੇ ਪੁੱਛਿਆ, "ਦਿੱਲੀ 'ਚ ਜਾਣਾ ਕਿਥੇ ਐ?" ਮੈਂ ਖਾਲਸਾ ਕਾਲਜ ਦਾ ਨਾਂ ਲਿਆ ਤਾਂ ਉਹ ਕਹਿਣ ਲੱਗਾ, "ਦਿੱਲੀ ਬਹੁਤ ਵੱਡੀ ਐ। ਮੈਨੂੰ ਖਾਲਸਾ ਕਾਲਜ ਦਾ ਪਤਾ ਨ੍ਹੀਂ ਕਿਥੇ ਐ? ਦੱਸ ਸਟੇਸ਼ਨ ਕੋਲ ਉਤਰਨੈ ਜਾਂ ਬੱਸ ਅੱਡੇ ਕੋਲ?"

ਉਹ ਮੈਨੂੰ ਸਟੇਸ਼ਨ ਮੂਹਰੇ ਉਤਾਰ ਕੇ ਜਾਂਦਾ ਹੋਇਆ ਦਿੱਲੀ ਦੇ ਜੇਬ ਕਤਰਿਆਂ ਤੋਂ ਖਬਰਦਾਰ ਕਰ ਗਿਆ। ਮੈਂ ਸਸਤੇ ਹੋਟਲ 'ਚ ਨਹਾਤਾ-ਧੋਤਾ ਤੇ ਖਾਲਸਾ ਕਾਲਜ ਬਾਰੇ ਪੁੱਛਿਆ। ਉਨ੍ਹਾਂ ਮੈਨੂੰ ਗੁਰਦੁਆਰਾ ਸੀਸ ਗੰਜ ਵੱਲ ਤੋਰ ਦਿੱਤਾ, ਅਖੇ ਉਥੋਂ ਪਤਾ ਲੱਗੂ। ਮੈਂ ਸੀਸ ਗੰਜ ਮੱਥਾ ਟੇਕਿਆ ਤੇ ਬਾਹਰ ਇਕ ਨਿਹੰਗ ਸਿੰਘ ਤੋਂ ਖਾਲਸਾ ਕਾਲਜ ਬਾਰੇ ਪੁੱਛਿਆ। ਉਹ ਪੁੱਛਣ ਲੱਗਾ, "ਤੂੰ ਖਾਲਸਾ ਕਾਲਜ ਕੀ ਕਰਨ ਜਾਣੈਂ?" ਮੈਂ ਆਖਿਆ, "ਦਾਖਲ ਹੋਣੈ।" ਉਹ ਕਹਿਣ ਲੱਗਾ, "ਕੜਾ ਤਾਂ ਤੇਰੇ ਪਾਇਆ ਨ੍ਹੀਂ, ਤੈਨੂੰ ਦਾਖਲ ਕਿਹੜਾ ਕਰ ਲੂ?" ਮੈਂ ਮਨ 'ਚ ਕਿਹਾ, "ਇਹ ਪਤੰਦਰ ਰਾਹ 'ਚ ਈ ਪ੍ਰਿੰਸੀਪਲ ਬਣਿਆ ਖੜ੍ਹੈ!

ਮੈਂ ਗੁਰਦੁਆਰੇ ਮੂਹਰੇ ਬੈਠੇ ਕੜਿਆਂ ਵਾਲੇ ਤੋਂ ਚੁਆਨੀ ਦਾ ਕੜਾ ਲੈ ਕੇ ਪਾ ਲਿਆ। ਕੜਾ ਪਾ ਕੇ ਉਸੇ ਨਿਹੰਗ ਕੋਲੋਂ ਕਾਲਜ ਦਾ ਪਤਾ ਕਰਨ ਮੁੜਿਆ ਤਾਂ ਉਹ ਆਪਣਾ ਫਰਜ਼ ਨਿਭਾ ਕੇ ਅਲੋਪ ਹੋ ਚੁਕਾ ਸੀ। ਕੜਿਆਂ ਵਾਲੇ ਨੇ ਦੱਸਿਆ, "ਪੱਚੀ ਨੰਬਰ ਬੱਸ ਚੜ੍ਹ ਜਾਹ, ਸਿੱਧੀ ਖਾਲਸਾ ਕਾਲਜ, ਦੇਵ ਨਗਰ ਜਾਊ।"

ਕਾਲਜ ਪਹੁੰਚ ਕੇ ਮੈਂ ਖੇਡ ਡਾਇਰੈਕਟਰ ਪ੍ਰੀਤਮ ਸਿੰਘ ਬੈਂਸ ਨੂੰ ਮਿਲਿਆ। ਉਨ੍ਹਾਂ ਨੇ ਮੇਰੇ ਨਾਲ ਬੜੀ ਅਪਣੱਤ ਜਤਾਈ। ਮੇਰੇ ਸਰਟੀਫਿਕੇਟ ਵੇਖ ਕੇ ਕਿਹਾ, "ਤੂੰ ਏਥੇ ਈ ਦਾਖਲ ਹੋ ਜਾ। ਏਥੇ ਪੰਜਾਬੀ ਦਾ ਵਧੀਆ ਸਟਾਫ ਐ। ਚੰਗੇ ਨੰਬਰ ਲਵੇਂਗਾ।"

ਮੈਂ ਕਿਹਾ, "ਮੈਂ ਤਾਂ ਘਰੋਂ ਖਾਲਸਾ ਕਾਲਜ ਅੰਬਰਸਰ ਦਾਖਲ ਹੋਣ ਚੱਲਿਆ ਸਾਂ। ਉਥੇ ਮੇਰਾ ਕੋਈ ਖਰਚਾ ਨਹੀਂ ਸੀ ਹੋਣਾ।" ਪ੍ਰੀਤਮ ਸਿੰਘ ਨੇ ਕਿਹਾ, "ਏਥੇ ਵੀ ਤੇਰਾ ਬਾਹਲਾ ਖਰਚਾ ਨੀ ਹੋਣ ਦਿੰਦੇ।" ਨਾਲ ਈ ਨਸੀਹਤ ਦਿੱਤੀ, "ਅੰਬਰਸਰ ਭਾਊਆਂ ਨਾਲ ਰਲ ਕੇ ਮੁੰਡੇ ਵਿਗੜ ਜਾਂਦੇ ਆ। ਏਥੇ ਭਾਪਿਆਂ 'ਚ ਬਚਿਆ ਰਹੇਂਗਾ। ਭਾਪਿਆਂ ਦੇ ਮੁੰਡੇ ਤਾਂ ਕੁੜੀਆਂ ਵਰਗੇ ਈ ਹੁੰਦੇ ਆ। ਏਥੇ ਤੇਰਾ ਕੈਰੀਅਰ ਬੈਟਰ ਬਣੇਗਾ।"

ਉਨ੍ਹਾਂ ਨੇ ਪੰਜਾਬੀ ਦੇ ਪ੍ਰੋ. ਜੋਗਿੰਦਰ ਸਿੰਘ ਸੋਢੀ ਨੂੰ ਸੱਦ ਲਿਆ, ਜੋ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਦੇ ਪਤੀ ਸਨ। ਉਨ੍ਹਾਂ ਮੇਰੇ ਨੰਬਰ ਵੇਖ ਕੇ ਕਿਹਾ, "ਏਥੇ ਤੂੰ ਫਸਟ ਡਿਵੀਜ਼ਨ ਲੈ ਸਕਦੈਂ। ਅੰਬਰਸਰ ਮਾਰ ਖਾਵੇਂਗਾ।"

ਸੋਢੀ ਸਾਹਿਬ ਨੇ ਖੁਦ ਮੇਰਾ ਫਾਰਮ ਭਰਿਆ। ਪ੍ਰਿੰਸੀਪਲ ਬੱਲ ਸਾਹਿਬ ਨੇ ਦਸਤਖਤ ਕਰ ਦਿੱਤੇ। ਫੀਸ ਮੈਥੋਂ ਲਈ ਕੋਈ ਨਾ। ਪ੍ਰੀਤਮ ਸਿੰਘ ਨੇ ਕਿਹਾ, "ਦੇਖ ਸਰਵਣ ਸਿੰਘ, ਤੂੰ ਇਸ ਕਾਲਜ ਦਾ ਸਟੂਡੈਂਟ ਬਣ ਗਿਐਂ। ਕਾਲਜ ਨੇ ਤੈਥੋਂ ਕੋਈ ਪੈਸਾ ਨ੍ਹੀਂ ਲਿਆ। ਜੀਅ ਕਰੇ ਪਿੰਡੋਂ ਮੁੜ ਆਈਂ। ਜੀਅ ਕਰੇ ਅੰਬਰਸਰ ਚਲਾ ਜਾਈਂ।"

ਰਾਤੀਂ ਗੱਡੀ 'ਤੇ ਮੁੜਦਿਆਂ ਮੈਂ ਸੋਚਦਾ ਆਇਆ, ਚੰਗਾ ਹੀ ਹੋਇਆ ਮੋਗੇ ਤੋਂ ਅੰਬਰਸਰ ਜਾਣ ਵਾਲੀ ਆਖਰੀ ਬੱਸ ਨਿਕਲ ਚੁਕੀ ਸੀ। ਨਹੀਂ ਤਾਂ ਦਿੱਲੀ ਮੈਂ ਕਿਥੇ ਜਾਣਾ ਸੀ?

ਅੱਜ ਆਪਣੇ 80ਵੇਂ ਜਨਮ ਦਿਨ 'ਤੇ ਸੋਚਦਾਂ, "ਖਾਲਸਾ ਕਾਲਜ ਅੰਮ੍ਰਿਤਸਰ ਪਹੁੰਚ ਜਾਂਦਾ ਤਾਂ ਉਥੋਂ ਦੇ ਆਮ ਖਿਡਾਰੀਆਂ ਵਾਂਗ ਮੈਂ ਵੀ ਠਾਣੇਦਾਰ ਬਣਦਾ। ਖਾਲਸਾ ਕਾਲਜ ਦਿੱਲੀ ਪੁੱਜਣ ਨਾਲ ਮੈਂ 1965 'ਚ ਉਥੇ ਹੀ ਲੈਕਚਰਰ, ਜਸਵੰਤ ਸਿੰਘ ਕੰਵਲ ਦੇ ਕਹਿਣ 'ਤੇ 1967 'ਚ ਢੁੱਡੀਕੇ ਲੈਕਚਰਰ ਤੇ ਫਿਰ 1996 'ਚ ਡਾ. ਜੌਹਲ ਦੇ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣਿਆ। ਅੱਗੇ ਵੇਖੋ, ਚੁਰਾਸੀ ਕੱਟਦਾਂ, ਨੱਬਿਆਂ ਨੂੰ ਢੁੱਕਦਾਂ ਜਾਂ ਕੰਵਲ ਵਾਂਗ ਸੈਂਚਰੀ ਮਾਰਦਾਂ?

# ਖੇਤ ਜਾਣ ਦੀ ਖੁਸ਼ੀ ਕਿੱਥੇ ਗਈ!

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਕਮਾਲ ਦੇ ਦਿਨ ਸਨ। ਜਿੱਦਣ ਸਕੂਲੋਂ ਛੁੱਟੀ ਹੋਣੀਂ, ਤਾਏ ਤੇ ਪਿਓ ਨਾਲ ਖੇਤ ਜਾਣ ਦੀ ਖੁਸ਼ੀ ਪੱਬਾਂ ਭਾਰ ਹੋ ਜਾਣੀ। ਸਵੇਰੇ ਉਠਦਿਆਂ ਹੀ ਮਾਂ ਨੂੰ ਆਖਣਾ, "ਬੀਬੀਏ, ਅੱਜ ਖੇਤ ਜਾਊਂ ਮੈਂ, ਰੋਕੀਂ ਨਾ...।" ਬੁੜੀਆਂ ਮਾੜਾ ਮੋਟਾ ਬੁੜ ਬੁੜ ਕਰ ਕੇ ਚੁੱਪ ਹੋ ਜਾਂਦੀਆਂ। ਕਈ ਵਾਰੀ ਸਕੂਲੋਂ ਆਣ ਕੇ ਵੀ ਖੇਤ ਵੱਲ ਵਹੀਰ ਘੱਤ ਲੈਣੀ। ਨੰਗੇ ਪੈਰੀਂ ਕੱਚੇ ਪਹੇ ਉਤੇ ਭੱਜਣਾ ਤੇ ਜਾਣ-ਬੁੱਝ ਕੇ ਸਾਹੋ-ਸਾਹੀ ਹੋਣਾ ਅਨੰਦਮਈ ਹੁੰਦਾ ਸੀ। ਖੇਤ ਦੀ ਆਥਣ ਮਨ ਨੂੰ ਮੱਲੋ-ਮੱਲੀ ਭਾਉਂਦੀ। ਪੰਛੀ ਚਹਿਕਾਰਾ ਪਾਉਂਦੇ, ਗੀਤ ਗਾਉਂਦੇ ਚੰਗੇ-ਚੰਗੇ ਲਗਦੇ। ਕਿਸਾਨ, ਮਜ਼ਦੂਰ ਤੇ ਮਜਦੂਰਨਾਂ ਸਿਰਾਂ ਉਤੇ ਨੀਰੇ-ਚਾਰੇ ਜਾਂ ਬਾਲਣ ਦੀਆਂ ਪੰਡਾਂ ਚੁੱਕੀ ਲਿਜਾਂਦੀਆਂ ਮੈਂ ਦੂਰ ਤੀਕ ਵੇਂਹਦਾ ਰਹਿੰਦਾ। ਗੱਡੇ, ਗੱਡੀਆਂ ਤੇ ਟਾਂਵੇਂ-ਟਾਂਵੇ ਰੇਹੜੇ ਵੀ ਨੀਰੇ-ਚਾਰੇ ਤੇ ਨਿੱਕ-ਸੁੱਕ ਨਾਲ ਭਰੇ ਲੰਬੀ ਕਤਾਰ 'ਚ ਤੁਰੇ ਜਾਂਦੇ। ਜਦ ਅਸੀਂ ਨਿਆਣਿਆਂ ਨੇ ਖੇਤ ਜਾਣ ਦਾ ਨਾਂ ਲੈਣਾ, ਤਾਂ ਤਾਏ ਨੇ ਖਿਝਣਾ, "ਚਾਰ ਅੱਖਰ ਪੜ੍ਹ ਲੌ, ਖੇਤਾਂ 'ਚ ਕੁਛ ਨੀ ਪਿਆ, ਅਸੀਂ ਸਾਰੀ ਉਮਰ ਕੱਢ'ਲੀ ਖੇਤਾਂ 'ਚ; ਖੇਤ ਨਾਲ ਖੇਤ ਹੋਏ ਪਏ ਆਂ, ਵੱਟਿਆ-ਖੱਟਿਆ ਕੁਛ ਨ੍ਹੀਂ।"

ਤਾਏ ਦੀ ਉਦੋਂ ਆਖੀ ਇਸ ਗੱਲ ਦੀ ਭੋਰਾ ਸਮਝ ਨਹੀਂ ਸੀ ਲੱਗੀ ਮੈਨੂੰ। ਖੈਰ! ਖੇਤ ਖੁਰ ਗਏ। ਤਾਏ ਹੁਰੀਂ ਤੁਰ ਗਏ। ਬੜਾ ਅਜੀਬ ਸਮਾਂ ਹੈ। ਖੁਰ ਗਏ ਖੇਤ ਦਾ ਟੋਟਾ ਹੁਣ ਆਪਣੇ ਵੱਲ ਖਿੱਚਦਾ ਨਹੀਂ। ਖੰਭ ਲਾ ਕੇ ਉਡ-ਪੁੱਡ ਗਈ ਕਿਧਰੇ ਖੇਤ ਜਾਣ ਦੀ ਖੁਸ਼ੀ! ਪੰਛੀਆਂ ਦਾ ਸੰਸਾਰ ਉਜੜ-ਪੁੱਜੜ ਗਿਐ। ਚਾਚਾ ਸ਼ਿਆਮ ਤੁਰਿਆ ਤੇ ਫਿਰ ਤਾਇਆ ਰਾਮ ਵੀ ਮਗਰੇ ਤੁਰ ਗਿਆ। ਕਹਿੰਦਾ ਸੀ, "ਜਦੋਂ ਛੋਟੇ ਭਰਾ ਤੁਰ ਜਾਣ, ਵੱਡਿਆਂ ਬਹਿ ਕੇ ਕੀ ਕਰਨਾ?" ਅੱਠ ਸਾਲ ਪਹਿਲਾਂ ਮੇਰਾ ਪਿਤਾ ਵੀ ਝਕਾਨੀ ਦੇ ਗਿਆ।

ਇਕ ਦਿਨ ਮੈਂ ਘਰੇ ਕਿਸੇ ਗੱਲੋਂ ਲੜ ਪਿਆ ਸਾਂ। ਮਨ ਕੀਤਾ ਕਿ ਖੇਤ ਜਾਵਾਂ! ਸ਼ਾਇਦ ਉਥੇ ਵੱਡਿਆਂ ਦੀਆਂ ਰੂਹਾਂ ਮਿਲ ਪੈਣ। ਖੇਤ ਗਿਆ। ਨਿੱਕੀ ਜਿਹੀ ਨਿੰਮੜੀ ਹੇਠਾਂ ਜਾ ਖਲੋਤਾ। ਲੱਗਾ ਕਿ ਖੇਤ ਵੀ ਅੱਖਾਂ ਭਰੀ ਖੜਾ ਹੈ। ਨਿਹੋਰਾ ਦਿੰਦਾ ਹੈ, ਕਈ ਕੁਝ ਕਹਿੰਦਾ ਹੈ। ਮੈਂ ਵੀ ਅੱਖਾਂ ਭਰੀਆਂ ਤੇ ਝੱਗੇ ਨਾਲ ਪੂੰਝੀਆਂ। ਆਸ-ਪਾਸ ਝਾਕਿਆ ਕਿ ਕੋਈ ਦੇਖ ਨਾ ਲਵੇ ਕਿ ਰੋਂਦਾ ਕਾਹਤੋਂ ਹੈ! ਉਥੇ ਖੜ੍ਹਿਆਂ-ਖੜ੍ਹਿਆਂ ਸਾਰੇ ਬੜਾ ਚੇਤੇ ਆਏ, ਤਾਇਆ ਤੇ ਪਿਓ ਵੀ। ਸੀਰੀ ਰਤਨੇ ਬੌਰੀਏ ਹੁਰੀਂ, ਪੱਕੇ ਦਿਹਾੜੀਏ ਗੱਜਣ ਤੇ ਅਧੀਏ ਹੁਰੀਂ ਵੀ। ਤਾਏ ਦੀ ਗੱਡੀ ਤੇ ਬੋਤੀ ਦੀ ਵੀ ਯਾਦ ਆਈ। ਟਾਹਲੀ ਤਾਂ ਬਹੁਤ ਚਿਰ ਪਹਿਲਾਂ ਵਢਾ ਦਿੱਤੀ ਸੀ। ਇਹਦੀ ਠੰਢੀ-ਮਿੱਠੀ ਛਾਂ ਨਹੀਂ ਭੁੱਲੀ ਕਦੇ। ਸਾਰੇ ਇਹਦੀ ਛਾਂਵੇਂ ਬਹਿੰਦੇ, ਤਿੱਖੜ ਦੁਪਹਿਰਾ ਕੱਟਦੇ। ਰੋਟੀ ਖਾਂਦੇ। ਇਹਦੇ ਹੇਠਾਂ ਹੀ ਟੋਆ ਪੱਟ ਕੇ ਤੇ ਤਿੰਨ-ਚਾਰ ਕੱਚੀਆਂ ਇੱਟਾਂ ਰੱਖ ਕੇ ਬਣਾਏ ਆਰਜੀ ਚੁੱਲੇ ਉਤੇ ਚਾਹ ਉਬਲਦੀ। ਪਾਣੀ ਵਾਲਾ ਘੜਾ ਤੇ ਝੱਜਰ ਇਸੇ ਟਾਹਲੀ ਥੱਲੇ ਹੁੰਦੇ ਸਨ। ਗਰਮੀਆਂ ਦੇ ਦਿਨੀਂ ਰੇਤਲੀ ਥਾਂ ਵਿਚ ਘੜਾ ਤੇ ਝੱਜਰ ਦੱਬ ਕੇ ਤੇ ਆਸ-ਪਾਸ ਪਾਣੀ ਛਿੜਕ ਦਿੰਦੇ। ਇਨ੍ਹਾਂ ਦਾ ਮੂੰਹ ਨੰਗਾ ਰੱਖ ਲੈਂਦੇ ਤੇ ਪਾਣੀ ਭਰਦੇ। (ਕਿਥੇ ਫਰਿੱਜਾਂ ਰੀਸਾਂ ਕਰਨ ਓਸ ਪਾਣੀ ਦੀਆਂ? ਦੁਪਹਿਰ ਨੂੰ ਥੱਕੇ ਹੋਏ ਕਦੇ-ਕਦੇ ਦੋ ਘੜੀਆਂ ਅੱਖ ਵੀ ਝਪਕ ਲੈਂਦੇ, ਪੱਠਿਆਂ ਵਾਲੀਆਂ ਪੱਲੀਆਂ ਹੀ ਹੇਠ ਵਿਛਾ ਲਈਆਂ ਜਾਂਦੀਆਂ।

ਸਾਡੇ ਤਿੰਨ ਖੇਤ ਸਨ। ਵੱਡੇ ਖੇਤ ਨੂੰ 'ਸ਼ਾਹ ਵਾਲਾ' ਖੇਤ ਆਖਦੇ, ਇਹ ਪਿੰਡੋਂ ਚਾਰ-ਪੰਜ ਕਿਲੋਮੀਟਰ ਦੂਰ ਹੋਣਾ। ਪਿੰਡ ਨੇੜੇ ਸਿਵਿਆਂ ਕੋਲ ਵਾਲੇ ਖੇਤ ਨੂੰ 'ਖੂਹ ਵਾਲਾ ਖੇਤ' ਆਖਦੇ, ਦਾਦੇ ਨੇ ਇਥੇ ਸਾਂਝਾ ਖੂਹ ਲਵਾਇਆ ਸੀ, ਛੇ ਘਰਾਂ ਦਾ। (ਖੂਹ ਵਾਲੇ ਖੇਤ ਤੇ ਸਿਵਿਆਂ ਦੀ ਵੱਟ ਸਾਂਝੀ ਹੀ ਸਮਝੋ, ਵਿਚਾਲੇ ਦੀ ਖਾਲ ਜਾਂਦਾ ਹੈ। ਹੁਣ ਪਿੰਡ 'ਚੋਂ ਕਿਸੇ ਦੇ ਸਸਕਾਰ ਸਮੇਂ ਜਦ ਸਿਵਿਆਂ ਨੂੰ ਜਾਈਦੈ, ਤਾਂ ਖੇਤ ਵੱਲ ਵੀ ਨਿਗਾ ਮਲੋਮਲੀ ਚਲੀ ਜਾਂਦੀ ਹੈ, ਇਥੇ ਪਿਓ ਤੇ ਤਾਏ ਨੇ ਡੂੰਘੇ ਹਲ ਵਾਹੇ। ਇਸ ਖੇਤ ਦਾ ਅੰਨ ਖਾ ਕੇ ਅਸੀਂ ਸਾਰੇ ਪਲੇ ਸੰਭੇ। ਸੋ, ਹੁਣ ਸਸਕਾਰ ਦੇ ਬਹਾਨੇ ਹੀ ਖੇਤ ਦੇ ਦਰਸ਼ਨ ਹੁੰਦੇ ਹਨ।)



ਸਰਦੇ-ਪੁਜਦੇ ਸ਼ਾਹ ਸਨ। ਖੁੱਲ੍ਹੇ ਖੇਤਾਂ ਵਾਲੇ। ਖੁੱਲ੍ਹੀਆਂ ਹਵੇਲੀਆਂ ਵਾਲੇ। ਸਾਡੀ ਹਵੇਲੀ ਵਿਚ ਖੁਰਲੀਆਂ ਉਤੇ ਇਕਸਾਰ ਬੱਧੇ ਖਲੋਤੇ ਪਸੂ ਡੰਗਰ ਹਾਲੇ ਵੀ ਇਕ ਅਮਿੱਟ ਫੋਟੋ ਵਾਂਗ ਖੜ੍ਹੇ ਹਨ, ਮੇਰੀਆਂ ਅੱਖਾਂ ਸਾਹਵੇਂ। ਮੱਝਾਂ ਦੁੱਧ ਲਾਹੁੰਦੀਆਂ ਨਾ ਥੱਕਦੀਆਂ, ਧਾਰਾਂ ਚੋਣ ਵੇਲੇ ਟੱਬਰ ਦੇ ਜੀਅ ਥੱਕ ਜਾਂਦੇ, ਏਨਾ ਦੁੱਧ ਉਤਰਦਾ ਸੀ ਪਸੂਆਂ ਨੂੰ।

---

1995 ਸੀ। ਇਕ ਦਿਨ ਪਿਤਾ ਆਖਣ ਲੱਗਾ, "ਅਧ ਪੱਕੇ ਘਰ ਵਿਚ ਕਿੰਨਾ ਚਿਰ ਬਹਾਈ ਰੱਖੂੰਗਾ ਥੋਨੂੰ, ਵਿਆਹ ਸ਼ਾਦੀਆਂ ਵੀ ਕਰਨੇ ਆਂ, ਕੁੜੀ ਵੀ ਕੱਦ ਕਰ'ਗੀ, ਕਰਜਾ ਵੀ ਲਾਹੁਣਾ ਐਂ, ਵੱਡੀ ਹਵੇਲੀ ਵਿਕਣੀ ਨਹੀਂ, ਪਿੰਡ 'ਚ ਕੌਣ ਲੈਂਦਾ ਐ ਐਨੀ ਥਾਂ? ਸਸਤੀ ਕਾਹਨੂੰ ਵੇਚਣੀ ਆਂ, ਕੌਡੀਆਂ ਦੇ ਭਾਅ, ਆਪਣਾ ਘਰ ਆ ਫੇਰ ਵੀ।" ਪਿਤਾ ਦੇ ਮੱਥੇ ਦੀਆਂ ਲਕੀਰਾਂ ਗੂੜ੍ਹੀਆਂ ਹੋ ਗਈਆਂ ਸਨ।

ਆਖਿਰ, ਢਾਈ ਲੱਖ ਨੂੰ ਕਿੱਲੇ ਦੇ ਹਿਸਾਬ ਨਾਲ ਤਿੰਨ ਕਿੱਲੇ ਵੇਚ ਦਿੱਤੀ ਸ਼ਾਹ ਵਾਲੇ ਖੇਤੋਂ। ਜਿੱਦਣ ਜੱਟਾਂ ਨੂੰ ਰਜਿਸਟਰੀ ਕਰਵਾਉਣੀ ਸੀ, ਮੈਂ ਫਰੀਦਕੋਟ ਨਾਲ ਗਿਆ ਸਾਂ ਪਿਤਾ ਦੇ। ਕਚਹਿਰੀਆਂ 'ਚ ਚਾਹ ਵਾਲੇ ਖੋਖੇ ਅੰਦਰ ਢਿਚਕੂੰ ਢਿਚਕੂੰ ਕਰਦੇ ਬੈਂਚ ਉਤੇ ਬੈਠ ਚਾਹ ਪੀਂਦੇ ਪਿਓ ਨੇ ਅੱਖਾਂ ਭਰੀਆਂ ਤੇ ਛੇਤੀ ਹੀ ਪਰਨੇ ਨਾਲ ਪੂੰਝ ਲਈਆਂ। ਉਹ ਘਗਿਆਈ ਅਵਾਜ਼ 'ਚ ਬੋਲਿਆ, "ਮੇਰਾ ਕਿਹੜਾ ਜੀਅ ਕਰਦਾ ਐ ਵੇਚਣ ਨੂੰ ਕਮਲਿਓ, ਥੋਡੇ ਪਿਛੇ ਈ ਵੇਚਦਾਂ, ਬਈ ਵਿਆਹ ਹੋ'ਜੇ ਥੋਡਾ ਤਿੰਨਾਂ-ਭੈਣ ਭਰਾਵਾਂ ਦਾ। ਨਾਲੇ ਦੋ ਪੱਕੇ ਕਮਰੇ ਪਾ ਲਈਏ ਤੇ ਮੂਹਰੇ ਵਰਾਂਡਾ ਬਣ'ਜੇ, ਬਾਕੀ ਲੈਣਾ ਦੇਣਾ ਲਹਿ'ਜੂ ਦੋਵੇਂ ਬੈਂਕਾਂ ਦਾ।"

ਮੇਰਾ ਵੀ ਰੋਣ ਨੂੰ ਦਿਲ ਕੀਤਾ, ਪਰ ਮੈਂ ਨਾ ਰੋਇਆ ਪਿਤਾ ਸਾਹਮਣੇ। ਉਦਾਸ ਬਹੁਤ ਹੋ ਗਿਆ ਸਾਂ। ਸੱਚੀਓਂ ਓਦਣ ਘਰ ਦੀ ਜੱਦੀ ਜਾਇਦਾਦ ਨਾਲ ਖਾਸਾ 'ਮੋਹ' ਜਿਹਾ ਜਾਗਿਆ ਸੀ।

"ਪਾਪਾ ਫੇਰ ਆਪਾਂ ਸ਼ਾਹ ਵਾਲੇ ਖੇਤ ਤਾਂ ਨ੍ਹੀਂ ਜਾਇਆ ਕਰਦੇ ਹੁਣ ਗੱਡੀ ਬੋਤੀ ਜੋੜ ਕੇ?" ਮੇਰਾ ਸੁਆਲ ਸੁਣ ਪਿਤਾ ਕੁਝ ਨਾ ਬੋਲਿਆ। ਸਿਰਫ 'ਨਾਂਹ' ਵਿਚ ਸਿਰ ਫੇਰਿਆ ਸੀ ਉਸ ਨੇ। ਉਦੋਂ ਮੇਰੇ ਸੁਆਲ ਦੇ ਜੁਆਬ ਲਈ ਸ਼ਬਦਾਂ ਨੇ ਪਿਤਾ ਦਾ ਸਾਥ ਨਹੀਂ ਸੀ ਦਿੱਤਾ ਹੋਣਾ। ਵਸੀਕਾ ਨਵੀਸ ਦਾ ਮੁਨਸ਼ੀ ਸੱਦਣ ਆ ਗਿਆ, "ਆ ਜਾ ਬਈ ਸੇਠਾ, ਤਸੀਲਦਾਰ ਬਹਿ ਗਿਆ ਐ, ਨਿਬੇੜੀਏ ਕੰਮ ਥੁਆਡਾ।"

ਜੱਟਾਂ ਨੇ ਸਾਢੇ ਸੱਤ ਲੱਖ ਰੁਪੈ ਸਾਨੂੰ ਪਹਿਲਾਂ ਈ ਫੜਾ ਦਿਤੇ ਹੋਏ ਸਨ। ਪਿਤਾ ਨੇ ਖਾਦ ਵਾਲੀ ਬੋਰੀ ਦੇ ਬਣਾਏ ਝੋਲੇ ਵਿਚ ਪਾਏ ਪੈਸੇ ਕੱਛ ਵਿਚ ਲੈ ਰੱਖੇ ਸਨ ਘੁੱਟ ਕੇ।

---

ਪਿੰਡ ਵਾਲੀ ਸਹਿਕਾਰੀ ਬੈਂਕ ਦਾ ਕਰਜਾ ਲਾਹੁਣਾ ਸੀ ਤੇ ਇਕ ਕੋਈ ਬੈਂਕ ਫਰੀਦਕੋਟ ਸੀ। ਲੈਂਡ ਮਾਰਗੇਜ ਬੈਂਕ ਤੋਂ ਪਿਤਾ ਨੇ ਸੱਤਰ ਹਜਾਰ ਦਾ ਕਰਜ ਚੁੱਕਿਆ ਸੀ ਤੇ ਵਿਆਜ ਪੈ-ਪੈ ਕੇ ਵਧੀ ਜਾਂਦਾ ਸੀ। (ਇਹ ਸਾਰੇ ਪੈਸੇ ਮੇਰੀ ਮਾਂ ਦੀ ਬੀਮਾਰੀ ਵਾਸਤੇ ਚੁੱਕੇ ਸਨ, ਮਾਂ ਨੂੰ ਗਾਇਨੀ ਦੀ ਸਮੱਸਿਆ ਸੀ ਤੇ ਉਹਦੀ ਬੱਚੇਦਾਨੀ ਕੱਢਣੀ ਪਈ ਸੀ)।

ਮੇਰੇ ਚਾਚੇ ਸ਼ਿਆਮ ਨੇ ਲੈਂਡ ਮਾਰਗੇਜ ਬੈਂਕ ਤੋਂ ਜੋ ਕਰਜਾ ਦਿਵਾਇਆ ਸੀ, ਉਹਦੇ ਵਿਚੋਂ ਭੋਲਾ ਮੋਟਰਾਂ ਵਾਲਾ ਤੇ ਚਾਚਾ ਸ਼ਿਆਮ ਕਮਿਸ਼ਨ ਵਾਹਵਾ ਛਕ ਗਏ ਸਨ। ਚਾਚੇ ਤੇ ਭੋਲੇ ਦੀ ਸੀਟੀ ਰਲੀ ਹੋਈ ਸੀ, ਭੋਲਾ ਤੇ ਚਾਚਾ ਕਿਸਾਨਾਂ ਨੂੰ ਇਸ ਬੈਂਕ ਤੋਂ ਕਰਜੇ ਦਿਵਾਉਂਦੇ ਰਹਿੰਦੇ ਸਨ। (ਇਹ ਗੱਲ ਮੈਨੂੰ ਬਹੁਤ ਸਾਲਾਂ ਪਿਛੋਂ ਬੈਂਕ ਦੇ ਮੈਨੇਜਰ ਰਹੇ ਸਰਵਨ ਸਿੰਘ ਗਿੱਲ ਨੇ ਦੱਸੀ ਸੀ)।

ਸਾਡੇ ਖੇਤਾਂ ਦੀ ਵੰਡ-ਵੰਡਾਈ ਵੇਲੇ ਘਰੇ ਬਹੁਤਾ ਖੜਖੱਸਾ ਭਾਵੇਂ ਨਹੀਂ ਸੀ ਪਿਆ, ਪਰ ਫਿਰ ਵੀ ਜੋ ਕੁਝ ਹੋਇਆ, ਉਹ ਭੁੱਲਣ ਵਾਲਾ ਨਹੀਂ। ਪਿਤਾ ਹੁਰਾਂ ਦਾ ਵੱਡਾ ਭਰਾ ਚਮਨ ਲਾਲ ਚਾਲੀ ਸਾਲਾਂ ਤੋਂ ਅੰਮ੍ਰਿਤਸਰ ਵੱਸ ਰਿਹਾ ਸੀ। ਉਹ ਆਪਣੇ ਹਿੱਸੇ ਦਾ ਖੇਤ ਚਾਚੇ ਸ਼ਿਆਮ ਨੂੰ ਠੇਕੇ ਉਤੇ ਦਿੰਦਾ ਤੇ ਸਾਲ ਬਾਅਦ ਹਿਸਾਬ-ਕਿਤਾਬ ਕਰਨ ਆਉਂਦਾ, ਤਾਂ ਹਰ ਵਾਰ ਕਲੇਸ਼ ਪੈਂਦਾ। ਤਾਇਆ ਖਿਝਦਾ-ਕੁੜ੍ਹਦਾ ਮੁੜ ਜਾਂਦਾ। ਕਹਿੰਦਾ ਸੀ ਕਿ ਉਹਦੇ ਪੱਲੇ ਕੁਝ ਨਹੀਂ ਪੈਂਦਾ, ਸਿਰਫ ਗੇੜਾ ਹੀ ਪੈਂਦਾ ਹੈ।

ਜਦ ਅਸੀਂ ਆਪਣੇ ਹਿੱਸੇ ਦਾ ਖੇਤ ਵੇਚ ਕੇ ਘਰ ਵਾਲੀ ਥਾਂ ਤਿੰਨ ਕਮਰੇ ਤੇ ਇਕ ਵਰਾਂਡਾ ਪਾਉਣ ਵਾਸਤੇ ਨੀਂਹਾਂ ਪੁੱਟੀਆਂ ਤਾਂ ਤਾਇਆ ਚਮਨ ਲਾਲ ਤੇ ਤਾਈ ਬੱਸੇ ਬਹਿ ਕੇ ਅੰਮ੍ਰਿਤਸਰੋਂ ਆ ਗਏ। ਤਾਏ ਨੇ ਮੇਰੇ ਪਿਓ ਨੂੰ ਰੋਹਬ ਨਾਲ ਆਖਿਆ, "ਉਏ ਬਿੱਲੂ, ਤੂੰ ਕਿਹਨੂੰ ਪੁੱਛ ਕੇ ਏਹ ਕੰਮ ਕਰੀ ਜਾਨੈ, ਸਾਡਾ ਹਿੱਸਾ ਵੀ ਬਣਦੈ ਘਰ ਆਲੀ ਥਾਂ 'ਚ, ਪਹਿਲਾਂ ਸਾਡਾ ਹਿੱਸਾ ਰੱਖ ਹੈਥੈ।"

ਪਿਤਾ ਭਬਕਿਆ, "ਚਮਨ, ਤੇਰਾ ਘਰ ਵਾਲਾ ਹਿੱਸਾ ਤੈਨੂੰ ਖੇਤੋਂ ਵਧ ਜ਼ਮੀਨ ਦੇ ਕੇ ਕਦੋਂ ਦਾ ਨਿਬੇੜਿਆ ਹੋਇਆ ਐ, ਲਿਖਤ ਵੀ ਹੋਈ ਐ ਆਪਣੀ, ਹੁਣ ਕਾਹਦਾ ਹਿੱਸਾ ਦੇਵਾਂ ਤੈਨੂੰ ਮੈਂ?"

ਤਾਈ ਜ਼ੋਰ-ਜ਼ੋਰ ਦੀ ਦੋਹੀਂ ਹੱਥੀਂ ਪਿੱਟਣ ਲੱਗੀ, "ਹਾਏ-ਹਾਏ ਵੇ, ਥੁਆਡਾ ਕੱਖ ਨਾ ਰਹੇ ਸਾਡੀ ਥਾਂ ਦੱਬਣ ਵਾਲਿਓ, ਵੇ ਥੋਡਾ ਬੇੜਾ ਬਹਿ'ਜੇ ਵੇ, ਵੇ ਤੁਸੀਂ ਜੁਆਨੀਓ ਜਾਵੋਂ ਵੇ ਮੋਇਓ...।" ਰੌਲਾ ਪਾਉਂਦੇ ਤਾਇਆ ਤੇ ਤਾਈ ਪੁੱਟੀਆਂ ਨੀਂਹਾਂ ਵਿਚ ਲੰਮੇ ਪੈ ਗਏ। ਗਲੀ ਗੁਆਂਢ ਵਾਲੇ ਉਨ੍ਹਾਂ ਨੂੰ ਉਠਾਉਣ, ਤਾਂ ਉਹ ਉਠਣ ਹੀ ਨਾ। ਆਖਣ ਕਿ ਪਹਿਲਾਂ ਸਾਡਾ ਹਿੱਸਾ ਦਿਵਾਓ, ਫੇਰ ਉਠਾਂਗੇ, ਨਹੀਂ ਐਥੇ ਈ ਮਰਾਂਗੇ। ਕਲੇਸ਼ ਪਿਆ ਦੇਖ ਕੇ ਮਿਸਤਰੀ ਤੇ ਦਿਹਾੜੀਏ ਸਮਾਨ ਸਾਂਭਣ ਲੱਗੇ। ਮਿਸਤਰੀਆਂ ਨੇ ਆਪਣੀਆਂ ਕਰੰਡੀਆਂ, ਤੇਸੀਆਂ ਤੇ ਹਥੌੜੀਆਂ ਚੁੱਕ ਕੇ ਝੋਲਿਆਂ ਵਿਚ ਪਾ ਲਈਆਂ। ਮਜ਼ਦੂਰਾਂ ਨੇ ਗਾਰੇ ਦੇ ਭਰੇ ਬੱਠਲ ਮੂਧੇ ਮਾਰ ਦਿੱਤੇ। ਇੱਟਾਂ ਦੇ ਚਿਣੇ ਪਏ ਚੱਠੇ ਸੁੰਗੜਦੇ ਜਿਹੇ ਜਾਪੇ ਮੈਨੂੰ। ਸਾਨੂੰ ਨਿਆਣਿਆਂ ਨੂੰ ਖੁਸ਼ੀ ਚੜ੍ਹੀ ਹੋਈ ਸੀ ਕਿ ਸਾਡਾ 'ਨਵਾਂ ਘਰ' ਬਣ ਰਿਹਾ ਹੈ ਤੇ ਸਾਰੇ ਮੌਜਾਂ ਨਾਲ ਪੱਕੇ ਘਰ ਵਿਚ ਰਿਹਾ ਕਰਾਂਗੇ। ਸਾਡੀ ਖੁਸ਼ੀ ਰੌਲੇ ਰੱਪੇ ਨੇ 'ਖੋਹ' ਲਈ ਸੀ।

---

ਹੁਣ ਫਿਰ ਪਿਛਾਂਹ ਪਰਤਣਾ ਪੈ ਰਿਹੈ। ਜ਼ਮੀਨ ਵੇਚ ਕੇ ਪਿਤਾ ਤੇ ਮੈਂ ਪਿੰਡ ਨੂੰ ਆਉਂਦੀ ਆਥਣ ਵਾਲੀ ਅਖੀਰਲੀ ਰੋਡਵੇਜ਼ ਦੀ ਬੱਸੇ ਬੈਠੇ ਆ ਰਹੇ ਸਾਂ। ਰੁਪਿਆਂ ਵਾਲਾ ਝੋਲਾ ਪਿਤਾ ਨੇ ਪੱਟਾਂ ਵਿਚਾਲੇ ਰੱਖਿਆ ਹੋਇਆ ਸੀ। ਨਾਲ ਮੈਂ ਬੈਠਾ ਸਾਂ। ਕਦੇ ਉਦਾਸ ਪਿਤਾ ਵੱਲ ਵੇਖਦਾ, ਕਦੇ ਪੱਟਾਂ ਉਤੇ ਪਏ ਝੋਲੇ ਵੱਲ। ਬਾਹਰ ਸੂਰਜ ਛਿਪਣ ਦੀ ਤਿਆਰੀ ਕਰ ਰਿਹਾ ਸੀ। ਪੰਛੀਆਂ ਵੀ ਆਲਣਿਆਂ ਵੱਲ ਚਾਲੇ ਪਾਏ ਹੋਏ ਸਨ।

ਘਰ ਵੜੇ ਤਾਂ ਵਿਹੜੇ 'ਚ ਮੰਜੇ ਉਤੇ ਬੈਠੀ ਆਲੂ ਚੀਰੀ ਜਾਂਦੀ ਦਾਦੀ ਮਰੀ ਜਿਹੀ ਅਵਾਜ਼ 'ਚ ਪੁਛਣ ਲੱਗੀ, "ਨਿਬੇੜ ਆਏ ਐਂ ਪੁੱਤ ਵੇ...? ਮੈਂ ਤਾਂ ਆਂਹਦੀ ਸੀ, ਨਾ ਈ ਵੇਚਦੇ ਅਜੇ...।"

ਪਿਤਾ ਕੁਝ ਨਾ ਬੋਲਿਆ। ਉਹ ਕੱਚੇ ਕੋਠੇ 'ਚ ਪਈ ਮਾਂ ਦੀ ਪੇਟੀ ਦੁਆਲੇ ਹੋ ਗਿਆ, ਪੈਸਿਆ ਵਾਲਾ ਝੋਲਾ ਸਾਂਭਣ ਲਈ। ਮੈਂ ਦਾਦੀ ਕੋਲ ਮੰਜੇ ਉਤੇ ਬੈਠਾ ਹੀ ਸਾਂ ਕਿ ਆਪ ਮੁਹਾਰੇ ਰੋਣ ਉਤਰ ਆਇਆ ਮੈਨੂੰ। ਛਾਤੀ ਨਾਲ ਲਾਉਂਦੀ ਦਾਦੀ ਨੇ ਭਰੇ ਗਲੇ ਨਾਲ ਆਖਿਆ, "ਜੁਆਕਾਂ ਦੀ ਖੇਤ ਜਾਣ ਦੀ ਖੁਸ਼ੀ ਮਾਰ'ਤੀ ਰੱਬ ਚੰਦਰੇ ਨੇ। ਆਪੇ ਦਿੰਦੈ, ਆਪੇ ਖੋਂਹਦਾ ਐ ਚੰਦਰਾ ਰੱਬ ਵੀ...।"

ਘਰ ਦੇ ਵਿਹੜੇ 'ਚ ਸੁੰਨ ਭਰੀ ਉਦਾਸੀ ਸੀ।

# ਮਰਦਾਂ ਦੇ ਪਾਲੇ ਵਿਚੋਂ ਗੇਂਦ ਚੁਰਾਉਣ ਦਾ ਵਲ: ਆਫਸਾਈਡ


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330



***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਆਫਸਾਈਡ' ਬਾਰੇ ਚਰਚਾ ਕੀਤੀ ਗਈ ਹੈ, ਜਿਸ ਵਿਚ ਔਰਤ ਦੀ ਹੋਣੀ ਦਾ ਮਾਰਮਿਕ ਬਿਆਨ ਹੈ। -ਸੰਪਾਦਕ***

ਇਰਾਨ ਦੀ ਰਾਜਧਾਨੀ ਤਹਿਰਾਨ। ਤਹਿਰਾਨ ਦਾ ਆਜ਼ਾਦੀ ਸਟੇਡੀਅਮ ਜਿਥੇ ਸਿਰਫ ਮਰਦਾਨਾ ਪਖਾਨੇ ਬਣੇ ਹੋਏ ਹਨ, ਕਿਉਂਕਿ ਔਰਤਾਂ ਦਾ ਫੁੱਟਬਾਲ ਦਾ ਮੈਚ ਦੇਖਣਾ ਮਨ੍ਹਾ ਹੈ। ਸਾਰਾ ਮੁਲਕ ਫੁੱਟਬਾਲ ਦੇ ਖਿਡਾਰੀਆਂ ਲਈ ਪੱਬਾਂ ਭਾਰ ਹੋਇਆ ਪਿਆ ਹੈ ਪਰ ਔਰਤਾਂ ਨੂੰ ਇਸ ਜਨੂਨ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਨਹੀਂ। ਸਟੇਟ ਅਤੇ ਪੁਲਿਸ ਅਨੁਸਾਰ 'ਔਰਤਾਂ ਮਰਦਾਂ ਨਾਲੋਂ ਵੱਖਰੀਆਂ ਹਨ'। ਫੁੱਟਬਾਲ ਦੇ ਮੈਚ ਵਿਚ ਮਰਦ ਹਨ, ਸਟੇਡੀਅਮ ਵਿਚ ਮਰਦ ਹਨ, ਮਰਦ ਮਰਦਾਂ ਲਈ ਖੇਡ ਰਹੇ ਹਨ। ਉਨ੍ਹਾਂ ਦੇ ਅੰਦਰ ਦੀਆਂ ਜੰਗਲੀ ਪ੍ਰਵਿਰਤੀਆਂ ਨੂੰ ਉਕਸਾ ਰਹੇ ਹਨ। ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਜਿੱਤਣ ਦੀ ਹਵਸ ਤਾਰੀ ਹੈ ਅਤੇ ਇਸ ਦਾ ਰੁਖ ਕਦੋਂ ਔਰਤਾਂ ਵਲ ਹੋ ਜਾਵੇ, ਕਿਹਾ ਨਹੀਂ ਜਾ ਸਕਦਾ।

ਇਰਾਨ ਇਸਲਾਮੀ ਅਕੀਦੇ ਵਾਲਾ ਮੁਲਕ ਹੈ। ਮੁੱਲਾਂ ਅਤੇ ਮੁਲਾਣਿਆਂ ਵਲੋਂ ਕੁਰਾਨ ਦੀਆਂ ਕੀਤੀਆਂ ਵਿਆਖਿਆਵਾਂ ਦਾ ਖਾਕਾ ਅਤੇ ਖਾਸਾ ਬਾਕੀ ਸਾਰੇ ਧਰਮਾਂ ਦੀਆਂ ਲਿਖਤਾਂ ਤੋਂ ਕੋਈ ਜ਼ਿਆਦਾ ਵੱਖਰਾ ਨਹੀਂ। ਬਹੁਤੇ ਧਾਰਮਿਕ ਗ੍ਰੰਥ ਔਰਤਾਂ ਨੂੰ ਮਰਦਾਂ ਨਾਲੋਂ ਘਟੀਆ ਮੰਨਦਿਆਂ ਉਸ ਨੂੰ ਕੰਟਰੋਲ ਕਰਨ ਦੇ ਤਰੀਕਿਆਂ ਨਾਲ ਭਰੇ ਹੋਏ ਹਨ। ਇਥੇ ਧਰਮ ਅਤੇ ਸਟੇਟ ਦਾ ਆਪਸੀ ਰਿਸ਼ਤਾ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ। ਸਟੇਟ ਜਮਾਤੀ ਟਕਰਾਉ ਵਿਚੋਂ ਨਿਕਲਿਆਂ ਢਾਂਚਾ ਹੈ ਜਿਹੜਾ ਕਾਨੂੰਨੀ, ਪ੍ਰਸ਼ਾਸਨੀ ਅਤੇ ਫੌਜ-ਪੁਲਿਸ ਦੀ ਸਹਾਇਤਾ ਨਾਲ ਨਾਗਰਿਕਾਂ ਦੀ ਜਮਾਤੀ-ਵੰਡ, ਸਮਾਜਿਕ ਖਾਈਆਂ, ਆਰਥਿਕ ਅਸਮਾਨਤਾ ਅਤੇ ਉਚ-ਧਰਮਾਂ ਜਾਂ ਜਾਤਾਂ ਦੀ ਸਭਿਆਚਾਰਕ ਉਤਮਤਾ ਨੂੰ ਹਰ ਹੀਲੇ ਬਰਕਰਾਰ ਰੱਖਦਾ ਹੈ। ਇਸ ਯਥਾ-ਸਥਿਤੀ ਦੀ ਸਥਾਪਤੀ ਤੇ ਪ੍ਰਵਾਨਗੀ ਹੀ ਉਸ ਦੀ ਸੱਤਾ ਦਾ ਆਧਾਰ ਹੈ; ਸੱਤਾ ਜਿਹੜੀ ਅਸਲ ਵਿਚ ਬਹੁਗਿਣਤੀ ਦੀ ਥਾਂ ਸਾਧਨਾਂ-ਵਸੀਲਿਆਂ 'ਤੇ ਕਾਬਜ਼ ਉਚ-ਜਮਾਤ, ਉਚ-ਵਰਗ ਦੀ ਸੱਤਾ ਹੈ। ਸਟੇਟ ਕੋਲ ਇਸ ਸੱਤਾ ਨੂੰ ਵਰਤਣ ਅਤੇ ਮੁਲਕ ਦੇ ਬਾਸ਼ਿੰਦਿਆਂ ਦੀਆਂ ਜ਼ਿੰਦਗੀਆਂ ਕੰਟਰੋਲ ਕਰਨ ਦੇ ਸੰਦ ਜੇਲ੍ਹਾਂ, ਥਾਣੇ, ਪੁਲਿਸ, ਫੌਜ, ਰਾਜ-ਤੰਤਰ, ਸਿਆਸੀ ਸਮੂਹ ਤੇ ਪਾਰਟੀਆਂ ਅਤੇ ਕੰਪਨੀਆਂ ਹਨ ਪਰ ਸਟੇਟ ਬੰਦੇ ਦੀ ਸਿਰਜਣਾਤਮਿਕ ਸੋਚ, ਕਲਾਤਮਿਕ ਤਾਂਘ, ਸਵੈ-ਹੋਂਦ ਦੇ ਹਉਮੈ ਅਤੇ ਸ਼ਕਸੀ ਆਜ਼ਾਦੀ ਦੀ ਕਲਪਨਾ ਨੂੰ ਲਗਾਮ ਕਿਵੇਂ ਪਾਵੇ? ਸਟੇਟ ਲਈ ਇਹ ਕੰਮ ਧਾਰਮਿਕ ਰਸਮੋ-ਰਿਵਾਜ (ਯਾਦ ਰਹੇ ਇਹ ਰਸਮੋ-ਰਿਵਾਜ ਉਚ-ਧਰਮ ਦੁਆਰਾ ਨਿਰਧਾਰਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਦਾ ਜਾਹੋ-ਜਲਾਲ ਹੀ ਬਿਆਨ ਕਰਦੇ ਹਨ), ਸਭਿਆਚਾਰਕ ਮੁੱਲ, ਬਿੰਬ, ਚਿੰਨ੍ਹ, ਰਵਾਇਤਾਂ, ਬੰਧੇਜ, ਆਪਸੀ ਕਾਰ-ਵਿਹਾਰ, ਰਿਸ਼ਤੇ-ਨਾਤੇ (ਚੇਤੇ ਰਹੇ ਕਿ ਬਹੁਤੇ ਨਿਮਨ ਵਰਗਾਂ ਵਿਚ ਇਹ ਸਾਰੇ ਉਚ-ਵਰਗਾਂ ਦੀ ਤੈਅ ਕੀਤੀ ਤੇ ਹੰਢਾਈ 'ਸਭਿਆਚਾਰਕ ਉਤਰਨ' ਦੇ ਰੂਪ ਵਿਚ ਪਹੁੰਚਦੇ ਹਨ।




*ਫਿਲਮ 'ਆਫਸਾਈਡ' ਦਾ ਪੋਸਟਰ।*



*ਫਿਲਮਸਾਜ਼ ਜਫਰ ਪਨਾਹੀ*

ਖੁਦਾ-ਨਾ-ਖਾਸਤਾ ਜੇਕਰ ਕੋਈ ਨਿਮਨ ਵਰਗ ਜਾਂ ਔਰਤਾਂ ਵਾਂਗ ਹਾਸ਼ੀਏ ਵਾਲੇ ਸਮੂਹ, ਆਪਣੇ ਖੁਦ ਦੇ ਤਜਰਬਿਆਂ, ਯਾਦਾਂ, ਸੁਪਨਿਆਂ, ਖਾਹਿਸ਼ਾਂ ਜਾਂ ਚੇਤਿਆਂ 'ਤੇ ਆਧਾਰਿਤ ਕੋਈ ਨਵਾਂ ਮੁੱਲ ਸਿਰਜਣ ਦੀ ਕੋਸ਼ਿਸ ਕਰਦਾ ਵੀ ਹੈ ਤਾਂ ਉਸ ਦੇ ਸਭਿਆਚਾਰ ਦੀ ਸਿਆਸੀ-ਆਰਥਿਕਤਾ ਦੀ ਮੰਡੀ ਵਿਚ ਕੋਈ ਮੁੱਲ ਨਹੀਂ ਪੈਂਦਾ। ਸਭਿਆਚਾਰਕ ਤੌਰ 'ਤੇ ਸੱਤਾਹੀਣ ਲੋਕਾਈ ਨੂੰ ਰੱਦ ਕਰਨਾ, ਉਨ੍ਹਾਂ ਨੂੰ ਖੁਦ ਬਾਰੇ ਹੀਣ ਤੇ ਤਰਸ ਦੇ ਪਾਤਰ ਮਹਿਸੂਸ ਕਰਵਾਉਣਾ, ਇਹ ਉਚ-ਵਰਗੀ ਤੇ ਉਚ-ਜਮਾਤੀ ਸੱਤਾ ਦਾ ਇਤਿਹਾਸਕ ਤੌਰ 'ਤੇ ਅਜ਼ਮਾਇਆ ਅਤੇ ਵਰਤਿਆ ਸੰਦ ਹੈ। ਹਵਾਲੇ ਵਜੋਂ ਕਾਲੇ ਲੋਕਾਂ ਦੀਆਂ ਸੰਗੀਤ-ਮੰਡਲੀਆਂ ਦੇ ਗੋਰੇ ਸਮਾਜਾਂ ਵਿਚ ਉਡਾਏ ਜਾਂਦੇ ਮਜ਼ਾਕ 'ਤੇ ਨਿਗਾਹ ਮਾਰੋ। ਇਸ ਫਿਲਮ ਵਿਚ ਜਦੋਂ ਮੁੰਡਿਆਂ ਦਾ ਭੇਸ ਵਟਾ ਕੇ ਮੈਚ ਦੇਖਣ ਪਹੁੰਚੀਆਂ ਮੁਟਿਆਰਾਂ ਨਾਲ ਸਟੇਡੀਅਮ ਦੀ ਸੁਰੱਖਿਆ ਵਿਚ ਤਾਇਨਾਤ ਮੁੰਡੇ ਨਾਲ ਗੱਲ ਹੁੰਦੀ ਹੈ ਤਾਂ ਉਹ ਆਖਦਾ ਹੈ, 'ਕੁੜੀਆਂ ਦਾ ਇਥੇ ਕੀ ਕੰਮ?'

ਇਸ ਫਿਲਮ ਬਾਰੇ ਦਿੱਤੇ ਇੰਟਰਵਿਊ ਵਿਚ ਜਫਰ ਪਨਾਹੀ ਆਖਦਾ ਹੈ ਕਿ ਇਹ ਵਾਕ ਸਾਧਾਰਨ ਜਾਂ ਸਰਸਰੀ ਨਹੀਂ। ਇਹੀ ਤਾਂ ਲਿੰਗ-ਆਧਾਰਿਤ ਵਿਤਕਰੇ ਦੀ ਚੂਲ ਹੈ। ਉਸ ਅਨੁਸਾਰ ਫੁੱਟਬਾਲ ਖੇਡ ਵਜੋਂ ਬਰਾਬਰੀ ਦਾ ਭੇੜ ਹੈ ਜਿਸ ਵਿਚ ਆਪਸੀ ਵਿਤਕਰੇ ਅਤੇ ਬੇਈਮਾਨੀ ਦੀ ਕੋਈ ਥਾਂ ਨਹੀਂ। ਇਹ ਫਿਲਮ ਬਣਾਉਣ ਦਾ ਵਿਚਾਰ ਜਫਰ ਪਨਾਹੀ ਨੂੰ ਉਦੋਂ ਆਇਆਂ ਜਦੋਂ ਇਕ ਦਿਨ ਉਸ ਦੀ ਧੀ ਨੂੰ ਫੁੱਟਬਾਲ ਦੇ ਮੈਦਾਨ ਵਿਚੋਂ ਔਰਤ ਹੋਣ ਕਾਰਨ ਦਾਖਲਾ ਨਾ ਦਿੱਤਾ ਗਿਆ। ਉਸ ਦੀ ਧੀ ਜ਼ਿੱਦੀ ਸੀ ਤੇ ਉਹ ਮੁੰਡਿਆਂ ਵਾਲੇ ਕੱਪੜੇ ਪਾ ਕੇ ਇਹ ਮੈਚ ਦੇਖ ਕੇ ਹਟੀ। ਜਫਰ ਪਨਾਹੀ ਨੇ ਇਸ ਵਿਚ ਛੇ ਕੁੜੀਆਂ ਦੇ ਕਿਰਦਾਰਾਂ ਰਾਹੀ ਆਪਣੀ ਦਲੀਲ ਪੇਸ਼ ਕੀਤੀ ਹੈ।

ਇਰਾਨ ਵਿਚ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਕਾਨੂੰਨ ਪਾਸ ਕੀਤਾ ਗਿਆ ਜਿਸ ਅਨੁਸਾਰ ਔਰਤਾਂ ਦੇ ਫੁੱਟਬਾਲ ਦੇ ਮੈਦਾਨ ਵਿਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਫਿਲਮ ਵਿਚ ਕੁੜੀਆਂ, ਮੁੰਡਿਆਂ ਵਾਲਾ ਭੇਸ ਬਣਾ ਕੇ ਸਟੇਡੀਅਮ ਵਿਚ ਆ ਤਾਂ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਸੁਰੱਖਿਆ ਗਾਰਡਾਂ ਦੁਆਰਾ ਫੜ ਲਿਆ ਜਾਂਦਾ ਹੈ। ਫਿਲਮ ਡਰਾਮਾ-ਡਾਕੂਮੈਂਟਰੀ ਦੀ ਸ਼ਕਲ ਵਿਚ ਫਿਲਮਾਈ ਗਈ ਹੈ। ਜਫਰ ਪਨਾਹੀ ਦੱਸਦਾ ਹੈ ਕਿ ਇਰਾਨ ਵਿਚ ਫਿਲਮ ਬਣਾਉਣ ਤੋਂ ਪਹਿਲਾ ਤੁਹਾਨੂੰ ਫਿਲਮਾਂਕਣ ਬਾਰੇ ਸੋਚਣਾ ਪੈਂਦਾ ਹੈ। ਤੁਸੀਂ ਅਥਾਰਿਟੀ ਨੂੰ ਫਿਲਮ ਦੀ ਪਟਕਥਾ ਭੇਜਦੇ ਹੋ। ਇਸ ਤੋਂ ਬਾਅਦ ਲੰਮੀ ਉਡੀਕ ਕਰਨੀ ਪੈਂਦੀ ਹੈ। ਬਹੁਤੀ ਵਾਰ ਜੋ ਤੁਸੀਂ ਅਸਲ ਵਿਚ ਫਿਲਮਾਉਣਾ ਚਾਹੁੰਦੇ ਹੋ, ਉਹ ਸਾਰਾ ਸ਼ਬਦਾਂ ਦੀ ਖੇਡ ਦੁਆਰਾ ਲੁਕਾਉਣਾ ਪੈਂਦਾ ਹੈ। ਇਸ ਫਿਲਮ ਬਾਰੇ ਅਸੀਂ ਕਿਹਾ ਕਿ ਅਸੀਂ ਸਿਰਫ ਮਰਦ ਕਿਰਦਾਰ ਵਰਤਾਂਗੇ ਪਰ ਐਨ ਮੌਕੇ 'ਤੇ ਅਸੀਂ ਕੁੜੀਆਂ ਨੂੰ ਮੌਕਾ ਦਿੱਤਾ। ਇਸਲਾਮਿਕ ਕ੍ਰਾਂਤੀ ਤੋਂ ਪਹਿਲਾ ਅਜਿਹਾ ਕੁਝ ਨਹੀਂ ਸੀ। ਇਹ ਸਿਰਫ ਫੁੱਟਬਾਲ ਦੇ ਮੈਦਾਨ ਵਿਚ ਜਾਣ 'ਤੇ ਪਾਬੰਦੀ ਦਾ ਮਸਲਾ ਨਹੀਂ। ਇਥੇ ਹਿਜਾਬ ਵਿਚੋਂ ਵਾਲ ਨਿਕਲੇ ਹੋਣ ਤਾਂ ਔਰਤ ਨੂੰ ਗ੍ਰਿਫਤਾਰ ਕਰ ਕੇ ਜੁਰਮਾਨਾ ਠੋਕਿਆ ਜਾਂਦਾ ਹੈ। ਅਜਿਹੇ ਅਜੀਬ ਕਾਨੂੰਨਾਂ ਦੇ ਪਿੱਛੇ ਆਖਿਰ ਕੌਣ ਹੈ?

ਜਫਰ ਪਨਾਹੀ ਇਸ ਦਾ ਜਵਾਬ ਦਿੰਦਾ ਹੈ ਕਿ ਕਾਨੂੰਨ ਦੇ ਲਿਖਤੀ ਜਾਂ ਅਣ-ਲਿਖਤੀ ਹੋਣ ਦਾ ਮਸਲਾ ਨਹੀਂ ਸਗੋਂ ਮਸਲਾ ਇਸ ਨੂੰ ਮਿਲੀ ਸਮਾਜਿਕ ਪ੍ਰਵਾਨਗੀ ਅਤੇ ਨੈਤਿਕ ਆਧਾਰ ਦਾ ਹੈ। ਗਲੀਆਂ-ਬਾਜ਼ਾਰਾਂ ਤੋਂ ਲੈ ਕੇ ਘਰਾਂ ਤੱਕ ਹਰ ਮਰਦ ਨੂੰ ਇਹੋ ਕਿਉਂ ਭਾਸਦਾ ਹੈ ਕਿ ਔਰਤ ਨਾਲ ਜੁੜੇ ਮਸਲਿਆਂ ਬਾਰੇ ਕੀ ਕਰਨਾ ਤੇ ਕੀ ਨਹੀਂ ਕਰਨਾ; ਉਹ ਆਪ ਦੱਸੇਗਾ, ਔਰਤ ਨਹੀਂ। ਜਿਵੇਂ ਮਰਦਾਂ ਨੇ ਆਪਣੇ-ਆਪ ਸਾਰਾ ਹੀ ਚੌਕੀਦਾਰਾ ਸਾਂਭ ਲਿਆ ਹੋਵੇ!

ਫਿਲਮਸਾਜ਼ ਮੁਤਾਬਿਕ, "ਮੈਂ ਇਸ ਫਿਲਮ ਨੂੰ ਮਜ਼ਾਕੀਆਂ ਬਣਾਉਣ ਦੀ ਕੋਸ਼ਿਸ ਕੀਤੀ ਪਰ ਇਹ ਬੇਹੱਦ ਉਦਾਸ ਕਰਨ ਵਾਲੀ ਫਿਲਮ ਹੈ।" ਇਸ ਤੋਂ ਵੱਡੀ ਤਰਾਸਦੀ ਕੀ ਹੋ ਸਕਦੀ ਹੈ ਕਿ ਤੁਹਾਨੂੰ ਕੋਈ ਖੇਡ ਦੇਖਣ ਤੱਕ ਲਈ ਆਪਣਾ-ਆਪ ਛੁਪਾਉਣਾ ਪਵੇ। ਔਰਤ ਹੋਣ ਦੀ ਸਚਾਈ ਤੋਂ ਮੁਨਕਿਰ ਹੋਣਾ ਪਵੇ। ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਇਸ ਵਿਚ ਔਰਤ ਦੀ ਅਮੀਰੀ-ਗਰੀਬੀ, ਧਾਰਮਿਕਤਾ ਜਾਂ ਸਮਾਜਿਕ ਰੁਤਬਾ ਵੀ ਕੰਮ ਨਹੀਂ ਆਉਂਦਾ ਸਗੋਂ ਸਟੇਟ ਨੂੰ ਇਹ ਸਭ ਦੱਸਣ 'ਤੇ ਹੋਰ ਵੀ ਸਖਤੀ ਕੀਤੀ ਜਾਂਦੀ ਹੈ। ਇਸ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਖਤਰਾ ਕਰਾਰ ਦਿੰਦਿਆਂ ਉਨ੍ਹਾਂ ਦੀ ਆਜ਼ਾਦੀ 'ਤੇ ਸਿੱਧਾ ਵਾਰ ਕੀਤਾ ਜਾਦਾ ਹੈ। ਇਸ ਫਿਲਮ ਦੇ ਬਹੁਤੇ ਸੰਵਾਦਾਂ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ, ਇਸ ਦੇ ਬਾਵਜੂਦ ਇਸ 'ਤੇ ਪਾਬੰਦੀ ਲਗਾ ਦਿੱਤੀ ਗਈ।

ਜਫਰ ਪਨਾਹੀ ਇਸ ਬਾਰੇ ਹੱਸਦਿਆਂ ਆਖਦਾ ਹੈ, "ਹੁਣ ਮੈਨੂੰ ਪਾਬੰਦੀ-ਜ਼ਾਬਤਾ ਹੋਣ ਦੀ ਆਦਤ ਪੈ ਗਈ ਹੈ ਅਤੇ ਸਟੇਟ ਨੂੰ ਮੇਰੇ 'ਤੇ ਪਾਬੰਦੀਆਂ ਲਗਾਉਣ ਦੀ। ਮੈਂ ਹੁਣ ਕੋਈ ਜ਼ਿਆਦਾ ਪਰਵਾਹ ਨਹੀਂ ਕਰਦਾ।"



*ਫਿਲਮ 'ਆਫਸਾਈਡ' ਦੀ ਇਕ ਝਲਕ।*

# ਸਟਾਰ ਮੇਕਰ ਸਰੋਜ ਖਾਨ

ਮੈਨੂੰ ਉਹ ਦਿਨ ਅੱਜ ਵੀ ਯਾਦ ਹਨ। 16 ਜਨਵਰੀ 2020 ਅਤੇ ਥਾਂ ਸੀ ਸਿਨੇ ਡਾਂਸਰ ਐਸੋਸੀਏਸ਼ਨ ਦਾ ਦਫਤਰ। ਸਰੋਜ ਖਾਨ ਇਸ ਸੰਸਥਾ ਦੀ ਜੀਵਨ ਭਰ ਲਈ ਮੈਂਬਰ ਸੀ ਅਤੇ ਸਿਨੇ ਡਾਂਸਰਾਂ ਦੀ ਭਲਾਈ ਲਈ ਸਰੋਜ ਖਾਨ ਦੇ ਯੋਗਦਾਨ ਦੀ ਕਦਰ ਕਰਦੇ ਹੋਏ ਉਸ ਨੂੰ ਇਸ ਸੰਸਥਾ ਦੀ ਬ੍ਰਾਂਡ ਅੰਬੈਸਡਰ ਵੀ ਨਿਯੁਕਤ ਕੀਤਾ ਗਿਆ ਸੀ। ਅਸਲ ਵਿਚ ਨ੍ਰਿਤ ਨਿਰਦੇਸ਼ਕ ਗਣੇਸ਼ ਅਚਾਰਿਆ ਨੇ ਸਿਨੇ ਡਾਂਸਰਾਂ ਲਈ ਆਪਣੀ ਨਵੀਂ ਸੰਸਥਾ ਬਣਾਈ ਸੀ। ਸਰੋਜ ਖਾਨ ਨੇ ਡਾਂਸਰਾਂ ਦੀ ਦੁਨੀਆ ਵਿਚ ਫੁੱਟ ਪੈਂਦੀ ਦੇਖ ਕੇ ਗਣੇਸ਼ ਆਚਾਰਿਆ ਦੇ ਖਿਲਾਫ ਮੋਰਚਾ ਖੋਲ੍ਹ ਲਿਆ ਸੀ ਅਤੇ ਇਸ ਰਾਹੀਂ ਪੱਤਰਕਾਰਾਂ ਨਾਲ ਰੂ-ਬ-ਰੂ ਹੋਣ ਲਈ ਉਸ ਦਿਨ ਆਪਣੀ ਸੰਸਥਾ ਦੇ ਦਫਤਰ ਪਹੁੰਚੀ ਸੀ।

ਉਹ ਉਥੇ ਸੋਟੀ ਦੇ ਸਹਾਰੇ ਤੁਰਦੀ ਅਤੇ ਛੋਟੇ-ਛੋਟੇ ਕਦਮ ਪੁੱਟਦੀ ਆਈ ਸੀ। ਉਮਰ ਦਾ ਤਕਾਜ਼ਾ ਸੀ। ਤੁਰਦੇ ਸਮੇਂ ਉਸ ਦਾ ਸਾਹ ਵੀ ਫੁੱਲ ਰਿਹਾ ਸੀ ਪਰ ਆਪਣੇ ਸਰੀਰ ਅਤੇ ਸਿਹਤ ਦੀ ਪ੍ਰਵਾਹ ਕੀਤੇ ਬਿਨਾਂ ਉਹ ਸਿਨੇ ਡਾਂਸਰਾਂ ਦੀ ਏਕਤਾ ਬਰਕਰਾਰ ਰੱਖਣ ਲਈ ਉਥੇ ਆਈ ਸੀ। ਆਪਣੇ ਆਗਮਨ ਨਾਲ ਸਰੋਜ ਖਾਨ ਨੇ ਦੱਸ ਦਿੱਤਾ ਸੀ ਕਿ ਉਸ ਨੂੰ ਸਿਨੇ ਡਾਂਸਰਾਂ ਦੀ ਕਿੰਨੀ ਫਿਕਰ ਹੈ ਅਤੇ ਆਪਣੀ ਸੰਸਥਾ ਨੂੰ ਉਹ ਕਿੰਨਾ ਮਹੱਤਵ ਦਿੰਦੀ ਹੈ।

ਉਦੋਂ ਛੋਟੇ-ਛੋਟੇ ਕਦਮ ਚੁੱਕ ਕੇ ਤੁਰਦੀ ਆਈ ਸਰੋਜ ਖਾਨ ਨੂੰ ਦੇਖ ਕੇ ਉਹ ਸਰੋਜ ਖਾਨ ਯਾਦ ਆ ਗਈ ਜੋ ਆਪਣੇ ਲੱਕ 'ਤੇ ਦੁਪੱਟਾ ਬੰਨ੍ਹ ਕੇ ਸੈੱਟ 'ਤੇ ਵੱਡੀਆਂ-ਵੱਡੀਆਂ ਹੀਰੋਇਨਾਂ ਨੂੰ ਨਚਾਉਂਦੀ ਸੀ। ਹੀਰੋਇਨਾਂ ਉਸ ਦੀ ਉਂਗਲੀਆਂ ਦੇ ਇਸ਼ਾਰੇ 'ਤੇ ਨੱਚਣ ਲਈ ਤਿਆਰ ਹੁੰਦੀਆਂ ਸਨ, ਕਿਉਂਕਿ ਉਹ ਜਾਣਦੀਆਂ ਸਨ ਕਿ ਸਰੋਜ ਖਾਨ ਆਪਣੀ ਡਾਂਸ ਮੂਵਮੈਂਟ ਜ਼ਰੀਏ ਉਨ੍ਹਾਂ ਨੂੰ ਸਟਾਰ ਬਣਾ ਦੇਣ ਦੀ ਕਲਾ ਰੱਖਦੀ ਹੈ। ਉਹ ਅਸਲੀ 'ਸਟਾਰ ਮੇਕਰ' ਸੀ। ਸ੍ਰੀਦੇਵੀ ਅਤੇ ਮਾਧੁਰੀ ਦੀਕਸ਼ਿਤ ਨੂੰ ਟੌਪ ਸਟਾਰ ਬਣਾਉਣ ਦਾ ਸਿਹਰਾ ਸਰੋਜ ਖਾਨ ਨੂੰ ਜਾਂਦਾ ਹੈ।

ਸਟਾਰ ਮੇਕਰ ਦਾ ਤਗਮਾ ਹਾਸਲ ਕਰਨ ਵਾਲੀ ਸਰੋਜ ਖਾਨ ਨੇ ਫਿਲਮਾਂ ਵਿਚ ਆਪਣੀ ਸ਼ੁਰੂਆਤ ਬਾਲ ਕਲਾਕਾਰ ਦੇ ਤੌਰ 'ਤੇ ਕੀਤੀ ਸੀ। ਉਹ ਤਿੰਨ ਸਾਲ ਦੀ ਸੀ, ਜਦੋਂ ਫਿਲਮ 'ਨਜ਼ਰਾਨਾ' ਵਿਚ ਕੰਮ ਕੀਤਾ ਸੀ। ਇਸ ਫਿਲਮ ਵਿਚ ਉਸ ਨੇ ਸ਼ਿਆਮ ਦੇ ਬਚਪਨ ਦੀ ਭੂਮਿਕਾ ਨਿਭਾਈ ਸੀ। ਜਵਾਨੀ ਵਿਚ ਕਦਮ ਰੱਖਦਿਆਂ ਹੀ ਨ੍ਰਿਤ ਨਿਰਦੇਸ਼ਕ ਬੀ. ਸੋਹਨਵਾਲਾ ਨਾਲ ਵਿਆਹ ਕਰਾ ਲਿਆ ਅਤੇ ਬਤੌਰ ਸਹਾਇਕ ਉਨ੍ਹਾਂ ਨਾਲ ਸ਼ੂਟਿੰਗ 'ਤੇ ਜਾਣ ਲੱਗੀ। ਬਾਅਦ ਵਿਚ ਸੋਹਨ ਲਾਲ ਨਾਲ ਉਸ ਦਾ ਵਿਆਹ ਟੁੱਟ ਗਿਆ ਅਤੇ ਉਹ ਆਪਣਾ ਘਰ ਚਲਾਉਣ ਲਈ ਨਰਸ ਬਣ ਗਈ। ਉਦੋਂ ਉਹ ਮੁੰਬਈ ਦੇ ਕੇ.ਈ.ਐਮ. ਹਸਪਤਾਲ ਵਿਚ ਨੌਕਰੀ ਕਰਨ ਲੱਗੀ, ਉਸ ਦੀ ਤਨਖਾਹ 85 ਰੁਪਏ ਸੀ। ਪਤਾ ਨਹੀਂ ਕਿਉਂ, ਸਰੋਜ ਖਾਨ ਦੀ ਨੌਂ ਤੋਂ ਪੰਜ ਵਾਲੀ ਨੌਕਰੀ ਵਿਚ ਰੁਚੀ ਨਹੀਂ ਸੀ ਅਤੇ ਉਹ ਫਿਲਮਾਂ ਵਿਚ ਵਾਪਸ ਆ ਗਈ। ਨੱਚਣਾ ਚੰਗਾ ਆਉਂਦਾ ਸੀ। ਸੋ, ਉਹ ਗਰੁੱਪ ਡਾਂਸਰ ਬਣ ਗਈ ਅਤੇ ਆਪਣੇ ਜ਼ਮਾਨੇ ਦੀਆਂ ਕਈ ਨਾਮੀ ਹੀਰੋਇਨਾਂ ਦੇ ਪਿੱਛੇ ਖੜ੍ਹੀ ਰਹਿ ਕੇ ਥਿਰਕਣ ਲੱਗੀ। ਉਹ ਨ੍ਰਿਤ ਨਿਰਦੇਸ਼ਨ ਵਿਚ ਰੁਚੀ ਜ਼ਿਆਦਾ ਰੱਖਦੀ ਸੀ। ਸੋ,



ਡਾਂਸ ਮਾਸਟਰ ਕਮਲ ਦੀ ਸਹਾਇਕ ਬਣ ਗਈ। ਕਮਲ ਆਪਣੇ ਜ਼ਮਾਨੇ ਦੇ ਮਸਰੂਫ ਨ੍ਰਿਤ ਨਿਰਦੇਸ਼ਕ ਸਨ। ਜਦੋਂ 'ਧਰਤੀ ਕਹੇ ਪੁਕਾਰ ਕੇ' ਦੇ ਇਕ ਗੀਤ ਦੇ ਫਿਲਮਾਂਕਣ ਦੀ ਵਾਰੀ ਆਈ ਤਾਂ ਪਤਾ ਲੱਗਿਆ ਕਿ ਸੈੱਟ 'ਤੇ ਫਿਲਮ ਦੀ ਹੀਰੋਇਨ ਨੰਦਾ ਤਾਂ ਮੌਜੂਦ ਹੈ ਪਰ ਡਾਂਸ ਨਿਰਦੇਸ਼ਕ ਦਾ ਅਤਾ-ਪਤਾ ਨਹੀਂ। ਫਿਲਮ ਦੇ ਹੀਰੋ ਜਤਿੰਦਰ ਵੀ ਪਹੁੰਚੇ ਹੋਏ ਸਨ ਪਰ ਡਾਂਸ ਨਿਰੇਦਸ਼ਕ ਦੀ ਨਾ-ਮੌਜੂਦਗੀ ਕਰ ਕੇ ਸ਼ੂਟਿੰਗ ਸ਼ੁਰੂ ਨਹੀਂ ਹੋ ਰਹੀ ਸੀ। ਉਦੋਂ ਗੀਤ ਦੇ ਫਿਲਮਾਂਕਣ ਦੀ ਜ਼ਿੰਮੇਦਾਰੀ ਸਰੋਜ ਨੂੰ ਸੌਂਪੀ ਗਈ, ਗੀਤ ਸੀ- 'ਹਮ ਤੁਮ ਚੋਰੀ ਸੇ, ਬੰਧੇ ਏਕ ਡੋਰੀ ਸੇ।' ਸਰੋਜ ਨੇ ਇਹ ਜ਼ਿੰਮੇਵਾਰੀ ਖੂਬ ਨਿਭਾਈ ਅਤੇ ਵਾਹ-ਵਾਹ ਖੱਟੀ।

ਮਸ਼ਹੂਰ ਕੱਵਾਲੀ 'ਨਿਗਾਹੇਂ ਮਿਲਾਨੇ ਕੋ ਜੀ ਚਾਹਤਾ ਹੈ' ਦਾ ਨਿਰਦੇਸ਼ਨ ਵੀ ਸਰੋਜ ਨੇ ਹੀ ਕੀਤਾ ਸੀ ਪਰ ਵੱਡੇ ਪਰਦੇ 'ਤੇ ਆਜ਼ਾਦ ਫਿਲਮ ਨਿਰਦੇਸ਼ਕ ਦੇ ਤੌਰ 'ਤੇ ਪਹਿਲੀ ਵਾਰ ਉਸ ਦਾ ਨਾਂ 'ਗੀਤਾ ਮੇਰਾ ਨਾਮ' ਰਾਹੀਂ ਚਮਕਿਆ। ਇਸ ਫਿਲਮ ਤੋਂ ਪਹਿਲਾਂ ਸਰੋਜ ਨੂੰ 'ਮ੍ਰਿਗਤ੍ਰਿਸ਼ਨਾ' ਰਾਹੀਂ ਮੌਕਾ ਮਿਲਿਆ ਸੀ ਅਤੇ ਆਪਣੇ ਇਸ ਪਹਿਲੇ ਮੌਕੇ ਵਿਚ ਉਸ ਨੇ ਹੇਮਾ ਮਾਲਿਨੀ ਨੂੰ ਨਿਰਦੇਸ਼ਿਤ ਕਰਨਾ ਸੀ; ਗੀਤ ਦੇ ਬੋਲ ਸਨ- 'ਨਵ ਕਲਪਨਾ ਨਵ ਰੂਪ ਸੇ'। ਪਰ 'ਮ੍ਰਿਗਤ੍ਰਿਸ਼ਨਾ' ਨੂੰ ਸਿਨੇਮਾ ਘਰਾਂ ਤੱਕ ਪਹੁੰਚਣ ਵਿਚ ਤਿੰਨ ਸਾਲ ਲੱਗ ਗਏ ਅਤੇ ਇਸ ਦੌਰਾਨ 'ਗੀਤਾ ਮੇਰਾ ਨਾਮ' ਪਹਿਲਾਂ ਆ ਗਈ। ਹੇਮਾ ਮਾਲਿਨੀ ਅਤੇ ਸਾਧਨਾ ਨੂੰ ਨਿਰਦੇਸ਼ਿਤ ਕਰ ਆਪਣੇ ਨ੍ਰਿਤ ਨਿਰਦੇਸ਼ਨ ਦਾ ਸਫਰ ਸ਼ੁਰੂ ਕਰਨ ਵਾਲੀ ਸਰੋਜ ਖਾਨ ਨੇ ਆਪਣੀ ਲੰਮੀ ਪਾਰੀ ਵਿਚ ਦੋ ਹਜ਼ਾਰ ਤੋਂ ਜ਼ਿਆਦਾ ਗੀਤ ਫਿਲਮਾਏ ਅਤੇ ਇਨ੍ਹਾਂ ਵਿਚੋਂ ਕਈ ਗੀਤ ਫਿਲਮਾਂਕਣ ਕਰ ਕੇ ਅਮਰ ਹੋ ਗਏ।

ਸਰੋਜ ਖਾਨ ਨੂੰ ਨਿਰਦੇਸ਼ਨ ਦੀ ਸੂਝ ਵੀ ਸੀ। ਉਸ ਦੇ ਕਈ ਗੀਤਾਂ ਵਿਚ ਮਾਦਕਤਾ ਤਾਂ ਝਲਕਦੀ ਹੈ ਪਰ ਅਸ਼ਲੀਲਤਾ ਬਿਲਕੁਲ ਨਹੀਂ। ਜਦੋਂ 'ਮਿਸਟਰ ਇੰਡੀਆ' ਦਾ ਗੀਤ 'ਕਾਟੇ ਨਹੀਂ ਕਟਤੇ ਦਿਨ ਯੇ ਰਾਤ' ਫਿਲਮਾਇਆ ਜਾ ਰਿਹਾ ਸੀ, ਉਦੋਂ ਸਰੋਜ ਜਾਣਦੀ ਸੀ ਕਿ ਇਹ ਫਿਲਮ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਜਾ ਰਹੀ ਹੈ, ਇਸੇ ਕਰ ਕੇ ਮਰਿਆਦਾ ਵਿਚ ਰਹਿ ਕੇ ਗੀਤ ਵਿਚ ਮਾਦਕਤਾ ਪੇਸ਼ ਕੀਤੀ ਗਈ। ਉਦੋਂ ਤੋਂ ਸ੍ਰੀਦੇਵੀ ਉਸ ਦੀ ਪ੍ਰਸ਼ੰਸਕ ਬਣ ਗਈ ਸੀ। ਇਹੀ ਹਾਲ ਮਾਧੁਰੀ ਦੀਕਸ਼ਿਤ ਦਾ ਸੀ। ਮੁੰਬਈ ਦੇ ਮਹਿਬੂਬ ਸਟੂਡੀਓ ਵਿਚ ਜਦੋਂ 'ਤੇਜ਼ਾਬ' ਦਾ 'ਏਕ ਦੋ ਤੀਨ' ਗੀਤ ਫਿਲਮਾਇਆ ਜਾ ਰਿਹਾ ਸੀ, ਸਰੋਜ ਨੇ ਉਸ ਨੂੰ 'ਬੈਕ ਠੁਮਕੇ' ਵਾਲੇ ਸਟੈਪ ਦਿੱਤੇ। ਜਦੋਂ ਮਾਧੁਰੀ ਨੇ ਇਹ ਠੁਮਕੇ ਲਾਏ, ਉਦੋਂ ਸਰੋਜ ਨੇ ਕਿਹਾ ਸੀ ਕਿ ਇਹ ਕੁੜੀ ਸਟਾਰ ਬਣੇਗੀ।

'ਦੇਵਦਾਸ', 'ਤਾਲ', 'ਹਮ ਦਿਲ ਦੇ ਚੁਕੇ ਸਨਮ', 'ਚਾਂਦਨੀ', 'ਨਗੀਨਾ' ਆਦਿ ਫਿਲਮਾਂ ਦੇ ਗੀਤਾਂ ਦੇ ਨਿਰਦੇਸ਼ਨ ਵਿਚ ਆਪਣੇ ਅਮਿਟ ਸਟੈੱਪ ਪੇਸ਼ ਕਰ ਕੇ ਸਰੋਜ ਖਾਨ ਨੇ ਗੀਤਾਂ ਨੂੰ ਸਦਾ ਅਮਰ ਬਣਾ ਦਿੱਤਾ। ਸਰੋਜ ਖਾਨ ਦਾ ਅਸਲੀ ਨਾਂ ਨਿਰਮਲਾ ਨਾਗਪਾਲ ਸੀ। ਪਹਿਲਾ ਵਿਆਹ ਟੁੱਟਣ ਤੋਂ ਬਾਅਦ ਉਸ ਨੇ ਦੂਜਾ ਵਿਆਹ ਰੋਸ਼ਨ ਖਾਨ ਨਾਲ ਕੀਤਾ ਸੀ ਅਤੇ ਉਸ ਨੂੰ ਸਰੋਜ ਖਾਨ ਨਾਂ ਦਿੱਤਾ ਗਿਆ। ਉਂਜ, ਫਿਲਮੀ ਦੁਨੀਆਂ ਲਈ ਉਹ 'ਮਾਸਟਰ ਜੀ' ਸੀ।

***-ਇੰਦਰਮੋਹਨ ਪੰਨੂੰ***

XPressCargo

Tel.: 317-426-5410
Ext 311 or 340

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com